ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!

ਚੜ੍ਹਦੀਕਲਾ

ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ | ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ

ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Tuesday, 24 June, 2025) ਪਟਿਆਲਾ ਮੰਗਲਵਾਰ, 24 ਜੂਨ, 2025, 10 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 173 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪੰਜਾਬੀ 'ਵਰਸਿਟੀ ਨੇ ਧਰਨਾ ਪ੍ਰਦਰਸ਼ਨ 'ਤੇ ਰੋਕ ਸਬੰਧੀ ਲਗਾਇਆ ਨੋਟਿਸ

ਪਟਿਆਲਾ, 23 ਜੂਨ (ਚੜ੍ਹਦੀਕਲਾ ਬਿਊਰੋ): ਪੰਜਾਬੀ ਯੂਨੀਵਰਸਿਟੀ ਨੇ ਵੀਸੀ ਦਫ਼ਤਰ ਦੇ ਬਾਹਰ ਹਾਈ ਕੋਰਟ ਦਾ ਨੋਟਿਸ ਲਗਾਇਆ ਹੈ। ਜਿਸ ਦੇ ਤਹਿਤ ਯੂਨੀਵਰਸਿਟੀ ਕੈਂਪਸ ਦੇ 300 ਮੀਟਰ ਦੇ ਦਾਇਰੇ 'ਚ ਧਰਨਾ ਪ੍ਰਦਰਸ਼ਨ ਨਹੀਂ ਕੀਤਾ ਜਾ ਸਕਦਾ। ਪੰਜਾਬੀ ਯੂਨੀਵਰਸਿਟੀ ਕੰਟਰੈਕਟ ਟੀਚਰ ਐਸੋਸੀਏਸ਼ਨ ਨੇ ਪੰਜਾਬੀ ਯੂਨੀਵਰਸਿਟੀ ਵਲੋਂ ਵੀ.ਸੀ. ਦਫ਼ਤਰ ਦੇ ਬਾਹਰ ਹਾਈ ਕੋਰਟ ਦੇ ਲਗਾਏ ਨੋਟਿਸ ਸਬੰਧੀ ਕਿਹਾ ਜੇ ਤੁਸੀਂ ਸਾਡੇ 'ਤੇ ਕੋਰਟ ਦੇ ਇਹ ਆਦੇਸ਼ (ਬਾਕੀ ਸਫਾ 2 'ਤੇ)

### ਰੂਸੀ ਰਾਸ਼ਟਰਪਤੀ ਵੱਲੋਂ ਈਰਾਨੀ ਵਿਦੇਸ਼ ਮੰਤਰੀ ਨਾਲ ਮੁਲਾਕਾਤ

## ਪੁਤਿਨ ਵੱਲੋਂ ਈਰਾਨ ਨੂੰ ਹਰ ਤਰ੍ਹਾਂ ਦੇ ਸਹਿਯੋਗ ਦਾ ਵਾਅਦਾ

ਚੜ੍ਹਦੀਕਲਾ ਬਿਊਰੋ



ਮਾਸਕੋ 23 ਜੂਨ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕ੍ਰੇਮਲਿਨ ਵਿਖੇ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨਾਲ ਮੁਲਾਕਾਤ ਕੀਤੀ ਅਤੇ ਅਮਰੀਕੀ ਹਮਲਿਆਂ ਨੂੰ 'ਪੂਰੀ ਤਰ੍ਹਾਂ ਬਿਨਾਂ ਭੜਕਾਹਟ ਦੇ ਹਮਲਾ' ਦੱਸਿਆ ਅਤੇ ਤਹਿਰਾਨ ਪ੍ਰਤੀ ਰੂਸੀ ਸਮਰਥਨ ਦੀ ਪੁਸ਼ਟੀ ਕੀਤੀ। ਪੁਤਿਨ ਨੇ ਮੀਟਿੰਗ ਵਿੱਚ ਕਿਹਾ,'ਇਹ ਈਰਾਨ ਵਿਰੁੱਧ ਪੂਰੀ ਤਰ੍ਹਾਂ ਬਿਨਾਂ ਭੜਕਾਹਟ ਦੇ ਹਮਲਾ ਹੈ; ਇਸਦਾ ਕੋਈ ਆਧਾਰ ਜਾਂ ਜਾਇਜ਼ਤਾ ਨਹੀਂ ਹੈ।'

ਪੁਤਿਨ ਨੇ ਈਰਾਨ ਨਾਲ ਰੂਸ ਦੇ 'ਲੰਬੇ ਸਮੇਂ ਤੋਂ ਚੱਲ ਰਹੇ ਚੰਗੇ, ਭਰੋਸੇਮੰਦ ਸਬੰਧਾਂ' ਦਾ ਹਵਾਲਾ ਦਿੰਦੇ ਹੋਏ ਕਿਹਾ, 'ਸਾਡੇ ਵੱਲੋਂ ਅਸੀਂ ਈਰਾਨੀ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।' ਅਰਾਘਚੀ ਨੇ ਇਜ਼ਰਾਈਲ ਅਤੇ ਅਮਰੀਕਾ ਦੀਆਂ ਈਰਾਨ ਵਿਰੁੱਧ ਕਾਰਵਾਈਆਂ ਦੀ ਨਿੰਦਾ ਕਰਨ ਲਈ ਰੂਸ ਦਾ ਧੰਨਵਾਦ ਕੀਤਾ। ਉਸ ਨੇ ਕਿਹਾ,'ਇਜ਼ਰਾਈਲ ਅਤੇ ਅਮਰੀਕਾ ਦੀਆਂ ਇਹ ਹਮਲਾਵਰ ਕਾਰਵਾਈਆਂ ਪੂਰੀ ਤਰ੍ਹਾਂ ਗੈਰ-ਵਾਜਬ ਹਨ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ। ਅਸੀਂ ਆਪਣੀ ਪ੍ਰਭੂਸੱਤਾ ਅਤੇ ਦੇਸ਼ ਦੀ ਰੱਖਿਆ ਕਰ ਰਹੇ ਹਾਂ ਅਤੇ ਸਾਡੀ ਰੱਖਿਆ ਜਾਇਜ਼ ਹੈ।' ਅਰਾਘਚੀ ਨੇ ਕਿਹਾ ਕਿ ਰੂਸ ਹਮੇਸ਼ਾ ਸ਼ਾਂਤੀਪੂਰਨ ਪ੍ਰਮਾਣੂ ਊਰਜਾ ਦੇ ਖੇਤਰ ਵਿੱਚ ਈਰਾਨ ਦਾ ਭਾਈਵਾਲ ਰਿਹਾ ਹੈ ਅਤੇ ਤਹਿਰਾਨ ਦੇ ਪ੍ਰਮਾਣੂ ਪ੍ਰੋਗਰਾਮ 'ਤੇ ਗੱਲਬਾਤ ਵਿੱਚ ਸਕਾਰਾਤਮਕ ਭੂਮਿਕਾ ਨੂੰ ਨਿਭਾਇਆ ਹੈ।

### 5 ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਦੇ ਨਤੀਜਿਆਂ ਦਾ ਐਲਾਨ

# ਲੁਧਿਆਣਾ 'ਚ 'ਆਪ' ਉਮੀਦਵਾਰ ਸੰਜੀਵ ਅਰੋੜਾ ਜਿੱਤੇ

➢ ਗੁਜਰਾਤ 'ਚ ਇੱਕ ਸੀਟ 'ਆਪ' ਤੇ ਦੂਜੀ ਭਾਜਪਾ ਦੀ ਝੋਲੀ ਪਈ ➢ ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਤੇ ਕੇਰਲਾ 'ਚ ਕਾਂਗਰਸ ਨੇ ਮਾਰੀ ਬਾਜ਼ੀ

ਵਿਸ਼ਾਲ ਸ਼ਰਮਾ



ਨਵੀਂ ਦਿੱਲੀ/ਲੁਧਿਆਣਾ, 23 ਜੂਨ : ਦੇਸ਼ ਦੇ ਚਾਰ ਸੂਬਿਆਂ ਦੀਆਂ ਪੰਜ ਵਿਧਾਨ ਸਭਾ ਸੀਟਾਂ ਲਈ ਹੋਈਆਂ ਜ਼ਿਮਨੀ ਚੋਣਾਂ ਵਿਚ ਦੋ ਸੀਟਾਂ ਆਮ ਆਦਮੀ ਪਾਰਟੀ ਤੇ ਜਦ ਕਿ ਭਾਜਪਾ, ਕਾਂਗਰਸ ਅਤੇ ਤ੍ਰਿਣਮੂਲ ਕਾਂਗਰਸ ਨੇ ਇੱਕ-ਇੱਕ ਸਿੱਟ 'ਤੇ ਜਿੱਤ ਦੇ ਝੰਡੇ ਗੱਡੇ।

ਪੰਜਾਬ ਦੇ ਲੁਧਿਆਣਾ ਜ਼ਿਲ੍ਹਾ ਦੇ ਪੱਛਮੀ ਹਲਕੇ 'ਚ ਹੋਈ ਜ਼ਿਮਨੀ ਚੋਣ ਦੇ ਨਤੀਜਿਆਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਜਿੱਤ ਦੇ ਝੰਡੇ ਗੱਡ ਦਿੱਤੇ ਹਨ। ਉਨ੍ਹਾਂ ਨੇ 10 ਹਜ਼ਾਰ ਤੋਂ ਵੱਧ ਵੋਟਾਂ ਦੀ ਵੱਡੀ ਲੀਡ ਨਾਲ ਜਿੱਤ ਹਾਸਲ ਕੀਤੀ ਹੈ। ਉਨ੍ਹਾਂ ਨੂੰ ਕੁੱਲ 35179 ਵੋਟਾਂ ਪਈਆਂ, ਜਦਕਿ ਕਾਂਗਰਸੀ ਉਮੀਦਵਾਰ 24542 ਵੋਟਾਂ ਹੀ ਹਾਸਲ ਕਰ ਸਕੇ। ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ 20323 ਵੋਟਾਂ ਨਾਲ ਤੀਜੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ 8203 ਵੋਟਾਂ ਨਾਲ ਚੌਥੇ ਨੰਬਰ 'ਤੇ ਰਹੇ। ਪਹਿਲੇ ਰਾਊਂਡ ਤੋਂ ਹੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਲੀਡ ਹਾਸਲ ਕਰ ਲਈ ਸੀ, ਜਿਸ ਨੂੰ ਉਨ੍ਹਾਂ ਨੇ 14ਵੇਂ ਰਾਊਂਡ ਤਕ ਬਰਕਰਾਰ ਰੱਖਿਆ। ਹਾਲਾਂਕਿ 6ਵੇਂ ਰਾਊਂਡ ਵਿਚ ਇਹ ਲੀਡ ਥੋੜ੍ਹੀ ਘਟੀ ਜ਼ਰੂਰ ਸੀ, ਪਰ ਫ਼ਿਰ ਇਹ ਲੀਡ ਲਗਾਤਾਰ ਵੱਧਦੀ ਗਈ ਤੇ ਅਖ਼ੀਰ ਵਿਚ ਉਹ 10 ਹਜ਼ਾਰ 637 ਵੋਟਾਂ ਦੇ ਫ਼ਰਕ ਨਾਲ ਵਿਰੋਧੀਆਂ ਤੋਂ ਬਹੁਤ ਅੱਗੇ ਨਿਕਲ ਗਏ ਤੇ ਜਿੱਤ ਹਾਸਲ ਕੀਤੀ। (ਬਾਕੀ ਸਫਾ 2 'ਤੇ)

### ਸੰਜੀਵ ਅਰੋੜਾ ਵੱਲੋਂ ਵੋਟਰਾਂ ਦਾ ਧੰਨਵਾਦ

ਲੁਧਿਆਣਾ, 23 ਜੂਨ (ਵਿਸ਼ਾਲ ਸ਼ਰਮਾ): ਲੁਧਿਆਣਾ ਪੱਛਮੀ ਜ਼ਿਮਨੀ ਚੋਣਾਂ ਦੇ ਨਤੀਜਿਆਂ ਦਾ ਐਲਾਨ ਹੋ ਚੁੱਕਿਆ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਇੱਥੋਂ 10 ਹਜ਼ਾਰ ਤੋਂ ਵੀ ਵੱਧ ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਇਸ ਮਗਰੋਂ ਹੁਣ ਉਨ੍ਹਾਂ ਨੇ ਲੁਧਿਆਣਾ ਪੱਛਮੀ ਦੇ ਸਮੂਹ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਉਨ੍ਹਾਂ ਦੇ ਭਰੋਸੇ 'ਤੇ ਖ਼ਰਾ ਉਤਰਨ ਦਾ ਵਾਅਦਾ ਵੀ ਕੀਤਾ ਹੈ। ਇਸ ਦੇ ਨਾਲ ਹੀ ਸੰਜੀਵ ਅਰੋੜਾ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਵੀ (ਬਾਕੀ ਸਫਾ 2 'ਤੇ)

### ਜਿੱਤ ਸਾਡੀ ਸਰਕਾਰ ਦੀਆਂ ਨੀਤੀਆਂ 'ਤੇ ਮੋਹਰ: ਮਾਨ

ਚੰਡੀਗੜ੍ਹ, 23 ਜੂਨ (ਚੜ੍ਹਦੀਕਲਾ ਬਿਊਰੋ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਸੰਜੀਵ ਅਰੋੜਾ ਨੂੰ ਉਨ੍ਹਾਂ ਦੀ ਸ਼ਾਨਦਾਰ ਜਿੱਤ ਲਈ ਵਧਾਈ ਦਿੱਤੀ। ਮਾਨ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਆਮ ਆਦਮੀ ਪਾਰਟੀ ਦੇ ਆਗੂਆਂ ਅਤੇ ਵਰਕਰਾਂ ਦਾ ਇਸ ਮਹੱਤਵਪੂਰਨ ਜਿੱਤ ਨੂੰ ਪ੍ਰਾਪਤ ਕਰਨ ਵਿੱਚ ਉਨ੍ਹਾਂ ਦੇ ਅਣਥੱਕ ਯਤਨਾਂ ਲਈ ਧੰਨਵਾਦ ਕੀਤਾ।

ਭਗਵੰਤ ਮਾਨ ਨੇ ਕਿਹਾ 'ਇਹ ਸ਼ਾਨਦਾਰ ਜਿੱਤ ਸਾਡੀ ਸਰਕਾਰ ਦੇ ਕੰਮ ਪ੍ਰਤੀ ਲੋਕਾਂ ਦੀ ਅਥਾਹ ਸੰਤੁਸ਼ਟੀ ਦਾ ਪ੍ਰਮਾਣ ਹੈ। ਇਹ ਸਾਨੂੰ ਪੰਜਾਬ ਦੀ ਤਰੱਕੀ ਅਤੇ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਇਮਾਨਦਾਰੀ (ਬਾਕੀ ਸਫਾ 2 'ਤੇ)

### ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਲੱਗੀ ਅੱਗ

ਚੰਡੀਗੜ੍ਹ, 23 ਜੂਨ (ਚੜ੍ਹਦੀਕਲਾ ਬਿਊਰੋ) : ਸੋਮਵਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਅਹਾਤੇ ਵਿੱਚ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਹਫੜਾ-ਦਫੜੀ ਮਚ ਗਈ। ਅੱਗ ਕਾਰਨ ਲੇਡੀਜ਼ ਬਾਰ ਰੂਮ ਅਤੇ ਕਮਰਾ ਨੰਬਰ 4 ਪੂਰੀ ਤਰ੍ਹਾਂ ਸੜ ਕੇ ਸੁਆਹ ਹੋ ਗਏ, ਜਦੋਂ ਕਿ ਮੁੱਖ ਬਾਰ ਰੂਮ ਦਾ ਇੱਕ ਹਿੱਸਾ ਵੀ ਬੁਰੀ ਤਰ੍ਹਾਂ ਨੁਕਸਾਨੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ। ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਤੁਰੰਤ ਮੌਕੇ 'ਤੇ ਪਹੁੰਚ ਗਈਆਂ ਅਤੇ ਅੱਗ 'ਤੇ ਕਾਬੂ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ। ਲਗਭਗ ਇੱਕ ਘੰਟੇ ਦੀ ਕੋਸ਼ਿਸ਼ ਤੋਂ ਬਾਅਦ ਅੱਗ 'ਤੇ ਕਾਬੂ ਪਾ ਲਿਆ ਗਿਆ। ਹਾਲਾਂਕਿ, ਇਹ ਰਾਹਤ ਦੀ ਗੱਲ ਸੀ ਕਿ ਇਸ ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਫਾਇਰ ਬ੍ਰਿਗੇਡ ਅਤੇ ਪ੍ਰਸ਼ਾਸਨਿਕ ਟੀਮਾਂ ਕਾਰਨਾਂ ਦੀ ਜਾਂਚ ਕਰ ਰਹੀਆਂ ਹਨ। ਦੂਜੇ ਪਾਸੇ, ਹਾਈ ਕੋਰਟ (ਬਾਕੀ ਸਫਾ 2 'ਤੇ)

## ਮੈਂ ਰਾਜ ਸਭਾ 'ਚ ਨਹੀਂ ਜਾ ਰਿਹਾ: ਕੇਜਰੀਵਾਲ

ਚੜ੍ਹਦੀਕਲਾ ਬਿਊਰੋ



ਲੁਧਿਆਣਾ, 23 ਜੂਨ :ਲੁਧਿਆਣਾ ਵੈਸਟ ਤੇ ਗੁਜਰਾਤ 'ਚ ਵਿਧਾਨ ਸਭਾ ਜ਼ਿਮਨੀ ਚੋਣਾਂ 'ਚ ਵੱਡੀ ਜਿੱਤ ਤੋਂ ਬਾਅਦ ਆਮ ਆਦਮੀ ਪਾਰਟੀ (ਆਪ) ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਵੱਡਾ ਬਿਆਨ ਦਿੱਤਾ ਹੈ। ਕੇਜਰੀਵਾਲ ਨੇ ਕਿਹਾ ਕਿ ਮੈਂ ਰਾਜ ਸਭਾ ਨਹੀਂ ਜਾ ਰਿਹਾ ਹਾਂ। 'ਆਪ' ਦੀ ਰਾਜਨੀਤਿਕ ਮਾਮਲਿਆਂ ਦੀ ਕਮੇਟੀ ਫੈਸਲਾ ਕਰੇਗੀ ਕਿ ਲੁਧਿਆਣਾ ਵੈਸਟ ਤੋਂ ਸੰਜੀਵ ਅਰੋੜਾ ਦੀ ਜਿੱਤ ਤੋਂ ਬਾਅਦ ਖਾਲੀ ਹੋ ਰਹੀ ਰਾਜ ਸਭਾ ਸੀਟ 'ਤੇ ਕਿਸ ਨੂੰ ਭੇਜਿਆ ਜਾਵੇਗਾ।

ਕੇਜਰੀਵਾਲ ਨੇ ਇਸ ਦੇ ਨਾਲ ਹੀ ਕਿਹਾ ਕਿ ਵਿਧਾਨ ਸਭਾ ਜ਼ਿਮਨੀ ਚੋਣ ਨਤੀਜਿਆਂ ਵਿਚ ਜਨਤਾ ਨੇ 2022 ਤੋਂ ਵੀ ਜ਼ਿਆਦਾ ਵੋਟਾਂ ਦਿੱਤੀਆਂ ਹਨ। ਉਨ੍ਹਾਂ ਇਸ ਦੇ ਨਾਲ ਹੀ ਕਿਹਾ ਕਿ ਪਿਛਲੀਆਂ ਚੋਣਾਂ ਦੇ ਮੁਕਾਬਲੇ ਲੱਗਭਗ ਦੋਗੁਣੇ ਮਾਰਜਿਨ ਨਾਲ ਜਿੱਤ ਹਾਸਲ ਹੋਈ ਹੈ। ਗੁਜਰਾਤ ਦੀ ਜਨਤਾ ਨੇ ਆਮ ਆਦਮੀ ਪਾਰਟੀ 'ਤੇ ਭਰੋਸਾ ਵਿਖਾਇਆ ਹੈ। ਆਮ ਆਦਮੀ ਪਾਰਟੀ ਲੋਕਾਂ ਲਈ ਇਕ ਉਮੀਦ ਹੈ। ਪੰਜਾਬ ਸਾਡੇ ਕੰਮਾਂ ਤੋਂ ਖ਼ੁਸ਼ ਹੈ ਤਾਂ ਗੁਜਰਾਤ ਬਦਲਾਅ ਚਾਹੁੰਦਾ ਹੈ। ਕੇਜਰੀਵਾਲ ਨੇ ਕਿਹਾ ਕਿ ਕਾਂਗਰਸ, ਭਾਜਪਾ ਨੇ 'ਆਪ' ਨੂੰ ਹਰਾਉਣ ਲਈ ਪੰਜਾਬ, ਗੁਜਰਾਤ ਵਿਚ ਚੋਣਾਂ ਲੜੀਆਂ ਪਰ ਲੋਕਾਂ ਨੇ ਉਨ੍ਹਾਂ ਨੂੰ ਖਾਰਜ ਕਰ ਦਿੱਤਾ। ਗੁਜਰਾਤ ਵਿਚ ਭਾਜਪਾ ਅਤੇ 'ਆਪ' ਵਿਚਾਲੇ ਸਿੱਧੀ ਲੜਾਈ ਹੈ। ਕਾਂਗਰਸ, ਭਾਜਪਾ ਦੀ ਕਠਪੁਤਲੀ ਬਣ ਕੇ ਜਿੱਤ ਯਕੀਨੀ ਕਰ ਰਹੀ ਹੈ। ਲੁਧਿਆਣਾ ਵੈਸਟ ਸੀਟ ਲਈ ਜ਼ਿਮਨੀ ਚੋਣ ਨਤੀਜਿਆਂ 'ਤੇ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਸੂਬੇ ਵਿਚ 'ਆਪ' ਸਰਕਾਰ ਦੇ ਕੰਮਾਂ 'ਤੇ ਮੋਹਰ ਲਗਾ ਦਿੱਤੀ ਹੈ।

### ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਚੋਣ 'ਚ ਹਾਰ ਦੀ ਲਈ ਜ਼ਿੰਮੇਵਾਰੀ



ਲੁਧਿਆਣਾ, 23 ਜੂਨ (ਵਿਸ਼ਾਲ ਸ਼ਰਮਾ): 19 ਜੂਨ ਨੂੰ ਲੁਧਿਆਣਾ ਪੱਛਮੀ ਹਲਕੇ ਉਪ ਚੋਣ ਦੇ ਨਤੀਜੇ ਅੱਜ ਸੋਮਵਾਰ ਨੂੰ ਸਾਹਮਣੇ ਆਏ ਹਨ। ਜਿਸ ਵਿਚ ਭਾਜਪਾ ਨੂੰ ਕਰਾਰੀ ਹਾਰ ਦਾ ਮੂਹ ਦੇਖਣਾ ਪਿਆ। ਇਸ ਦੌਰਾਨ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਦਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਇਨ੍ਹਾਂ ਨਤੀਜਿਆਂ ਦੀ ਜ਼ਿੰਮੇਵਾਰੀ ਚੁੱਕੀ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਆਪ੍ਰੇਸ਼ਨ ਸਿੰਦੂਰ ਕਾਰਨ ਉਮੀਦਵਾਰ ਦੇ ਨਾਮ ਐਲਾਨਣ 'ਚ ਦੇਰੀ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਹਲਕੇ ਤੋਂ ਬਤੌਰ ਐਮ.ਪੀ ਨੁਮਾਇੰਦਗੀ ਕਰਦੇ ਰਹੇ ਹਨ ਤੇ ਹੁਣ ਕੇਂਦਰੀ ਮੰਤਰੀ ਵੀ ਹਨ, ਜਿਸ ਦੇ ਚੱਲਦੇ ਉਹ ਇਸ ਹਾਰ ਨੂੰ ਆਪਣੇ ਸਿਰ ਲੈਂਦੇ ਹਨ। ਹਾਲਾਂਕਿ ਇਸਦੇ ਹਾਰ ਦੇ ਲਈ ਉਨ੍ਹਾਂ ਟਿਕਟ ਦੀ ਵੰਡ 'ਚ ਹੋਈ ਦੇਰੀ ਨੂੰ (ਬਾਕੀ ਸਫਾ 2 'ਤੇ)

### ਜਿਸ ਦੀ ਸਰਕਾਰ ਹੁੰਦੀ ਹੈ, ਉਹ ਜ਼ਿਮਨੀ ਚੋਣਾਂ ਜਿੱਤ ਹੀ ਜਾਂਦੈ: ਵੜਿੰਗ



ਲੁਧਿਆਣਾ, 23 ਜੂਨ (ਚੜ੍ਹਦੀਕਲਾ ਬਿਊਰੋ) :ਲੁਧਿਆਣਾ ਉਪ ਚੋਣ ਦੇ ਨਤੀਜਿਆਂ 'ਤੇ ਬੋਲਦਿਆਂ ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕਾਂਗਰਸ ਨੇ ਚੋਣ ਬਹੁਤ ਵਧੀਆ ਢੰਗ ਨਾਲ ਲੜੀ ਹੈ ਅਤੇ ਮੈਂ ਵਰਕਰਾਂ ਅਤੇ ਸਾਥੀਆਂ ਨੂੰ ਵਧਾਈ ਦਿੰਦਾ ਹਾਂ ਜਿਸ ਵਿੱਚ ਸਰਕਾਰ ਨੇ ਹਰ ਤਰ੍ਹਾਂ ਦੀ ਰਣਨੀਤੀ ਅਪਣਾਈ ਹੈ। ਜਿਸ ਵਿੱਚ ਉਪ ਚੋਣਾਂ ਆਮ ਤੌਰ 'ਤੇ ਸੱਤਾ ਵਿੱਚ ਹੋਣ ਵਾਲੀਆਂ ਸਰਕਾਰਾਂ ਹੀ ਜਿੱਤਦੀਆਂ ਹਨ। ਭਵਿੱਖ ਲਈ ਸਾਨੂੰ ਸੋਚਣਾ ਪਵੇਗਾ ਕਿ ਅਸੀਂ ਹੋਰ ਮਜ਼ਬੂਤੀ ਨਾਲ ਕਿਵੇਂ ਲੜ ਸਕਦੇ ਸੀ, ਜਿਸ ਬਾਰੇ ਅਸੀਂ ਆਉਣ ਵਾਲੇ ਦਿਨਾਂ ਵਿੱਚ ਚਰਚਾ ਕਰਾਂਗੇ, ਜਦੋਂ ਕਿ ਉਪ ਚੋਣ ਜਿੱਤ ਕੇ 'ਆਪ' ਪਾਰਟੀ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਨ੍ਹਾਂ ਨੇ (ਬਾਕੀ ਸਫਾ 2 'ਤੇ)

### ਐਡਵੋਕੇਟ ਘੁੰਮਣ ਵੱਲੋਂ ਚੋਣ ਨਤੀਜੇ 'ਤੇ ਸੰਤੁਸ਼ਟੀ ਪ੍ਰਗਟਾਉਂਦਿਆਂ ਵੋਟਰਾਂ ਤੇ ਵਰਕਰਾਂ ਦਾ ਧੰਨਵਾਦ



ਲੁਧਿਆਣਾ, 23 ਜੂਨ (ਕਰਨੈਲ ਸਿੰਘ ਐੱਮ.ਏ.) : ਵਿਧਾਨ ਸਭਾ ਹਲਕਾ ਪੱਛਮੀ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਉੱਪਚੋਣ ਨਤੀਜਿਆਂ ਉੱਤੇ ਆਪਣੀ ਸੰਤੁਸ਼ਟੀ ਜਤਾਉਂਦੇ ਹੋਏ ਚੋਣ ਦੌਰਾਨ ਮਿਲੇ ਪਿਆਰ, ਸਤਿਕਾਰ ਅਤੇ ਸਮਰਥਨ ਲਈ ਹਲਕੇ ਦੇ ਵੋਟਰਾਂ, ਸਪੋਟਰਾਂ, ਵਰਕਰਾਂ ਅਤੇ ਪਾਰਟੀ ਨੁਮਾਇੰਦਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਚੋਣ ਉਨ੍ਹਾਂ ਲਈ ਸਿਰਫ਼ ਨਤੀਜੇ ਦੀ ਨਹੀਂ, ਸਗੋਂ ਹਲਕੇ ਦੀ ਜਨਤਾ ਨਾਲ ਰਿਸ਼ਤੇ ਅਤੇ ਭਰੋਸੇ ਦੀ ਚੋਣ ਸੀ। ਘੁੰਮਣ ਨੇ ਖਾਸ ਤੌਰ 'ਤੇ ਪਾਰਟੀ ਦੇ ਵਰਕਰਾਂ, ਸਮਰਥਕਾਂ, ਆਗੂਆਂ ਅਤੇ ਆਪਣੇ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਬੇਟੀ ਦਿਲਰੋਜ਼ ਦੀ ਮਾਤਾ ਕਿਰਨ ਦਾ ਜ਼ਿਕਰ ਕਰਦਿਆਂ (ਬਾਕੀ ਸਫਾ 2 'ਤੇ)

### ਸ਼ਰਮਨਾਕ ਹਾਰ ਵੇਖਦਿਆਂ ਨੀਟੂ ਸ਼ਟਰਾਂ ਵਾਲੇ ਨੇ ਗੁੱਸੇ 'ਚ ਤੋੜਿਆ ਫ਼ੋਨ



ਲੁਧਿਆਣਾ, 23 ਜੂਨ (ਚੜ੍ਹਦੀਕਲਾ ਬਿਊਰੋ): ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ ਚੋਣਾਂ ਦੀ ਗਿਣਤੀ ਖਾਲਸਾ ਕਾਲਜ ਫਾਰ ਵੂਮੈਨ ਦੇ ਆਡੀਟੋਰੀਅਮ ਵਿੱਚ ਹੋਈ ਜਿਥੇ ਪਹਿਲਾਂ ਡਾਕ ਵੋਟਾਂ ਦੀ ਗਿਣਤੀ ਹੋਈ। ਵੋਟਾਂ ਦੀ ਗਿਣਤੀ 14 ਦੌਰਾਂ ਵਿੱਚ ਕੀਤੀ ਗਈ। ਚੋਣਾਂ 'ਚ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜਨ ਵਾਲੇ ਨੀਟੂ ਸ਼ਟਰਾਂ ਵਾਲਾ ਨੇ ਨਤੀਜਿਆਂ ਵਿੱਚ ਆਪਣੀ ਹਾਰ ਨੂੰ ਦੇਖਦਿਆਂ ਗੁੱਸੇ ਵਿਚ ਆ ਕੇ ਕਾਊਂਟਿੰਗ ਸੈਂਟਰ ਦੇ ਬਾਹਰ ਆਪਣਾ ਫੋਨ ਤੋੜ ਦਿੱਤਾ। ਇਥੇ ਹੀ ਬਸ ਨਹੀਂ ਸਗੋਂ ਜਦੋਂ ਸਮਰਥਕ ਨੀਟੂ ਸ਼ਟਰਾਂ ਵਾਲਾ ਨੂੰ ਹਾਰ ਪਾਉਣ ਲੱਗੇ ਤਾਂ ਉਸ ਨੇ ਹਾਰ ਵੀ ਤੋੜ ਦਿੱਤੇ।

## ਪੰਜਾਬ ਪੁੱਜਾ ਮਾਨਸੂਨ, ਕਈ ਜ਼ਿਲ੍ਹਿਆਂ 'ਚ ਪਿਆ ਮੀਂਹ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 23 ਜੂਨ : ਹਿਮਾਚਲ ਵਿਚ ਰੁਕਿਆ ਹੋਇਆ ਮਾਨਸੂਨ ਹੁਣ ਅੱਗੇ ਵਧਿਆ ਹੈ ਅਤੇ ਐਤਵਾਰ ਨੂੰ ਪਠਾਨਕੋਟ ਰਾਹੀਂ ਪੰਜਾਬ ਵਿੱਚ ਦਾਖ਼ਲ ਹੋ ਗਿਆ ਹੈ। ਇਸ ਦੇ ਨਾਲ ਹੀ ਪੰਜਾਬ ਦੇ ਕਈ ਜ਼ਿਲ੍ਹਿਆਂ ਅੰਮ੍ਰਿਤਸਰ, ਲੁਧਿਆਣਾ, ਪਠਾਨਕੋਟ ਅਤੇ ਫ਼ਿਰੋਜ਼ਪੁਰ ਵਿੱਚ ਮੀਂਹ ਪਿਆ। ਮੀਂਹ ਤੋਂ ਬਾਅਦ, ਪੰਜਾਬ ਵਿਚ ਔਸਤ ਦਿਨ ਦਾ ਤਾਪਮਾਨ 0.7 ਡਿਗਰੀ ਸੈਲਸੀਅਸ ਘੱਟ ਗਿਆ ਹੈ। ਹੁਣ ਵੀ ਤਾਪਮਾਨ ਆਮ ਨਾਲੋਂ 3.3 ਡਿਗਰੀ ਘੱਟ ਹੈ। ਐਤਵਾਰ ਨੂੰ ਬਠਿੰਡਾ ਸਭ ਤੋਂ ਗਰਮ ਸਥਾਨ ਰਿਹਾ ਜਿੱਥੇ ਵੱਧ ਤੋਂ ਵੱਧ ਤਾਪਮਾਨ 39.0 ਡਿਗਰੀ ਸੈਲਸੀਅਸ ਰਿਹਾ। ਸ਼ਾਮ 5:30 ਵਜੇ ਤੱਕ, ਲੁਧਿਆਣਾ ਵਿੱਚ 49 ਮਿਲੀਮੀਟਰ, ਅੰਮ੍ਰਿਤਸਰ ਵਿੱਚ 39 ਮਿਲੀਮੀਟਰ, ਪਠਾਨਕੋਟ ਵਿੱਚ 5 ਮਿਲੀਮੀਟਰ ਅਤੇ ਫ਼ਿਰੋਜ਼ਪੁਰ ਵਿਚ 1 ਮਿਲੀਮੀਟਰ ਮੀਂਹ ਪਿਆ। ਭਾਰੀ ਬਾਰਿਸ਼ ਦੇ ਬਾਵਜੂਦ, ਭਾਖੜਾ ਅਤੇ ਪੌਂਗ ਡੈਮ ਵਿੱਚ ਪਾਣੀ ਦਾ ਪੱਧਰ ਆਮ ਨਾਲੋਂ ਬਹੁਤ ਘੱਟ ਹੈ। ਸ਼ਨੀਵਾਰ ਨੂੰ ਭਾਖੜਾ ਡੈਮ ਦਾ ਪਾਣੀ ਦਾ ਪੱਧਰ 1,560.32 ਫੁੱਟ ਸੀ, ਜੋ ਕਿ ਪਿਛਲੇ ਸਾਲ 21 ਜੂਨ ਦੇ ਮੁਕਾਬਲੇ ਲਗਭਗ 25 ਫੁੱਟ ਘੱਟ ਹੈ। ਡੈਮ ਵਿੱਚ ਪਾਣੀ ਦੀ ਆਮਦ 32,699 ਕਿਊਸਿਕ ਦਰਜ ਕੀਤੀ ਗਈ, ਜੋ ਕਿ ਪਿਛਲੇ ਸਾਲ ਉਸੇ ਦਿਨ 34,525 ਕਿਊਸਿਕ ਸੀ ਹਾਲਾਂਕਿ, ਝੋਨੇ ਦੀ ਬਿਜਾਈ ਕਾਰਨ ਪੰਜਾਬ ਅਤੇ ਹਰਿਆਣਾ ਵਿੱਚ ਸਿੰਚਾਈ ਦੀ ਮੰਗ ਵੱਧ ਹੋਣ ਕਾਰਨ, 34,500 ਕਿਊਸਿਕ ਪਾਣੀ ਛੱਡਿਆ ਗਿਆ, ਜੋ ਕਿ ਆਮਦ ਤੋਂ ਵੱਧ ਸੀ।

### ਦਿੱਲੀ 'ਚ ਗਰਜ ਨਾਲ ਮੀਂਹ ਦੀ ਭਵਿੱਖਬਾਣੀ

ਨਵੀਂ ਦਿੱਲੀ, 23 ਜੂਨ (ਚੜ੍ਹਦੀਕਲਾ ਬਿਊਰੋ) : ਭਾਰਤ ਮੌਸਮ ਵਿਭਾਗ (ਆਈ.ਐਮ.ਡੀ.) ਨੇ ਸੋਮਵਾਰ ਨੂੰ ਰਾਸ਼ਟਰੀ ਰਾਜਧਾਨੀ ਵਿੱਚ ਮੀਂਹ, ਤੇਜ਼ ਹਵਾਵਾਂ ਅਤੇ ਗਰਜ ਨਾਲ 'ਯੈਲੋ ਅਲਰਟ' ਦੀ ਚੇਤਾਵਨੀ ਜਾਰੀ ਕੀਤੀ। ਮੀਂਹ ਨਾਲ ਦਿੱਲੀ ਵਿੱਚ ਨਮੀ ਵਾਲੀਆਂ ਸਥਿਤੀਆਂ ਤੋਂ ਕੁਝ ਰਾਹਤ ਮਿਲਣ ਦੀ ਸੰਭਾਵਨਾ ਹੈ। ਰਾਸ਼ਟਰੀ ਰਾਜਧਾਨੀ ਵਿੱਚ ਘੱਟੋ-ਘੱਟ ਤਾਪਮਾਨ 28.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਅਤੇ ਹਵਾ ਵਿੱਚ ਨਮੀ ਦਾ ਪੱਧਰ ਸਵੇਰੇ 8.30 ਵਜੇ ਤੱਕ 74 ਪ੍ਰਤੀਸ਼ਤ ਸੀ। ਆਈਐਮਡੀ ਅਨੁਸਾਰ, ਵੱਧ ਤੋਂ ਵੱਧ ਤਾਪਮਾਨ 36 ਡਿਗਰੀ ਸੈਲਸੀਅਸ ਦੇ (ਬਾਕੀ ਸਫਾ 2 'ਤੇ)

## ਭਾਰਤ ਕੋਲ ਹਨ ਕਈ ਹ.ਫਤਿਆਂ ਲਈ ਤੇਲ ਭੰਡਾਰ ਹਨ: ਪੁਰੀ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 23 ਜੂਨ :ਦੁਨੀਆਂ ਦੇ ਸਭ ਤੋਂ ਵੱਡੇ ਊਰਜਾ ਸਪਲਾਈ ਖੇਤਰਾਂ ਵਿਚ ਵਧਦੇ ਤਣਾਅ ਦੇ ਵਿਚਕਾਰ, ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਐਤਵਾਰ ਨੂੰ ਕਿਹਾ ਕਿ ਭਾਰਤ ਤੀਜਾ ਸਭ ਤੋਂ ਵੱਡਾ ਤੇਲ ਆਯਾਤਕ ਅਤੇ ਚੌਥਾ ਸਭ ਤੋਂ ਵੱਡਾ ਗੈਸ ਖਰੀਦਦਾਰ ਹੈ, ਇਸ ਕੋਲ ਕਈ ਹਫ਼ਤਿਆਂ ਲਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਕਾਫ਼ੀ ਊਰਜਾ ਸਪਲਾਈ ਹੈ ਤੇ ਸੜਕਾਂ ਤੋਂ ਕਈ ਸਪਲਾਈਆਂ ਪ੍ਰਾਪਤ ਹੋ ਰਹੀਆਂ ਹਨ। 'ਪੱਛਮੀ ਏਸ਼ੀਆ ਵਿਚ ਪਿਛਲੇ ਦੋ ਹਫ਼ਤਿਆਂ ਤੋਂ ਸਰਕਾਰੀ ਬਦਲਾਅ ਹੋ ਰਹੇ ਹਨ,' ਮੰਤਰੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ ਕਿ ਭੂ-ਰਾਜਨੀਤਕ ਸਥਿਤੀ 'ਤੇ ਨੇੜਿਓਂ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਪਿਛਲੇ ਕੁਝ ਸਾਲਾਂ ਵਿਚ, ਅਸੀਂ ਆਪਣੀ ਸਪਲਾਈ ਵਧਾ ਦਿਤੀ ਹੈ। ਅਸੀਂ ਵਿਭਿੰਨਤਾ ਲਿਆਂਦੀ ਹੈ ਤੇ ਹੁਣ ਸਾਡੀ ਸਪਲਾਈ ਦਾ ਇਕ ਵੱਡਾ ਹਿੱਸਾ ਹੋਰਮਜ਼ ਜਲਡਮਰੂ ਰਾਹੀਂ ਨਹੀਂ ਆਉਂਦਾ।

ਹੋਰਮੂਜ਼ ਜਲਡਮਰੂ ਪੱਛਮੀ ਏਸ਼ੀਆ ਤੋਂ ਤੇਲ ਲਈ ਇਕ ਮਹੱਤਵਪੂਰਨ ਆਵਾਜਾਈ ਰਸਤਾ ਹੈ, ਜਿਸ ਨੂੰ ਈਰਾਨ ਅਮਰੀਕੀ ਹਮਲਿਆਂ ਤੋਂ ਬਾਅਦ ਪ੍ਰਮਾਣੂ ਸਹੂਲਤਾਂ ਨੂੰ ਬੰਦ ਕਰਨ ਲਈ ਆਪਣੀ ਧਮਕੀ ਰਾਹੀਂ ਵਰਤਦਾ ਹੈ। (ਬਾਕੀ ਸਫਾ 2 'ਤੇ)

### ਪੀ.ਐਮ. ਪੋਸ਼ਣ ਯੋਜਨਾ ਤਹਿਤ ਸੂਬੇ ਨੂੰ 26.57 ਕਰੋੜ ਦੀ ਗ੍ਰਾਂਟ ਜਾਰੀ

## ਪੰਜਾਬ ਦੇ ਸਕੂਲਾਂ ਦੀਆਂ ਰਸੋਈਆਂ 'ਚੋਂ ਬਦਲੇਗਾ ਸਾਰਾ ਪੁਰਾਣਾ ਸਾਮਾਨ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 23 ਜੂਨ :ਕੇਂਦਰ ਸਰਕਾਰ ਨੇ ਵਿੱਤੀ ਸਾਲ 2024-25 ਲਈ ਪ੍ਰਧਾਨ ਮੰਤਰੀ ਪੋਸ਼ਣ ਯੋਜਨਾ (ਪਹਿਲਾਂ ਮਿਡ-ਡੇਅ ਮੀਲ ਸਕੀਮ) ਤਹਿਤ ਪੰਜਾਬ ਨੂੰ 26.57 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਹ ਗ੍ਰਾਂਟ ਸੂਬੇ ਦੇ 23 ਜ਼ਿਲ੍ਹਿਆਂ ਵਿਚ ਸਥਿਤ 18,991 ਸਰਕਾਰੀ ਸਕੂਲਾਂ ਨੂੰ ਰਸੋਈਆਂ 'ਚ ਵਰਤੇ ਜਾ ਰਹੇ ਪੁਰਾਣੇ ਉਪਕਰਣਾਂ ਨੂੰ ਬਦਲਣ ਅਤੇ ਨਵੇਂ ਉਪਕਰਣ ਖ਼ਰੀਦਣ ਲਈ ਦਿਤੀ ਗਈ ਹੈ। ਸੂਬਾ ਸਰਕਾਰ ਦੇ ਅਨੁਸਾਰ, ਇਨ੍ਹਾਂ ਸਕੂਲਾਂ ਵਿਚ ਹਰ ਰੋਜ਼ ਲਗਭਗ 15.24 ਲੱਖ ਵਿਦਿਆਰਥੀਆਂ ਨੂੰ ਮਿਡ-ਡੇਅ ਮੀਲ ਮੁਹੱਈਆ ਕਰਵਾਇਆ ਜਾਂਦਾ ਹੈ। ਜਿਨ੍ਹਾਂ ਸਕੂਲਾਂ ਨੂੰ ਬਿਲਕੁਲ ਨਵਾਂ ਸਾਜ਼ੋ-ਸਾਮਾਨ ਖ਼ਰੀਦਣਾ ਪੈਂਦਾ ਹੈ, ਉਨ੍ਹਾਂ ਨੂੰ 24.90 ਲੱਖ ਰੁਪਏ ਦੀ ਗ੍ਰਾਂਟ ਦਿਤੀ ਗਈ ਹੈ ਅਤੇ ਜਿਨ੍ਹਾਂ ਸਕੂਲਾਂ ਨੂੰ ਪੁਰਾਣੇ ਸਾਜ਼ੋ-ਸਾਮਾਨ ਬਦਲਣੇ ਪੈਂਦੇ ਹਨ, ਉਨ੍ਹਾਂ ਨੂੰ 26.32 ਕਰੋੜ ਰੁਪਏ ਦਿਤੇ ਗਏ ਹਨ। ਕੁੱਲ 26.57 ਕਰੋੜ ਰੁਪਏ ਦੀ ਰਕਮ ਜਾਰੀ ਕੀਤੀ ਗਈ ਹੈ, ਜਿਸ ਨਾਲ ਸਕੂਲ ਰਸੋਈਆਂ ਦੀ ਹਾਲਤ ਵਿਚ ਵੱਡਾ ਸੁਧਾਰ ਆਉਣ ਦੀ ਉਮੀਦ ਹੈ। ਇਸ ਰਕਮ ਨਾਲ ਸਕੂਲਾਂ ਵਿਚ ਗੈਸ ਚੁੱਲ੍ਹੇ, ਸਿਲੰਡਰ, ਵੱਡੇ ਭਾਂਡੇ, ਪਾਣੀ ਦੇ ਡਰੱਮ ਆਦਿ ਵਰਗੇ ਜ਼ਰੂਰੀ ਉਪਕਰਣ ਖ਼ਰੀਦੇ ਜਾਂ ਬਦਲੇ ਜਾਣਗੇ। ਇਹ ਗ੍ਰਾਂਟ ਸਾਰੇ ਜ਼ਿਲ੍ਹਿਆਂ ਨੂੰ ਸਕੂਲਾਂ ਦੀ ਗਿਣਤੀ ਅਤੇ ਲੋੜ ਅਨੁਸਾਰ ਅਲਾਟ ਕੀਤੀ ਗਈ ਹੈ। ਸਿਖਿਆ ਵਿਭਾਗ ਨੇ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਹਨ ਕਿ ਫ਼ੰਡ ਦੀ ਵਰਤੋਂ ਸਮੇਂ ਸਿਰ ਅਤੇ ਨਿਰਧਾਰਤ ਨਿਯਮਾਂ ਅਨੁਸਾਰ ਕੀਤੀ ਜਾਵੇ। ਇਸ ਤੋਂ ਇਲਾਵਾ, ਖ਼ਰਚੇ ਤੋਂ ਬਾਅਦ ਮੁੱਖ ਦਫ਼ਤਰ ਨੂੰ ਪ੍ਰਮਾਣਿਤ ਵਰਤੋਂ ਰਿਪੋਰਟ ਭੇਜਣਾ ਲਾਜ਼ਮੀ ਹੋਵੇਗਾ। ਸਿਖਿਆ ਵਿਭਾਗ ਵਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਜਾਰੀ ਕੀਤੀ ਗਈ ਰਕਮ 'ਚੋਂ ਰਾਜ ਦੇ 214 ਸਕੂਲਾਂ ਵਿਚ ਨਵੇਂ ਸਾਜ਼ੋ-ਸਾਮਾਨ ਖ਼ਰੀਦੇ ਜਾਣਗੇ ਜਦੋਂ ਕਿ 18,777 ਸਕੂਲਾਂ ਵਿਚ ਪੁਰਾਣੇ ਸਾਜ਼ੋ-ਸਾਮਾਨ ਬਦਲੇ ਜਾਣਗੇ। ਕੁਝ ਸਮਾਂ ਪਹਿਲਾਂ, ਪੰਜਾਬ ਸਰਕਾਰ ਨੇ (ਬਾਕੀ ਸਫਾ 2 'ਤੇ)



ਪੀਟਰ ਸਿੰਘ ਸਰਦਾਰ ਦੀ ਤਸਵੀਰ, ਜਿਸ ਨੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਲਈ 500 ਕਰੋੜ ਦਾਨ ਦਿੱਤਾ ਸਾਡੀ ਕੌਮ ਦੀ ਦਾਨਵੀਰਤਾ ਅਤੇ ਸ਼ਾਨ ਨੂੰ ਦਰਸਾਉਂਦੀ ਹੈ। ਅਸਲ ਗ਼ਰੂਰ ਸਿੱਖੀ ਹੈ ਇਸ ਸਿੰਘ ਵੀਰ ਲਈ ਇੱਕ ਲਾਈਕ ਤਾ ਬਣਦਾ ਹੈ

## ਮਨੋਹਰ ਲਾਲ ਵੱਲੋਂ ਯਮੁਨਾਨਗਰ 'ਚ ਬਾਬਾ ਬੰਦਾ ਸਿੰਘ ਬਹਾਦਰ ਟਰੱਸਟ ਦਫ਼ਤਰ ਦਾ ਉਦਘਾਟਨ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 23 ਜੂਨ : ਕੇਂਦਰੀ ਰਿਹਾਇਸ਼, ਸ਼ਹਿਰੀ ਮਾਮਲੇ ਅਤੇ ਬਿਜਲੀ ਮੰਤਰੀ ਮਨੋਹਰ ਲਾਲ ਖੱਟਰ ਨੇ ਐਤਵਾਰ ਨੂੰ ਯਮੁਨਾਨਗਰ ਦੇ ਪੀਡਬਲਯੂਡੀ ਰੈਸਟ ਹਾਊਸ ਵਿਆਸਪੁਰ ਵਿਖੇ ਬਣੇ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਦਫ਼ਤਰ ਦਾ ਉਦਘਾਟਨ ਕੀਤਾ। ਕੇਂਦਰੀ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਮੈਂਬਰਾਂ ਨਾਲ ਹੋਈ ਮੀਟਿੰਗ ਦੌਰਾਨ, ਲੋਹਗੜ੍ਹ ਯਾਦਗਾਰ ਦੀ ਉਸਾਰੀ ਸ਼ੁਰੂ ਕਰਨ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਇੱਕ ਨਿਗਰਾਨੀ ਕਮੇਟੀ ਅਤੇ ਮਾਹਰ ਕਮੇਟੀ ਯਾਦਗਾਰ ਦੀ ਉਸਾਰੀ ਪ੍ਰਕਿਰਿਆ ਦੀ ਨਿਗਰਾਨੀ ਕਰੇਗੀ, ਅਤੇ ਸਿੱਖ ਵਿਰਾਸਤ ਨਾਲ ਸਬੰਧਤ ਸੱਭਿਆਚਾਰਕ ਪ੍ਰੋਗਰਾਮਾਂ ਦੇ ਸੰਗਠਨ ਦੇ ਮੁੱਦੇ 'ਤੇ ਵੀ ਚਰਚਾ ਕੀਤੀ ਗਈ। ਸਾਬਕਾ ਕੈਬਨਿਟ ਮੰਤਰੀ ਕੰਵਰ ਪਾਲ ਗੁੱਜਰ ਨੂੰ ਨਿਗਰਾਨੀ ਕਮੇਟੀ ਦਾ ਚੇਅਰਮੈਨ ਨਾਮਜ਼ਦ ਕੀਤਾ ਗਿਆ।

ਮਾਹਰ ਕਮੇਟੀ ਸਮਾਰਕ ਨਾਲ ਸਬੰਧਤ ਮੁੱਖ ਇਤਿਹਾਸਕ ਤੱਥਾਂ ਅਤੇ ਮਹੱਤਵਪੂਰਨ ਘਟਨਾਵਾਂ ਦੀ ਪਛਾਣ ਕਰਨ ਦੇ ਨਾਲ-ਨਾਲ ਡੂੰਘਾਈ ਨਾਲ ਖੋਜ ਰਾਹੀਂ ਇਸਦੀ ਸੰਭਾਲ ਅਤੇ ਵਾਧਾ ਕਰਨ ਲਈ ਜ਼ਿੰਮੇਵਾਰ ਹੋਵੇਗੀ। ਖੱਟਰ ਨੇ ਕਿਹਾ ਕਿ ਟਰੱਸਟ ਅਤੇ ਹੋਰ ਸਬ-ਕਮੇਟੀਆਂ ਬਾਬਾ ਬੰਦਾ ਸਿੰਘ ਬਹਾਦਰ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਅਤੇ ਲੋਹਗੜ੍ਹ ਅਤੇ ਬਾਬਾ ਬੰਦਾ ਸਿੰਘ ਬਹਾਦਰ 'ਤੇ ਅਜਾਇਬ ਘਰ, ਸਮਾਰਕ ਅਤੇ ਸਾਹਿਤ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣਗੀਆਂ। ਮੀਟਿੰਗ ਦੌਰਾਨ ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਨਾਮ 'ਤੇ ਦਾਨ ਕਰਨ ਵਾਲੇ ਵਿਅਕਤੀ ਜਾਂ ਸੰਸਥਾ ਨੂੰ ਆਮਦਨ ਕਰ ਵਿੱਚ ਛੋਟ ਦੇਣ ਦੀ ਵਿਵਸਥਾ 'ਤੇ ਵੀ ਵਿਚਾਰ ਕੀਤਾ ਗਿਆ। ਬਾਬਾ ਬੰਦਾ ਸਿੰਘ ਬਹਾਦਰ ਲੋਹਗੜ੍ਹ ਫਾਊਂਡੇਸ਼ਨ ਟਰੱਸਟ ਦੇ ਅਧੀਨ ਵੱਖ-ਵੱਖ ਪ੍ਰੋਜੈਕਟਾਂ ਨੂੰ ਲਾਗੂ ਕਰਨ ਅਤੇ ਹੋਰ ਸਬੰਧਤ ਨੁਕਤਿਆਂ 'ਤੇ ਵਿਸਥਾਰਪੂਰਵਕ ਚਰਚਾ ਕੀਤੀ ਗਈ। ਮੀਟਿੰਗ ਦੌਰਾਨ ਕਿਸਾਨ ਯੁਵਾ ਕਲੱਬ ਦੇ ਸੰਸਥਾਪਕ ਰਾਕੇਸ਼ ਬੈਨੀਵਾਲ ਅਤੇ ਉਨ੍ਹਾਂ ਦੇ ਸਹਿਯੋਗੀ ਅਮਨ ਵਿਰਕ ਨੇ ਖੱਟਰ ਨੂੰ ਟਰੱਸਟ ਦੇ ਨਾਮ 'ਤੇ ਦਾਨ ਵਜੋਂ 11 ਲੱਖ ਰੁਪਏ ਦਾ ਚੈੱਕ ਸੌਂਪਿਆ। ਇਸ ਤੋਂ ਪਹਿਲਾਂ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਜ਼ੋਰਾ ਸਿੰਘ ਨੇ ਟਰੱਸਟ ਨੂੰ 11 ਲੱਖ ਰੁਪਏ ਦਾਨ ਕੀਤੇ। ਇਸ ਲਈ ਕੇਂਦਰੀ ਮੰਤਰੀ ਨੇ ਧੰਨਵਾਦ ਪ੍ਰਗਟ ਕੀਤਾ ਅਤੇ ਲੋਕਾਂ ਨੂੰ ਅਜਿਹੀਆਂ ਧਾਰਮਿਕ ਅਤੇ ਸਮਾਜਿਕ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕੀਤੀ।

### ਈਰਾਨ ਨੇ ਇਜ਼ਰਾਈਲ ਲਈ ਜਾਸੂਸੀ ਦੇ ਦੋਸ਼ੀ ਨੂੰ ਦਿੱਤੀ ਫਾਂਸੀ

ਤਹਿਰਾਨ, 23 ਜੂਨ (ਚੜ੍ਹਦੀਕਲਾ ਬਿਊਰੋ) : : ਈਰਾਨ ਨੇ ਸੋਮਵਾਰ ਨੂੰ ਇਜ਼ਰਾਈਲੀ ਖੁਫੀਆ ਸੇਵਾ ਲਈ ਜਾਸੂਸੀ ਕਰਨ ਦੇ ਦੋਸ਼ੀ ਪਾਏ ਗਏ ਇੱਕ ਵਿਅਕਤੀ ਨੂੰ ਫਾਂਸੀ ਦੇ ਦਿੱਤੀ। ਇਸ ਸਬੰਧੀ ਇਸਲਾਮਿਕ ਰੀਪਬਲਿਕ ਦੀ ਨਿਆਂਪਾਲਿਕਾ ਨੇ ਰਿਪੋਰਟ ਦਿੱਤੀ। ਈਰਾਨ ਦੀ ਨਿਆਂਪਾਲਿਕਾ ਨੇ ਕਿਹਾ ਕਿ ਮੁਹੰਮਦ ਅਮੀਨ ਮਹਦਾਵੀ ਸ਼ਯਾਸਤੇ ਨੂੰ ਅੱਜ ਸਵੇਰੇ ਜ਼ਾਇਓਨਿਸਟ ਸ਼ਾਸਨ ਨਾਲ ਖੁਫੀਆ ਸਹਿਯੋਗ ਲਈ ਫਾਂਸੀ ਦਿੱਤੀ ਗਈ। ਸ਼ਯਾਸਤੇ ਨੂੰ 2023 ਵਿੱਚ ਇਜ਼ਰਾਈਲ ਦੀ ਖੁਫੀਆ ਏਜੰਸੀ ਮੋਸਾਦ ਨਾਲ ਕਥਿਤ ਸਬੰਧਾਂ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਹ ਅਜਿਹੇ ਸਮੇਂ ਵਿੱਚ ਆਇਆ ਹੈ ਜਦੋਂ ਈਰਾਨ ਅਤੇ ਇਜ਼ਰਾਈਲ ਵਿਚਕਾਰ ਤਣਾਅ ਵਧ ਰਿਹਾ ਹੈ। ਇਸ ਤੋਂ ਪਹਿਲਾਂ ਵੀ 14 ਜੂਨ ਨੂੰ ਈਰਾਨੀ ਅਧਿਕਾਰੀਆਂ ਨੇ ਮੋਸਾਦ ਲਈ (ਬਾਕੀ ਸਫਾ 2 'ਤੇ)

# ਇਹ ਆਮ ਆਦਮੀ ਪਾਰਟੀ ਵੱਲੋਂ ਕੀਤੇ ਕੰਮਾਂ ਦੀ ਜਿੱਤ ਹੈ: ਸਿਸੋਦੀਆ

## ਇਹ ਜਿੱਤ ਸ਼ਹਿਰੀ ਵੋਟਰਾਂ ਦੇ 'ਆਪ' 'ਚ ਵਧ ਰਹੇ ਵਿਸ਼ਵਾਸ ਦਾ ਸਬੂਤ: ਚੀਮਾ

ਚੰਡੀਗੜ੍ਹ, 23 ਜੂਨ (ਅੰਮ੍ਰਿਤਪਾਲ ਸਿੰਘ) : ਅੱਜ ਦਾ ਦਿਨ ਆਮ ਆਦਮੀ ਪਾਰਟੀ ਲਈ ਦੋਹਰੀ ਖ਼ੁਸ਼ੀ ਲੈ ਕੇ ਆਇਆ। ਪਾਰਟੀ ਉਮੀਦਵਾਰ ਨੂੰ ਇੱਕੋ ਸਮੇਂ ਦੋ ਰਾਜਾਂ ਦੀਆਂ ਜ਼ਿਮਨੀ ਚੋਣਾਂ ਵਿੱਚ ਵੱਡੀ ਜਿੱਤ ਮਿਲੀ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ 'ਆਪ' ਉਮੀਦਵਾਰ ਸੰਜੀਵ ਅਰੋੜਾ ਤੋਂ ਇਲਾਵਾ, ਪਾਰਟੀ ਦੇ ਉਮੀਦਵਾਰ ਗੋਪਾਲ ਇਟਾਲੀਆ ਨੇ ਵੀ ਗੁਜਰਾਤ ਦੇ ਵਿਸਾਵਦਰ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ 17 ਹਜ਼ਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ।



ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਜਿੱਤ 'ਤੇ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਨੇਤਾ ਅਤੇ ਪੰਜਾਬ ਵਿੱਚ ਪਾਰਟੀ ਇੰਚਾਰਜ ਮਨੀਸ਼ ਸਿਸੋਦੀਆ ਨੇ ਪਾਰਟੀ ਉਮੀਦਵਾਰ ਸੰਜੀਵ ਅਰੋੜਾ ਅਤੇ 'ਆਪ' ਦੇ ਸਾਰੇ ਆਗੂਆਂ ਅਤੇ ਵਰਕਰਾਂ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਲੁਧਿਆਣਾ ਜ਼ਿਮਨੀ ਚੋਣ ਨੂੰ ਸੈਮੀਫਾਈਨਲ ਕਹਿ ਰਹੀ ਹੈ। ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤ ਲਿਆ ਹੈ ਅਤੇ ਹੁਣ ਭਗਵੰਤ ਮਾਨ ਜੀ ਦੀ ਅਗਵਾਈ ਹੇਠ, ਇਹ ਫਾਈਨਲ ਵੀ ਜਿੱਤੇਗੀ। ਇਹ ਜਿੱਤ ਆਮ ਆਦਮੀ ਪਾਰਟੀ ਦੀ ਕੰਮ ਦੀ ਰਾਜਨੀਤੀ ਦੀ ਜਿੱਤ ਹੈ।

ਸਿਸੋਦੀਆ ਨੇ ਗੁਜਰਾਤ ਵਿੱਚ ਵਿਸਾਵਦਰ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਜਿੱਤ ਲਈ 'ਆਪ' ਉਮੀਦਵਾਰ ਗੋਪਾਲ ਇਟਾਲੀਆ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਹੁਣ ਉਹ ਗੁਜਰਾਤ ਵਿਧਾਨ ਸਭਾ ਵਿੱਚ ਸ਼ੇਰ ਵਾਂਗ ਗਰਜਣਗੇ ਅਤੇ ਸਿੱਖਿਆ, ਸਿਹਤ ਅਤੇ ਕਿਸਾਨਾਂ ਦੇ ਮੁੱਦਿਆਂ ਨੂੰ ਜ਼ੋਰਦਾਰ ਢੰਗ ਨਾਲ ਉਠਾਉਣਗੇ।

'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਪਾਰਟੀ ਆਗੂਆਂ ਅਤੇ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪਾਰਟੀ ਵਰਕਰਾਂ ਦੀ ਦਿਨ-ਰਾਤ ਮਿਹਨਤ ਅਤੇ ਲਗਨ ਕਾਰਨ ਇਹ ਜਿੱਤ ਸੰਭਵ ਹੋਈ ਹੈ। ਉਨ੍ਹਾਂ ਨੇ ਗਰਮੀ ਦੀ ਪਰਵਾਹ ਕੀਤੇ ਬਿਨਾਂ ਪੂਰੇ ਇਲਾਕੇ ਵਿੱਚ ਚੋਣ ਪ੍ਰਚਾਰ ਕੀਤਾ ਅਤੇ ਲੋਕਾਂ ਨੂੰ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਬਾਰੇ ਸਮਝਾਇਆ। 'ਆਪ' ਪ੍ਰਧਾਨ ਨੇ ਪਾਰਟੀ ਉਮੀਦਵਾਰ ਸੰਜੀਵ ਅਰੋੜਾ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਮੈਨੂੰ ਵਿਸ਼ਵਾਸ ਹੈ ਕਿ ਉਹ ਲੁਧਿਆਣਾ ਪੱਛਮੀ ਦੇ ਵਿਕਾਸ ਨੂੰ ਨਵੀਂ ਗਤੀ ਦੇਣਗੇ ਅਤੇ ਇਲਾਕੇ ਦੇ ਸਾਰੇ ਪੈਂਡਿੰਗ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨਗੇ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਲੁਧਿਆਣਾ ਪੱਛਮੀ ਵਿਧਾਨ ਸਭਾਜਿਮਨੀ ਚੋਣ ਦੇ ਨਤੀਜੇ ਪੰਜਾਬ ਦੇ ਸ਼ਹਿਰੀ ਵੋਟਰਾਂ ਦੇ ਆਮ ਆਦਮੀ ਪਾਰਟੀ ਵਿੱਚ ਵੱਧ ਰਹੇ ਵਿਸ਼ਵਾਸ ਨੂੰ ਦਰਸਾਉਂਦੇ ਹਨ। 'ਆਪ' ਸਰਕਾਰ ਨੇ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਦੇ ਵਿਕਾਸ ਲਈ ਕਈ ਮਹੱਤਵਪੂਰਨ ਕੰਮ ਕੀਤੇ ਹਨ, ਜਿਸ ਕਾਰਨ ਪੰਜਾਬੀਆਂ ਦਾ ਸਰਕਾਰ ਪ੍ਰਤੀ ਵਿਸ਼ਵਾਸ ਕਾਫ਼ੀ ਵਧਿਆ ਹੈ।

ਇਸ ਦੇ ਨਾਲ ਹੀ, ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰਨ ਲਈ ਸਰਕਾਰ ਵੱਲੋਂ ਪਿਛਲੇ ਤਿੰਨ-ਚਾਰ ਮਹੀਨਿਆਂ ਤੋਂ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਕਾਰਨ ਲੋਕਾਂ ਦਾ ਸਰਕਾਰ 'ਤੇ ਵਿਸ਼ਵਾਸ ਵੀ ਵਧਿਆ ਹੈ। ਇਸ ਤੋਂ ਇਲਾਵਾ, ਸਰਕਾਰ ਵੱਲੋਂ ਉਦਯੋਗਪਤੀਆਂ ਲਈ ਸ਼ੁਰੂ ਕੀਤੀ ਗਈ ਸਿੰਗਲ ਵਿੰਡੋ ਪ੍ਰਣਾਲੀ ਨੇ ਵਪਾਰੀ ਵਰਗ ਦਾ ਸਰਕਾਰ ਵਿੱਚ ਵਿਸ਼ਵਾਸ ਵਧਾਇਆ। ਹਾਲ ਹੀ ਵਿੱਚ, ਲੁਧਿਆਣਾ ਸ਼ਹਿਰ ਦਾ ਵਿਸਥਾਰ ਲਈ 'ਆਪ' ਸਰਕਾਰ ਨੇ ਲੈਂਡ ਪੂਲਿੰਗ ਨੀਤੀ ਦੇ ਤਹਿਤ ਅਰਬਨ ਇਸਟੇਟ ਬਣਾਉਣ ਦਾ ਫੈਸਲਾ ਕੀਤਾ ਹੈ। ਇਸਦਾ ਵੋਟਰਾਂ 'ਤੇ ਵੀ ਅਸਰ ਪਿਆ ਕਿਉਂਕਿ ਇਸ ਯੋਜਨਾ ਦੇ ਤਹਿਤ ਲੋਕਾਂ ਨੂੰ ਕਿਫਾਇਤੀ ਕੀਮਤਾਂ 'ਤੇ ਰਿਹਾਇਸ਼ੀ ਪਲਾਟ ਮਿਲਣਗੇ, ਜਿਸ ਨਾਲ ਹਜ਼ਾਰਾਂ ਲੋਕਾਂ ਦਾ ਆਪਣੇ ਘਰ ਦਾ ਸੁਪਨਾ ਪੂਰਾ ਹੋ ਸਕੇਗਾ। ਇਸ ਯੋਜਨਾ ਰਾਹੀਂ ਕਿਸਾਨਾਂ ਨੂੰ ਜ਼ਮੀਨ ਦੀ ਮੌਜੂਦਾ ਕੀਮਤ ਤੋਂ ਚਾਰ ਤੋਂ ਪੰਜ ਗੁਣਾ ਲਾਭ ਵੀ ਮਿਲੇਗਾ। ਇਸ ਤੋਂ ਇਲਾਵਾ, ਤਹਿਸੀਲਾਂ ਵਿੱਚ ਔਨਲਾਈਨ ਰਜਿਸਟਰੇਸ਼ਨ ਅਤੇ ਇੰਤਕਾਲ ਵਰਗੀਆਂ ਸਹੂਲਤਾਂ ਕਾਰਨ ਲੋਕਾਂ ਨੂੰ ਭ੍ਰਿਸ਼ਟਾਚਾਰ ਤੋਂ ਮੁਕਤੀ ਮਿਲੇਗੀ ਅਤੇ ਇੱਧਰ-ਉੱਧਰ ਭੱਜ-ਨੱਠ ਨਹੀਂ ਕਰਨੀ ਪਵੇਗੀ। ਇਸ ਫੈਸਲੇ ਦਾ ਵੀ ਆਮ ਲੋਕਾਂ 'ਤੇ ਅਸਰ ਪਿਆ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਵੱਡੀ ਜਿੱਤ ਤੋਂ ਬਾਅਦ, 'ਆਪ' ਆਗੂਆਂ ਅਤੇ ਵਰਕਰਾਂ ਨੇ ਚੰਡੀਗੜ੍ਹ ਸਥਿਤ ਪਾਰਟੀ ਦਫ਼ਤਰ ਵਿੱਚ ਜਿੱਤ ਦਾ ਜਸ਼ਨ ਮਨਾਇਆ। ਸੂਬੇ ਭਰ ਤੋਂ ਆਏ 'ਆਪ' ਆਗੂਆਂ ਅਤੇ ਵਰਕਰਾਂ ਨੇ ਇੱਕ ਦੂਜੇ ਨੂੰ ਲੱਡੂ ਖੁਆ ਕੇ ਜਿੱਤ ਦੀ ਵਧਾਈ ਦਿੱਤੀ ਅਤੇ ਭੰਗੜਾ ਪਾਇਆ।

ਇਸ ਮੌਕੇ 'ਆਪ' ਸਰਕਾਰ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ, ਹਰਦੀਪ ਸਿੰਘ ਮੁੰਡੀਆਂ, ਹਰਭਜਨ ਸਿੰਘ ਈਟੀਓ, ਬਰਿੰਦਰ ਗੋਇਲ ਅਤੇ ਲਾਲਜੀਤ ਭੁੱਲਰ ਵਿਸ਼ੇਸ਼ ਤੌਰ 'ਤੇ ਹਾਜਰ ਸਨ। ਇਸ ਤੋਂ ਇਲਾਵਾ 'ਆਪ' ਵਿਧਾਇਕ ਬੁੱਧ ਰਾਮ, ਪਾਰਟੀ ਦੇ ਸੂਬਾ ਜਨਰਲ ਸਕੱਤਰ ਹਰਚਨ ਸਿੰਘ ਬਰਸਟ, ਦੀਪਕ ਬਾਲੀ, ਪਾਰਟੀ ਦੇ ਬੁਲਾਰੇ ਨੀਲ ਗਰਗ, ਗੋਵਿੰਦਰ ਮਿੱਤਲ, 'ਆਪ' ਆਗੂ ਬਲਤੇਜ ਪੰਨੂ ਤੇ ਬਲਵਿੰਦਰ ਸਿੰਘ ਝੜਵਾਂ ਵੀ ਹਾਜ਼ਰ ਸਨ।

### ਨਵਾਂ ਖੁਲਾਸਾ ; ਰਾਜਾ ਰਘੂਵੰਸ਼ੀ ਦੇ ਭਰਾ ਨੇ ਮੀਡੀਆ ਸਾਹਮਣੇ ਖੋਲ੍ਹੇ ਰਾਜ਼

# ਸੋਨਮ ਅਤੇ ਰਾਜ ਕੁਸ਼ਵਾਹਾ ਨੇ ਮਿਲ ਕੇ ਪੈਟਰੋਲ ਕੰਪਨੀ ਬਣਾ ਕੇ ਲੱਖਾਂ ਦਾ ਕੀਤਾ ਲੈਣ-ਦੇਣ

ਇੰਦੌਰ, 23 ਜੂਨ (ਚ.ਨ.ਸ.) : ਮੱਧ ਪ੍ਰਦੇਸ਼ ਦੀ ਆਰਥਿਕ ਰਾਜਧਾਨੀ ਇੰਦੌਰ ਦੇ ਰਾਜਾ ਰਘੂਵੰਸ਼ੀ ਕਤਲ ਕੇਸ ਵਿੱਚ ਹਰ ਰੋਜ਼ ਨਵੇਂ ਖੁਲਾਸੇ ਹੋ ਰਹੇ ਹਨ। ਹੁਣ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ, ਜਿਸ ਨੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ। ਰਾਜਾ ਦੇ ਭਰਾ ਵਿਪਿਨ ਨੇ ਦੱਸਿਆ ਕਿ ਸੋਨਮ ਅਤੇ ਰਾਜ ਕੁਸ਼ਵਾਹਾ (ਸੋਨਮ ਦਾ ਪ੍ਰੇਮੀ) ਨੇ ਮਿਲ ਕੇ ਇੱਕ ਪੈਟਰੋਲ ਕੰਪਨੀ ਬਣਾਈ ਸੀ ਜਿਸ ਵਿੱਚ ਉਹ ਲੱਖਾਂ ਰੁਪਏ ਦਾ ਲੈਣ-ਦੇਣ ਕਰਦੇ ਸਨ।



ਤੁਹਾਨੂੰ ਦੱਸ ਦੇਈਏ ਕਿ ਹੁਣ ਤੱਕ ਪੁਲਸ ਨੇ ਰਾਜਾ ਰਘੂਵੰਸ਼ੀ ਕਤਲ ਕੇਸ ਵਿੱਚ ਸੱਤ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਵਿੱਚ ਸੋਨਮ, ਉਸਦਾ ਪ੍ਰੇਮੀ ਰਾਜ, ਉਸਦੇ ਤਿੰਨ ਦੋਸਤ ਅਤੇ ਉਨ੍ਹਾਂ ਨੂੰ ਘਰ ਦਿਵਾਉਣ ਵਾਲਾ ਪ੍ਰਾਪਰਟੀ ਬ੍ਰੋਕਰ ਅਤੇ ਇਮਾਰਤ ਦੀ ਰਾਖੀ ਕਰਨ ਵਾਲਾ ਗਾਰਡ ਸ਼ਾਮਲ ਹੈ।

ਦੂਜੇ ਪਾਸੇ, ਰਾਜਾ ਦੇ ਭਰਾ ਵਿਪਿਨ ਨੇ ਸੋਮਵਾਰ ਨੂੰ ਇਸ ਪੂਰੇ ਮਾਮਲੇ ਵਿੱਚ ਗੰਭੀਰ ਦੋਸ਼ ਲਗਾਏ ਹਨ। ਮੀਡੀਆ ਨਾਲ ਗੱਲਬਾਤ ਕਰਦੇ ਹੋਏ ਵਿਪਿਨ ਨੇ ਦੱਸਿਆ ਕਿ ਸੋਨਮ ਦੇ ਭਰਾ ਗੋਵਿੰਦ ਨੇ ਕੁਝ ਦਿਨ ਪਹਿਲਾਂ ਉਸਨੂੰ ਦੱਸਿਆ ਸੀ ਕਿ ਰਾਜ ਕੁਸ਼ਵਾਹਾ ਅਤੇ ਸੋਨਮ ਇੱਕ ਪੈਟਰੋਲ ਕੰਪਨੀ ਚਲਾਉਂਦੇ ਸਨ। ਉਸ ਕੰਪਨੀ ਦਾ ਖਾਤਾ ਰਾਜਾ ਦੀ ਮਾਂ ਚੁੰਨੀ ਬਾਈ ਦੇ ਨਾਮ 'ਤੇ ਖੋਲ੍ਹਿਆ ਗਿਆ ਸੀ ਅਤੇ ਇਸ ਮਾਮਲੇ ਵਿੱਚ, ਉਸ ਖਾਤੇ ਵਿੱਚ ਲੱਗਭੱਗ 78 ਲੱਖ ਰੁਪਏ ਰੱਖੇ ਗਏ ਹਨ ਅਤੇ ਉਸ ਪੈਸੇ ਵਿੱਚੋਂ ਕੁਝ ਦਾ ਲੈਣ-ਦੇਣ ਵੀ ਕੀਤਾ ਗਿਆ ਹੈ। ਇਹ ਕੰਪਨੀ ਇਨ੍ਹਾਂ ਦੋਵਾਂ ਨੇ ਜਨਵਰੀ ਵਿੱਚ ਖੋਲ੍ਹੀ ਸੀ। ਹਵਾਲਾ ਪੈਸੇ ਦੇ ਸਵਾਲ 'ਤੇ, ਵਿਪਿਨ ਨੇ ਕਿਹਾ ਕਿ ਜੇਕਰ ਇਹ ਪੈਸਾ ਹਵਾਲਾ ਪੈਸਾ ਹੁੰਦਾ, ਤਾਂ ਇਹ ਖਾਤੇ ਵਿੱਚ ਨਹੀਂ ਆਉਂਦਾ। ਉਨ੍ਹਾਂ ਇਹ ਵੀ ਕਿਹਾ ਕਿ ਇਹ ਪੈਸਾ ਰਾਜਾ ਦੇ ਕਾਤਲਾਂ ਨੂੰ ਭੁਗਤਾਨ ਕਰਨ ਲਈ ਵਰਤਿਆ ਜਾ ਸਕਦਾ ਸੀ ਜਾਂ ਵਰਤਿਆ ਜਾਣਾ ਸੀ। ਇਹ ਸੰਭਵ ਹੈ ਕਿ ਰਾਜ ਅਤੇ ਸੋਨਮ ਨੇ ਇਹ ਪੈਸਾ ਰਾਜਾ ਦੇ ਕਤਲ ਦੀ ਯੋਜਨਾ ਦੇ ਹਿੱਸੇ ਵਜੋਂ ਰੱਖਿਆ ਹੋਵੇ। ਮੈਂ ਮਾਮਲੇ ਦੀ ਜਾਂਚ ਲਈ ਹਾਈ ਕੋਰਟ ਦਾ ਦਰਵਾਜ਼ਾ ਖੜਕਾਵਾਂਗਾ।

ਇਹ ਹੈ ਪੂਰਾ ਮਾਮਲਾ-

23 ਮਈ ਨੂੰ ਰਾਜਾ ਰਘੂਵੰਸ਼ੀ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਉਸਦੀ ਪਤਨੀ ਸੋਨਮ ਸਮੇਤ 7 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜੋ ਹਨੀਮੂਨ ਲਈ ਮੇਘਾਲਿਆ ਗਿਆ ਸੀ। ਦੋ ਹੋਰ ਰਘੂਵੰਸ਼ੀ 23 ਮਈ ਨੂੰ ਮੇਘਾਲਿਆ ਵਿੱਚ ਆਪਣੇ ਹਨੀਮੂਨ ਦੌਰਾਨ ਲਾਪਤਾ ਹੋ ਗਏ ਸਨ ਅਤੇ ਉਨ੍ਹਾਂ ਦੀਆਂ ਵਿਗੜੀਆਂ ਹੋਈਆਂ ਲਾਸ਼ਾਂ 2 ਜੂਨ ਨੂੰ ਪੂਰਬੀ ਖਾਸੀ ਪਹਾੜੀਆਂ ਜ਼ਿਲ੍ਹੇ ਦੇ ਸੋਹਰਾ ਖੇਤਰ (ਜਿਸਨੂੰ ਚੇਰਾਪੂੰਜੀ ਵੀ ਕਿਹਾ ਜਾਂਦਾ ਹੈ) ਵਿੱਚ ਇੱਕ ਝਰਨੇ ਦੇ ਨੇੜੇ ਇੱਕ ਡੂੰਘੀ ਖੱਡ ਵਿੱਚੋਂ ਮਿਲੀਆਂ ਸਨ।

ਸੋਨਮ ਨੇ 8 ਜੂਨ ਨੂੰ ਦੇਰ ਰਾਤ ਉੱਤਰ ਪ੍ਰਦੇਸ਼ ਦੇ ਗਾਜ਼ੀਪੁਰ ਜ਼ਿਲ੍ਹੇ ਵਿੱਚ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ ਸੀ, ਜਦੋਂ ਕਿ ਕੁਸ਼ਵਾਹਾ ਸਮੇਤ ਚਾਰ ਮੁਲਜ਼ਮਾਂ ਨੂੰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਰਾਜਾ ਰਘੂਵੰਸ਼ੀ ਦਾ ਪਰਿਵਾਰ ਟਰਾਂਸਪੋਰਟ ਕਾਰੋਬਾਰ ਨਾਲ ਜੁੜਿਆ ਹੋਇਆ ਹੈ। ਉਸਨੇ ਸੋਨਮ ਨਾਲ 11 ਮਈ ਨੂੰ ਇੰਦੌਰ ਵਿੱਚ ਵਿਆਹ ਕੀਤਾ ਸੀ ਅਤੇ ਉਹ 20 ਮਈ ਨੂੰ ਹਨੀਮੂਨ ਲਈ ਮੇਘਾਲਿਆ ਰਵਾਨਾ ਹੋ ਗਏ ਸਨ। ਮੇਘਾਲਿਆ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਸਿਟ) ਰਾਜਾ ਰਘੂਵੰਸ਼ੀ ਦੇ ਕਤਲ ਦੀ ਵਿਸਥਾਰ ਨਾਲ ਜਾਂਚ ਕਰ ਰਹੀ ਹੈ।

# ਅਦਾਲਤ ਨੇ 71 ਸਾਲਾ ਬਜ਼ੁਰਗ ਨੂੰ ਪਤਨੀ ਦੇ ਕਤਲ ਦੇ ਦੋਸ਼ 'ਚ ਉਮਰ ਕੈਦ

## ਕਤਲ ਨੂੰ 'ਜਾਣਬੁੱਝ ਕੇ ਤੇ ਯੋਜਨਾਬੱਧ' ਕਰਾਰ ਦਿੰਦਿਆਂ 50 ਹਜ਼ਾਰ ਦਾ ਜੁਰਮਾਨਾ ਵੀ ਲਾਇਆ

ਠਾਣੇ, 23 ਜੂਨ (ਚ.ਨ.ਸ.) : ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਇੱਕ 71 ਸਾਲਾ ਵਿਅਕਤੀ ਨੂੰ ਆਪਣੀ ਮੰਜੇ 'ਤੇ ਪਈ ਪਤਨੀ ਦੀ ਹੱਤਿਆ ਦੇ ਦੋਸ਼ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਇਹ ਇੱਕ ਜਾਣਬੁੱਝ ਕੇ ਅਤੇ ਯੋਜਨਾਬੱਧ ਕਤਲ ਸੀ। ਵਧੀਕ ਸੈਸ਼ਨ ਜੱਜ ਵੀ.ਐਲ. ਭੋਸਲੇ ਨੇ ਸ਼ੋਭਨਾਥ ਰਾਜੇਸ਼ਵਰ ਸ਼ੁਕਲਾ ਨੂੰ ਆਪਣੀ ਪਤਨੀ ਸ਼ਾਰਦਾ ਦੇ ਕਤਲ ਦੇ ਦੋਸ਼ਾਂ ਤਹਿਤ ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਦੋਸ਼ੀ ਠਹਿਰਾਇਆ। 12 ਜੂਨ ਦੇ ਹੁਕਮ ਦੀ ਇੱਕ ਕਾਪੀ ਸੋਮਵਾਰ ਨੂੰ ਉਪਲੱਬਧ ਕਰਵਾਈ ਗਈ। ਅਦਾਲਤ ਨੇ 71 ਸਾਲਾ ਵਿਅਕਤੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਅਤੇ ਉਸ 'ਤੇ 50,000 ਰੁਪਏ ਦਾ ਜੁਰਮਾਨਾ ਵੀ ਲਗਾਇਆ। ਅਦਾਲਤ ਨੇ ਦੋਸ਼ੀ ਪ੍ਰਤੀ ਨਰਮੀ ਦਿਖਾਉਣ ਤੋਂ ਇਨਕਾਰ ਕਰਦੇ ਹੋਏ, ਕਤਲ ਦੀ ਪਹਿਲਾਂ ਤੋਂ ਸੋਚੀ-ਸਮਝੀ ਪ੍ਰਕਿਰਤੀ ਅਤੇ ਪੀੜਤ ਦੀ ਕਮਜ਼ੋਰੀ ਦਾ ਪੂਰਾ ਫਾਇਦਾ ਉਠਾਉਣ ਦਾ ਨੋਟਿਸ ਲਿਆ ਅਤੇ ਕਿਹਾ ਕਿ ਨਿਆਂ ਦੀ ਕੀਮਤ 'ਤੇ ਰਹਿਮ ਨਹੀਂ ਕੀਤਾ ਜਾ ਸਕਦਾ। ਕੇਸ ਦੇ ਵੇਰਵਿਆਂ ਅਨੁਸਾਰ, ਪੀੜਤਾ ਦੀ ਮੌਤ 8 ਨਵੰਬਰ, 2019 ਨੂੰ ਠਾਣੇ ਸ਼ਹਿਰ ਦੇ ਵਾਗਲੇ ਅਸਟੇਟ ਇਲਾਕੇ ਵਿੱਚ ਉਸਦੇ ਘਰ ਵਿੱਚ ਹੋਈ ਸੀ ਅਤੇ ਉਸਦੇ ਇੱਕ ਪੁੱਤਰ ਨੂੰ ਉਸਦੀ ਮੌਤ ਬਾਰੇ ਸੂਚਿਤ ਕੀਤਾ ਗਿਆ ਸੀ। ਸਿਵਲ ਹਸਪਤਾਲ ਵਿੱਚ ਪੀੜਤ



ਦੇ ਪੁੱਤਰ ਨੇ ਉਸਦੀ ਗਰਦਨ 'ਤੇ ਸ਼ੱਕੀ ਨਿਸ਼ਾਨ ਦੇਖੇ, ਜੋ ਚਿੱਟੇ ਮਲਮ ਨਾਲ ਢੱਕੇ ਹੋਏ ਸਨ, ਜਿਸ ਤੋਂ ਬਾਅਦ ਉਸਨੇ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ। ਪੋਸਟਮਾਰਟਮ ਰਿਪੋਰਟ ਵਿੱਚ ਇਹ ਸਿੱਟਾ ਕੱਢਿਆ ਗਿਆ ਕਿ ਸ਼ਾਰਦਾ ਦੀ ਮੌਤ ਦਮ ਘੁੱਟਣ ਕਾਰਨ ਹੋਈ ਸੀ। ਵਧੀਕ ਸਰਕਾਰੀ ਵਕੀਲ ਆਰ ਪੀ ਪਾਟਿਲ ਨੇ ਅਦਾਲਤ ਨੂੰ ਬਜ਼ੁਰਗ ਜੋੜੇ ਵਿਚਕਾਰ ਤਣਾਅਪੂਰਨ ਸਬੰਧਾਂ ਬਾਰੇ ਦੱਸਿਆ। ਆਪਣੇ ਪਹਿਲੇ ਵਿਆਹ ਤੋਂ ਤਿੰਨ ਪੁੱਤਰਾਂ ਦੀ ਮਾਂ ਵਿਧਵਾ ਸ਼ਾਰਦਾ ਨੇ ਸ਼ੋਭਨਾਥ ਨਾਲ ਵਿਆਹ ਕਰਵਾ ਲਿਆ। ਸ਼ਾਰਦਾ ਦੇ ਪਹਿਲੇ ਪਤੀ ਦੀ ਜਾਇਦਾਦ ਦੀ ਵਿਕਰੀ ਤੋਂ ਪ੍ਰਾਪਤ ਹੋਏ ਪੈਸਿਆਂ ਨਾਲ ਬਣੇ ਕਮਰੇ ਨੂੰ ਲੈ ਕੇ ਜੋੜੇ ਵਿਚਕਾਰ ਝਗੜਾ ਹੋਇਆ। ਉਹ ਆਪਣੇ ਕਮਰੇ ਦਾ ਹਿੱਸਾ ਆਪਣੇ ਸਭ ਤੋਂ ਛੋਟੇ ਪੁੱਤਰ ਨੂੰ ਦੇਣਾ ਚਾਹੁੰਦੀ ਸੀ, ਪਰ ਸ਼ੋਭਨਾਥ ਨੇ ਇਸਦਾ ਵਿਰੋਧ ਕੀਤਾ ਅਤੇ ਉਹ ਚਾਹੁੰਦਾ ਸੀ ਕਿ ਇਹ ਉਸਦੇ ਪੁੱਤਰ ਅਸ਼ੋਕ ਨੂੰ ਦਿੱਤਾ ਜਾਵੇ।

ਇਸਤਗਾਸਾ ਪੱਖ ਨੇ ਕਿਹਾ ਕਿ ਜੂਨ 2019 ਵਿੱਚ ਬਿਮਾਰੀ ਕਾਰਨ ਸ਼ਾਰਦਾ ਮੰਜੇ 'ਤੇ ਪੈ ਗਈ, ਜਿਸ ਕਾਰਨ ਉਹ ਆਪਣੀ ਦੇਖਭਾਲ ਲਈ ਪੂਰੀ ਤਰ੍ਹਾਂ ਸ਼ੋਭਨਾਥ 'ਤੇ ਨਿਰਭਰ ਸੀ। ਸ਼ਾਰਦਾ ਦੇ ਪੁੱਤਰਾਂ, ਵਿਸ਼ਾਲ ਅਤੇ ਅਮੋਲ ਯਾਦਵ ਸਮੇਤ ਗਵਾਹਾਂ ਨੇ ਸ਼ੋਭਨਾਥ ਦੀਆਂ ਉਸਦੀ ਦੇਖਭਾਲ ਦੇ ਬੋਝ ਅਤੇ ਉਸ ਵੱਲੋਂ ਮਿਲੀਆਂ ਜਾਨੋਂ ਮਾਰਨ ਦੀਆਂ ਧਮਕੀਆਂ ਬਾਰੇ ਅਕਸਰ ਸ਼ਿਕਾਇਤਾਂ ਦੀ ਗਵਾਹੀ ਦਿੱਤੀ।

ਬਚਾਅ ਪੱਖ ਦੇ ਵਕੀਲ ਸੰਦੀਪ ਯੇਵਲੇ ਨੇ ਦਲੀਲ ਦਿੱਤੀ ਕਿ ਇਹ ਖ਼ੁਦਕੁਸ਼ੀ ਦਾ ਮਾਮਲਾ ਹੈ। ਹਾਲਾਂਕਿ, ਅਦਾਲਤ ਨੇ ਕਿਹਾ ਕਿ ਪੀੜਤਾ ਦੀ ਮੰਜੇ 'ਤੇ ਪਈ ਹਾਲਤ ਨੇ ਖ਼ੁਦਕੁਸ਼ੀ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ, ਕਿਉਂਕਿ ਉਸ ਦੀਆਂ ਸਰੀਰਕ ਸੀਮਾਵਾਂ ਕਾਰਨ ਉਸ ਲਈ ਆਪਣੇ ਆਪ ਨੂੰ ਗਲਾ ਘੁੱਟਣਾ ਸਰੀਰਕ ਤੌਰ 'ਤੇ ਅਸੰਭਵ ਸੀ। ਜੱਜ ਨੇ ਮੁਲਜ਼ਮ ਨੂੰ ਦੋਸ਼ੀ ਠਹਿਰਾਉਂਦੇ ਹੋਏ ਉਸਦੇ ਦੁਆਰਾ ਦਿੱਤੇ ਗਏ ਧਮਕੀ ਭਰੇ ਬਿਆਨਾਂ, ਜਾਇਦਾਦ ਦੇ ਵਿਵਾਦ, ਦੇਖਭਾਲ ਕਰਨ ਵਾਲੇ ਵਜੋਂ ਉਸਦੀ ਨਿਰਾਸ਼ਾ ਅਤੇ ਘਟਨਾ ਤੋਂ ਬਾਅਦ ਉਸਦੇ ਸ਼ੱਕੀ ਵਿਵਹਾਰ ਨੂੰ ਉਜਾਗਰ ਕੀਤਾ, ਜਿਸ ਵਿੱਚ ਸ਼ੱਕੀ ਨਿਸ਼ਾਨਾਂ ਨੂੰ ਮੰਗਲਸੂਤਰ ਦੇ ਨਿਸ਼ਾਨ ਵਜੋਂ ਪੇਸ਼ ਕਰਨ ਦੀ ਉਸਦੀ ਕੋਸ਼ਿਸ਼ ਵੀ ਸ਼ਾਮਲ ਹੈ।

# ਪਹਿਲੇ ਸ.ਫੇ ਦੀ ਬਾਕੀ

### ਪੰਜਾਬੀ 'ਵਰਸਿਟੀ ਨੇ ਧਰਨਾ ਪ੍ਰਦਰਸ਼ਨ

ਲਾਗੂ ਕਰ ਰਹੇ ਹੋ ਤਾਂ ਕੋਰਟ ਵੱਲੋਂ ਸਾਡੇ ਲਈ ਕੋਰਟ ਦੇ ਆਏ ਹੋਏ ਆਦੇਸ਼ ਵੀ ਲਾਗੂ ਕੀਤੇ ਜਾਣ। ਜ਼ਿਕਰਯੋਗ ਹੈ ਕਿ ਪੀ.ਯੂ.ਸੀ.ਟੀ.ਏ. ਯੂਨੀਅਨ ਵਲੋਂ ਪੰਜਾਬੀ ਯੂਨੀਵਰਸਿਟੀ ਪ੍ਰਸ਼ਾਸਨ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਧਰਨਾ ਅੱਜ 61ਵੇਂ ਦਿਨ ਵੀ ਜਾਰੀ ਹੈ।

### ਲੁਧਿਆਣਾ 'ਚ 'ਆਪ' ਉਮੀਦਵਾਰ ਸੰਜੀਵ

ਦੂਜੇ ਪਾਸੇ ਗੁਜਰਾਤ ਦੀ ਵਿਸਾਵਦਰ ਸੀਟ 'ਤੇ ਆਪ ਉਮੀਦਵਾਰ ਇਤਾਲੀਆ ਗੋਪਾਲ ਜੇਤੂ ਰਹੇ ਹਨ। ਇਤਾਲੀਆ ਨੇ ਭਾਜਪਾ ਉਮੀਦਵਾਰ ਕਿਰਿਤ ਪਟੇਲ ਨੂੰ 17554 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵਿਸਾਵਦਰ ਸੀਟ ਦਸੰਬਰ 2023 ਵਿੱਚ ਤਤਕਾਲੀ 'ਆਪ' ਵਿਧਾਇਕ ਭੂਪੇਂਦਰ ਭਯਾਨੀ ਦੇ ਅਸਤੀਫ਼ਾ ਦੇਣ ਅਤੇ ਸੱਤਾਧਾਰੀ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਖਾਲੀ ਹੋ ਗਈ ਸੀ।

ਗੁਜਰਾਤ ਦੀ ਕਾਡੀ ਸੀਟ 'ਤੇ ਭਾਜਪਾ ਦੇ ਰਾਜੇਂਦਰ ਚਾਵੜਾ ਜੇਤੂ ਰਹੇ। ਉਨ੍ਹਾਂ ਕਾਂਗਰਸ ਦੇ ਰਮੇਸ਼ ਚਾਵੜਾ ਨੂੰ 39452 ਵੋਟਾਂ ਦੇ ਵੱਡੇ ਫ਼ਰਕ ਨਾਲ ਹਰਾਇਆ। ਅਨੁਸੂਚਿਤ ਜਾਤੀ (ਐਸਸੀ) ਉਮੀਦਵਾਰ ਲਈ ਰਾਖਵਾਂ ਕਾਡੀ ਹਲਕਾ ਫਰਵਰੀ ਵਿੱਚ ਭਾਜਪਾ ਵਿਧਾਇਕ ਕਰਸਨ ਸੋਲੰਕੀ ਦੀ ਮੌਤ ਤੋਂ ਬਾਅਦ ਖਾਲੀ ਹੋ ਗਿਆ ਸੀ।

ਜਦ ਕਿ ਪੱਛਮੀ ਬੰਗਾਲ ਦੇ ਨਦੀਆ ਜ਼ਿਲ੍ਹੇ ਵਿਚ ਕਾਲੀਗੰਜ ਵਿਧਾਨ ਸਭਾ ਸੀਟ 'ਤੇ ਹੋਈਆਂ ਜ਼ਿਮਨੀ ਚੋਣਾਂ ਦੇ ਨਤੀਜੇ ਸਾਫ਼ ਹੋ ਗਏ ਹਨ। ਜਿਸ ਵਿਚ ਤ੍ਰਿਣਮੂਲ ਕਾਂਗਰਸ ਉਮੀਦਵਾਰ ਅਲੀਫ਼ਾ ਅਹਿਮਦ ਨੇ 50049 ਵੋਟਾਂ ਦੇ ਫਰਕ ਨਾਲ ਭਾਜਪਾ ਉਮੀਦਵਾਰ ਆਸ਼ੀਸ਼ ਘੋਸ਼ ਨੂੰ ਹਰਾਇਆ ਹੈ। ਅਲੀਫ਼ਾ ਅਹਿਮਦ ਨੇ 1,02,759 ਵੋਟਾਂ ਹਾਸਲ ਕੀਤੀਆਂ ਹਨ। ਅਧਿਕਾਰੀਆਂ ਮੁਤਾਬਕ ਸਖ਼ਤ ਸੁਰੱਖਿਆ ਵਿਵਸਥਾ ਵਿਚਕਾਰ ਵੋਟਾਂ ਦੀ ਗਿਣਤੀ ਸਵੇਰੇ 8 ਵਜੇ ਡਾਕ ਵੋਟਾਂ ਦੀ ਗਿਣਤੀ ਨਾਲ ਸ਼ੁਰੂ ਹੋਈ ਅਤੇ ਗਿਣਤੀ ਪ੍ਰਕਿਰਿਆ ਸ਼ਾਂਤੀਪੂਰਵਕ ਚੱਲ ਰਹੀ ਹੈ। ਫਰਵਰੀ ਵਿਚ ਤ੍ਰਿਣਮੂਲ ਕਾਂਗਰਸ ਦੇ ਵਿਧਾਇਕ ਨਸੀਰੁਦੀਨ ਅਹਿਮਦ ਦੀ ਅਚਾਨਕ ਮੌਤ ਕਾਰਨ ਕਾਲੀਗੰਜ ਵਿਧਾਨ ਸਭਾ ਸੀਟ 'ਤੇ ਜ਼ਿਮਨੀ-ਚੋਣਾਂ ਜ਼ਰੂਰੀ ਹੋ ਗਈਆਂ ਸਨ। ਉਨ੍ਹਾਂ ਦੀ ਧੀ ਅਲੀਫਾ ਅਹਿਮਦ (38) ਨੂੰ ਇਸ ਸੀਟ ਤੋਂ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਗਿਆ ਹੈ। ਕਾਲੀਗੰਜ ਵਿਚ ਜ਼ਿਮਨੀ-ਚੋਣ 19 ਜੂਨ ਨੂੰ ਹੋਈ ਸੀ ਅਤੇ ਸ਼ਾਮ 5 ਵਜੇ ਤੱਕ ਦਰਜ ਰਿਕਾਰਡ ਅਨੁਸਾਰ 69.85 ਫ਼ੀਸਦੀ ਵੋਟਿੰਗ ਹੋਈ। ਇਕਾ-ਦੁੱਕਾ ਘਟਨਾਵਾਂ ਨੂੰ ਛੱਡ ਕੇ ਵੋਟਿੰਗ ਮੁੱਖ ਤੌਰ 'ਤੇ ਸ਼ਾਂਤੀਪੂਰਨ ਰਹੀ।

ਇਸੇ ਤਰ੍ਹਾਂ ਉੱਤਰੀ ਕੇਰਲਾ ਦੀ ਨੀਲਾਂਬੁਰ ਸੀਟ 'ਤੇ, ਕਾਂਗਰਸ ਪਾਰਟੀ ਦੀ ਅਗਵਾਈ ਵਾਲਾ ਵਿਰੋਧੀ ਗਠਜੋੜ ਯੂਨਾਈਟਿਡ ਡੈਮੋਕਰੈਟਿਕ ਫਰੰਟ (ਯੂਡੀਐਫ) ਸੱਤਾਧਾਰੀ ਕਮਿਊਨਿਸਟ ਪਾਰਟੀ ਆਫ਼ ਇੰਡੀਆ (ਮਾਰਕਸਵਾਦੀ) ਦੀ ਅਗਵਾਈ ਵਾਲੇ ਖੱਬੇ ਡੈਮੋਕਰੈਟਿਕ ਫਰੰਟ (ਐਲਡੀਐਫ) ਤੋਂ ਜਿੱਤ ਹਾਸਲ ਕੀਤੀ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ, ਗਿਣਤੀ ਦੇ ਆਖਰੀ ਤੇ 19ਵੇਂ ਗੇੜ ਦੇ ਅੰਤ 'ਤੇ, ਯੂਡੀਐਫ ਉਮੀਦਵਾਰ ਆਰੀਆਦਾਨ ਸ਼ੌਕਤ ਸੱਤਾਧਾਰੀ ਸੀਪੀਆਈ-ਐਮ ਉਮੀਦਵਾਰ ਐਮ. ਸਵਰਾਜ ਤੋਂ 11077 ਵੋਟਾਂ ਨਾਲ ਅੱਗੇ ਹੈ। ਸ਼ੌਕਤ ਮਰਹੂਮ ਸੀਨੀਅਰ ਕਾਂਗਰਸੀ ਨੇਤਾ ਆਰੀਆਦਾਨ ਮੁਹੰਮਦ ਦੇ ਪੁੱਤਰ ਹਨ ਜਦੋਂ ਕਿ ਸਵਰਾਜ ਸੀਪੀਆਈ-ਐਮ ਰਾਜ ਸਕੱਤਰੇਤ ਦੇ ਮੈਂਬਰ ਹਨ। ਆਜ਼ਾਦ ਉਮੀਦਵਾਰ ਅਤੇ ਦੋ ਵਾਰ ਵਿਧਾਇਕ ਰਹੇ ਪੀ. ਵੀ. ਅਨਵਰ ਨੇ ਨੀਲਾਂਬੁਰ ਸੀਟ 'ਤੇ ਹੋਈ ਜ਼ਿਮਨੀ ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰਕੇ ਯੂਡੀਐਫ ਅਤੇ ਐਲਡੀਐਫ ਦੋਵਾਂ ਨੂੰ ਹੈਰਾਨ ਕਰ ਦਿੱਤਾ।

### ਸੰਜੀਵ ਅਰੋੜਾ ਵੱਲੋਂ ਵੋਟਰਾਂ ਦਾ ਧੰਨਵਾਦ

ਧੰਨਵਾਦ ਕੀਤਾ ਹੈ। ਉਨ੍ਹਾਂ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਤੁਹਾਡੀ ਸਾਰਿਆਂ ਦੀ ਜਿੱਤ ਹੈ। ਸੰਜੀਵ ਅਰੋੜਾ ਨੇ ਟਵੀਟ ਕੀਤਾ, 'ਮੈਂ ਲੁਧਿਆਣਾ ਪੱਛਮੀ ਦੇ ਸਮੂਹ ਨਿਵਾਸੀਆਂ ਦਾ ਤਹਿ ਦਿਲ ਤੋਂ ਧੰਨਵਾਦ ਕਰਦਾ ਹਾਂ। ਮੇਰਾ ਤੁਹਾਡੇ ਨਾਲ ਵਾਅਦਾ ਹੈ ਕਿ ਜਿਹੜਾ ਭਰੋਸਾ ਤੁਸੀਂ ਮੇਰੇ 'ਤੇ ਕੀਤਾ ਹੈ, ਮੈਂ ਉਸ 'ਤੇ ਪੂਰੀ ਤਰ੍ਹਾਂ ਨਾਲ ਖ਼ਰਾ ਉਤਰਾਂਗਾ। ਇਸ ਮੌਕੇ ਮੈਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਜੀ ਅਤੇ ਮੁੱਖ ਮੰਤਰੀ ਸ. ਭਗਵੰਤ ਮਾਨ ਜੀ ਦਾ ਵੀ ਬਹੁਤ-ਬਹੁਤ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਮੈਨੂੰ ਇਹ ਸੇਵਾ ਕਰਨ ਦਾ ਮੌਕਾ ਪ੍ਰਦਾਨ ਕੀਤਾ। ਬਹੁਤ-ਬਹੁਤ ਧੰਨਵਾਦ, ਇਹ ਤੁਹਾਡੀ ਜਿੱਤ ਹੈ!'

### ਜਿੱਤ ਸਾਡੀ ਸਰਕਾਰ ਦੀਆਂ

ਅਤੇ ਨਿਰਪੱਖਤਾ ਨਾਲ ਅਣਥੱਕ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕਰਦੀ ਹੈ। ਜ਼ਿਮਨੀ ਚੋਣ ਦੌਰਾਨ ਲੋਕਾਂ ਨਾਲ ਕੀਤਾ ਗਿਆ ਹਰ ਵਾਅਦਾ ਇੱਕ ਪ੍ਰਮੁੱਖ ਤਰਜ਼ੀਹ ਵਜੋਂ ਪੂਰਾ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ 'ਆਪ' ਉਮੀਦਵਾਰ ਗੋਪਾਲ ਇਟਾਲੀਆ ਨੂੰ ਗੁਜਰਾਤ ਦੀ ਵਿਸਾਵਦਰ ਵਿਧਾਨ ਸਭਾ ਜ਼ਿਮਨੀ ਚੋਣ ਵਿੱਚ ਉਨ੍ਹਾਂ ਦੀ ਫੈਸਲਾਕੁੰਨ ਜਿੱਤ ਲਈ ਵੀ ਵਧਾਈ ਦਿੱਤੀ, ਜਿੱਥੇ ਉਨ੍ਹਾਂ ਨੇ 17,000 ਤੋਂ ਵੱਧ ਵੋਟਾਂ ਦੇ ਮਹੱਤਵਪੂਰਨ ਫ਼ਰਕ ਨਾਲ ਜਿੱਤ ਪ੍ਰਾਪਤ ਕੀਤੀ। ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਜਿੱਤਾਂ 'ਆਪ' ਦੀ ਕੰਮ ਅਤੇ ਜਵਾਬਦੇਹੀ ਦੀ ਰਾਜਨੀਤੀ ਲਈ ਵਧ ਰਹੇ ਸਮਰਥਨ ਦੀ ਪੁਸ਼ਟੀ ਕਰਦੀਆਂ ਹਨ।

ਉਨ੍ਹਾਂ ਨੇ 'ਆਪ' ਦੀ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਅਤੇ ਨਿਰੰਤਰ ਅਤੇ ਸਮਰਪਿਤ ਯਤਨਾਂ ਰਾਹੀਂ ਪੰਜਾਬ ਅਤੇ ਇਸ ਤੋਂ ਬਾਹਰ ਇੱਕ ਉੱਜਵਲ ਭਵਿੱਖ ਬਣਾਉਣ ਲਈ ਅਟੁੱਟ ਵਚਨਬੱਧਤਾ 'ਤੇ ਜ਼ੋਰ ਦਿੱਤਾ।

### ਪੰਜਾਬ ਤੇ ਹਰਿਆਣਾ ਹਾਈਕੋਰਟ 'ਚ

ਬਾਰ ਐਸੋਸੀਏਸ਼ਨ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਇਸ ਅੱਗ ਵਿੱਚ ਲਗਭਗ 35 ਲੱਖ ਰੁਪਏ ਦੀ ਜਾਇਦਾਦ ਨੂੰ ਨੁਕਸਾਨ ਪਹੁੰਚਿਆ ਹੈ। ਐਸੋਸੀਏਸ਼ਨ ਨੇ ਕਿਹਾ ਕਿ ਕਈ ਮਹੱਤਵਪੂਰਨ ਦਸਤਾਵੇਜ਼, ਫਰਨੀਚਰ ਅਤੇ ਇਲੈਕਟ ?ਰਾਨਿਕ ਯੰਤਰ ਸੜ ਕੇ ਤਬਾਹ ਹੋ ਗਏ ਹਨ। ਹਾਈ ਕੋਰਟ ਪ੍ਰਸ਼ਾਸਨ ਨੇ ਵੀ ਇਸ ਮਾਮਲੇ ਦੀ ਅੰਦਰੂਨੀ ਜਾਂਚ ਸ਼ੁਰੂ ਕਰ ਦਿੱਤੀ ਹੈ।

### ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ

ਜ਼ਿੰਮੇਵਾਰ ਠਹਿਰਾਇਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਉਮੀਦਵਾਰ ਜੀਵਨ ਗੁਪਤਾ ਨੂੰ ਸਿਰਫ 14 ਦਿਨ ਹੀ ਚੋਣ ਪ੍ਰਚਾਰ ਲਈ ਮਿਲੇ ਤੇ ਇਸ ਹਲਕੇ ਵਿਚ ਕਰੀਬ 18 ਵਾਰਡ ਪੈਂਦੇ ਹਨ ਤੇ ਚੋਣ ਪ੍ਰਚਾਰ ਲਈ ਇੱਕ ਵਾਰਡ ਵਾਸਤੇ ਉਨ੍ਹਾਂ ਕੋਲ ਇੱਕ ਦਿਨ ਵੀ ਨਹੀਂ ਸੀ। ਦੂਜੇ ਪਾਸੇ ਆਪ ਦੇ ਸੰਜੀਵ ਅਰੋੜਾ ਤੇ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਨੇ ਦੋ ਮਹੀਨੇ ਪਹਿਲਾਂ ਹੀ ਚੋਣ ਮੁਹਿੰਮ ਵਿੱਢ ਦਿੱਤੀ ਸੀ। ਟਿਕਟ 'ਚ ਦੇਰੀ ਦੀ ਗੱਲ ਲੋਕਾਂ ਵਿਚ ਵੀ ਚੱਲੀ ਤੇ ਸਾਨੂੰ ਆਸ ਮੁਤਾਬਕ ਸਫ਼ਲਤਾ ਨਹੀਂ ਮਿਲੀ। ਇਸ ਦੌਰਾਨ ਉਹਨਾਂ ਨੇ ਟਿਕਟਾਂ ਦੇ ਫੈਸਲੇ ਕਰਨ ਪਿਛੇ ਕਾਰਨ ਦਸਦਿਆਂ ਕਿਹਾ ਕਿ ਆਪਰੇਸ਼ਨ ਸੰਦੂਰ ਚੱਲਣ ਕਾਰਨ ਅਜਿਹਾ ਹੋਇਆ ਹੈ।

### ਜਿਸ ਦੀ ਸਰਕਾਰ ਹੁੰਦੀ ਹੈ,

ਵੱਡਾ ਕੰਮ ਕੀਤਾ ਹੈ। ਸੱਤਾ ਦੇ ਸੈਮੀਫ਼ਾਈਨਲ ਬਾਰੇ ਉਨ੍ਹਾਂ ਕਿਹਾ ਸੱਤਾਧਾਰੀ ਪਾਰਟੀ ਦਾ ਹੀ ਉਮੀਦਵਾਰ ਜਿੱਤਦਾ ਹੈ। ਪਾਰਟੀ ਦੇ ਵਿਵਾਦ ਬਾਰੇ ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਇਸ ਬਾਰੇ ਚਰਚਾ ਕੀਤੀ ਜਾਵੇਗੀ। ਜਿਵੇਂ ਸਿਮਰਨਜੀਤ ਸਿੰਘ ਬੈਂਸ ਨੇ ਕਿਹਾ ਕਿ ਹੰਕਾਰ ਹਾਰ ਦਾ ਸਭ ਤੋਂ ਵੱਡਾ ਕਾਰਨ ਹੈ,ਅਸੀਂ ਇਸ ਨੂੰ ਇੱਕ ਕਾਰਨ ਮੰਨਦੇ ਹਾਂ ਪਰ ਅਸੀਂ ਇਸ 'ਤੇ ਚਰਚਾ ਕਰਾਂਗੇ। ਜਿਸ ਤਰ੍ਹਾਂ 'ਆਪ' ਨੇ ਕਿਹਾ ਕਿ ਲੋਕ ਲੈਂਡ ਪੂਲਿੰਗ ਨੀਤੀ ਨਾਲ ਸਹਿਮਤ ਹੋ ਗਏ ਹਨ, ਵੜਿੰਗ ਨੇ ਕਿਹਾ ਕਿ ਇਸ ਨਾਲ ਪੰਜਾਬ ਦੀ ਜ਼ਮੀਨ ਤਬਾਹ ਹੋ ਜਾਵੇਗੀ, ਜਦੋਂ ਕਿ ਪੰਜਾਬ ਦਾ ਖੇਤੀਬਾੜੀ ਮਾਲੀਆ ਇਸ ਨਾਲ ਜੁੜਿਆ ਹੋਇਆ ਹੈ, ਜਿਸ ਵਿੱਚ ਪ੍ਰਾਪਤ ਹੋਈ, 80ਹਜ਼ਾਰ ਕਰੋੜ ਦੀ ਐਮ.ਐਸ.ਪੀ. ਸਹਾਇਤਾ ਇਸ ਤਰ੍ਹਾਂ ਖ਼ਤਮ ਹੋ ਜਾਵੇਗੀ, ਜਿਵੇਂ ਜ਼ਮੀਨ ਹੜੱਪ ਲਈ ਗਈ ਹੋਵੇ। ਲੈਂਡ ਪੂਲਿੰਗ ਨੀਤੀ ਕਾਰਨ ਅਸੀਂ ਕਿਸਾਨਾਂ ਨੂੰ ਧੱਕਾ ਨਹੀਂ ਹੋਣ ਦੇਵਾਂਗੇ। ਇਹ ਚੰਗਾ ਹੈ ਕਿ ਕੇਜਰੀਵਾਲ ਰਾਜ ਸਭਾ ਸੀਟ 'ਤੇ ਜਾਣ ਤੋਂ ਇਨਕਾਰ ਕਰ ਰਹੇ ਹਨ। ਜੇਕਰ ਉਹ ਨਹੀਂ ਜਾਂਦੇ ਤਾਂ ਇਹ ਚੰਗੀ ਗੱਲ ਹੈ, ਸਗੋਂ ਉਨ੍ਹਾਂ ਨੂੰ ਪੰਜਾਬ ਤੋਂ ਕਿਸੇ ਨੂੰ ਭੇਜਣਾ ਚਾਹੀਦਾ ਹੈ।

### ਐਡਵੋਕੇਟ ਘੁੰਮਣ ਵੱਲੋਂ ਚੋਣ ਨਤੀਜੇ 'ਤੇ

ਕਿਹਾ ਕਿ ਉਨ੍ਹਾਂ ਨੇ ਚੋਣ ਮੁਹਿੰਮ ਦੌਰਾਨ ਘਰ-ਘਰ ਜਾ ਕੇ ਵੋਟਰਾਂ ਨਾਲ ਸੰਪਰਕ ਕੀਤਾ, ਜੋ ਕਦੇ ਨਹੀਂ ਭੁਲਾਇਆ ਜਾ ਸਕਦਾ। ਉਨ੍ਹਾਂ ਇਹ ਵੀ ਸਾਫ਼ ਕੀਤਾ ਕਿ ਹਾਰ ਜਾਂ ਜਿੱਤ ਉਨ੍ਹਾਂ ਦੀ ਹੋ ਸਕਦੀ ਹੈ,ਪਾਰਟੀ ਦੀ ਨਹੀਂ।ਐਡਵੋਕੇਟ ਘੁੰਮਣ ਨੇ ਹਲਕਾ ਪੱਛਮੀ ਦੇ ਵੋਟਰਾਂ ਨਾਲ ਵਾਅਦਾ ਕੀਤਾ ਕਿ ਚਾਹੇ ਨਤੀਜਾ ਜੋ ਵੀ ਆਇਆ ਹੋਵੇ, ਉਹ ਹਮੇਸ਼ਾਂ ਉਨ੍ਹਾਂ ਦੇ ਦੁੱਖ-ਸੁੱਖ ਵਿੱਚ ਸਾਥੀ ਬਣੇ ਰਹਿਣਗੇ।

### ਪੰਜਾਬ ਦੇ ਸਕੂਲਾਂ ਦੀਆਂ ਰਸੋਈਆਂ 'ਚੋਂ

ਰਾਜ ਦੇ ਸਰਕਾਰੀ ਸਕੂਲਾਂ ਵਿੱਚ ਰਸੋਈਆਂ ਦੀ ਸਥਿਤੀ ਬਾਰੇ ਇੱਕ ਸਰਵੇਖਣ ਕੀਤਾ ਸੀ। ਇਸ ਸਰਵੇਖਣ ਦੌਰਾਨ, ਰਸੋਈਆਂ ਵਿੱਚ ਮੌਜੂਦ ਭਾਂਡਿਆਂ ਦੀ ਗਿਣਤੀ, ਉਨ੍ਹਾਂ ਦੀ ਸਥਿਤੀ ਅਤੇ ਮੌਜੂਦਾ ਵਰਤੋਂ ਦੀ ਸਥਿਤੀ ਦਾ ਮੁਲਾਂਕਣ ਕੀਤਾ ਗਿਆ ਸੀ। ਸਰਵੇਖਣ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਸਕੂਲਾਂ ਵਿੱਚ ਰਸੋਈ ਦੇ ਉਪਕਰਣ ਬਹੁਤ ਪੁਰਾਣੇ ਹੋ ਗਏ ਹਨ ਅਤੇ ਉਨ੍ਹਾਂ ਨੂੰ ਬਦਲਣ ਦੀ ਜ਼ਰੂਰਤ ਹੈ। ਇਸ ਅਧਾਰ 'ਤੇ, ਇੱਕ ਵਿਸਤ੍ਰਿਤ ਸੂਚੀ ਤਿਆਰ ਕੀਤੀ ਗਈ ਸੀ, ਜਿਸ ਤੋਂ ਬਾਅਦ ਹੁਣ ਸਬੰਧਤ ਸਕੂਲਾਂ ਨੂੰ ਫੰਡ ਜਾਰੀ ਕੀਤੇ ਗਏ ਹਨ ਤਾਂ ਜੋ ਉਹ ਲੋੜੀਂਦੇ ਉਪਕਰਣ ਖਰੀਦ ਸਕਣ ਜਾਂ ਬਦਲ ਸਕਣ। ਫ਼ਰੀਦਕੋਟ, ਫ਼ਾਜ਼ਿਲਕਾ, ਫ਼ਤਿਹਗੜ੍ਹ ਸਾਹਿਬ, ਫ਼ਿਰੋਜ਼ਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਮੋਗਾ, ਪਟਿਆਲਾ, ਰੋਪੜ, ਐਸ.ਏ.ਐਸ. ਨਗਰ, ਤਰਨਤਾਰਨ ਅਤੇ ਮਲੇਰਕੋਟਲਾ ਜ਼ਿਲ੍ਹਿਆਂ ਦੇ ਸਕੂਲਾਂ ਨੂੰ ਸਿਰਫ਼ ਪੁਰਾਣੇ ਰਸੋਈ ਉਪਕਰਨਾਂ ਨੂੰ ਬਦਲਣ ਲਈ ਫ਼ੰਡ ਪ੍ਰਾਪਤ ਹੋਏ ਹਨ। ਬਾਕੀ ਜ਼ਿਲ੍ਹਿਆਂ ਨੂੰ ਉਪਕਰਨਾਂ ਨੂੰ ਬਦਲਣ ਦੇ ਨਾਲ-ਨਾਲ ਨਵੇਂ ਉਪਕਰਣ ਖ਼ਰੀਦਣ ਦੀ ਆਗਿਆ ਦਿੱਤੀ ਗਈ ਹੈ। ਨਵੇਂ ਉਪਕਰਨਾਂ ਦੀ ਖ਼ਰੀਦ ਲਈ ਸਭ ਤੋਂ ਵੱਧ 11.35 ਲੱਖ ਰੁਪਏ ਨਵਾਂਸ਼ਹਿਰ ਜ਼ਿਲ੍ਹੇ ਨੂੰ ਪ੍ਰਾਪਤ ਹੋਏ ਹਨ, ਜਦੋਂ ਕਿ ਸਭ ਤੋਂ ਘੱਟ 10,000 ਰੁਪਏ ਸੰਗਰੂਰ ਜ਼ਿਲ੍ਹੇ ਨੂੰ ਦਿੱਤੇ ਗਏ ਹਨ। ਇਸ ਯੋਜਨਾ ਵਿਚ ਲੁਧਿਆਣਾ ਜ਼ਿਲ੍ਹਾ ਸਭ ਤੋਂ ਵੱਡਾ ਲਾਭਪਾਤਰੀ ਬਣ ਗਿਆ ਹੈ। ਇੱਥੇ ਕੁੱਲ 2.34 ਕਰੋੜ ਰੁਪਏ ਦੀ ਗ੍ਰਾਂਟ ਜਾਰੀ ਕੀਤੀ ਗਈ ਹੈ, ਜਿਸ ਵਿਚੋਂ 60,000 ਰੁਪਏ ਨਵੇਂ ਉਪਕਰਣਾਂ ਦੀ ਖ਼ਰੀਦ ਲਈ ਅਤੇ 2.33 ਕਰੋੜ ਰੁਪਏ ਪੁਰਾਣੇ ਉਪਕਰਣਾਂ ਦੀ ਤਬਦੀਲੀ ਲਈ ਹਨ। ਸਿਖਿਆ ਵਿਭਾਗ ਦਾ ਮੰਨਣਾ ਹੈ ਕਿ ਇਹ ਸਹਾਇਤਾ ਸਕੂਲਾਂ ਵਿਚ ਮਿਡ-ਡੇਅ ਮੀਲ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਏਗੀ, ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਸਿਰ, ਸਾਫ਼ ਅਤੇ ਗੁਣਵੱਤਾ ਵਾਲਾ ਭੋਜਨ ਮਿਲ ਸਕੇ। ਇਸ ਤੋਂ ਇਲਾਵਾ, ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਉਣ ਲਈ ਵਰਤੋਂ ਸਰਟੀਫ਼ਿਕੇਟ ਲਾਜ਼ਮੀ ਕੀਤੇ ਗਏ ਹਨ।

### ਭਾਰਤ ਕੋਲ ਕਈ ਹ.ਫਤਿਆਂ

ਉਨ੍ਹਾਂ ਕਿਹਾ ਕਿ ਕਈ ਤੇਲ ਮਾਰਕੀਟਿੰਗ ਕੰਪਨੀਆਂ ਕੋਲ ਕਈ ਹਫ਼ਤਿਆਂ ਲਈ ਸਪਲਾਈ ਹੈ ਅਤੇ ਉਨ੍ਹਾਂ ਨੂੰ ਵੱਖ-ਵੱਖ ਰੂਟਾਂ ਰਾਹੀਂ ਸਪਲਾਈ ਕਰਨੀ ਪੈਂਦੀ ਹੈ। ਊਰਜਾ ਸਪਲਾਈ ਉਪਲਬਧ ਰਹੇਗੀ। ਅਸੀਂ ਆਪਣੇ ਨਾਗਰਿਕਾਂ ਨੂੰ ਭੋਜਨ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਾਂ ਤੇ ਜ਼ਰੂਰੀ ਕਦਮ ਚੁੱਕਾਂਗੇ।

### ਦਿੱਲੀ 'ਚ ਗਰਜ ਨਾਲ

ਆਸ-ਪਾਸ ਰਹਿਣ ਦੀ ਉਮੀਦ ਹੈ। ਆਈਐਮਡੀ ਨੇ ਸ਼ਾਮ ਅਤੇ ਰਾਤ ਦੌਰਾਨ 30 ਤੋਂ 40 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਹਲਕੀ ਤੋਂ ਦਰਮਿਆਨੀ ਬਾਰਿਸ਼, ਬਿਜਲੀ, ਗਰਜ ਅਤੇ ਹਵਾਵਾਂ ਦੀ ਭਵਿੱਖਬਾਣੀ ਕੀਤੀ ਹੈ। ਰਾਸ਼ਟਰੀ ਰਾਜਧਾਨੀ ਲਈ 'ਯੈਲੋ ਅਲਰਟ' ਜਾਰੀ ਕਰਦੇ ਹੋਏ, ਆਈਐਮਡੀ ਨੇ ਨਿਵਾਸੀਆਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਹੈ, ਖ਼ਾਸ ਕਰ ਕੇ ਬਾਹਰੀ ਗਤੀਵਿਧੀਆਂ ਦੌਰਾਨ।

ਕੇਂਦਰੀ ਪ੍ਰਦੂਸ਼ਨ ਕੰਟਰੋਲ ਬੋਰਡ ਅਨੁਸਾਰ, ਦਿੱਲੀ ਦਾ ਹਵਾ ਗੁਣਵੱਤਾ ਸੂਚਕਾਂਕ (ਏ.ਕਿਊ.ਆਈ.) ਸਵੇਰੇ 9 ਵਜੇ 96 ਸੀ, ਜੋ ਕਿ 'ਸੰਤੁਸ਼ਟੀਜਨਕ' ਸ਼੍ਰੇਣੀ ਵਿੱਚ ਆਉਂਦਾ ਹੈ।

ਜ਼ੀਰੋ ਅਤੇ 50 ਦੇ ਵਿਚਕਾਰ ਇੱਕ ਏ.ਕਿਊ.ਆਈ. ਨੂੰ 'ਚੰਗਾ', 51 ਅਤੇ 100 ਨੂੰ 'ਸੰਤੁਸ਼ਟੀਜਨਕ', 101 ਅਤੇ 200 ਨੂੰ 'ਮੱਧਮ', 201 ਅਤੇ 300 ਨੂੰ 'ਮਾੜਾ', 301 ਅਤੇ 400 ਨੂੰ 'ਬਹੁਤ ਮਾੜਾ', ਅਤੇ 401 ਅਤੇ 500 ਨੂੰ 'ਗੰਭੀਰ' ਮੰਨਿਆ ਜਾਂਦਾ ਹੈ।

### ਈਰਾਨ ਨੇ ਇਜ਼ਰਾਈਲ

ਜਾਸੂਸੀ ਕਰਨ ਦੇ ਦੋਸ਼ੀ ਇੱਕ ਵਿਅਕਤੀ ਨੂੰ ਫਾਂਸੀ ਦਿੱਤੀ ਸੀ। 'ਪੂਰੇ ਅਪਰਾਧਿਕ ਮੁਕੱਦਮੇ ਤੋਂ ਬਾਅਦ ਇਜ਼ਰਾਈਲੀ ਮੋਸਾਦ ਜਾਸੂਸ ਨੂੰ ਫਾਂਸੀ ਦਿੱਤੀ ਗਈ, ਈਰਾਨ ਦੀ ਸੁਪਰੀਮ ਕੋਰਟ ਨੇ ਫੈਸਲੇ ਨੂੰ ਬਰਕਰਾਰ ਰੱਖਿਆ,' ਈਰਾਨ ਦੀ ਮੇਹਰ ਨਿਊਜ਼ ਏਜੰਸੀ ਨੇ ਰਿਪੋਰਟ ਦਿੱਤੀ।

ਰਿਪੋਰਟਾਂ ਦੇ ਅਨੁਸਾਰ ਇਸਮਾਈਲ ਫੇਕਰੀ ਨੂੰ ਦਸੰਬਰ 2023 ਵਿੱਚ ਈਰਾਨੀ ਸੁਰੱਖਿਆ ਏਜੰਸੀਆਂ ਦੁਆਰਾ ਕੀਤੇ ਗਏ ਇੱਕ ਗੁੰਝਲਦਾਰ ਖੁਫੀਆ ਕਾਰਵਾਈ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਇਹ ਫਾਂਸੀ ਅਜਿਹੇ ਸਮੇਂ ਦਿੱਤੀ ਗਈ ਹੈ, ਜਦੋਂ ਦੋਵਾਂ ਦੇਸ਼ਾਂ ਵਿਚਕਾਰ ਜੰਗ ਲਗਾਤਾਰ ਵਧਦੀ ਜਾ ਰਹੀ ਹੈ ਅਤੇ ਇਸ ਨੇ ਪੂਰੇ ਪੱਛਮੀ ਏਸ਼ੀਆ ਦੀ ਸ਼ਾਂਤੀ ਨੂੰ ਖਤਰੇ ਵਿੱਚ ਪਾਉਣ ਲਈ ਵਿਸ਼ਵਵਿਆਪੀ ਧਿਆਨ ਆਪਣੇ ਵੱਲ ਖਿੱਚਿਆ ਹੈ, ਇੱਕ ਅਜਿਹਾ ਖੇਤਰ ਜੋ ਪਹਿਲਾਂ ਹੀ ਵੱਡੇ ਪੱਧਰ 'ਤੇ ਭੂ-ਰਾਜਨੀਤਿਕ ਅਸ਼ਾਂਤੀ ਦਾ ਸਾਹਮਣਾ ਕਰ ਰਿਹਾ ਹੈ।

### ਕੈਨੇਡਾ ਪੁਲਿਸ ਨੇ ਕੀਤਾ ਦਾਅਵਾ

# 40 ਸਾਲ ਬਾਅਦ ਕਨਿਸ਼ਕ ਜਹਾਜ਼ ਹਾਦਸੇ ਦੇ ਮੁੱਖ ਸ਼ੱਕੀ ਦੀ ਹੋਈ ਪਛਾਣ

## ਕੈਨੇਡਾ ਪੁਲਿਸ ਨੇ ਗੁੰਮਨਾਮ ਵਿਅਕਤੀ ਦੀ ਪਛਾਣ ਕਰ ਲਈ ਹੈ

ਟੋਰਾਂਟੋ, 23 ਜੂਨ (ਚ.ਨ.ਸ.) : ਏਅਰ ਇੰਡੀਆ ਦੀ ਉਡਾਣ ਨੰਬਰ 182 ਕਨਿਸ਼ਕ 'ਚ ਹੋਏ ਬੰਬ ਧਮਾਕੇ ਦੇ ਲੱਗਭੱਗ 40 ਸਾਲ ਬਾਅਦ, ਇਸ ਨਾਲ ਜੁੜੀ ਇੱਕ ਵੱਡੀ ਜਾਣਕਾਰੀ ਸਾਹਮਣੇ ਆਈ ਹੈ। ਇਸ ਮਾਮਲੇ ਦੇ ਸੰਬੰਧ 'ਚ ਕੈਨੇਡੀਅਨ ਮਾਊਂਟੇਡ ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਉਸ ਗੁਮਨਾਮ ਵਿਅਕਤੀ ਦੀ ਪਛਾਣ ਕਰ ਲਈ ਹੈ, ਜਿਸਨੇ ਉਡਾਣ ਤੋਂ ਕੁਝ ਹਫ਼ਤੇ ਪਹਿਲਾਂ ਬੰਬ ਦਾ ਨਿਰੀਖਣ ਕੀਤਾ ਸੀ। ਹਾਲਾਂਕਿ ਉਨ੍ਹਾਂ ਨੇ ਉਸ ਵਿਅਕਤੀ ਦਾ ਨਾਮ ਦੱਸਣ ਤੋਂ ਇਨਕਾਰ ਕਰ ਦਿੱਤਾ ਹੈ।



ਦਰਅਸਲ, 23 ਜੂਨ, 1985 ਨੂੰ, ਕਨਿਸ਼ਕ ਜਹਾਜ਼ ਆਇਰਲੈਂਡ ਦੇ ਤੱਟ 'ਤੇ ਉਸ 'ਚ ਲੱਗੇ ਬੰਬ ਕਾਰਨ ਫਟ ਗਿਆ ਸੀ। ਇਸ ਜਹਾਜ਼ ਧਮਾਕੇ ਵਿੱਚ 329 ਮਾਸੂਮ ਲੋਕਾਂ ਦੀ ਜਾਨ ਚਲੀ ਗਈ। ਇਸ ਭਿਆਨਕ ਦੁਖਾਂਤ ਦੇ 40 ਸਾਲ ਪੂਰੇ ਹੋਣ ਵਾਲੇ ਹਨ।

ਮਿਸਟਰ ਐਕਸ 'ਤੇ ਹੋਈ ਪਛਾਣ -

ਤੁਹਾਨੂੰ ਦੱਸ ਦੇਈਏ ਕਿ ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਡੇਵਿਡ ਟੇਬੋਲ ਨੇ ਵੈਨਕੂਵਰ ਸਨ ਨਾਲ ਗੱਲਬਾਤ 'ਚ ਖੁਲਾਸਾ ਕੀਤਾ ਕਿ ਮਿਸਟਰ ਐਕਸ ਦੀ ਪਛਾਣ ਹੋ ਗਈ ਹੈ। ਉਸਨੇ ਦਾਅਵਾ ਕੀਤਾ ਕਿ ਉਸਦੀ ਮੌਤ ਹੋ ਗਈ ਹੈ। ਇਹੀ ਕਾਰਨ ਹੈ ਕਿ ਨਿੱਜਤਾ ਕਾਨੂੰਨਾਂ ਤਹਿਤ ਉਸਦਾ ਨਾਮ ਪ੍ਰਗਟ ਨਹੀਂ ਕੀਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਟੇਬੋਲ ਇੱਕ ਕੈਨੇਡੀਅਨ ਵਫ਼ਦ ਨਾਲ ਆਇਰਲੈਂਡ ਪਹੁੰਚੇ ਸਨ।

ਆਰਸੀਐਮਪੀ ਨੇ ਕਿਹਾ ਹੈ ਕਿ ਖਾਲਿਸਤਾਨੀ ਅੱਤਵਾਦੀ ਹਮਲੇ ਦੀ ਜਾਂਚ ਅਜੇ ਵੀ ਚੱਲ ਰਹੀ ਹੈ, ਟੇਬੋਲ ਨੇ ਮੰਨਿਆ ਕਿ ਮਾਮਲੇ ਨੂੰ ਕਿਸੇ ਹੋਰ ਮੁਕੱਦਮੇ 'ਚ ਲਿਜਾਣ ਦੀ ਬਹੁਤ ਘੱਟ ਸੰਭਾਵਨਾ ਹੈ।

ਘਟਨਾ 'ਚ ਮਿਸਟਰ ਐਕਸ ਦਾ ਕੀ ਸੀ ਹੱਥ। ਰਿਪੋਰਟ ਦੇ ਅਨੁਸਾਰ, ਆਰਸੀਐਮਪੀ ਨੇ ਕਿਹਾ ਕਿ ਮਿਸਟਰ ਐਕਸ 4 ਜੂਨ, 1985 ਨੂੰ ਏਅਰ ਇੰਡੀਆ ਬੰਬ ਧਮਾਕੇ ਦੇ ਮਾਸਟਰਮਾਈਂਡ ਤਲਵਿੰਦਰ ਸਿੰਘ ਪਰਮਾਰ ਨਾਲ ਬ੍ਰਿਟਿਸ਼ ਕੋਲੰਬੀਆ ਦੇ ਡੰਕਨ ਨਾਮਕ ਖੇਤਰ 'ਚ ਗਏ ਸਨ। ਇਹੀ ਉਹ ਥਾਂ ਸੀ, ਜਿੱਥੇ ਉਨ੍ਹਾਂ ਦੋਵਾਂ ਨੇ ਇਲੈਕਟ੍ਰੀਸ਼ੀਅਨ ਇੰਦਰਜੀਤ ਸਿੰਘ ਰਿਆਤ ਨਾਲ ਜੰਗਲਾਂ 'ਚ ਬੰਬ ਟੈਸਟ ਕੀਤਾ ਸੀ। ਕਿਹਾ ਜਾਂਦਾ ਹੈ ਕਿ ਇਸ ਟੈਸਟ ਦੀ ਆਵਾਜ਼ ਕੈਨੇਡਾ ਦੀ ਖੁਫੀਆ ਏਜੰਸੀ ਸੀ.ਐਸ.ਆਈ.ਐਸ.ਦੇ ਏਜੰਟਾਂ ਨੇ ਸੁਣੀ ਸੀ। ਹਾਲਾਂਕਿ, ਉਨ੍ਹਾਂ ਨੇ ਇਸ ਆਵਾਜ਼ ਨੂੰ ਨਜ਼ਰਅੰਦਾਜ਼ ਕਰ ਦਿੱਤਾ। ਉਨ੍ਹਾਂ ਨੂੰ ਲੱਗਿਆ ਕਿ ਇਹ ਗੋਲੀ ਦੀ ਆਵਾਜ਼ ਹੈ।

ਸਾਬਕਾ ਪੁਲਿਸ ਮੁਖੀ ਕਾਸ਼ ਹੀਡ ਨੇ ਕੀ ਕਿਹਾ?

ਮਿਸਟਰ ਐਕਸ ਦੀ ਪਛਾਣ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਪੱਛਮੀ ਵੈਨਕੂਵਰ ਦੇ ਸਾਬਕਾ ਪੁਲਿਸ ਮੁਖੀ ਕਾਸ਼ ਹੀਡ ਨੇ ਕਿਹਾ ਕਿ ਮੈਨੂੰ ਪਿਛਲੇ 40 ਸਾਲਾਂ 'ਚ ਇਸ ਜਾਂਚ ਦੇ ਤਰੀਕੇ ਨਾਲ ਨਫ਼ਰਤ ਹੈ। ਇਸ ਨਾਲ ਪਰਿਵਾਰਾਂ ਅਤੇ ਭਾਈਚਾਰਿਆਂ ਦੀ ਨਿਰਾਸ਼ਾ ਹੋਰ ਵੀ ਵਧ ਗਈ ਹੈ।

ਇਸ ਤੋਂ ਇਲਾਵਾ, ਉਨ੍ਹਾਂ ਨੇ ਪੁੱਛਿਆ ਕਿ ਕੀ ਪੀੜਤਾਂ ਨਾਲ ਵੀ ਇਹੀ ਵਿਵਹਾਰ ਕੀਤਾ ਜਾਂਦਾ, ਭਾਵੇਂ ਉਨ੍ਹਾਂ ਦੀ ਚਮੜੀ ਦਾ ਰੰਗ ਵੱਖਰਾ ਹੁੰਦਾ? ਕੀ ਸਾਡੇ ਕੋਲ ਅਜੇ ਵੀ ਗੁਪਤ ਜਾਣਕਾਰੀ ਹੈ? ਇੱਕ ਹੋਰ ਮੁਕੱਦਮੇ ਬਾਰੇ ਬਿਆਨ ਦਿੰਦੇ ਹੋਏ, ਹੀਡ, ਜੋ ਬ੍ਰਿਟਿਸ਼ ਕੋਲੰਬੀਆ 'ਚ ਸਾਲਿਸਿਟਰ ਜਨਰਲ ਸਨ, ਨੇ ਕਿਹਾ ਕਿ ਮੇਰੇ ਦ੍ਰਿਸ਼ਟੀਕੋਣ ਤੋਂ ਤੁਸੀਂ ਦੇਖੋਗੇ ਕਿ ਜਾਂਚ ਲਈ ਬਹੁਤ ਸੀਮਤ ਸਰੋਤਾਂ ਦੀ ਵਰਤੋਂ ਕੀਤੀ ਜਾਵੇਗੀ।

### ਪਹਿਲਗਾਮ ਅੱਤਵਾਦੀ ਹਮਲੇ ਬਾਰੇ ਐਨ.ਆਈ.ਏ. ਕਰ ਸਕਦੀ ਹੈ ਵੱਡੇ ਖ਼ੁਲਾਸੇ

# ਪਾਕਿ ਅੱਤਵਾਦੀਆਂ ਦੀ ਮਦਦ ਤੇ ਪਨਾਹ ਦੇਣ ਦੇ ਦੋਸ਼ੀਆਂ ਦਾ ਪੰਜ ਦਿਨਾਂ ਰਿਮਾਂਡ ਦਿੱਤਾ

ਜੰਮੂ, 23 ਜੂਨ (ਚ.ਨ.ਸ.) : ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਜਾਂਚ ਵਿੱਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਵੱਡੀ ਸਫਲਤਾ ਹਾਸਲ ਕੀਤੀ ਹੈ। ਰਾਸ਼ਟਰੀ ਜਾਂਚ ਏਜੰਸੀ ਨੇ ਪਹਿਲਗਾਮ ਅੱਤਵਾਦੀ ਹਮਲੇ ਨੂੰ ਅੰਜਾਮ ਦੇਣ ਵਾਲੇ ਪਾਕਿਸਤਾਨੀ ਅੱਤਵਾਦੀਆਂ ਦੀ ਮਦਦ ਅਤੇ ਪਨਾਹ ਦੇਣ ਦੇ ਦੋਸ਼ ਵਿੱਚ ਦੋ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ।

ਸੋਮਵਾਰ (23 ਜੂਨ, 2025) ਨੂੰ ਐਨ.ਆਈ.ਏ. ਨੇ ਇਨ੍ਹਾਂ ਦੋਵਾਂ ਮੁਲਜ਼ਮਾਂ ਨੂੰ ਜੰਮੂ ਦੇ ਸੈਸ਼ਨ ਜੱਜ ਦੀ ਅਦਾਲਤ ਵਿੱਚ ਉਨ੍ਹਾਂ ਦੇ ਰਿਮਾਂਡ ਲਈ ਪੇਸ਼ ਕੀਤਾ। ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਦੇ ਅਨੁਸਾਰ, ਪਾਕਿਸਤਾਨੀ ਅੱਤਵਾਦੀਆਂ ਦੀ ਮਦਦ ਕਰਨ ਅਤੇ ਉਨ੍ਹਾਂ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤੇ ਗਏ ਦੋ ਵਿਅਕਤੀਆਂ ਦੀ ਪਛਾਣ ਪਰਵੇਜ਼ ਅਹਿਮਦ ਜੋਥਰ, ਵਾਸੀ ਬਟਕੋਟ, ਪਹਿਲਗਾਮ, ਜੰਮੂ-ਕਸ਼ਮੀਰ ਅਤੇ ਬਸ਼ੀਰ ਅਹਿਮਦ ਜੋਥਰ, ਵਾਸੀ ਹਿੱਲ ਪਾਰਕ, ਪਹਿਲਗਾਮ ਵਜੋਂ ਹੋਈ ਹੈ। ਮੁਲਜ਼ਮਾਂ ਨੇ ਪੁਸ਼ਟੀ ਕੀਤੀ ਕਿ ਉਹ ਲਸ਼ਕਰ-ਏ-ਤੋਇਬਾ ਦੇ ਅੱਤਵਾਦੀ ਹਮਲੇ ਵਿੱਚ ਸ਼ਾਮਲ ਸਨ। ਰਾਸ਼ਟਰੀ ਜਾਂਚ ਏਜੰਸੀ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵਾਂ ਮੁਲਜ਼ਮਾਂ ਨੇ ਪਹਿਲਗਾਮ ਅੱਤਵਾਦੀ ਹਮਲੇ ਵਿੱਚ ਸ਼ਾਮਲ ਤਿੰਨ ਹਥਿਆਰਬੰਦ ਅੱਤਵਾਦੀਆਂ ਦੀ ਪਛਾਣ ਵੀ ਪ੍ਰਗਟ ਕੀਤੀ ਹੈ। ਮੁਲਜ਼ਮਾਂ ਨੇ ਇਹ ਵੀ ਪੁਸ਼ਟੀ ਕੀਤੀ ਹੈ ਕਿ ਉਹ ਭਾਰਤ ਵਿੱਚ ਪਾਬੰਦੀਸ਼ੁਦਾ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ (ਐਲ.ਈ.ਟੀ.) ਨਾਲ ਜੁੜੇ ਪਾਕਿਸਤਾਨੀ ਨਾਗਰਿਕ ਸਨ।

ਐਨ.ਆਈ.ਏ. ਦੀ ਜਾਂਚ ਦੇ ਅਨੁਸਾਰ, ਪਰਵੇਜ਼ ਅਤੇ ਬਸ਼ੀਰ ਨੇ ਹਮਲੇ ਤੋਂ ਪਹਿਲਾਂ ਹਿੱਲ ਪਾਰਕ ਵਿੱਚ ਇੱਕ ਮੌਸਮੀ ਢੋਕ (ਝੌਂਪੜੀ) ਵਿੱਚ ਜਾਣਬੁੱਝ ਕੇ ਤਿੰਨ ਹਥਿਆਰਬੰਦ ਅੱਤਵਾਦੀਆਂ ਨੂੰ ਪਨਾਹ ਦਿੱਤੀ ਸੀ। ਦੋਵਾਂ ਵਿਅਕਤੀਆਂ ਨੇ 22 ਅਪ੍ਰੈਲ ਦੀ ਦੁਪਹਿਰ ਨੂੰ ਧਾਰਮਿਕ ਪਛਾਣ ਦੇ ਆਧਾਰ 'ਤੇ 26 ਸੈਲਾਨੀਆਂ ਨੂੰ ਚੁਣ-ਚੁਣ ਕੇ ਮਾਰਨ ਵਾਲੇ ਅੱਤਵਾਦੀਆਂ ਨੂੰ ਭੋਜਨ, ਪਨਾਹ ਅਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕੀਤੀ ਸੀ, ਜਿਸ ਨਾਲ ਇਹ ਹੁਣ ਤੱਕ ਦਾ ਸਭ ਤੋਂ ਭਿਆਨਕ ਅੱਤਵਾਦੀ ਹਮਲਾ ਬਣ ਗਿਆ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ

## ਚੀਫ਼ ਖ਼ਾਲਸਾ ਦੀਵਾਨ ਕੌਮ ਦੀ ਵੱਡੀ ਸੰਸਥਾ, ਇਸ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣੇ ਜ਼ਰੂਰੀ : ਗਿਆਨੀ ਰਣਜੀਤ ਸਿੰਘ ਗੌਹਰ

ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋਏ। ਪਟਨਾ ਸਾਹਿਬ ਦੀ ਕਮੇਟੀ ਵੱਲੋਂ ਗਿਆਨੀ ਰਣਜੀਤ ਸਿੰਘ ਗੌਹਰ ਨੂੰ ਮਾਨਤਾ ਨਾ ਦਿੱਤੇ ਜਾਣ ਨੂੰ ਲੈ ਕੇ ਗਿਆਨੀ ਗੌਹਰ ਨੇ ਕਿਹਾ, ਕਿ ਪਟਨਾ ਸਾਹਿਬ ਦੀ ਕਮੇਟੀ ਦਾ ਕਾਰਜਕਾਲ ਖਤਮ ਹੋ ਚੁੱਕਾ ਹੈ। ਕੋਈ ਵੀ ਕਮੇਟੀ ਪੰਜ ਸਾਲ ਲਈ ਬਣਾਈ ਜਾਂਦੀ ਹੈ, ਪਰ ਦੋ ਸਾਲ ਪਹਿਲਾਂ ਇਸ ਕਮੇਟੀ ਦਾ ਕਾਰਜਕਾਲ ਖਤਮ ਹੋ ਚੁੱਕਿਆ ਹੈ। ਗਿਆਨੀ ਗੌਹਰ ਨੇ ਕਿਹਾ ਸਿਰਫ ਆਪਣੇ ਨਿੱਜੀ ਸਵਾਰਥ ਲਈ ਇਹ ਲੋਕ ਕਮੇਟੀ ਦੀ ਵਰਤੋਂ ਕਰ ਰਹੇ ਹਨ ਅਤੇ ਇੱਕ ਦੂਜੇ ਨਾਲ ਲੜਾ ਕੇ ਗੁਰੂ ਘਰਾਂ ਦੀ ਮਰਿਆਦਾ ਦਾ ਘਾਣ ਕਰ ਰਹੇ ਹਨ। ਪਟਨਾ ਸਾਹਿਬ ਵਿਖੇ ਜੋ ਉਨ੍ਹਾਂ 'ਤੇ ਰੋਕ ਲਗਾਈ ਗਈ ਸੀ, ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਹਟਾ ਦਿੱਤਾ ਗਿਆ ਹੈ। ਪਟਨਾ ਸਾਹਿਬ ਦੀ ਕਮੇਟੀ ਜਾਂ ਪੰਜ ਪਿਆਰਿਆਂ ਦਾ



ਮਸਲਾ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਵਿਚਾਰ ਅਧੀਨ ਹੈ। ਗਿਆਨੀ ਰਣਜੀਤ ਸਿੰਘ ਗੌਹਰ ਨੇ ਕਿਹਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਰ ਵੱਲੋਂ ਚੀਫ ਖਾਲਸਾ ਦੀਵਾਨ ਦੀ ਕਾਰਜਕਾਰਨੀ ਕਮੇਟੀ ਨੂੰ ਤਲਬ ਕੀਤੇ ਜਾਣ 'ਤੇ ਕਿਹਾ ਕਿ ਦੀਵਾਨ ਪੰਥ ਦੀ ਪੁਰਾਤਨ ਸੰਸਥਾ ਹੈ, ਦੀਵਾਨ ਪ੍ਰਧਾਨ ਤੇ ਕਾਰਜਕਾਰਨੀ ਨੂੰ ਨਿਰਮਾਣਤਾ, ਪ੍ਰੇਮ ਅਤੇ ਸਤਿਕਾਰ ਸਹਿਤ ਸ੍ਰੀ ਅਕਾਲ ਤਖਤ ਸਾਹਿਬ ਪੇਸ਼ ਹੋਣਾ ਚਾਹੀਦਾ ਹੈ। ਅੱਜ ਪੱਤਰਕਾਰਾਂ ਨਾਲ ਗਲ ਕਰਦਿਆਂ ਜਥੇਦਾਰ ਗੌਹਰ ਨੇ ਕਿਹਾ ਕਿ ਸ੍ਰੀ ਅਕਾਲ ਤਖਤ ਸਾਹਿਬ ਨੇ ਕਿਸੇ ਵੀ ਗੁਰਮਤਿ ਦੇ ਖਿਲਾਫ ਹੁੰਦੀ ਕਾਰਵਾਈ ਦਾ ਨੋਟਿਸ ਲੈਣਾ ਹੀ ਹੈ। ਇਹ ਕੌਮ ਦੀ ਖੁਸ਼ਕਿਸਮਤੀ ਹੈ ਕਿ ਦਲੇਰੀ ਨਾਲ ਫੈਸਲੇ ਲੈਣ ਵਾਲੇ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਜੀ ਗੜਗੱਜ ਕੌਮ ਦੀ ਅਗਵਾਈ ਕਰ ਰਹੇ ਹਨ। ਚੀਫ ਖ਼ਾਲਸਾ ਦੀਵਾਨ ਕੌਮ ਦੀ ਵੱਡੀ ਸੰਸਥਾ ਹੈ, ਇਸ ਦੇ ਸਾਰੇ ਮੈਂਬਰ ਅੰਮ੍ਰਿਤਧਾਰੀ ਹੋਣੇ ਚਾਹੀਦੇ ਹਨ। ਜੇ ਕਿਸੇ ਮੈਂਬਰ ਨੇ ਅੰਮ੍ਰਿਤ ਨਹੀ ਛਕਿਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਆ ਕੇ ਅੰਮ੍ਰਿਤ ਛਕ ਸਕਦਾ ਹੈ। ਗਿਆਨੀ ਗੌਹਰ ਨੇ ਕਿਹਾ ਕਿ ਮੈਂਬਰਾਂ ਨੂੰ ਬੜੇ ਪ੍ਰੇਮ ਨਾਲ ਸਤਿਕਾਰ ਸਹਿਤ ਆ ਕੇ ਤੇ ਮਹਾਰਾਜ ਦੀ ਹਾਜ਼ਰੀ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਆਪਣਾ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ ਤਾਂ ਕਿ ਸੰਸਥਾ ਦਾ ਵਕਾਰ ਕਾਇਮ ਰਹਿ ਸਕੇ।

# 'ਯੁੱਧ ਨਸ਼ਿਆਂ ਵਿਰੁੱਧ' ਦੇ 114ਵੇਂ ਦਿਨ ਪੰਜਾਬ ਪੁਲਿਸ ਵੱਲੋਂ 126 ਨਸ਼ਾ ਤਸਕਰ ਗ੍ਰਿਫ਼ਤਾਰ; 5.3 ਕਿਲੋ ਹੈਰੋਇਨ ਬਰਾਮਦ

ਚੰਡੀਗੜ੍ਹ, 23 ਜੂਨ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 114ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 126 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 5.3 ਕਿਲੋ ਹੈਰੋਇਨ, 200 ਗ੍ਰਾਮ ਅਫੀਮ ਅਤੇ 8850 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 114 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 18, 843 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ, ਕਿ 99 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 506 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 85 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 540 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 47 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਬਰਸਟ ਨੇ ਜ਼ਿਮਨੀ ਚੋਣ ਵਿੱਚ ਜੇਤੂ ਰਹੇ ਸੰਜੀਵ ਅਰੋੜਾ ਅਤੇ ਗੋਪਾਲ ਇਟਾਲੀਆ ਨੂੰ ਦਿੱਤੀ ਵਧਾਈ

ਚੰਡੀਗੜ੍ਹ, 23 ਜੂਨ, (ਚ.ਨ.ਸ.) : ਆਮ ਆਦਮੀ ਪਾਰਟੀ (ਆਪ), ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸੰਜੀਵ ਅਰੋੜਾ ਅਤੇ ਗੁਜਰਾਤ ਦੇ ਵਿਧਾਨ ਸਭਾ ਹਲਕਾ ਵਿਸਾਵਦਰ ਤੋਂ ਗੋਪਾਲ ਇਟਾਲੀਆ ਦੀ ਸ਼ਾਨਦਾਰ ਜਿੱਤ 'ਤੇ ਉਨ੍ਹਾਂ ਨੂੰ ਵਧਾਈ ਦਿੱਤੀ ਹੈ।

ਇਸ ਮੌਕੇ ਬਰਸਟ ਨੇ ਕਿਹਾ ਕਿ ਲੋਕਾਂ ਨੇ ਆਪ ਉਮੀਦਵਾਰਾਂ ਨੂੰ ਜਿਤਾ ਕੇ ਆਮ ਆਦਮੀ ਪਾਰਟੀ ਦੇ ਵਿਕਾਸ ਕਾਰਜਾਂ ਦੀ ਚੱਲ ਰਹੀ ਹਨੇਰੀ 'ਤੇ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਪ ਉਮੀਦਵਾਰ ਸੰਜੀਵ ਅਰੋੜਾ ਨੇ 35,179 ਵੋਟਾਂ ਹਾਸਲ ਕਰਕੇ 10,637 ਵੋਟਾਂ ਦੇ ਫਰਕ ਤੋਂ ਜਿੱਤ ਹਾਸਲ ਕੀਤੀ ਹੈ।

ਉਨ੍ਹਾਂ ਕਿਹਾ ਕਿ ਗੁਜਰਾਤ ਦੀ ਵਿਸਾਵਦਰ ਸੀਟ ਤੋਂ ਗੋਪਾਲ ਇਟਾਲੀਆ ਨੇ 75,942 ਵੋਟਾਂ ਹਾਸਲ ਕਰਕੇ ਭਾਜਪਾ ਉਮੀਦਵਾਰ ਨੂੰ 17,554 ਵੋਟਾਂ ਦੇ ਫਰਕ ਨਾਲ ਹਰਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਗੁਜਰਾਤ ਬੀਜੇਪੀ ਦਾ ਗੜ੍ਹ ਹੈ ਅਤੇ ਉੱਥੋਂ ਆਮ ਆਦਮੀ ਪਾਰਟੀ ਦੀ ਇਸ ਸ਼ਾਨਦਾਰ ਜਿੱਤ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਲੋਕ ਭਾਰਤੀ ਜਨਤਾ ਪਾਰਟੀ ਤੋਂ ਬਹੁਤ ਨਾਰਾਜ਼ ਹਨ। ਇਹ ਜਿੱਤ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਕੁਸ਼ਲ ਮਾਰਦਰਸ਼ਨ ਸਦਕਾ ਹਾਸਲ ਹੋਈ ਹੈ। ਇਸ ਜਿੱਤ ਲਈ ਬਰਸਟ ਨੇ ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ ਸਮੇਤ ਪਾਰਟੀ ਦੀ ਸਮੁੱਚੀ ਲੀਡਰਸਿਪ ਅਤੇ ਵਲੰਟੀਅਰਾਂ ਨੂੰ ਵਧਾਈ ਦਿੱਤੀ ਹੈ। ਇਸਦੇ ਨਾਲ ਹੀ ਜਨਤਾ ਦਾ ਵੀ ਆਮ ਆਦਮੀ ਪਾਰਟੀ ਤੇ ਫਿਰ ਤੋਂ ਭਰੋਸਾ ਜਤਾਉਣ ਲਈ ਧੰਨਵਾਦ ਕੀਤਾ ਹੈ ਅਤੇ ਵਧਾਈ ਦਿੱਤੀ ਹੈ।



ਸੂਬਾ ਜਨਰਲ ਸਕੱਤਰ ਨੇ ਕਿਹਾ ਕਿ ਪੰਜਾਬ ਦੇ ਮਾਨਯੋਗ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਆਪਣੇ 3 ਸਾਲਾਂ ਦੇ ਕਾਰਜਕਾਲ ਦੌਰਾਨ ਹਰ ਖੇਤਰ ਵਿੱਚ ਸੁਧਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਜਨਤਾ ਵੱਲੋਂ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਦਿਖਾਇਆ ਭਰੋਸਾ ਇਹ ਸਿੱਧ ਕਰਦਾ ਹੈ ਕਿ ਆਪ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜ ਸ਼ਲਾਘਾਯੋਗ ਹਨ ਅਤੇ ਹੁਣ ਲੋਕਾਂ ਦੀ ਭਲਾਈ ਅਤੇ ਸੂਬੇ ਦੇ ਵਿਕਾਸ ਲਈ ਹੋਰ ਜ਼ੋਰਾਂ-ਸ਼ੋਰਾਂ ਨਾਲ ਕੰਮ ਕੀਤੇ ਜਾਣਗੇ।

# ਤਰਨਤਾਰਨ 'ਚ ਡਾ. ਬੀ.ਆਰ. ਅੰਬੇਡਕਰ ਭਵਨ ਦੇ ਨਿਰਮਾਣ ਲਈ 5.33 ਕਰੋੜ ਦੀ ਹੋਰ ਰਾਸ਼ੀ ਮਨਜ਼ੂਰ : ਡਾ. ਬਲਜੀਤ ਕੌਰ

ਚੰਡੀਗੜ੍ਹ, 23 ਜੂਨ, (ਚ.ਨ.ਸ.) : ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਵਰਗਾਂ ਦੀ ਭਲਾਈ ਅਤੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਨਿਰੰਤਰ ਸੰਕਲਪਬੱਧ ਹੈ। ਇਸੇ ਕੜੀ ਵਿੱਚ, ਤਰਨਤਾਰਨ ਜ਼ਿਲ੍ਹੇ ਵਿੱਚ ਬਣ ਰਹੇ ਡਾ. ਬੀ.ਆਰ. ਅੰਬੇਡਕਰ ਭਵਨ ਦੇ ਨਿਰਮਾਣ ਲਈ 5.33 ਕਰੋੜ ਰੁਪਏ ਦੀ ਹੋਰ ਰਾਸ਼ੀ ਮੰਜ਼ੂਰ ਕਰ ਦਿੱਤੀ ਗਈ ਹੈ। ਇਹ ਜਾਣਕਾਰੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦਰਾਨ ਮਜ਼ੂਰ ਕੀਤੀ ਇਹ ਰਾਸ਼ੀ ਜਲਦ ਹੀ ਮੁੱਖ ਇੰਜੀਨੀਅਰ, ਪਬਲਿਕ ਵਰਕਸ ਵਿਭਾਗ (ਬਿਲਡਿੰਗਜ਼) ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਜਾਵੇਗੀ, ਤਾਂ ਜੋ ਭਵਨ ਦੇ ਨਿਰਮਾਣ ਕਾਰਜ ਨੂੰ ਤੇਜੀ ਨਾਲ ਪੂਰਾ ਕਰਵਾਇਆ ਜਾ ਸਕੇ।



ਡਾ. ਬਲਜੀਤ ਕੌਰ ਨੇ ਦੱਸਿਆ ਕਿ ਤਰਨਤਾਰਨ ਵਿੱਚ ਡਾ. ਬੀ.ਆਰ. ਅੰਬੇਡਕਰ ਭਵਨ ਦੇ ਨਿਰਮਾਣ ਦੀ 5.93 ਕਰੋੜ ਰੁਪਏ ਦਾ ਅਸਟੀਮੇਟ ਪਾਸ ਹੋਇਆ ਸੀ, ਜਿਸ ਵਿੱਚੋਂ 60 ਲੱਖ ਰੁਪਏ ਪਹਿਲਾਂ ਹੀ ਅਲਾਟ ਕੀਤਾ ਜਾ ਚੁੱਕਾ ਹੈ ਅਤੇ ਬਾਕੀ ਦੀ ਰਾਸ਼ੀ 5.33 ਕਰੋੜ ਰੁਪਏ ਜਲਦ ਹੀ ਪਬਲਿਕ ਵਰਕਸ ਵਿਭਾਗ ਦੇ ਖਾਤੇ ਵਿੱਚ ਟਰਾਂਸਫਰ ਕੀਤੇ ਜਾਣਗੇ। ਇਸ ਤਰ੍ਹਾਂ ਭਵਨ ਦੇ ਨਿਰਮਾਣ 'ਤੇ ਕੁੱਲ 5.93 ਕਰੋੜ ਰੁਪਏ ਦਾ ਖਰਚਾ ਆਵੇਗਾ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਤਰਨਤਾਰਨ ਵਿਖੇ ਡਾ ਬੀ ਆਰ ਅੰਬੇਡਕਰ ਭਵਨ ਦੀ ਚਾਰ ਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ 17 ਜ਼ਿਲ੍ਹਿਆਂ ਵਿੱਚ ਡਾ. ਅੰਬੇਡਕਰ ਭਵਨ ਬਣ ਚੁੱਕੇ ਹਨ, ਜਿੱਥੇ ਇੱਕੋ ਛੱਤ ਹੇਠ ਸੋਸ਼ਿਤ, ਪਿੱਛੜੇ ਅਤੇ ਆਰਥਿਕ ਰੂਪ ਤੋਂ ਕਮਜ਼ੋਰ ਵਰਗਾਂ ਨੂੰ ਇੱਕ ਸਿੰਗਲ ਵਿੰਡੋ ਤਹਿਤ ਵੱਖ-ਵੱਖ ਸਰਕਾਰੀ ਸਹੂਲਤਾਂ ਉਪਲਬਧ ਕਰਵਾਈਆਂ ਜਾ ਰਹੀਆਂ ਹਨ। 5 ਹੋਰ ਜ਼ਿਲ੍ਹਿਆਂ – ਐਸ.ਏ.ਐਸ.ਨਗਰ, ਬਰਨਾਲਾ, ਫਾਜ਼ਿਲਕਾ, ਪਠਾਨਕੋਟ ਅਤੇ ਮਲੇਰਕੋਟਲਾ 'ਚ ਅੰਬੇਡਕਰ ਭਵਨ ਦੀਆਂ ਇਮਾਰਤਾਂ ਬਣਾਉਣ ਲਈ ਜਮੀਨ ਦੀ ਉਪਲੱਬਧਤਾ ਸੰਬੰਧੀ ਕਾਰਵਾਈ ਜਾਰੀ ਹੈ।

ਕੈਬਨਿਟ ਮੰਤਰੀ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਤਰਨਤਾਰਨ ਵਿਖੇ ਬਣ ਰਹੇ ਡਾ. ਬੀ.ਆਰ. ਅੰਬੇਡਕਰ ਭਵਨ ਦਾ ਨਿਰਮਾਣ ਉੱਚ ਗੁਣਵੱਤਾ, ਪੂਰੀ ਪਾਰਦਰਸ਼ਤਾ ਅਤੇ ਨਿਸ਼ਚਿਤ ਸਮੇਂ ਅੰਦਰ ਪੂਰਾ ਕੀਤਾ ਜਾਵੇ, ਤਾਂ ਜੋ ਇਲਾਕੇ ਦੇ ਲੋਕਾਂ ਨੂੰ ਜਲਦੀ ਇਹ ਭਵਨ ਉਪਲੱਬਧ ਹੋ ਸਕੇ।

# ਪ੍ਰਗਤੀਸ਼ੀਲ ਨੀਤੀਆਂ ਸਦਕਾ ਇਤਿਹਾਸਕ ਉਦਯੋਗਿਕ ਇਨਕਲਾਬ ਦੀ ਗਵਾਹੀ ਭਰ ਰਿਹੈ ਪੰਜਾਬ : ਚੀਮਾ

ਚੰਡੀਗੜ੍ਹ, 23 ਜੂਨ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਪ੍ਰਗਤੀਸ਼ੀਲ ਉਦਯੋਗਿਕ ਵਿਕਾਸ ਨੀਤੀਆਂ ਦੇ ਨਤੀਜੇ ਸਦਕਾ ਸੂਬਾ ਇੱਕ ਇਤਿਹਾਸਕ ਉਦਯੋਗਿਕ ਕ੍ਰਾਂਤੀ ਦੀ ਗਵਾਹੀ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਅੰਦਰ ਉਦਯੋਗਿਕ ਵਿਕਾਸ ਨੂੰ ਹੋਰ ਤੇਜ਼ ਕਰਨ ਲਈ ਇਸ ਸਮੇਂ ਕਈ ਨਵੀਆਂ ਪਹਿਲਕਦਮੀਆਂ ਪ੍ਰਕਿਰਿਆ ਅਧੀਨ ਹਨ।

ਐੱਚ.ਐੱਮ.ਟੀ. ਇੰਡਸਟਰੀਅਲ ਪਾਰਕ ਅਤੇ ਮਾਇਆ ਗਾਰਡਨ ਗਰੁੱਪ ਵੱਲੋਂ ਬੀਤੀ ਦੇਰ ਸ਼ਾਮ ਸਾਂਝੇ ਤੌਰ 'ਤੇ ਕਰਵਾਏ ਗਏ ਵਪਾਰ ਮੇਲੇ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਹਾਲ ਹੀ ਵਿੱਚ ਲਾਗੂ ਕੀਤੇ ਗਏ ਫਾਸਟਟਰੈਕ ਸਿੰਗਲ ਵਿੰਡੋ ਸਿਸਟਮ ਦੇ ਜਾਣ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਹ ਨਵੀਨਤਾਕਾਰੀ ਪ੍ਰਣਾਲੀ ਇਹ ਯਕੀਨੀ ਬਣਾਉਂਦੀ ਹੈ ਕਿ ਜ਼ਰੂਰੀ ਪ੍ਰੋਜੈਕਟ ਪ੍ਰਵਾਨਗੀਆਂ 45 ਦਿਨਾਂ ਦੇ ਅੰਦਰ-ਅੰਦਰ ਦਿੱਤੀਆਂ ਜਾਣ, ਜੇਕਰ ਇਸ ਸਮਾਂ-ਸੀਮਾ ਦੇ ਅੰਦਰ ਪ੍ਰਵਾਨਗੀਆਂ ਨਹੀਂ ਦਿੱਤੀਆਂ ਜਾਂਦੀਆਂ ਤਾਂ ਇਸ ਨੂੰ ਖੁਦ-ਬ-ਖੁਦ ਪ੍ਰਵਾਨ ਹੋਇਆ ਸਮਝਿਆ ਜਾਵੇਗਾ ਅਤੇ ਇਸ ਲਈ ਸਬੰਧਤ ਅਧਿਕਾਰੀਆਂ ਦੀ ਜਵਾਬਦੇਹੀ ਹੋਵੇਗੀ।

ਸੂਬਾ ਸਰਕਾਰ ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕਰਦੇ ਹੋਏ, ਵਿੱਤ ਮੰਤਰੀ ਨੇ ਖੁਲਾਸਾ ਕੀਤਾ ਕਿ ਪੰਜਾਬ ਸਰਕਾਰ ਨੇ ਰਜਿਸਟਰਡ ਸੇਲ ਡੀਡ ਜਾਰੀ ਕਰਨ ਲਈ ਰੰਗੀਨ ਕੋਡੇਡ ਸਟੈਂਪ ਪੇਪਰ ਵੀ ਲਾਗੂ ਕੀਤਾ ਹੈ, ਜਿਸ ਵਿੱਚ ਹੁਣ ਪਹਿਲਾਂ ਤੋਂ ਹੀ ਚੇਂਜ ਆਫ ਲੈਂਡ ਯੂਜ਼ (ਸੀ.ਐੱਲ.ਯੂ.) ਪ੍ਰਵਾਨਗੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਤਹਿਤ 8 ਮੁੱਖ ਵਿਭਾਗਾਂ ਮਾਲ, ਰਿਹਾਇਸ਼ ਅਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਜੰਗਲਾਤ ਅਤੇ ਜੰਗਲੀ ਜੀਵ, ਅਤੇ ਕਿਰਤ ਅਤੇ ਫੈਕਟਰੀਆਂ ਦੁਆਰਾ ਨਿਰਧਾਰਤ ਸਮਾਂ-ਸੀਮਾਵਾਂ ਦੇ ਅੰਦਰ ਸਿੰਗਲ ਵਿੰਡੋ ਸਿਸਟਮ ਰਾਹੀਂ ਪੂਰਵ-ਮਨਜ਼ੂਰੀਆਂ ਸਬੰਧੀ ਕੁਸ਼ਲਤਾ ਨਾਲ ਪ੍ਰਕਿਰਿਆ ਸੰਪੂਰਨ ਕੀਤੀ ਜਾਂਦੀ ਹੈ।

ਵਿੱਤ ਮੰਤਰੀ ਨੇ ਇਹ ਵੀ ਖੁਲਾਸਾ ਕੀਤਾ ਕਿ ਪੰਜਾਬ ਸਰਕਾਰ ਨੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਨੇ ਪਲਾਟਾਂ ਦੇ ਕਲੱਬਿੰਗ ਅਤੇ ਡੀ-ਕਲੱਬਿੰਗ ਲਈ ਇੱਕ ਵਿਆਪਕ ਪਾਲਿਸੀ ਦੀ ਪ੍ਰਵਾਨਗੀ ਦੇ ਨਾਲ ਭੂਮੀ ਵਰਤੋਂ ਕੁਸ਼ਲਤਾ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਇਹ ਫੈਸਲਾ ਉਦਯੋਗਿਕ ਭਾਈਵਾਲਾਂ ਵੱਲੋਂ ਜ਼ਮੀਨ ਦੀ ਵਰਤੋਂ ਨੂੰ ਅਨੁਕੂਲ ਬਣਾਉਣ ਅਤੇ ਪ੍ਰੋਜੈਕਟ ਦੇ ਵਿਸਥਾਰ ਲਈ ਨਾਲ ਲੱਗਦੇ ਪਲਾਟਾਂ ਨੂੰ ਮਿਲਾਉਣ ਜਾਂ ਵੰਡਣ ਸਬੰਧੀ ਲੰਬੇ ਸਮੇਂ ਤੋਂ ਚੱਲੀਆਂ ਆ ਰਹੀਆਂ ਮੰਗਾਂ ਦਾ ਹੱਲ ਕਰੇਗਾ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਸੂਬਾ ਸਰਕਾਰ ਲੀਜ਼ਹੋਲਡ ਪਲਾਟਾਂ ਨੂੰ ਫ੍ਰੀਹੋਲਡ ਵਿੱਚ ਬਦਲਣ ਲਈ ਇੱਕ ਨੀਤੀ ਲਿਆਉਣ ਸਬੰਧੀ ਯੋਜਨਾ ਬਣਾ ਰਹੀ ਹੈ।



ਸੂਬਾ ਸਰਕਾਰ ਦੁਆਰਾ ਸੀ.ਐਲ.ਯੂ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਕੀਤੇ ਉਪਰਾਲਿਆਂ 'ਤੇ ਜ਼ੋਰ ਦਿੰਦੇ ਹੋਏ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਟੈਂਡਅਲੋਨ ਇੰਡਸਟਰੀਜ਼ ਲਈ ਇਜਾਜ਼ਤਯੋਗ ਜ਼ੋਨਾਂ ਵਿੱਚ ਸੀ.ਐਲ.ਯੂ ਪ੍ਰਵਾਨਗੀਆਂ ਪ੍ਰਾਪਤ ਕਰਨ ਦੀ ਸ਼ਰਤ ਨੂੰ ਹਟਾ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਹੱਤਵਪੂਰਨ ਤਬਦੀਲੀ ਨੇ ਸੂਬੇ ਭਰ ਵਿੱਚ ਨਵੀਆਂ ਉਦਯੋਗਿਕ ਇਕਾਈਆਂ ਸਥਾਪਤ ਕਰਨ ਵਿੱਚ ਹੁੰਦੀ ਦੇਰੀ ਅਤੇ ਪੇਚੀਦਗੀ ਨੂੰ ਘਟਾ ਦਿੱਤਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਉਦਯੋਗਿਕ ਵਿਕਾਸ ਨੂੰ ਵੱਧ ਤੋਂ ਵੱਧ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ, ਵਿੱਤ ਮੰਤਰੀ ਨੇ ਕਿਹਾ ਕਿ ਵਿੱਤੀ ਸਾਲ 2025-26 ਦੇ ਪਹਿਲੇ ਦੋ ਮਹੀਨਿਆਂ ਦੌਰਾਨ ਹੀ ਉਦਯੋਗਿਕ ਖੇਤਰ ਨੂੰ 180 ਕਰੋੜ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਪ੍ਰਦਾਨ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨਾ ਸਿਰਫ਼ ਮੌਜੂਦਾ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਲਈ ਸਗੋਂ ਸੂਬੇ ਦੇ ਉਦਯੋਗਿਕ ਵਾਤਾਵਰਣ ਨੂੰ ਮਜ਼ਬੂਤ ਕਰਦਿਆਂ ਨਵੇਂ ਉੱਦਮਾਂ ਨੂੰ ਆਕਰਸ਼ਿਤ ਕਰਨ ਲਈ ਵੀ ਲਗਾਤਾਰ ਯਤਨਸ਼ੀਲ ਹੈ।

ਸੂਬੇ ਸਰਕਾਰ ਦੀਆਂ ਇਨ੍ਹਾਂ ਪਹਿਲਕਦਮੀਆਂ ਦਾ ਧੰਨਵਾਦ ਕਰਦਿਆਂ ਐਚ.ਐਮ.ਟੀ ਗਰੁੱਪ ਦੇ ਸੀ.ਐਮ.ਡੀ ਸ੍ਰੀ ਮੇਘਰਾਜ ਗਰਗ ਨੇ ਕਿਹਾ ਕਿ ਰੈੱਡ ਜ਼ੋਨ ਵਿੱਚ ਸਥਿਤ ਐਚ.ਐਮ.ਟੀ ਇੰਡਸਟਰੀਅਲ ਪਾਰਕ ਹਰ ਕਿਸਮ ਦੇ ਉਦਯੋਗ ਦੀ ਸਥਾਪਨਾ ਦੀ ਪ੍ਰਵਾਨਗੀ ਦਿੰਦਾ ਹੈ। ਉਨ੍ਹਾਂ ਨੇ ਉਦਯੋਗਿਕ ਵਿਕਾਸ ਲਈ ਲੋੜੀਂਦੇ ਅਨੁਕੂਲ ਵਾਤਾਵਰਣ ਨੂੰ ਉਤਸ਼ਾਹਿਤ ਕਰਨ ਅਤੇ ਸਮੇਂ ਸਿਰ ਪ੍ਰੋਜੈਕਟ ਪ੍ਰਵਾਨਗੀਆਂ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਸ਼ਲਾਘਾ ਕੀਤੀ।

ਇਥੇ ਜਿਕਰਯੋਗ ਹੈ ਕਿ ਲਾਲੜੂ ਵਿਖੇ ਸਥਿਤ ਐਚ.ਐਮ.ਟੀ ਇੰਡਸਟਰੀਅਲ ਪਾਰਕ ਉੱਭਰ ਰਹੇ ਉਦਯੋਗਾਂ ਲਈ ਇੱਕ ਹੱਬ ਵਜੋਂ ਕੰਮ ਕਰ ਰਿਹਾ ਹੈ ਅਤੇ ਐਨਐਚ 22, ਐਨਐਚ 72 ਅਤੇ ਐਨਐਚ 73 ਨੂੰ ਸ਼ਾਨਦਾਰ ਸੰਪਰਕ ਪ੍ਰਦਾਨ ਕਰਦਾ ਹੈ।

ਇਸ ਮੌਕੇ ਮੌਜੂਦ ਹੋਰ ਪ੍ਰਮੁੱਖ ਪਤਵੰਤਿਆਂ ਵਿੱਚ ਡਾਇਰੈਕਟਰ ਐਚ.ਐਮ.ਟੀ ਸੁਦਰਸ਼ਨ ਸਿੰਗਲਾ ਅਤੇ ਸੀਐਮਡੀ ਮਾਇਆ ਗਾਰਡਨ ਗਰੁੱਪ ਸਤੀਸ਼ ਜਿੰਦਲ ਸ਼ਾਮਲ ਸਨ।

# 20000 ਰੁਪਏ ਰਿਸ਼ਵਤ ਲੈਂਦਾ ਬਲਾਕ ਸੰਮਤੀ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ



ਚੰਡੀਗੜ੍ਹ, 23 ਜੂਨ, (ਚ.ਨ.ਸ.) : ਪੰਜਾਬ ਵਿਜੀਲੈਂਸ ਬਿਊਰੋ ਨੇ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਆਪਣੀ ਮੁਹਿੰਮ ਦੌਰਾਨ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ (ਬੀਡੀਪੀਓ) ਦਫ਼ਤਰ, ਗੁਰਦਾਸਪੁਰ ਵਿਖੇ ਤਾਇਨਾਤ ਬਲਾਕ ਸੰਮਤੀ ਪਟਵਾਰੀ ਨਿਸ਼ਾਨ ਸਿੰਘ ਨੂੰ 20000 ਰੁਪਏ ਰਿਸ਼ਵਤ ਮੰਗਣ ਅਤੇ ਲੈਣ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਹੈ।

ਅੱਜ ਇੱਥੇ ਇਹ ਜਾਣਕਾਰੀ ਦਿੰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਕਿਹਾ ਕਿ ਇਹ ਗ੍ਰਿਫ਼ਤਾਰੀ ਗੁਰਦਾਸਪੁਰ ਦੇ ਪਿੰਡ ਬੱਬਰੀ ਨੰਗਲ ਦੀ ਵਸਨੀਕ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ।

ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੱਸਿਆ ਹੈ ਕਿ ਉਹ ਗ੍ਰਾਮ ਪੰਚਾਇਤ ਬੱਬਰੀ ਨੰਗਲ ਦੀ ਮੌਜੂਦਾ ਪੰਚਾਇਤ ਮੈਂਬਰ ਹੈ ਅਤੇ ਉਸਦਾ ਪਤੀ ਪਿਛਲੇ 50 ਸਾਲਾਂ ਤੋਂ ਪਿੰਡ ਦੀ ਸ਼ਾਮਲਾਤ ਦੀ ਕੁੱਲ 25 ਏਕੜ ਜ਼ਮੀਨ ਵਿੱਚੋਂ ਲੱਗਭੱਗ 22 ਕਨਾਲ ਅਤੇ 11 ਮਰਲੇ ਜ਼ਮੀਨ 'ਤੇ ਖੇਤੀ ਕਰ ਰਿਹਾ ਹੈ ਅਤੇ ਉਕਤ ਜ਼ਮੀਨ ਦੀ ਜ਼ਮੀਨੀ ਮਾਲਕੀ (ਗਿਰਦਾਵਰੀ) ਵੀ ਉਸਦੇ ਨਾਮ 'ਤੇ ਹੀ ਦਰਜ ਹੈ।

ਸ਼ਿਕਾਇਤਕਰਤਾ ਨੇ ਅੱਗੇ ਦੱਸਿਆ ਕਿ ਇੱਕ ਸ਼ਿਕਾਇਤ ਦੇ ਆਧਾਰ 'ਤੇ, ਬੀਡੀਪੀਓ ਦਫ਼ਤਰ ਨੇ ਉਸਨੂੰ ਇਸ ਸਬੰਧ ਵਿੱਚ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਉਸਨੇ ਆਪਣੇ ਪਿੰਡ ਦੇ ਮੌਜੂਦਾ ਸਰਪੰਚ ਨੂੰ ਇਸ ਮਸਲੇ ਨੂੰ ਹੱਲ ਕਰਨ ਲਈ ਬੇਨਤੀ ਕੀਤੀ ਸੀ, ਪਰ ਉਕਤ ਨਿਸ਼ਾਨ ਸਿੰਘ ਸੰਮਤੀ ਪਟਵਾਰੀ ਨੇ ਆਪਣੇ ਵਿਭਾਗ ਰਾਹੀਂ ਇਸ ਮਸਲੇ ਨੂੰ ਹੱਲ ਕਰਨ ਲਈ 20,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਸੀ।

ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਤਸਦੀਕ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਨਿਸ਼ਾਨ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 20,000 ਰੁਪਏ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਗ੍ਰਿਫ਼ਤਾਰ ਕਰ ਲਿਆ।

ਇਸ ਸਬੰਧ ਵਿੱਚ ਵਿਜੀਲੈਂਸ ਬਿਊਰੋ ਪੁਲਿਸ ਥਾਣਾ ਅੰਮ੍ਰਿਤਸਰ ਰੇਂਜ ਵਿੱਚ ਮੁਲਜ਼ਮ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਹੈ। ਮੁਲਜ਼ਮ ਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਹੋਰ ਜਾਂਚ ਜਾਰੀ ਹੈ।

# ਪਿੰਡ ਮਧਰਾ ਵਿਖੇ ਮਾਮੂਲੀ ਤਕਰਾਰ ਮਗਰੋਂ ਨੌਜਵਾਨ ਦਾ ਕਤਲ



ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 23 ਜੂਨ, (ਡਾਕਟਰ ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ) : ਉਧਨਵਾਲ ਦੇ ਨਜ਼ਦੀਕ ਪਿੰਡ ਮਧਰੇ ਵਿੱਚ ਦੋ ਧਿਰਾਂ ਦੀ ਮਾਮੂਲੀ ਤਕਰਾਰ ਵਿੱਚ ਇੱਕ ਵਿਅਕਤੀ ਦੀ ਕਤਲ ਹੋਣ ਦੀ ਖਬਰ ਆਈ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਪੁਲਿਸ ਚੌਂਕੀ ਉਧਨਵਾਲ ਦੇ ਇੰਚਾਰਜ ਏ ਐਸ ਆਈ ਸਤਨਾਮ ਸਿੰਘ ਅਤੇ ਥਾਣਾ ਘੁਮਾਣ ਦੇ ਸਬ ਇੰਸਪੈਕਟਰ ਹਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਰਾਤ ਪਿੰਡ ਮਧਰੇ ਵਿੱਚ ਦੋ ਧਿਰਾਂ ਤਰਸੇਮ ਸਿੰਘ ਪੁੱਤਰ ਕੁੰਨਣ ਸਿੰਘ ਅਤੇ ਜੋਬਨਪ੍ਰੀਤ ਸਿੰਘ ਪੁੱਤਰ ਹਰਵੰਤ ਸਿੰਘ ਦਾ ਆਪਸ ਵਿੱਚ ਮਾਮੂਲੀ ਗੱਲ ਪਾਣੀ ਨਾਲ ਰਸਤਾ ਖਰਾਬ ਹੋਣ ਕਰਕੇ ਤੂੰ ਤੂੰ- ਮੈਂ ਮੈਂ ਹੋ ਗਈ ਸੀ। ਇਹ ਗੱਲ ਇੰਨੀ ਜ਼ਿਆਦਾ ਵੱਧ ਗਈ ਕਿ ਤਰਸੇਮ ਸਿੰਘ ਤੇ ਉਸ ਦੇ ਪੁੱਤਰ ਸੁਖਪਿੰਦਰ ਸਿੰਘ, ਬਲਜਿੰਦਰ ਕੌਰ ਪਤਨੀ ਤਰਸੇਮ ਸਿੰਘ ਰੋਬਨਪ੍ਰੀਤ ਕੌਰ ਪੁੱਤਰੀ ਤਰਸੇਮ ਸਿੰਘ ਜੋਬਨਜੀਤ ਸਿੰਘ ਦੇ ਘਰ ਆ ਕੇ ਗਾਲੀ ਗਲੋਚ ਕਰਨ ਲੱਗ ਪਏ, ਜਦੋਂ ਇਹਨਾਂ ਨੂੰ ਰੋਕਣ ਲਈ ਜੋਬਨਜੀਤ ਸਿੰਘ ਅੱਗੇ ਵਧਿਆ ਤਾਂ ਤਰਸੇਮ ਸਿੰਘ ਤੇ ਉਸਦੇ ਪਰਿਵਾਰਕ ਮੈਂਬਰਾਂ ਨੇ ਦਾਤਰ , ਲਾਠੀਆਂ ਨਾਲ ਜੋਬਨ ਸਿੰਘ ਨੂੰ ਬੁਰੀ ਤਰ੍ਹਾਂ ਕੁੱਟ ਮਾਰ ਕੇ ਜਖਮੀ ਕਰ ਦਿੱਤਾ। ਜੋਬਨਜੀਤ ਸਿੰਘ ਦੀ ਪਤਨੀ ਅਮਨਦੀਪ ਕੌਰ ਅਤੇ ਉਸ ਦੇ ਬੱਚਿਆਂ ਨੇ ਬਚਾਅ ਲਈ ਰੌਲਾ ਪਾਇਆ ਤਾਂ ਤਰਸੇਮ ਸਿੰਘ ਦੇ ਉਸ ਦੀ ਪਰਿਵਾਰਕ ਮੈਂਬਰ ਉਥੋਂ ਭੱਜ ਗਏ। ਅਮਨਦੀਪ ਕੌਰ ਨੇ ਆਪਣੇ ਬੱਚਿਆਂ ਨਾਲ ਜੋਬਨਪ੍ਰੀਤ ਸਿੰਘ ਨੂੰ ਸਿਵਲ ਹਸਪਤਾਲ ਬਟਾਲਾ ਵਿਖੇ ਦਾਖਲ ਕਰਵਾਇਆ। ਪਰੰਤੂ ਸੱਟਾਂ ਜਿਆਦਾ ਹੋਣ ਕਰਕੇ ਉਸ ਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਭੇਜ ਦਿੱਤਾ ਗਿਆ ਉੱਥੇ ਹੀ ਉਸਨੇ ਇਲਾਜ ਦੌਰਾਨ ਦਮ ਤੋੜ ਦਿੱਤਾ। ਏਐਸ ਆਈ ਸਤਨਾਮ ਸਿੰਘ ਨੇ ਦੱਸਿਆ ਕਿ ਮ੍ਰਿਤਕ ਜੋਬਨਜੀਤ ਸਿੰਘ ਦੀ ਪਤਨੀ ਅਮਨਦੀਪ ਕੌਰ ਦੇ ਬਿਆਨ ਉੱਤੇ ਥਾਣਾ ਘੁਮਾਣ ਵਿੱਚ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ ਅਤੇ ਲਾਸ਼ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ।

# ਗੋਬਿੰਦਗੜ੍ਹ ਵਿਖੇ 26 ਜੂਨ ਨੂੰ ਹੋਣ ਵਾਲੇ ਨਕਲੀ ਨਿਰੰਕਾਰੀ ਸਮਾਗਮ ਨੂੰ ਰੱਦ ਕਰਨ ਲਈ ਜ਼ਿਲ੍ਹਾ ਪ੍ਰਸ਼ਾਸਨ ਦਾ ਧੰਨਵਾਦ : ਕਰਨੈਲ ਸਿੰਘ ਪੰਜੋਲੀ

ਫਤਹਿਗੜ੍ਹ ਸਾਹਿਬ, 23 ਜੂਨ, (ਚ.ਨ.ਸ.) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਸਾਹਿਬ ਅਤੇ ਪੰਥਕ ਜਥੇਬੰਦੀਆਂ ਦੇ ਰੋਹ ਕਾਰਨ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਸ਼ਾਸਨ ਵੱਲੋਂ 26 ਜੂਨ ਨੂੰ ਨਕਲੀ ਨਿਰੰਕਾਰੀਆਂ ਦੇ ਗੋਬਿੰਦਗੜ੍ਹ ਵਿਖੇ ਗੁਰੂ ਹਰਿਗੋਬਿੰਦ ਸਾਹਿਬ ਖ਼ਾਲਸਾ ਸਕੂਲ ਵਿੱਚ ਰੱਖਿਆ ਗਿਆ ਸੰਮੇਲਨ ਬੰਦ ਕਰਵਾ ਦਿੱਤਾ ਹੈ। ਯਾਦ ਰਹੇ ਇਹ ਸੰਮੇਲਨ ਖ਼ਾਲਸਾ ਸਕੂਲ ਵਿੱਚ ਰੱਖਿਆ ਸੀ ਅਤੇ ਇਸ ਦੀ ਮਨਜ਼ੂਰੀ ਐ ਡੀ ਐਮ ਅਮਲੋਹ ਨੇ ਦਿੱਤੀ ਸੀ। ਸਕੂਲ ਮਨੇਜਮੈਂਟ ਕਮੇਟੀ ਨੇ ਸੰਮੇਲਨ ਕਰਨ ਦੀ ਆਗਿਆ ਦੇ ਦਿੱਤੀ ਸੀ। ਜਦੋਂ ਇਹ ਮਸਲਾ ਮੇਰੇ ਧਿਆਨ ਵਿੱਚ ਅਮਰਜੀਤ ਸਿੰਘ ਬਡਗੁਜਰਾ ਨੇ ਲਿਆਂਦਾ, ਮੈਂ ਤੁਰੰਤ ਐਸ ਡੀ ਐਮ ਅਮਲੋਹ ਨੂੰ ਫੋਨ ਕਰਕੇ ਕਿਹਾ ਕਿ ਇਹ ਸੰਮੇਲਨ ਰੱਦ ਕੀਤਾ ਜਾਵੇ। ਮੈਂ ਇਸ ਸਬੰਧੀ ਫੇਸਬੁੱਕ ਰਾਹੀਂ ਅਤੇ ਪ੍ਰੈਸ ਰਾਹੀਂ ਇਸ ਸੰਮੇਲਨ ਦਾ ਜ਼ੋਰਦਾਰ ਵਿਰੋਧ ਕੀਤਾ ਸੀ। ਮੈਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਨਯੋਗ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਇਸ ਗੰਭੀਰ ਮਸਲੇ ਵਿੱਚ ਦਾਖਲ ਦੇਣ ਲਈ ਕਿਹਾ। ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਸਕੱਤਰ ਪਰਤਾਪ ਸਿੰਘ ਅਤੇ ਮਨੇਜਰ ਰਣਜੀਤ ਸਿੰਘ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਡੀ ਸੀ ਫਤਹਿਗੜ੍ਹ ਸਾਹਿਬ ਨੂੰ ਮਿਲਣ ਲਈ ਭੇਜਿਆ। ਸਿੱਖ ਸੰਗਤ ਦੇ ਰੋਹ ਕਾਰਨ ਅੱਜ ਜ਼ਿਲ੍ਹਾ ਪ੍ਰਸ਼ਾਸਨ ਨੇ ਨਿਰੰਕਾਰੀਆਂ ਨੂੰ ਕਿਹਾ ਕਿ ਜ਼ਿਲ੍ਹਾ ਫਤਹਿਗੜ੍ਹ ਵਿੱਚ ਇਹ ਸਮਾਗਮ ਨਹੀਂ ਹੋ ਸਕਦਾ। ਨਕਲੀ ਨਿਰੰਕਾਰੀਆਂ ਨੇ ਵੀ ਅਪਨੀ ਪੱਤ ਬਚਾਉਣ ਲਈ ਇਹ ਸੰਮੇਲਨ ਮੁਲਤਵੀ ਕਰਕੇ ਅਪਣੇ ਚੇਲਿਆਂ ਨੂੰ ਪੱਤਰ ਲਿੱਖ ਦਿੱਤਾ। ਮੈਂ ਸਰਕਾਰ ਨੂੰ ਅਪੀਲ ਕਰਦਾ ਹਾਂ ਕਿ ਨਕਲੀ ਨਿਰੰਕਾਰੀ ਨਾ ਕੋਈ ਧਰਮ ਹੈ ਨਾ ਕੋਈ ਕੌਮ ਹੈ ਨਾ ਹੀ ਕੋਈ ਫਿਰਕਾ ਬਲਕਿ ਇਹ ਸਮਾਜ ਵਿੱਚ ਨਫ਼ਰਤ ਫਲਾਕੇ ਅਮਨ ਸ਼ਾਂਤੀ ਭੰਗ ਕਰਨ ਵਾਲਾ ਇੱਕ ਗਿਰੋਹ ਹੈ । ਇਸ ਲਈ ਇਸ ਦੇ ਸੰਮੇਲਨਾਂ ਉੱਤੇ ਪਬੰਧੀ ਲਾਈ ਜਾਵੇ।



# ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਪਰਮਜੀਤ ਸਿੰਘ ਸਰਨਾ ਦੀ ਜਥੇਦਾਰ ਅਕਾਲ ਤਖ਼ਤ ਨੂੰ ਸ਼ਿਕਾਇਤ





ਨਵੀਂ ਦਿੱਲੀ, 23 ਜੂਨ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਬੋਰਡ ਦੇ ਮੈਂਬਰ ਬੀਬੀ ਰਣਜੀਤ ਕੌਰ, ਮੀਡੀਆ ਸੈਲ ਦੇ ਚੇਅਰਮੈਨ ਸੁਖਵਿੰਦਰ ਸਿੰਘ ਬੱਬਰ ਅਤੇ ਹੋਰ ਮੈਂਬਰਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਪੱਤਰ ਲਿਖ ਕੇ ਸ਼ਿਕਾਇਤ ਕੀਤੀ ਹੈ ਕਿ ਕਮੇਟੀ ਦੇ ਸਾਬਕਾ ਪ੍ਰਧਾਨ, ਤੇ ਅਕਾਲੀ ਦਲ ਬਾਦਲ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ 22 ਜੂਨ ਨੂੰ ਗੁਰਦੁਆਰਾ ਬੰਗਲਾ ਸਾਹਿਬ ਵਿੱਚ ਮੀਡੀਆ ਸਾਹਮਣੇ ਖੁਦ ਪ੍ਰਵਾਨ ਕੀਤਾ ਹੈ, ਕਿ 2022 ਵਿਚ ਕਮੇਟੀ ਚੋਣਾਂ ਵੇਲੇ ਉਹਨਾਂ ਨੇ ਮੈਂਬਰਾਂ ਨੂੰ 25 ਤੋਂ 30 ਲੱਖ ਰੁਪਏ ਦੇਣ ਦਾ ਵਾਅਦਾ ਕੀਤਾ ਸੀ, ਜਿਸਦੇ ਇਵਜ਼ ਵਿਚ ਉਹਨਾਂ ਵੋਟਾਂ ਸਾਨੂੰ ਪਾਉਣੀਆਂ ਸਨ। ਉਹਨਾਂ ਕਿਹਾ ਕਿ ਇਹ ਇਕਬਾਲੀਆ ਬਿਆਨ ਬਹੁਤ ਹੀ ਗੰਭੀਰ ਹੈ ਅਤੇ ਵੋਟਾਂ ਦੀ ਖਰੀਦੋ ਫਰੋਖ਼ਤ ਕਰਨਾ ਇਖਲਾਕੀ ਅਤੇ ਕਾਨੂੰਨੀ ਦੋਵਾਂ ਤਰੀਕੇ ਨਾਲ ਜ਼ੁਰਮ ਹੈ।

ਉਹਨਾਂ ਕਿਹਾ ਕਿ ਇਸ ਜ਼ੁਰਮ ਨੂੰ ਜਨਤਕ ਤੌਰ 'ਤੇ ਕਬੂਲਣ ਲਈ ਪਰਮਜੀਤ ਸਿੰਘ ਸਰਨਾ ਨੂੰ ਤੁਰੰਤ ਪੰਥ ਵਿਚੋਂ ਛੇਕਿਆ ਜਾਣਾ ਚਾਹੀਦਾ ਹੈ ਅਤੇ ਇਕ ਵਿਸਤ੍ਰਿਤ ਜਾਂਚ ਕਮੇਟੀ ਬਣਾ ਕੇ ਉਹਨਾਂ ਦੇ ਖਿਲਾਫ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਹਨਾਂ ਇਹ ਵੀ ਕਿਹਾ ਕਿ ਸਰਨਾ ਨੇ ਗੁਰਦੁਆਰਾ ਬੰਗਲਾ ਸਾਹਿਬ ਵਿਚ ਅਰਦਾਸ ਕਰਨ ਵੇਲੇ ਮਰਿਆਦਾ ਦੀ ਵੀ ਘੋਰ ਉਲੰਘਣਾ ਕੀਤੀ ਹੈ, ਉਸਦਾ ਵੀ ਨੋਟਿਸ ਲਿਆ ਜਾਣਾ ਚਾਹੀਦਾ ਹੈ ਤੇ ਇਸ ਮਾਮਲੇ ਵਿਚ ਵੀ ਉਹਨਾਂ ਖਿਲਾਫ ਬਣਦੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ !
ਚੜ੍ਹਦੀਕਲਾ ਵਿੱਚ ਰਹੋ !!

# ਦਿੱਲੀ ਹਾਈ ਕੋਰਟ ਵੱਲੋਂ ਦੋ ਮੈਂਬਰਾਂ ਖ਼ਿਲਾਫ਼ ਵਿਰੋਧੀਆਂ ਦੀ ਦਲੀਲ ਰੱਦ ਕਰਨਾ ਸਰਨਾ ਤੇ ਜੀ.ਕੇ. ਦੀ ਹਾਰ




ਨਵੀਂ ਦਿੱਲੀ, 23 (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਡਾਇਰੈਕਟੋਰੇਟ ਗੁਰਦੁਆਰਾ ਚੋਣਾਂ ਵੱਲੋਂ 25 ਜੂਨ ਨੂੰ ਕਮੇਟੀ ਦੀਆਂ ਕਰਵਾਈਆਂ ਜਾ ਰਹੀਆਂ ਚੋਣਾਂ ਵਿਚ ਸਿੰਘ ਸਭਾਵਾਂ ਦੇ ਦੋ ਚੁਣੇ ਗਏ ਮੈਂਬਰਾਂ ਦੇ ਵੋਟਿੰਗ ਹੱਕ ਖੋਹਣ ਲਈ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਵੱਲੋਂ ਪਾਈ ਪਟੀਸ਼ਨ 'ਤੇ ਉਹਨਾਂ ਦੀਆਂ ਦਲੀਲਾਂ ਰੱਦ ਕਰਨਾ ਦੋਵਾਂ ਆਗੂਆਂ ਦੇ ਮੂੰਹ 'ਤੇ ਕਰਾਰੀ ਚਪੇੜ ਹੈ।

ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਪਰਮਜੀਤ ਸਿੰਘ ਸਰਨਾ ਤੇ ਮਨਜੀਤ ਸਿੰਘ ਜੀ.ਕੇ. ਦੇ ਬਹੁ ਗਿਣਤੀ ਮੈਂਬਰ ਪਹਿਲਾਂ ਹੀ ਸ਼੍ਰੋਮਣੀ ਅਕਾਲੀ ਦਲ ਦਿੱਲੀ ਸਟੇਟ ਵਿਚ ਸ਼ਾਮਲ ਹੋ ਚੁੱਕੇ ਹਨ। ਸਿੰਘ ਸਭਾਵਾਂ ਦੇ ਚੁਣੇ ਗਏ ਮੈਂਬਰ ਕਸ਼ਮੀਰ ਸਿੰਘ ਤੇ ਮਲਕੀਤ ਸਿੰਘ ਵੀ ਸਾਡੀ ਟੀਮ ਦੇ ਨਾਲ ਹਨ।

ਉਹਨਾਂ ਕਿਹਾ ਕਿ ਵਿਰੋਧੀ ਸਾਡੇ ਮੈਂਬਰਾਂ ਦੇ ਵੋਟ ਦਾ ਹੱਕ ਖੋਹਣ ਵਾਸਤੇ ਅਦਾਲਤ ਪਹੁੰਚ ਗਏ ਸਨ, ਪਰ ਮਾਣਯੋਗ ਜੱਜਾਂ ਨੇ ਸਾਰੀਆਂ ਦਲੀਲਾਂ ਸੁਣਨ ਤੋਂ ਬਾਅਦ ਇਹ ਹੁਕਮ ਸੁਣਾਇਆ ਹੈ ਕਿ ਦੋਵੇਂ ਮੈਂਬਰ 25 ਜੂਨ ਨੂੰ ਹੋ ਰਹੀ ਚੋਣ ਵਿਚ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨਗੇ। ਉਹਨਾਂ ਕਿਹਾ ਕਿ ਅਸੀਂ ਕਮੇਟੀ ਦੇ ਵਕੀਲਾਂ ਦਾ ਵੀ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਅਦਾਲਤ ਅੱਗੇ ਪਿਛਲੇ ਸਮੇਂ ਵਿਚ ਹੋਈ ਸਾਰੀ ਬੇਇਨਸਾਫੀ ਤੇ ਸਾਰਾ ਸੱਚ ਰੱਖਿਆ, ਜਿਸ ਤੋਂ ਸਹਿਮਤ ਹੁੰਦਿਆਂ ਮਾਣਯੋਗ ਜੱਜਾਂ ਨੇ ਵਿਰੋਧੀਆਂ ਦੀ ਦਲੀਲ ਰੱਦ ਕਰ ਕੇ ਫੈਸਲਾ ਸੁਣਾਇਆ ਹੈ ਕਿ ਦੋਵੇਂ ਮੈਂਬਰ ਵੋਟ ਪਾਉਣ ਦਾ ਹੱਕ ਰੱਖਦੇ ਹਨ।

# ਪੰਥ ਤੇ ਪੰਜਾਬੀਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਗੌੜੇ ਹੋਣਾ ਬਰਦਾਸ਼ਤ ਨਹੀਂ, ਲੋਕ ਫ਼ਤਵੇ ਨੂੰ ਕਬੂਲਦੇ ਪਾਰਟੀ 'ਪੰਥ' ਹਵਾਲੇ ਕਰੋ : ਰੱਖੜਾ

## ਸੁਖਬੀਰ ਦੀ ਅਗਵਾਈ, ਚਾਹੇ ਓਹ ਪਾਰਟੀ ਪ੍ਰਧਾਨ ਦੇ ਰੂਪ ਵਿੱਚ ਸੀ ਜਾਂ ਹੁਣ ਇੱਕ ਧੜੇ ਦੇ ਮੁਖੀ ਵਜੋਂ, 'ਲੋਕਾਂ ਨੇ ਪੂਰੀ ਤਰਾਂ ਨਕਾਰ ਦਿੱਤੀ' : ਢੀਂਡਸਾ

ਚੰਡੀਗੜ੍ਹ, 23 ਜੂਨ, (ਅੰਮ੍ਰਿਤਪਾਲ ਸਿੰਘ) : ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਘੁੰਮਣ ਦੀ ਹੋਈ ਸ਼ਰਮਨਾਕ ਹਾਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਹਿਤੈਸ਼ੀ ਆਗੂਆਂ ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ ਅਤੇ ਪ੍ਰਮਿੰਦਰ ਸਿੰਘ ਢੀਂਡਸਾ ਨੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਹੈ। ਮੀਡੀਆ ਨੂੰ ਜਾਰੀ ਆਪਣੇ ਬਿਆਨ ਵਿੱਚ ਦੋਹਾਂ ਆਗੂਆਂ ਨੇ ਕਿਹਾ ਕਿ ਹਲਕੇ ਵਿੱਚ ਚੋਖੀ ਸਿੱਖ ਵੋਟਰ ਦੀ ਗਿਣਤੀ ਦੇ ਬਾਵਜੂਦ ਪੰਥ ਦੀ ਨੁਮਾਇਦਾ ਜਮਾਤ, 'ਜੋ ਹੁਣ ਧੜੇ ਦੇ ਰੂਪ ਵਿੱਚ ਹੈ' ਦੇ ਉਮਦੀਵਾਰ ਦੀ ਸ਼ਰਮਨਾਕ ਹਾਰ ਅਤੇ ਜ਼ਮਾਨਤ ਤੱਕ ਜ਼ਬਤ ਹੋਣਾ ਸਾਫ ਕਰਦਾ ਹੈ ਕਿ ਸਿੱਖ ਵੋਟਰ ਬਹੁਤ ਜ਼ਿਆਦਾ ਨਰਾਜ਼ ਹੈ। ਜੋ ਵੋਟ ਪਈ ਉਸ ਵੋਟ ਵਿੱਚ ਵੀ ਉਮੀਦਵਾਰ ਦੇ ਕਿਰਦਾਰ ਤੇ ਕੰਮਾਂ ਦੀ ਵੀ ਵੱਡੇ ਹਿੱਸੇ ਦੀ ਵੋਟ ਸ਼ਾਮਲ ਹੈ। ਕਿਉਂਕਿ ਜਿੱਥੇ ਉਹ ਬਾਰ ਦੇ ਪੰਜ ਵਾਰ ਪ੍ਰਧਾਨ ਰਹੇ, ਉੱਥੇ ਓਹਨਾਂ ਕਈ ਵੱਡੇ ਕੇਸਾਂ ਵਿੱਚ ਵੀ ਮੁਫਤ ਕੇਸ ਲੜਕੇ ਇਨਸਾਫ਼ ਦੁਆਇਆ ਸੀ। ਜਾਰੀ ਬਿਆਨ ਵਿੱਚ ਆਗੂਆਂ ਨੇ ਕਿਹਾ ਕਿ, ਪਹਿਲਾਂ ਪਾਰਟੀ ਪ੍ਰਧਾਨ ਦੇ ਰੂਪ ਵਿੱਚ ਅਤੇ ਹੁਣ ਇੱਕ ਧੜੇ ਦੀ ਮੁਖੀ ਵਜੋਂ ਵੀ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਨੂੰ ਸੰਗਤ ਨੇ ਬੁਰੀ ਤਰਾਂ ਨਕਾਰ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦਾ ਕੋਈ ਵੀ ਨੁਮਾਇੰਦਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭਗੌੜੇ ਹੋਵੇ, ਇਹ ਸਿੱਖ ਸੰਗਤ ਤੇ ਪੰਜਾਬੀਆਂ ਨੂੰ ਕਦੇ ਵੀ ਬਰਦਾਸ਼ਤ ਨਹੀ ਹੈ ਇਸ ਲਈ ਬਿਨਾ ਦੇਰ ਕੀਤੇ ਤੁਰੰਤ ਪੰਥ ਦੀ ਨੁਮਾਇੰਦਾ ਜਮਾਤ (ਸ਼੍ਰੋਮਣੀ ਅਕਾਲੀ ਦਲ) ਪੰਥ ਹਵਾਲੇ ਕਰਨੀ ਚਾਹੀਦੀ ਹੈ।





ਮੀਡੀਆ ਨੂੰ ਜਾਰੀ ਬਿਆਨ ਵਿੱਚ ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ, ਵੈਸੇ ਤਾਂ ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਤੋਂ ਬਾਅਦ ਹੀ ਸੁਖਬੀਰ ਬਾਦਲ ਨੂੰ ਸਰਗਰਮ ਸਿਆਸਤ ਤੋਂ ਪਾਸੇ ਹਟ ਜਾਣਾ ਚਾਹੀਦਾ ਸੀ ਪਰ ਉਹਨਾਂ ਦੀ ਜ਼ਿਦ ਅਤੇ ਵਨ ਮੈਨ ਸ਼ੋਅ ਵਾਲੀ ਰਾਜਨੀਤਿਕ ਭੁਲੇਖਾ ਪਾਲੂ ਸਿਆਸਤ ਦਾ ਇਸ ਸ਼ਰਮਨਾਕ ਹਾਰ ਕਾਰਨ ਅੰਤ ਹੋ ਗਿਆ ਹੈ। ਰੱਖੜਾ ਨੇ ਕਿਹਾ ਕਿ ਸੁਖਬੀਰ ਬਾਦਲ ਨੂੰ ਜਨਤਾ ਦੇ ਫਤਵੇ ਦਾ ਸਤਿਕਾਰ ਕਰਨਾ ਚਾਹੀਦਾ ਹੈ। ਜ਼ਿੱਦ, ਹੱਠ ਨਾਲ ਕਦੇ ਕੋਈ ਆਦਮੀ ਕਾਮਯਾਬ ਨਹੀਂ ਹੋ ਸਕਦਾ। ਸੁਖਬੀਰ ਸਿੰਘ ਬਾਦਲ ਨੂੰ ਓਹਨਾਂ ਸਲਾਹ ਦਿੰਦੇ ਕਿਹਾ ਕਿ, ਜੇਕਰ ਸੁਖਬੀਰ ਸਿੰਘ ਬਾਦਲ ਨੇ ਸਿਆਸੀ ਸਫਾਂ ਵਿੱਚ ਆਪਣੇ ਆਪ ਨੂੰ ਬਣਾਏ ਰੱਖਣਾ ਚਾਹੁੰਦੇ ਹਨ ਤਾਂ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਕੀਤੀ ਅਵੱਗਿਆ ਲਈ ਓਹ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਜਾਕੇ ਆਪਣੀ ਭੁੱਲ ਜਰੂਰ ਬਖਸ਼ਾਉਣ, ਗੁਰੂ ਦਾ ਦਰ ਬਖਸ਼ਿੰਦ ਹੈ। 2007 ਵਿੱਚ ਜਾਰੀ ਹੁਕਮਨਾਮਾ ਸਾਹਿਬ ਦੀ 2015 ਵਿੱਚ ਕੀਤੀ ਅਵੱਗਿਆ ਤੋ ਸ਼ੁਰੂ ਹੋਇਆ ਸਿਆਸੀ ਘਾਣ ਓਨਾਂ ਸਮਾਂ ਰੁਕਣ ਵਾਲਾ ਨਹੀਂ, ਜਦੋਂ ਤੱਕ 2007 ਦੇ ਹੁਕਮਨਾਮਾ ਸਮੇਤ ਦੋ ਦਬੰਸਰ ਨੂੰ ਜਾਰੀ ਹੁਕਮਨਾਮਾ ਸਾਹਿਬ ਦੀ ਅਵੱਗਿਆ ਲਈ ਸੱਚੇ ਮਨ ਤੋ ਮੁਆਫੀ ਨਹੀਂ ਮੰਗੀ ਜਾਂਦੀ। ਕਿਉਂਕਿ ਤਖ਼ਤ ਤੋਂ ਬਾਗ਼ੀ ਹੋਇਆ ਨੂੰ ਹਮੇਸ਼ਾ ਧੱਕੇ ਮਿਲਦੇ ਹਨ।

ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ, 'ਹਾਰ ਦਰ ਹਾਰ' ਅਤੇ ਓਹ ਵੀ ਜਮਾਨਤ ਜ਼ਬਤ ਰੂਪ ਵਿੱਚ ਸ਼ਰਮਨਾਕ ਹਾਰ ਦਾ ਲਗਾਤਾਰ ਸਿਲਸਿਲਾ ਜਾਰੀ ਰਹਿਣਾ ਸਾਫ ਕਰਦਾ ਹੈ ਕਿ ਸੁਖਬੀਰ ਬਾਦਲ ਆਪਣੀ ਬਤੌਰ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਪਹਿਲਾਂ ਹੀ ਅਗਵਾਈ ਗੁਆ ਚੁੱਕੇ ਸਨ ਅਤੇ ਹੁਣ ਬਤੌਰ ਇੱਕ ਧੜੇ ਦੇ ਮੁਖੀ ਵਜੋਂ ਵੀ ਸਿਆਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੇ ਹੋਣ ਦਾ ਪ੍ਰਮਾਣ ਪ੍ਰਾਪਤ ਕਰ ਗਏ ਹਨ। ਢੀਂਡਸਾ ਨੇ ਸੁਖਬੀਰ ਧੜੇ ਵਿੱਚ ਬੈਠੇ ਅਕਾਲੀ ਸੋਚ ਦੇ ਹਿਤੈਸ਼ੀ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ,ਓਹ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਪੂਰਨ ਰੂਪ ਵਿੱਚ ਸਮਰਪਿਤ ਹੁੰਦੇ ਹੋਏ ਜਾਰੀ ਭਰਤੀ ਮੁਹਿੰਮ ਦਾ ਹਿੱਸਾ ਬਣਨ ਅਤੇ ਨਵੀਂ ਲੀਡਰਸ਼ਿਪ ਦੀ ਅਗਵਾਈ ਹੇਠ ਪੰਥਕ ਪਾਰਟੀ ਨੂੰ ਮਜ਼ਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਉਣ।

## ਸੰਪਾਦਕੀ

# ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜੇ

ਦਿੱਲੀ ਵਿਚ ਚੋਣ ਹਾਰਨ ਪਿੱਛੋਂ ਤਾਜ਼ਾ ਆਏ ਜ਼ਿਮਨੀ ਚੋਣ ਦੇ ਨਤੀਜਿਆਂ ਨੇ ਆਮ ਆਦਮੀ ਪਾਰਟੀ ਨੂੰ ਆਕਸੀਜਨ ਦਾ ਕੰਮ ਦਿੱਤਾ ਹੈ। ਪਰ ਨਾਲ ਹੀ ਇਹ ਵੀ ਸੋਚਣਾ ਪਵੇਗਾ ਕਿ ਏਨੀ ਤਾਕਤ ਝੋਕਣ ਪਿੱਛੋਂ ਜਿੱਤ ਦਾ ਫੀਸਦ ਸਿਮਟ ਕੇ ਆਇਆ ਹੈ। ਪਿਛਲੇ 25 ਦਿਨਾਂ ਤੋਂ ਸਰਕਾਰ ਦੇ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਵਰਕਰ ਪੱਛਮੀ ਹਲਕੇ ਵਿਚ ਚੱਪੇ-ਚੱਪੇ ਵਿਚ ਛਾਏ ਹੋਏ ਸਨ। ਭਾਵੇਂ ਚੋਣ ਜ਼ਾਬਤੇ ਕਰਕੇ ਖੁੱਲ੍ਹੇਆਮ ਕੋਈ ਐਲਾਨ ਨਹੀਂ ਹੋ ਸਕਦਾ ਸੀ ਪਰ ਅੰਦਰਖਾਤੇ ਵਾਇਦੇ ਹੁੰਦੇ ਰਹੇ। ਇੱਕ ਗੱਲ ਆਮ ਆਦਮੀ ਪਾਰਟੀ ਦੇ ਹੱਕ ਵਿਚ ਇਹ ਰਹੀ ਕਿ ਉਨ੍ਹਾਂ ਦਾ ਉਮੀਦਵਾਰ ਮਿਹਨਤੀ ਅਤੇ ਉਸਦਾ ਰਾਜ ਸਭਾ ਮੈਂਬਰ ਹੁੰਦਿਆਂ ਵਿਕਾਸ ਕਰਨ ਅਤੇ ਆਮ ਲੋਕਾਂ ਦੇ ਕੰਮ ਆਉਣ ਦਾ ਇਤਿਹਾਸ ਹੈ। ਬਾਕੀ ਵੋਟਰ ਅੱਜਕੱਲ ਬਹੁਤ ਸੁਚੇਤ ਹੈ ਤੇ ਉਹ ਜਾਣਦੇ ਹਨ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਕਰੀਬ ਡੇਢ ਸਾਲ ਬਾਕੀ ਹੈ ਅਤੇ ਉਹ ਵਿਕਾਸ ਅਤੇ ਨਿੱਜੀ ਕੰਮਾਂ ਕਾਰਨ ਸਰਕਾਰ ਦੀ ਨਰਾਜ਼ਗੀ ਨਹੀਂ ਸੀ ਲੈਣਾ ਚਾਹੁੰਦੇ। ਜਿਸ ਤਰ੍ਹਾਂ ਨਾਲ ਇਹ ਚੋਣ ਲੜੀ ਗਈ, ਇਹ ਕਿਸੇ ਮਹਾਂ ਦੰਗਲ ਤੋਂ ਘੱਟ ਨਹੀਂ ਸੀ। ਇਕ ਗੱਲ ਇਹ ਵੀ ਹੈ ਕਿ ਸੱਤਾਧਾਰੀ ਪਾਰਟੀ ਨੇ ਇਹ ਚੋਣ ਪੂਰੀ ਇਕਮੁੱਠਤਾ ਨਾਲ ਲੜੀ। ਬਾਕੀ ਸੱਤਾਧਾਰੀ ਧਿਰ ਕੋਲ ਹੋਰ ਵੀ ਰਸਤੇ ਸਨ। ਸਿੱਧੇ ਜਾਂ ਅਸਿੱਧੇ ਰੂਪ ਵਿਚ ਸਰਕਾਰੀ ਤੰਤਰ ਵੀ ਉਸਦੇ ਹੱਕ ਵਿਚ ਹੁੰਦਾ ਹੈ। ਵਿਰੋਧੀ ਪਾਰਟੀਆਂ ਵਿਚੋਂ ਕਾਂਗਰਸ ਦੀ ਪਰਫਾਰਮੈਂਸ ਚੰਗੀ ਰਹੀ ਪਰ ਜਿੱਤਣ ਦਾ ਸੁਪਨਾ ਪੂਰਾ ਨਹੀਂ ਕਰ ਸਕੀ। ਉਸਦੇ ਆਗੂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਸਰਕਾਰੀ ਧਿਰ ਨੇ ਖੂਬ ਪ੍ਰਚਾਰਿਆ। ਬਾਕੀ ਕਾਂਗਰਸ ਵਿਚ ਧੜੇਬੰਦੀ ਵੀ ਹਾਰ ਦਾ ਕਾਰਨ ਬਣੀ। ਭਾਜਪਾ ਲਈ ਰਾਹਤ ਦੀ ਵਜ੍ਹਾ ਇਹ ਹੈ ਕਿ ਹੁਣ ਤਕ ਦੀਆਂ ਚੋਣਾਂ ਵਿਚ ਉਹ ਲਗਾਤਾਰ ਆਪਣੀ ਪ੍ਰਤੀਸ਼ਤਤਾ ਸੁਧਾਰ ਰਹੀ ਹੈ। ਅਜਿਹੇ ਆਲਮ ਦੇ ਚਲਦਿਆਂ ਜੇਕਰ 2027 ਦੀਆਂ ਚੋਣਾਂ ਵਿਚ ਜੇਕਰ ਅਕਾਲੀ ਦਲ ਅਤੇ ਭਾਜਪਾ ਦਾ ਗੱਠਜੋੜ ਹੁੰਦਾ ਹੈ ਤਾਂ ਉਹ ਹੁਣ ਵੱਡਾ ਭਰਾ ਬਣ ਕੇ ਸਮਝੌਤਾ ਕਰੇਗੀ। ਕਿਉਂਕਿ ਪਹਿਲਾਂ ਉਹ ਅਕਾਲੀ ਦਲ ਦੀ ਚੜ੍ਹਤ ਕਾਰਨ ਪਿੱਛੇ ਲੱਗ ਕੇ ਸਮਝੌਤਾ ਕਰਦੀ ਰਹੀ ਹੈ। ਅਜਿਹੇ ਵਿਚ ਉਸਨੂੰ ਅਕਾਲੀ ਦਲ ਦੇ ਕਈ ਫੈਸਲੇ ਨਾ ਚਾਹੁੰਦਿਆਂ ਵੀ ਮੰਨਣੇ ਪੈਂਦੇ ਸਨ। ਅਕਾਲੀ ਦਲ ਸਭ ਤੋਂ ਫਾਡੀ ਰਿਹਾ ਅਤੇ ਉਸਨੂੰ ਆਪਣੇ ਅੰਦਰ ਝਾਤ ਮਾਰਨ ਦੀ ਜ਼ਰੂਰਤ ਹੈ। ਸੱਚ ਹੈ ਕਿ ਅਕਾਲੀ ਦਲ ਵੱਲੋਂ ਸੱਤਾ ਸਮੇਂ ਕੀਤੀਆਂ ਗਲਤੀਆਂ ਨੂੰ ਹਾਲੇ ਤਕ ਪੰਜਾਬੀਆਂ ਨੇ ਮੁਆਫ ਨਹੀਂ ਕੀਤਾ। ਆਮ ਆਦਮੀ ਪਾਰਟੀ ਦੀ ਸਰਕਾਰ ਨੇ ਜੋ ਬਿਜਲੀ ਮੁਆਫੀ ਲੋਕਾਂ ਨੂੰ ਦਿੱਤੀ ਹੈ ਉਹ ਜ਼ਿਮਨੀ ਚੋਣਾਂ ਦੌਰਾਨ ਲਾਹੇਵੰਦ ਸਾਬਤ ਹੋਈ ਹੈ ਕਿਉਂਕਿ ਬਿਜਲੀ ਮੁਆਫੀ ਦਾ ਫਾਇਦਾ ਹਰ ਵਰਗ ਦੇ ਲੋਕਾਂ ਨੂੰ ਹੋਇਆ ਹੈ। ਭ੍ਰਿਸ਼ਟਾਚਾਰ ਬਾਰੇ ਵੀ ਇਸਦੀਆਂ ਨੀਤੀਆਂ ਦੇ ਲੋਕਾਂ ਉਪਰ ਚੰਗਾ ਪ੍ਰਭਾਵ ਹੈ। ਭਾਵੇਂ ਖੇਤੀ ਸੈਕਟਰ ਨੂੰ ਮਿਲਣ ਵਾਲੀ ਨਿਰਵਿਘਨ ਬਿਜਲੀ ਸਪਲਾਈ ਦਾ ਲੁਧਿਆਣਾ ਪੱਛਮੀ ਹਲਕੇ ਦਾ ਲੋਕਾਂ ਨਾਲ ਸਿੱਧਾ ਵਾਹ ਵਾਸਤਾ ਨਹੀਂ ਪਰ ਸਰਕਾਰ ਵੱਲੋਂ ਕੀਤੇ ਪ੍ਰਚਾਰ ਦਾ ਹਾਂ ਪੱਖੀ ਪ੍ਰਭਾਵ ਜ਼ਰੂਰ ਗਿਆ ਹੈ। ਪਿਛਲੇ ਸਮੇਂ ਦੌਰਾਨ ਸਰਕਾਰ ਨੇ ਉਦਯੋਗਪਤੀਆਂ ਅਤੇ ਦੁਕਾਨਦਾਰਾਂ ਦੇ ਹਿੱਤ ਵਿਚ ਕਾਫੀ ਫੈਸਲੇ ਲਈ ਹਨ, ਉਨ੍ਹਾਂ ਦਾ ਵੀ ਸੱਤਾਧਾਰੀ ਧਿਰ ਨੂੰ ਹਾਂ ਪੱਖੀ ਫਾਇਦਾ ਮਿਲਿਆ ਹੈ। ਪਰ ਇੱਕ ਗੱਲ ਆਮ ਆਦਮੀ ਪਾਰਟੀ ਦੇ ਜੋ ਹੱਕ ਵਿਚ ਜਾਂਦੀ ਹੈ। ਉਹ ਇਹ ਹੈ ਕਿ ਉਸਦੀ ਲੋਕਪ੍ਰਿਯਤਾ ਪਹਿਲਾਂ ਨਾਲੋਂ ਮਨਫੀ ਹੋਈ ਹੈ। ਪਰ ਹਾਲੇ ਡੇਢ ਸਾਲ ਦਾ ਵਕਫਾ ਚੋਣਾਂ ਵਿਚ ਬਾਕੀ ਹੈ ਜੇਕਰ ਉਹ ਚਾਹੇ ਤਾਂ ਲੋਕ ਪੱਖੀ ਫੈਸਲੇ ਲੈ ਕੇ ਆਪਣੀ ਸਥਿਤੀ ਵਿਚ ਸੁਧਾਰ ਕਰ ਸਕਦੀ ਹੈ। ਭਾਜਪਾ ਅਤੇ ਅਕਾਲੀ ਦਲ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਦੁਬਾਰਾ ਸੱਤਾ ਵਿਚ ਆਉਣ ਲਈ ਉਨ੍ਹਾਂ ਨੂੰ ਸਮਝੌਤਾ ਕਰਨਾ ਹੀ ਪਵੇਗਾ। ਇਸ ਬਿਨਾਂ ਉਨ੍ਹਾਂ ਦੀ ਸੱਤਾ ਪ੍ਰਾਪਤੀ ਦੀ ਹਸਰਤ ਪੂਰੀ ਨਹੀਂ ਹੋ ਸਕਦੀ। ਭਾਜਪਾ ਨੂੰ ਹਾਲੇ ਪੰਜਾਬੀਆਂ ਨੇ ਮੁਆਫ ਨਹੀਂ ਕੀਤਾ ਹੈ ਅਤੇ ਕਿਸਾਨ ਅੰਦੋਲਨ ਨੂੰ ਤਾਰਪੀਡੋ ਕਰਨ ਦੇ ਦੋਸ਼ ਦਾ ਉਹ ਹਾਲੇ ਵੀ ਸਾਹਮਣਾ ਕਰ ਰਹੀ ਹੈ। ਇਹੀ ਦੋਸ਼ ਆਮ ਆਦਮੀ ਪਾਰਟੀ 'ਤੇ ਵੀ ਲੱਗਦਾ ਹੈ, ਜਿਸਨੇ ਸ਼ੰਭੂ ਅਤੇ ਖਨੌਰੀ ਬਾਰਡਰਾਂ ਤੋਂ ਸ਼ਾਂਤੀਪੂਰਵਕ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਨੂੰ ਖਦੇੜਿਆ। 2027 ਵਿਚ ਕਾਂਗਰਸ ਚਮਤਕਾਰ ਕਰਨ ਦੀ ਸਥਿਤੀ ਵਿਚ ਹੈ ਪਰ ਉਸਨੂੰ ਵੀ ਗੁਟਬੰਦੀ ਤੋਂ ਉਭਰਨਾ ਪਵੇਗਾ ਅਤੇ ਇਕਮੁੱਠ ਹੋ ਕੇ ਚੱਲਣਾ ਪਵੇਗਾ। ਕੁਝ ਵੀ ਹੋਵੇ ਲੁਧਿਆਣਾ ਦੀ ਜ਼ਿਮਨੀ ਚੋਣ ਵਿਚ ਸਾਰੀਆਂ ਹੀ ਪਾਰਟੀਆਂ ਨੇ ਰੱਜਕੇ ਜ਼ੋਰ ਲਾਇਆ ਤੇ ਇਨ੍ਹਾਂ ਚੋਣਾਂ ਵਿਚ ਸ਼ੀਸ਼ਾ ਵੀ ਦਿਖਾਇਆ ਹੈ।

-ਜਗਜੀਤ ਸਿੰਘ ਦਰਦੀ

## ਲੁਧਿਆਣਾ ਜ਼ਿਮਨੀ ਚੋਣ ਵਿੱਚ ਫਿਰ ਚੱਲਿਆ ਝਾੜੂ

# ਕੀ ਲੁਧਿਆਣਾ ਜ਼ਿਮਨੀ ਚੋਣ ਦੇ ਨਤੀਜੇ ਪੰਜਾਬ ਦੀ ਸਿਆਸਤ ਨੂੰ ਬਦਲ ਸਕਦੇ ਨੇ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ



ਪੰਜਾਬ ਦੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਨਤੀਜਿਆਂ ਨੇ ਇੱਕ ਵਾਰ ਫਿਰ ਆਮ ਆਦਮੀ ਪਾਰਟੀ ਝਾੜੂ ਦੇ ਹੱਕ ਵਿੱਚ ਫ਼ਤਵਾ ਦਿੱਤਾ ਹੈ, ਹਾਲਾਂਕਿ ਇਹ ਜਿੱਤ ਪਹਿਲਾਂ ਹੀ ਤੈਅ ਮੰਨੀ ਜਾ ਰਹੀ ਸੀ ਕਿਉਂਕਿ ਹਾਕਮ ਪਾਰਟੀ ਨੇ ਇੱਥੇ ਹਰ ਵਸੀਲਾ ਤੇ ਹਰ ਜ਼ਰੀਆ ਚੋਣ ਪ੍ਰਚਾਰ 'ਤੇ ਪੂਰੀ ਤਰ੍ਹਾਂ ਝੋਕਿਆ ਹੋਇਆ ਸੀ।

ਪੰਜਾਬ ਦੇ ਮਨਿਸਟਰਾਂ ਦੀਆਂ ਡਿਊਟੀਆਂ ਅਤੇ ਐਲਾਨ ਜੋ ਕੁੱਝ ਵੀ ਹੋ ਸਕਦਾ ਸੀ, ਉਹ ਕੀਤਾ ਗਿਆ ਸੀ, ਹਾਲਾਂਕਿ ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਦੇ ਸਿਰੜ ਦਾ ਵੀ ਇੱਥੇ ਇੱਕ ਸਖ਼ਤ ਮੁਕਾਬਲਾ ਸੀ, ਜਿਸ ਵਿੱਚ ਸਾਰੀਆਂ ਉੱਘੀਆਂ ਪਾਰਟੀਆਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲੈ ਕੇ ਇਸ ਨੂੰ ਸਖ਼ਤ ਚੌਤਰਫਾ ਮਾਮਲਾ ਬਣਾਇਆ ਅਤੇ ਹੁਣ ਜੋ ਰਿਜ਼ਲਟ ਆਇਆ ਹੈ, ਉਸ ਦੇ ਵਿੱਚ ਹੋਇਆ ਉਲਟਫੇਰ ਸਿਰਫ ਐਨਾ ਹੈ ਕਿ ਭਾਜਪਾ ਦਾ ਵੋਟ ਬੈਂਕ ਵਧਿਆ ਹੈ ਤੇ ਉਹ ਤੀਜੇ ਪੜਾਅ 'ਤੇ ਪਹੁੰਚ ਗਈ ਹੈ। ਜਦਕਿ ਸ਼੍ਰੋਮਣੀ ਅਕਾਲੀ ਦਲ ਤੋਂ ਉਮੀਦ ਕੀਤੀ ਜਾਂਦੀ ਸੀ ਕਿ ਉਹ ਇਸ ਵਾਰ ਚੰਗੀ ਪਰਫੋਰਮੈਂਸ ਕਰੇਗਾ ਪਰੰਤੂ ਉਹ ਫਿਰ ਵੀ 8000 ਤੋਂ ਜ਼ਿਆਦਾ ਵੋਟਾਂ ਲੈ ਕੇ ਚੌਥੇ ਅਰਥਾਤ ਆਖ਼ਰੀ ਸਥਾਨ 'ਤੇ ਰਿਹਾ ਹੈ, ਜਿਸ ਦੀ ਉਮੀਦ ਨਹੀਂ ਸੀ ਪਰੰਤੂ ਫਿਰ ਵੀ ਇਹ ਵੇਲਾ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਅੰਦਰ ਝਾਕਣ ਦਾ ਹੈ।

ਲੁਧਿਆਣਾ ਪੱਛਮੀ ਜ਼ਿਮਨੀ ਚੋਣ 2025 ਦੇ ਨਤੀਜਿਆਂ ਦਾ ਵਿਸਥਾਰਤ ਵਿਸ਼ਲੇਸ਼ਣ ਅਤੇ ਰਾਜਨੀਤਕ ਪ੍ਰਭਾਵ ਕੀ ਪਵੇਗਾ ਇਹ ਜਾਣਨਾ ਦਿਲਚਸਪ ਹੋਵੇਗਾ।

ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਵਿੱਚ 19 ਜੂਨ 2025 ਨੂੰ ਹੋਈ ਜ਼ਿਮਨੀ ਚੋਣ ਦੇ ਨਤੀਜੇ ਕੱਲ 23 ਜੂਨ 2025 ਨੂੰ ਐਲਾਨੇ ਗਏ। ਇਹ ਚੋਣ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਗੁਰਪ੍ਰੀਤ ਗੋਗੀ ਦੀ ਗੋਲੀ ਲੱਗਣ ਕਾਰਨ ਮੌਤ ਤੋਂ ਬਾਅਦ ਖਾਲੀ ਹੋਈ ਸੀਟ ਲਈ ਕਰਵਾਈ ਗਈ ਸੀ। ਇਸ ਜ਼ਿਮਨੀ ਚੋਣ ਵਿੱਚ ਪੰਜਾਬ ਦੀਆਂ ਮੁੱਖ ਰਾਜਨੀਤਿਕ ਪਾਰਟੀਆਂ—ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਅਤੇ ਭਾਰਤੀ ਜਨਤਾ ਪਾਰਟੀ(ਭਾਜਪਾ)—ਵਿਚਕਾਰ ਸਖ਼ਤ ਮੁਕਾਬਲਾ ਦੇਖਣ ਨੂੰ ਮਿਲਿਆ ਹੈ।

ਇਸ ਦੇ ਚੋਣ ਦੇ ਨਤੀਜਿਆਂ ਅਤੇ ਇਸ ਦੇ ਰਾਜਨੀਤਕ ਪ੍ਰਭਾਵ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੇ ਸੰਭਾਵੀ ਗਠਜੋੜ ਦੀ ਸੰਭਾਵਨਾ ਅਤੇ ਇਸ ਚੋਣ ਦੇ ਸੁਨੇਹੇ ਦਾ ਵਿਸਥਾਰਤ ਵਿਸ਼ਲੇਸ਼ਣ ਕਰਾਂਗੇ।

ਇਸ ਜ਼ਿਮਨੀ ਚੋਣ ਦੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਵਿੱਚ 14 ਉਮੀਦਵਾਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ, ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ, ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ, ਅਤੇ ਭਾਜਪਾ ਦੇ ਜੀਵਨ ਗੁਪਤਾ ਵਿਚਕਾਰ ਸੀ। ਵੋਟਿੰਗ 19 ਜੂਨ ਨੂੰ ਹੋਈ, ਜਿਸ ਵਿੱਚ 1,75,469 ਵੋਟਰਾਂ ਵਿੱਚੋਂ 51.33% ਨੇ ਵੋਟ ਪਾਈ। ਜਿਸ ਦਿਨ ਨਤੀਜੇ ਪਿੱਛੋਂ ਆਪ ਦੇ ਸੰਜੀਵ ਅਰੋੜਾ ਜੇਤੂ ਘੋਸ਼ਿਤ ਕੀਤੇ ਗਏ ਅਤੇ ਕਾਂਗਰਸ ਦੇ ਆਸ਼ੂ ਦੋ ਨੰਬਰ 'ਤੇ ਅਤੇ ਭਾਰਤੀ ਜਨਤਾ ਪਾਰਟੀ ਦੇ ਜੀਵਨ ਗੁਪਤਾ ਤੀਜੇ ਨੰਬਰ 'ਤੇ ਅਤੇ ਅਕਾਲੀ ਦਲ ਦੇ ਸ੍ਰੀ ਘੁੰਮਣ ਚੌਥੇ ਨੰਬਰ 'ਤੇ ਰਹੇ ਹਨ।

ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ, ਜੋ ਕਿ ਰਾਜ ਸਭਾ ਮੈਂਬਰ ਅਤੇ ਲੁਧਿਆਣਾ ਦੇ ਜਾਣੇ-ਪਛਾਣੇ ਉਦਯੋਗਪਤੀ ਹਨ, ਨੂੰ 'ਆਪ' ਨੇ ਮੈਦਾਨ ਵਿੱਚ ਉਤਾਰਿਆ ਸੀ। ਪੰਜਾਬ ਵਿੱਚ 'ਆਪ' ਦੀ ਸਰਕਾਰ ਹੋਣ ਦੇ ਲਾਭ ਅਤੇ ਸੰਜੀਵ ਅਰੋੜਾ ਦੀ ਸਮਾਜ ਭਲਾਈ ਦੀਆਂ ਗਤੀਵਿਧੀਆਂ ਕਾਰਨ ਉਨ੍ਹਾਂ ਨੂੰ ਮਜ਼ਬੂਤ ਸਮਰਥਨ ਮਿਲਿਆ। ਪਿਛਲੀਆਂ ਜ਼ਿਮਨੀ ਚੋਣਾਂ ਦੇ ਰੁਝਾਨਾਂ ਨੂੰ ਦੇਖਦੇ ਹੋਏ, 'ਆਪ' ਦੀ ਜਿੱਤ ਦੀ ਸੰਭਾਵਨਾ ਜ਼ਿਆਦਾ ਸੀ। ਕਾਂਗਰਸ ਭਾਰਤ ਭੂਸ਼ਣ ਆਸ਼ੂ, ਜੋ 2012 ਅਤੇ 2017 ਵਿੱਚ ਇਸ ਸੀਟ ਤੋਂ ਵਿਧਾਇਕ ਰਹਿ ਚੁੱਕੇ ਹਨ, ਨੂੰ ਕਾਂਗਰਸ ਨੇ ਮੁੜ ਮੈਦਾਨ ਵਿੱਚ ਉਤਾਰਿਆ। ਉਨ੍ਹਾਂ ਦਾ ਇਲਾਕੇ ਵਿੱਚ ਮਜ਼ਬੂਤ ਪ੍ਰਭਾਵ ਸੀ, ਪਰ 2022 ਵਿੱਚ 'ਆਪ' ਦੀ ਲਹਿਰ ਕਾਰਨ ਉਹ ਹਾਰ ਗਏ ਸਨ। ਇਸ ਵਾਰ ਵੀ ਉਨ੍ਹਾਂ ਨੇ ਸਖ਼ਤ ਮੁਕਾਬਲਾ ਦਿੱਤਾ, ਪਰ 'ਆਪ' ਦੀ ਸਰਕਾਰੀ ਮਸ਼ੀਨਰੀ ਅਤੇ ਪ੍ਰਚਾਰ ਦੇ ਅੱਗੇ ਉਹ ਪੱਛੜ ਸਕਦੇ ਸਨ ਤੇ ਇਹ ਹੀ ਹੋਇਆ ਹੈ।

ਸ਼੍ਰੋਮਣੀ ਅਕਾਲੀ ਦਲ ਨੇ ਵਕੀਲ ਪਰਉਪਕਾਰ ਸਿੰਘ ਘੁੰਮਣ ਨੂੰ ਉਮੀਦਵਾਰ ਬਣਾਇਆ। ਅਕਾਲੀ ਦਲ ਦੀ ਸਿਆਸੀ ਸਾਖ ਨੂੰ ਬਚਾਉਣ ਦੀ ਕੋਸ਼ਿਸ਼ ਦੇ ਬਾਵਜੂਦ, 2024 ਦੀਆਂ ਲੋਕ ਸਭਾ ਚੋਣਾਂ ਵਿੱਚ ਪਾਰਟੀ ਦੀ ਕਮਜ਼ੋਰ ਕਾਰਗੁਜ਼ਾਰੀ ਕਾਰਨ ਉਨ੍ਹਾਂ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ।

ਭਾਜਪਾ ਨੇ ਸੀਨੀਅਰ ਨੇਤਾ ਜੀਵਨ ਗੁਪਤਾ ਨੂੰ ਮੈਦਾਨ ਵਿੱਚ ਉਤਾਰਿਆ, ਜਿਨ੍ਹਾਂ ਦਾ ਆਰਐਸਐਸ ਨਾਲ ਪਿਛੋਕੜ ਅਤੇ ਲੰਮਾ ਸਿਆਸੀ ਅਨੁਭਵ ਸੀ। ਪਰ, ਪੰਜਾਬ ਵਿੱਚ ਭਾਜਪਾ ਦੀ ਸੀਮਤ ਪਕੜ ਅਤੇ ਕਿਸਾਨ ਅੰਦੋਲਨ ਦੇ ਪ੍ਰਭਾਵ ਕਾਰਨ ਉਨ੍ਹਾਂ ਦੀ ਜਿੱਤ ਦੀ ਸੰਭਾਵਨਾ ਘੱਟ ਸੀ।

ਇਸ ਚੋਣ ਦੇ ਰਾਜਨੀਤਕ ਪ੍ਰਭਾਵ ਅਤੇ ਸੁਨੇਹਾ ਇਹ ਵੀ ਹੈ ਕਿ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਆਪਣੇ ਅੰਦਰ ਝਾਕਣ ਦਾ ਵੇਲਾ ਹੈ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੇ ਨਤੀਜਿਆਂ ਦਾ ਪੰਜਾਬ ਦੀ ਰਾਜਨੀਤੀ 'ਤੇ ਮਹੱਤਵਪੂਰਨ ਪ੍ਰਭਾਵ ਹੈ।

ਇਸ ਸੀਟ 'ਤੇ ਜਿੱਤ-ਹਾਰ ਸਰਕਾਰ ਦੇ ਬਹੁਮਤ 'ਤੇ ਸਿੱਧਾ ਅਸਰ ਨਹੀਂ ਪਾਉਂਦੀ, ਕਿਉਂਕਿ 'ਆਪ' ਕੋਲ 117 ਵਿੱਚੋਂ 91 ਸੀਟਾਂ ਹਨ, ਜੋ ਬਹੁਮਤ ਲਈ ਲੋੜੀਂਦੀਆਂ 59 ਸੀਟਾਂ ਤੋਂ ਕਾਫੀ ਜ਼ਿਆਦਾ ਹਨ। ਪਰ, ਇਹ ਚੋਣ ਪੰਜਾਬ ਦੀ ਸਿਆਸੀ ਪਾਰਟੀਆਂ ਦੀ ਮੌਜੂਦਾ ਸਥਿਤੀ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਦੀਆਂ ਸੰਭਾਵਨਾਵਾਂ ਨੂੰ ਸਮਝਣ ਲਈ ਮਹੱਤਵਪੂਰਨ ਹੈ।

ਆਮ ਆਦਮੀ ਪਾਰਟੀ ਦੀ ਸਥਿਤੀ ਵਿੱਚ ਇਹ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ। 'ਆਪ' ਦਾ ਹਮਲਾਵਰ ਪ੍ਰਚਾਰ, ਸਰਕਾਰੀ ਮਸ਼ੀਨਰੀ ਦੀ ਵਰਤੋਂ ਅਤੇ ਸੰਜੀਵ ਅਰੋੜਾ ਵਰਗੇ ਪ੍ਰਭਾਵਸ਼ਾਲੀ ਉਮੀਦਵਾਰ ਦੀ ਚੋਣ ਨੇ ਪਾਰਟੀ ਦੀ ਸਥਾਨਕ ਪਕੜ ਨੂੰ ਮਜ਼ਬੂਤ ਕੀਤਾ।

ਇਹ ਜਿੱਤ 'ਆਪ' ਦੀ ਸਰਕਾਰ ਦੀਆਂ ਨੀਤੀਆਂ, ਜਿਵੇਂ ਕਿ ਮੁਫਤ ਬਿਜਲੀ, ਸਿਹਤ ਸਹੂਲਤਾਂ ਅਤੇ ਸਿੱਖਿਆ ਸੁਧਾਰਾਂ 'ਤੇ ਲੋਕਾਂ ਦੀ ਸਹਿਮਤੀ ਨੂੰ ਵੀ ਦਰਸਾਉਂਦੀ ਹੈ। ਨਤੀਜੇ 'ਆਪ' ਦੇ ਸੰਗਠਨ ਨੂੰ ਹੋਰ ਮਜ਼ਬੂਤ ਕਰਨ ਦੀ ਰਣਨੀਤੀ ਦਾ ਸੰਕੇਤ ਹਨ, ਜਿਵੇਂ ਕਿ ਲੁਧਿਆਣਾ ਸ਼ਹਿਰੀ ਖੇਤਰ ਲਈ ਨਵੇਂ ਅਹੁਦੇਦਾਰਾਂ ਦੀ ਨਿਯੁਕਤੀ।

ਉਧਰ ਕਾਂਗਰਸ ਦੀ ਚੁਣੌਤੀ ਵਿੱਚ ਕਾਂਗਰਸ ਦੇ ਭਾਰਤ ਭੂਸ਼ਣ ਆਸ਼ੂ ਦੀ ਹਾਰ ਪਾਰਟੀ ਦੀਆਂ ਅੰਦਰੂਨੀ ਚੁਣੌਤੀਆਂ ਨੂੰ ਉਜਾਗਰ ਕਰਦੀ ਹੈ। ਲੁਧਿਆਣਾ ਪੱਛਮੀ ਸੀਟ 'ਤੇ ਕਾਂਗਰਸ ਦਾ ਪਿਛਲੀਆਂ 5 ਵਿਧਾਨ ਸਭਾ ਚੋਣਾਂ ਵਿੱਚੋਂ 4 ਵਾਰ ਜਿੱਤ ਦਾ ਰਿਕਾਰਡ ਹੈ, ਪਰ 2022 ਵਿੱਚ 'ਆਪ' ਦੀ ਲਹਿਰ ਨੇ ਇਸ ਸੀਟ 'ਤੇ ਕਬਜ਼ਾ ਕਰ ਲਿਆ।

ਕਾਂਗਰਸ ਨੂੰ ਆਪਣੀ ਸਥਾਨਕ ਰਣਨੀਤੀ ਅਤੇ ਨੇਤਾਗਿਰੀ ਨੂੰ ਮੁੜ ਸੰਗਠਿਤ ਕਰਨ ਦੀ ਲੋੜ ਹੈ, ਕਿਉਂਕਿ 'ਆਪ' ਦੀ ਸਰਕਾਰੀ ਮਸ਼ੀਨਰੀ ਅਤੇ ਪ੍ਰਚਾਰ ਨੇ ਵਿਰੋਧੀ ਪਾਰਟੀਆਂ ਲਈ ਸਥਿਤੀ ਨੂੰ ਮੁਸ਼ਕਲ ਕਰ ਦਿੱਤਾ ਸੀ।

2024 ਦੀਆਂ ਲੋਕ ਸਭਾ ਚੋਣਾਂ ਵਿੱਚ ਕਾਂਗਰਸ ਨੇ ਪੰਜਾਬ ਵਿੱਚ 7 ਸੀਟਾਂ ਜਿੱਤੀਆਂ, ਜੋ ਪਾਰਟੀ ਦੀ ਮੁੜ ਸੁਰਜੀਤੀ ਦਾ ਸੰਕੇਤ ਸੀ। ਪਰ, ਜ਼ਿਮਨੀ ਚੋਣ ਵਿੱਚ ਸੰਭਾਵੀ ਹਾਰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਚਿੰਤਾ ਦਾ ਵਿਸ਼ਾ ਹੋ ਸਕਦੀ ਹੈ।

ਸ਼੍ਰੋਮਣੀ ਅਕਾਲੀ ਦਲ ਦੀ ਸਥਿਤੀ ਕਮਜ਼ੋਰ ਕਾਰਗੁਜ਼ਾਰੀ 2024 ਦੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਪੁਸ਼ਟੀ ਕਰਦੀ ਹੈ, ਜਿੱਥੇ ਪਾਰਟੀ ਸਿਰਫ਼ ਬਠਿੰਡਾ ਸੀਟ ਜਿੱਤ ਸਕੀ। ਅਕਾਲੀ ਦਲ ਦੇ 12 ਉਮੀਦਵਾਰ ਲੋਕ ਸਭਾ ਚੋਣਾਂ ਵਿੱਚ ਚੌਥੇ ਜਾਂ ਪੰਜਵੇਂ ਸਥਾਨ 'ਤੇ ਰਹੇ, ਜੋ ਪਾਰਟੀ ਦੀ ਘਟਦੀ ਪ੍ਰਭਾਵਸ਼ੀਲਤਾ ਨੂੰ ਦਰਸਾਉਂਦਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਅਕਾਲੀ ਦਲ ਸਿੱਖ ਮਸਲਿਆਂ ਨੂੰ ਲੋਕਾਂ ਦੀਆਂ ਇੱਛਾਵਾਂ ਅਨੁਸਾਰ ਹੱਲ ਕਰਨ ਵਿੱਚ ਅਸਫਲ ਰਿਹਾ ਹੈ। ਇਸ ਦੇ ਨਾਲ ਹੀ ਕਿਸਾਨ ਅੰਦੋਲਨ ਅਤੇ ਭਾਜਪਾ ਨਾਲ ਟੁੱਟਿਆ ਗਠਜੋੜ ਪਾਰਟੀ ਦੀਆਂ ਮੁਸ਼ਕਲਾਂ ਦਾ ਮੁੱਖ ਕਾਰਨ ਹੈ। ਇਸ ਚੋਣ ਨਤੀਜੇ ਦਾ ਇੱਕ ਸੁਨੇਹਾ ਅਕਾਲੀ ਦਲ ਨੂੰ ਆਪਣੀ ਸਿਆਸੀ ਰਣਨੀਤੀ 'ਤੇ ਮੁੜ ਵਿਚਾਰ ਕਰਨ ਅਤੇ ਸਿੱਖ ਪਛਾਣ, ਕਿਸਾਨੀ ਮੁੱਦਿਆਂ ਅਤੇ ਸਥਾਨਕ ਸਮੱਸਿਆਵਾਂ 'ਤੇ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਪਾਰਟੀ ਨੂੰ ਨੌਜਵਾਨ ਨੇਤਾਗਿਰੀ ਅਤੇ ਨਵੀਂ ਸੋਚ ਨੂੰ ਅਪਣਾਉਣ ਦੀ ਜ਼ਰੂਰਤ ਹੈ। ਉਧਰ ਭਾਜਪਾ ਦੀ ਸਥਿਤੀ ਤੇ ਹਾਰ ਪੰਜਾਬ ਵਿੱਚ ਪਾਰਟੀ ਦੀ ਸੀਮਤ ਪਕੜ ਨੂੰ ਦਰਸਾਉਂਦੀ ਹੈ। 2024 ਦੀਆਂ ਲੋਕ ਸਭਾ ਚੋਣਾਂ ਵਿੱਚ, ਭਾਜਪਾ ਦਾ ਵੋਟ ਸ਼ੇਅਰ 6-7% ਤੋਂ ਵੱਧ ਕੇ 19% ਹੋਇਆ, ਪਰ ਕੋਈ ਸੀਟ ਨਹੀਂ ਜਿੱਤ ਸਕੀ।

ਕਿਸਾਨ ਅੰਦੋਲਨ ਦੇ ਪ੍ਰਭਾਵ ਅਤੇ ਅਕਾਲੀ ਦਲ ਨਾਲ ਗਠਜੋੜ ਦੀ ਗੈਰ-ਮੌਜੂਦਗੀ ਨੇ ਭਾਜਪਾ ਦੀਆਂ ਸੰਭਾਵਨਾਵਾਂ ਨੂੰ ਸੀਮਤ ਕਰ ਦਿੱਤਾ। ਜੀਵਨ ਗੁਪਤਾ ਦੀ ਚੋਣ ਸਥਾਨਕ ਪਕੜ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਸੀ, ਪਰ ਸਫਲਤਾ ਦੀ ਸੰਭਾਵਨਾ ਘੱਟ ਸੀ। ਭਾਜਪਾ ਨੂੰ ਪੰਜਾਬ ਵਿੱਚ ਸਥਾਨਕ ਮੁੱਦਿਆਂ, ਖਾਸ ਕਰਕੇ ਕਿਸਾਨੀ ਅਤੇ ਸਿੱਖ ਸੰਵੇਦਨਸ਼ੀਲਤਾਵਾਂ 'ਤੇ ਧਿਆਨ ਦੇਣ ਦੀ ਲੋੜ ਹੈ। ਪਾਰਟੀ ਨੂੰ ਸਥਾਨਕ ਨੇਤਾਗਿਰੀ ਨੂੰ ਉਭਾਰਨ ਅਤੇ ਵੋਟਰਾਂ ਨਾਲ ਸਿੱਧਾ ਸੰਪਰਕ ਸਥਾਪਤ ਕਰਨ ਦੀ ਜ਼ਰੂਰਤ ਹੈ।

ਹੁਣ ਜੇ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਸੰਭਾਵੀ ਗਠਜੋੜ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟ ਗਿਆ ਸੀ। ਜੇਕਰ ਇਹ ਗਠਜੋੜ ਜ਼ਿਮਨੀ ਚੋਣ ਵਿੱਚ ਮੌਜੂਦ ਹੁੰਦਾ, ਤਾਂ ਸਿਆਸੀ ਸਥਿਤੀ 'ਤੇ ਪ੍ਰਭਾਵ ਹੋਰ ਹੋ ਸਕਦਾ ਸੀ। ਵੋਟ ਸ਼ੇਅਰ ਦੀ ਸੰਯੁਕਤ ਤਾਕਤ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਅਕਾਲੀ ਦਲ ਅਤੇ ਭਾਜਪਾ ਦਾ ਵੋਟ ਸ਼ੇਅਰ ਵੱਖਰੇ-ਵੱਖਰੇ ਤੌਰ 'ਤੇ ਮਹੱਤਵਪੂਰਨ ਸੀ। ਭਾਜਪਾ ਦਾ ਵੋਟ ਸ਼ੇਅਰ 19% ਸੀ, ਜਦਕਿ ਅਕਾਲੀ ਦਲ ਨੇ ਬਠਿੰਡਾ ਵਰਗੇ ਹਲਕਿਆਂ ਵਿੱਚ ਮਜ਼ਬੂਤ ਪ੍ਰਦਰਸ਼ਨ ਕੀਤਾ ਸੀ। ਜੇਕਰ ਸੰਯੁਕਤ ਗਠਜੋੜ ਨਾਲ ਵੋਟਾਂ ਦੀ ਵੰਡ ਨੂੰ ਰੋਕਿਆ ਜਾ ਸਕਦਾ ਸੀ, ਜਿਸ ਨਾਲ 'ਆਪ' ਅਤੇ ਕਾਂਗਰਸ ਨੂੰ ਸਖ਼ਤ ਮੁਕਾਬਲਾ ਮਿਲਦਾ ਕਿਉਂਕਿ ਸਿੱਖ ਅਤੇ ਸ਼ਹਿਰੀ ਵੋਟਰਾਂ 'ਤੇ ਪ੍ਰਭਾਵਸ਼ਾਲੀ ਅਕਾਲੀ ਦਲ ਦੀ ਸਿੱਖ ਪਛਾਣ ਅਤੇ ਭਾਜਪਾ ਦੀ ਸ਼ਹਿਰੀ ਅਤੇ ਵਪਾਰਕ ਵਰਗ ਵਿੱਚ ਪਕੜ ਨੇ ਲੁਧਿਆਣਾ ਵਰਗੇ ਸ਼ਹਿਰੀ ਹਲਕੇ ਵਿੱਚ ਮਜ਼ਬੂਤ ਮੁਕਾਬਲਾ ਪੇਸ਼ ਕੀਤਾ ਜਾ ਸਕਦਾ ਸੀ। ਲੁਧਿਆਣਾ ਜਿਸ ਨੂੰ ਮੈਨਚੈਸਟਰ ਆਫ ਇੰਡੀਆ ਕਿਹਾ ਜਾਂਦਾ ਹੈ, ਵਪਾਰਕ ਅਤੇ ਉਦਯੋਗਿਕ ਕੇਂਦਰ ਹੈ, ਜਿੱਥੇ ਭਾਜਪਾ ਦੀ ਵਪਾਰਕ ਲਾਬੀ ਮਹੱਤਵਪੂਰਨ ਹੈ।

ਇਥੇ ਵੀ ਮਹੱਤਵਪੂਰਨ ਹੈ ਕਿ ਪਿਛਲੇ ਗਠਜੋੜ ਦੀ ਤਰ੍ਹਾਂ ਅਕਾਲੀ ਦਲ ਦੀ ਸਿੱਖ ਮੁੱਦਿਆਂ 'ਤੇ ਪਕੜ ਅਤੇ ਭਾਜਪਾ ਦੀ ਕੇਂਦਰੀ ਸਰਕਾਰ ਦੀ ਸਹਾਇਤਾ ਨੂੰ ਜੋੜ ਕੇ ਵਿਰੋਧੀ ਧਿਰ ਨੂੰ ਮਜ਼ਬੂਤ ਕਰ ਸਕਦਾ ਸੀ। ਇਸ ਨਾਲ 'ਆਪ' ਦੀ ਸਰਕਾਰ 'ਤੇ ਦਬਾਅ ਵਧਦਾ ਅਤੇ 2027 ਦੀਆਂ ਚੋਣਾਂ ਲਈ ਇੱਕ ਵੱਡੀ ਚੁਣੌਤੀ ਪੈਦਾ ਹੁੰਦੀ। ਪਰ ਸੰਭਾਵੀ ਮੁਸ਼ਕਲਾਂ ਵਿੱਚ ਕਿਸਾਨ ਅੰਦੋਲਨ ਦੇ ਪ੍ਰਭਾਵ ਕਾਰਨ, ਅਕਾਲੀ ਦਲ ਅਤੇ ਭਾਜਪਾ ਦਾ ਗਠਜੋੜ ਪੰਜਾਬ ਦੇ ਗ੍ਰਾਮੀਣ ਅਤੇ ਸਿੱਖ ਵੋਟਰਾਂ ਵਿੱਚ ਵਿਵਾਦਪੂਰਨ ਹੋ ਸਕਦਾ ਸੀ।

ਅਕਾਲੀ ਦਲ ਦੀ ਅੰਦਰੂਨੀ ਕਮਜ਼ੋਰੀ ਅਤੇ ਭਾਜਪਾ ਦੀ ਸੀਮਤ ਸਥਾਨਕ ਪਕੜ ਗਠਜੋੜ ਦੀ ਸਫਲਤਾ ਨੂੰ ਸੀਮਤ ਕਰ ਸਕਦਾ ਸੀ। ਹੁਣ ਪੰਜਾਬ ਦੀਆਂ ਸਿਆਸੀ ਪਾਰਟੀਆਂ ਲਈ ਸਿਆਸੀ ਸਬਕ ਇਹ ਹੈ ਕਿ ਜ਼ਿਮਨੀ ਚੋਣ ਦੀ ਸੰਭਾਵੀ ਜਿੱਤ 'ਆਪ' ਦੀ ਸਰਕਾਰ ਦੀ ਸਥਿਰਤਾ ਤੇ ਲੋਕਪ੍ਰਿਯਤਾ ਨੂੰ ਦਰਸਾਉਂਦੀ ਹੈ ਪਰ, ਪਾਰਟੀ ਨੂੰ ਸਥਾਨਕ ਮੁੱਦਿਆਂ, ਜਿਵੇਂ ਕਿ ਬੇਰੁਜ਼ਗਾਰੀ ਅਤੇ ਉਦਯੋਗਿਕ ਵਿਕਾਸ, 'ਤੇ ਹੋਰ ਧਿਆਨ ਦੇਣ ਦੀ ਲੋੜ ਹੈ। 'ਆਪ' ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਆਪਣੀ ਸੰਗਠਨਾਤਮਕ ਮਜ਼ਬੂਤੀ ਅਤੇ ਸਥਾਨਕ ਨੇਤਾਗਿਰੀ ਨੂੰ ਹੋਰ ਵਧਾਉਣ ਦੀ ਜ਼ਰੂਰਤ ਹੈ। ਉਧਰ ਕਾਂਗਰਸ ਨੂੰ ਸਥਾਨਕ ਪੱਧਰ 'ਤੇ ਵਿਰੋਧੀ ਧਿਰ ਦੀ ਭੂਮਿਕਾ ਨੂੰ ਮਜ਼ਬੂਤ ਕਰਨ ਅਤੇ 'ਆਪ' ਸਰਕਾਰ ਦੀਆਂ ਨੀਤੀਆਂ 'ਤੇ ਸਵਾਲ ਉਠਾਉਣ ਦੀ ਲੋੜ ਹੈ। ਪਾਰਟੀ ਨੂੰ ਨੌਜਵਾਨ ਵੋਟਰਾਂ ਅਤੇ ਸ਼ਹਿਰੀ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨਾ ਹੋਵੇਗਾ।

ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਲਈ ਅਕਾਲੀ ਦਲ ਨੂੰ ਆਪਣੀ ਸਿਆਸੀ ਪਛਾਣ ਨੂੰ ਮੁੜ ਪਰਿਭਾਸ਼ਿਤ ਕਰਨ ਅਤੇ ਸਿੱਖ ਮੁੱਦਿਆਂ 'ਤੇ ਸਪੱਸ਼ਟ ਏਜੰਡੇ ਨਾਲ ਅੱਗੇ ਵਧਣ ਦੀ ਜ਼ਰੂਰਤ ਹੈ।

ਭਾਜਪਾ ਨੂੰ ਪੰਜਾਬ ਵਿੱਚ ਸਥਾਨਕ ਮੁੱਦਿਆਂ 'ਤੇ ਕੇਂਦਰਿਤ ਹੋਣ ਅਤੇ ਸਿਆਸੀ ਗਠਜੋੜ ਦੀ ਸੰਭਾਵਨਾ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ।

ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ 2025 ਨੇ ਪੰਜਾਬ ਦੀ ਰਾਜਨੀਤੀ ਦੀ ਮੌਜੂਦਾ ਗਤੀਸ਼ੀਲਤਾ ਨੂੰ ਉਜਾਗਰ ਕੀਤਾ ਹੈ। 'ਆਪ' ਦੀ ਸੰਭਾਵੀ ਜਿੱਤ ਸਰਕਾਰ ਦੀ ਮਜ਼ਬੂਤੀ ਨੂੰ ਦਰਸਾਉਂਦੀ ਹੈ, ਜਦਕਿ ਕਾਂਗਰਸ, ਅਕਾਲੀ ਦਲ ਅਤੇ ਭਾਜਪਾ ਨੂੰ ਆਪਣੀਆਂ ਰਣਨੀਤੀਆਂ 'ਤੇ ਮੁੜ ਵਿਚਾਰ ਕਰਨ ਦੀ ਜ਼ਰੂਰਤ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦਾ ਸੰਭਾਵੀ ਗਠਜੋੜ ਮੁਕਾਬਲੇ ਨੂੰ ਹੋਰ ਸਖ਼ਤ ਕਰ ਸਕਦਾ ਸੀ, ਪਰ ਕਿਸਾਨੀ ਅੰਦੋਲਨ ਅਤੇ ਸਥਾਨਕ ਮੁੱਦਿਆਂ ਦੇ ਪ੍ਰਭਾਵ ਨੇ ਇਸ ਦੀ ਸੰਭਾਵਨਾ ਨੂੰ ਸੀਮਤ ਕਰ ਦਿੱਤਾ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਾਰੀਆਂ ਪਾਰਟੀਆਂ ਨੂੰ ਸਥਾਨਕ ਮੁੱਦਿਆਂ, ਨੌਜਵਾਨ ਵੋਟਰਾਂ ਅਤੇ ਸਿੱਖ ਸੰਵੇਦਨਸ਼ੀਲਤਾਵਾਂ 'ਤੇ ਧਿਆਨ ਦੇਣ ਦੀ ਜ਼ਰੂਰਤ ਹੈ।

## ਜਨਮ ਦਿਨ 'ਤੇ ਵਿਸ਼ੇਸ਼

# ਸੰਘਰਸ਼ਸ਼ੀਲ ਆਗੂ ਸਨ-ਮਾਸਟਰ ਤਾਰਾ ਸਿੰਘ



ਭਗਵਾਨ ਸਿੰਘ ਜੌਹਲ
ਮੋ. 98143-24040

20ਵੀਂ ਸਦੀ ਦੇ ਉੱਘੇ ਸਿੱਖ ਆਗੂਆਂ ਵਿੱਚੋਂ ਇਕ ਸਨ, ਮਾਸਟਰ ਤਾਰਾ ਸਿੰਘ। ਜਿਨ੍ਹਾਂ ਸਮੁੱਚਾ ਜੀਵਨ ਸ਼ਰੋਮਣੀ ਅਕਾਲੀ ਦਲ ਅਤੇ ਦੇਸ਼ ਵਿੱਚ ਵੱਸਦੇ ਸਮੁੱਚੇ ਸਿੱਖ-ਹਿੱਤਾਂ ਦੇ ਵੱਡੇ ਹਿੱਤਾਂ ਲਈ ਸੰਘਰਸ਼ ਕੀਤਾ। ਮਾਸਟਰ ਜੀ ਦਾ ਜਨਮ ਲਹਿੰਦੇ ਪੰਜਾਬ (ਪਾਕਿਸਤਾਨ) ਦੇ ਜ਼ਿਲ੍ਹਾ ਰਾਵਲਪਿੰਡੀ ਦੇ ਹਰਿਆਲ ਪਿੰਡ ਵਿੱਚ ਪਿਤਾ ਬਖਸ਼ੀ ਮੂਲ ਚੰਦ ਮਲਹੋਤਰਾ (ਜੋ ਕਿੱਤੇ ਵਜੋਂ ਪਟਵਾਰੀ ਸਨ) ਅਤੇ ਮਾਤਾ ਮੂਲਾਂ ਦੇਵੀ ਦੇ ਗ੍ਰਹਿ ਵਿਖੇ 24 ਜੂਨ, 1885 ਨੂੰ ਹੋਇਆ। ਮਾਸਟਰ ਜੀ ਦਾ ਪਹਿਲਾ ਨਾਂਅ ਨਾਨਕ ਚੰਦ ਸੀ, ਪਰ ਸਿੰਘ ਸਭਾ ਲਹਿਰ ਅਤੇ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਦੇ ਪ੍ਰਭਾਵ ਵਿੱਚ 1902 ਈ: ਵਿੱਚ ਅੰਮ੍ਰਿਤ ਛੱਕ ਕੇ ਸਿੰਘ ਸੱਜ ਗਏ। ਹੁਣ ਆਪ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਗਏ। ਮੁੱਢਲੀ ਸਿੱਖਿਆ ਉਨ੍ਹਾਂ ਪਿੰਡ ਦੇ ਮਦਰੱਸੇ ਤੋਂ ਪ੍ਰਾਪਤ ਕੀਤੀ। ਮਾਸਟਰ ਜੀ ਨੇ ਉੱਚ ਸਿੱਖਿਆ ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਪ੍ਰਾਪਤ ਕੀਤੀ। ਇਥੋਂ ਗ੍ਰੈਜੂਏਸ਼ਨ ਕਰਨ ਤੋਂ ਪਿੱਛੋਂ ਲਾਹੌਰ ਤੋਂ ਬੀ.ਟੀ. ਪਾਸ ਕੀਤੀ। ਟੀਚਰ ਟਰੇਨਿੰਗ ਲਈ ਬੈਚੂਲਰ ਦੀ ਡਿਗਰੀ ਪ੍ਰਾਪਤ ਹੋਣ ਤੋਂ ਬਾਅਦ ਮਾਸਟਰ ਤਾਰਾ ਸਿੰਘ ਖ਼ਾਲਸਾ ਹਾਈ ਸਕੂਲ ਦੇ ਹੈੱਡਮਾਸਟਰ ਵਜੋਂ ਨਿਯੁੱਕਤ ਹੋਏ।

ਗੁਰਦੁਆਰਾ ਸੁਧਾਰ ਲਹਿਰ ਅਜਿਹੀ ਲਹਿਰ ਸੀ, ਜਿਸ ਦਾ ਅਸਰ ਹਰ ਸਿੱਖ ਨੌਜਵਾਨ ਨੇ ਕਬੂਲ ਕੀਤਾ। ਮਾਸਟਰ ਜੀ ਵੀ ਇਸ ਲਹਿਰ ਵਿੱਚ ਕੁੱਦ ਪਏ। ਛੇਤੀ ਹੀ ਅੰਗ੍ਰੇਜ਼ ਹਕੂਮਤ ਨੇ ਬਾਕੀ ਅਕਾਲੀ ਆਗੂਆਂ ਵਾਂਗ ਮਾਸਟਰ ਜੀ ਨੂੰ ਵੀ ਗ੍ਰਿਫਤਾਰ ਕਰ ਲਿਆ। ਜਦੋਂ ਬਾਕੀ ਲੀਡਰਾਂ ਨਾਲ ਮਾਸਟਰ ਜੀ ਜੇਲ੍ਹ ਤੋਂ ਬਾਹਰ ਆਏ, ਉਸ ਸਮੇਂ ਅੰਗ੍ਰੇਜ਼ ਸਰਕਾਰ ਵੱਲੋਂ ਗੁਰਦੁਆਰਾ ਐਕਟ-1925 ਈ: ਵਿੱਚ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਲਾਗੂ ਕੀਤਾ। ਅਕਾਲੀ ਦਲ ਨੂੰ ਇਸੇ ਐਕਟ ਨੇ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਮਾਸਟਰ ਜੀ ਦੂਜੇ ਧੜੇ ਨਾਲ ਜੁੜ ਗਏ। ਜਿਹੜਾ ਧੜਾ ਇਸ ਐਕਟ ਨੂੰ ਮੰਨਣ ਤੋਂ ਇਨਕਾਰੀ ਸੀ। ਜਦੋਂ 1926 ਈ: ਵਿੱਚ ਦੂਜੇ ਧੜੇ ਦੇ ਆਗੂ ਜੇਲ੍ਹ ਵਿੱਚੋਂ ਬਾਹਰ ਆਏ ਤਾਂ ਆਪ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣਾਇਆ ਗਿਆ। ਇਸ ਤੋਂ ਪਿੱਛੋਂ ਸਮੇਂ-ਸਮੇਂ ਮਾਸਟਰ ਜੀ ਸ਼ਰੋਮਣੀ ਅਕਾਲੀ ਦਲ ਅਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵਜੋਂ ਆਪਣੇ ਫਰਜ਼ ਨਿਭਾਉਂਦੇ ਰਹੇ।



ਦੇਸ਼ ਦੀ ਵੰਡ ਤੋਂ ਬਾਅਦ ਫਰਵਰੀ, 1949 ਈ: ਵਿੱਚ ਜਦੋਂ ਦਿੱਲੀ ਵਿੱਚ ਆਪ ਅਕਾਲੀ ਕਾਨਫਰੰਸ ਵਿੱਚ ਹਿੱਸਾ ਲੈਣ ਜਾ ਰਹੇ ਸਨ ਤਾਂ ਅਜ਼ਾਦ ਦੇਸ਼ ਵਿੱਚ ਦਿੱਲੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਨਰੇਲਾ ਸਟੇਸ਼ਨ 'ਤੇ ਗ੍ਰਿਫਤਾਰ ਕਰ ਲਿਆ ਗਿਆ। ਰਿਹਾਈ ਤੋਂ ਪਿੱਛੋਂ ਆਪ ਨੇ ਭਾਸ਼ਾ 'ਤੇ ਆਧਾਰਿਤ ਪੰਜਾਬੀ ਸੂਬੇ ਲਈ ਸੰਘਰਸ਼ ਦਾ ਐਲਾਨ ਕਰ ਦਿੱਤਾ। 1960 ਈ: ਵਿੱਚ ਹੋਈਆਂ ਸ਼ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਮਾਸਟਰ ਜੀ ਦੀ ਅਗਵਾਈ ਵਿੱਚ ਅਕਾਲੀ ਦਲ ਨੇ 140 ਸੀਟਾਂ ਵਿੱਚੋਂ 136 ਸੀਟਾਂ ਅਕਾਲੀ ਦਲ ਲਈ ਜਿੱਤੀਆਂ। ਆਪ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਚੁਣੇ ਗਏ। ਛੇਤੀ ਹੀ ਪ੍ਰਧਾਨਗੀ ਛੱਡ ਕੇ ਪੰਜਾਬੀ ਸੂਬੇ ਦੇ ਅੰਦੋਲਨ ਨੂੰ ਸ਼ੁਰੂ ਕਰ ਦਿੱਤਾ।

ਅੰਮ੍ਰਿਤਸਰ ਵਿੱਚ ਪੰਜਾਬੀ ਸੂਬਾ ਕਨਵੈਨਸ਼ਨ ਵਿੱਚ ਪੰਜਾਬੀ ਸੂਬਾ ਬਣਾਉਣ ਲਈ ਮਤਾ ਪਾਸ ਕਰਵਾਇਆ।

ਦਿੱਲੀ ਵਿੱਚ ਪ੍ਰਭਾਵਸ਼ਾਲੀ ਜਲੂਸ ਕੱਢਣ ਦਾ ਐਲਾਨ ਕੀਤਾ। ਇਸ ਜਲੂਸ ਵਿੱਚ ਸ਼ਾਮਿਲ ਹੋਣ ਤੋਂ ਪਹਿਲਾਂ ਮਾਸਟਰ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪਰ ਗ੍ਰਿਫਤਾਰੀ ਪਿੱਛੋਂ ਸਿੱਖਾਂ ਨੇ ਪੰਜਾਬੀ ਸੂਬੇ ਦੀ ਮੰਗ ਲਈ ਸ਼ਾਨਦਾਰ ਜਲੂਸ ਕੱਢਿਆ। 4 ਜਨਵਰੀ, 1961 ਨੂੰ ਰਿਹਾਅ ਹੋ ਕੇ ਸੰਤ ਬਾਬਾ ਫਤਹਿ ਸਿੰਘ ਵੱਲੋਂ ਸ਼ੁਰੂ ਕੀਤਾ ਮਰਨ ਵਰਤ ਖੁੱਲ੍ਹਵਾਇਆ।

ਮਾਸਟਰ ਜੀ ਵੱਲੋਂ ਸੱਚਾ ਢੰਡੋਰਾ ਅਤੇ ਪ੍ਰਦੇਸੀ ਖ਼ਾਲਸਾ ਸਪਤਾਹਿਕ ਮੈਗਜ਼ੀਨ ਵੀ ਸ਼ੁਰੂ ਕੀਤੇ ਗਏ, ਜੋ ਪਿੱਛੋਂ ਜਾ ਕੇ ਅਕਾਲੀ ਅਖ਼ਬਾਰ ਦੇ ਰੂਪ ਵਿੱਚ ਬਦਲ ਗਏ। 1961 ਈ: ਵਿੱਚ ਜਥੇਦਾਰ ਅਖ਼ਬਾਰ ਛਪਣਾ ਸ਼ੁਰੂ ਹੋਇਆ। ਉਰਦੂ ਵਿੱਚ ਪੰਥਕ ਹਿੱਤਾਂ ਲਈ ਅਤੇ ਮਹਾਸ਼ਾ ਪ੍ਰੈਸ ਦੇ ਜਵਾਬ ਲਈ ਪ੍ਰਭਾਤ ਅਖ਼ਬਾਰ ਵੀ ਕੱਢਿਆ। 1946 ਈ: ਵਿੱਚ ਆਪ ਜੀ ਵੱਲੋਂ ਸ਼ੁਰੂ ਕੀਤਾ ਗਿਆ ਸੰਤ ਸਿਪਾਹੀ ਮਾਸਿਕ ਪੱਤਰ ਹੁਣ ਤੱਕ ਛੱਪ ਰਿਹਾ ਹੈ। ਮਾਸਟਰ ਤਾਰਾ ਸਿੰਘ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਦਾ ਪੂਰਾ ਜੀਵਨ ਸਿੱਖ ਹਿੱਤਾਂ ਲਈ ਸੰਘਰਸ਼ ਕਰਦਿਆਂ ਬੀਤਿਆ। ਮਾਸਟਰ ਜੀ ਆਪਣੇ ਲੱਖਾਂ ਸਨੇਹੀਆਂ ਤੇ ਪਿਆਰਿਆਂ ਨੂੰ 22 ਨਵੰਬਰ, 1967 ਈ: ਨੂੰ ਸਦੀਵੀ ਵਿਛੋੜਾ ਦੇ ਗਏ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।



ਕਮਲਜੀਤ ਸਿੰਘ ਬਨਵੈਤ
98147 34035

# ਲੁਧਿਆਣਾ ਚੋਣ ਨਤੀਜੇ ਤੋਂ ਸਬਕ ਸਿੱਖਣ ਦਾ ਵੇਲਾ

ਪੜ੍ਹਨ ਸੁਣਨ ਨੂੰ ਗੱਲ ਚਾਹੇ ਕੌੜੀ ਲੱਗੇ ਪਰ ਹੈ ਸੱਚ ਕਿ ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਜਿੱਤ ਕੇ ਵੀ ਹਾਰ ਗਈ ਹੈ ਅਤੇ ਕਾਂਗਰਸ ਹਾਰ ਕੇ ਵੀ ਜਿੱਤ ਗਈ ਲੱਗਦੀ ਹੈ। ਆਮ ਆਦਮੀ ਪਾਰਟੀ ਆਪਣੀ ਸਾਰੀ ਤਾਕਤ ਝੋਕ ਕੇ ਵੀ 10 ਹਜ਼ਾਰ ਵੋਟਾਂ ਦੇ ਫ਼ਰਕ ਨਾਲ ਜਿੱਤੀ ਹੈ ਜਦ ਕਿ ਕਾਂਗਰਸ ਨੇ ਪੂਰੀ ਗਿਣਤੀ ਦੌਰਾਨ ਜੇਤੂ ਉਮੀਦਵਾਰ ਦੀ ਪੈੜ ਦੱਬੀ ਰੱਖੀ। ਹੋਰ ਤਾਂ ਹੋਰ ਆਪ ਸਰਕਾਰ ਦੇ ਮੁੱਖ ਮੰਤਰੀ ਸਮੇਤ ਮੰਤਰੀਆਂ ਅਤੇ ਵਿਧਾਇਕਾਂ ਨੇ ਲੁਧਿਆਣਾ ਵਿੱਚ ਡੇਰੇ ਲਾਈ ਰੱਖੇ। ਭਾਰਤੀ ਜਨਤਾ ਪਾਰਟੀ ਤੀਜੇ ਨੰਬਰ 'ਤੇ ਰਹੀ। ਸ਼੍ਰੋਮਣੀ ਅਕਾਲੀ ਦਲ ਨੂੰ ਮੂੰਹ ਦੀ ਖਾਣੀ ਪੈ ਗਈ ਹੈ। ਸੰਖੇਪ ਵਿੱਚ ਕਹਿਣਾ ਹੋਵੇ ਤਾਂ ਕਾਂਗਰਸ ਇਕੱਠੀ ਹੋ ਜਾਵੇ ਤਾਂ 2027 ਦੀ ਸੰਭਾਵਨਾ ਬਣ ਸਕਦੀ ਹੈ, ਪਾਰਟੀ ਦੇ ਇਤਿਹਾਸ 'ਤੇ ਝਾਤ ਮਾਰੀਏ ਤਾਂ ਅਜਿਹਾ ਹੋਣ ਵਾਲਾ ਨਹੀਂ ਹੈ। ਇਹਨਾਂ ਚੋਣ ਨਤੀਜਿਆਂ ਨੇ ਜਿਹੜੇ ਸੰਕੇਤ ਦਿੱਤੇ ਹਨ, ਉਸ ਤੋਂ ਲੱਗਦਾ ਹੈ ਕਿ ਆਮ ਆਦਮੀ ਪਾਰਟੀ ਲਈ ਆਪਣੇ ਦਮ ਉੱਤੇ ਮੁੜ ਸਰਕਾਰ ਬਣਾਉਣਾ ਸੌਖਾ ਨਹੀਂ ਹੋਵੇਗਾ। ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਨਹੁੰ ਮਾਸ ਦਾ ਰਿਸ਼ਤਾ ਜੁੜ ਜਾਂਦਾ ਹੈ ਤਾਂ ਟੱਕਰ ਦੇਣ ਦੀ ਉਮੀਦ ਜਾਗਦੀ ਹੈ।

ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਵਿਚ ਇੱਕ ਨਵਾਂ ਇਤਿਹਾਸ ਸਿਰਜਿਆ ਗਿਆ ਹੈ। ਸਾਰੀਆਂ ਸਿਆਸੀ ਧਿਰਾਂ ਨੇ ਜਿੰਨੀ ਗੰਭੀਰਤਾ ਨਾਲ ਇਸ ਚੋਣ ਨੂੰ ਲਿਆ ਹੈ ਪਹਿਲਾਂ ਕਦੇ ਅਜਿਹਾ ਨਹੀਂ ਹੋਇਆ। ਇਸ ਕੈਟਾਗਰੀ ਵਿੱਚੋਂ ਕਾਂਗਰਸ ਦੇ ਇੱਕ ਧੜੇ ਨੂੰ ਬਾਹਰ ਰੱਖਣਾ ਪਵੇਗਾ। ਸ਼ਾਇਦ ਇਹ ਪਹਿਲੀ ਵਾਰ ਹੋਵੇਗਾ ਜਦੋਂ ਇੱਕ ਹਲਕੇ ਦੀ ਜ਼ਿਮਨੀ ਚੋਣ ਵਿੱਚ ਪ੍ਰਚਾਰ ਲਈ ਤਿੰਨ ਮੁੱਖ ਮੰਤਰੀ ਅਤੇ ਦੋ ਸਾਬਕਾ ਮੁੱਖ ਮੰਤਰੀ ਗਰਜਦੇ ਰਹੇ ਹੋਣ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੰਮਾ ਸਮਾਂ ਲੁਧਿਆਣਾ ਵਿੱਚ ਡੇਰੇ ਲਾਈ ਰੱਖੇ। ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਗੇੜਾ ਲਾਇਆ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਤਾਂ ਇਸ ਚੋਣ ਨੂੰ ਮੁੱਛ ਦਾ ਸਵਾਲ ਬਣਾਈ ਰੱਖਿਆ। ਦੋ ਕੇਂਦਰੀ ਮੰਤਰੀ ਅਨੁਰਾਗ ਠਾਕੁਰ ਅਤੇ ਰਵਨੀਤ ਸਿੰਘ ਬਿੱਟੂ ਵੀ ਚੋਣ ਪ੍ਰਚਾਰ ਵਿੱਚ ਸ਼ਾਮਿਲ ਹੋਏ ਸਨ।

ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਕੀਲ ਪਰਉਪਕਾਰ ਸਿੰਘ ਬਾਰੇ ਤਾਂ ਇਹ ਕਿਹਾ ਜਾਂਦਾ ਹੈ ਕਿ ਉਸਨੇ ਵੋਟਾਂ ਆਪਣੇ ਦਮ 'ਤੇ ਲਈਆਂ ਹਨ। ਲੁਧਿਆਣਾ ਪੱਛਮੀ ਹਲਕੇ ਦੇ ਵੋਟਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਮੂੰਹ ਨਹੀਂ ਲਾਇਆ ਹੈ। ਪਿਛਲੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਨੇ 10 ਹਜ਼ਾਰ ਵੋਟ ਲਈ ਸੀ, ਇਸ ਵਾਰ ਮਸਾਂ ਅੱਧ ਨੂੰ ਪੁੱਜੇ ਹਨ। ਗੱਲ ਕਾਂਗਰਸ ਦੀ ਕਰ ਲਈਏ ਤਾਂ ਚਰਨਜੀਤ ਸਿੰਘ ਚੰਨੀ ਅਤੇ ਪ੍ਰਗਟ ਸਿੰਘ ਸਮੇਤ ਰਾਣਾ ਗੁਰਜੀਤ ਸਿੰਘ ਪਾਰਟੀ ਦੇ ਉਮੀਦਵਾਰ ਭਾਰਤ ਭੂਸ਼ਨ ਆਸ਼ੂ ਦੇ ਹੱਕ ਵਿੱਚ ਡੱਟ ਕੇ ਖੜੇ ਰਹੇ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਸੁਖਜਿੰਦਰ ਸਿੰਘ ਰੰਧਾਵਾ ਨੇ ਦੂਰੀ ਬਣਾਈ ਰੱਖੀ। ਇਸ ਦਾ ਕਾਂਗਰਸ ਨੂੰ ਦੋਹਰਾ ਨੁਕਸਾਨ ਮੰਨਿਆ ਜਾਣਾ ਬਣਦਾ ਹੈ। ਇੱਕ ਤਾਂ ਇਹ ਕਿ ਕਾਂਗਰਸ ਦਾ ਰਾਜਾ ਵੜਿੰਗ ਧੜਾ ਚੋਣ ਪ੍ਰਚਾਰ ਵਿੱਚ ਆ ਖੜਦਾ ਤਾਂ ਕੁਦਰਤੀ ਹੈ ਕਿ ਵੋਟਾਂ ਵੱਧ ਜਾਣੀਆਂ ਸਨ ਪਰ ਹੁਣ ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਧੜੇ ਨੇ ਆਸ਼ੂ ਦੇ ਖ਼ਿਲਾਫ਼ ਨਾ ਪ੍ਰਚਾਰ ਕੀਤਾ ਹੋਵੇ। ਕਾਂਗਰਸ ਵਿੱਚ ਦੋ ਧੜੇ ਦਹਾਕਿਆਂ ਤੋਂ ਚਲਦੇ ਆ ਰਹੇ ਹਨ। ਇੱਕ ਧੜੇ ਨੇ ਦੂਜੇ ਨੂੰ ਠਿੱਬੀ ਲਾਉਣ ਦਾ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਇੱਕ ਸਮਾਂ ਸੀ ਜਦੋਂ ਦੋ ਸਾਬਕਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਅਤੇ ਦਰਬਾਰਾ ਸਿੰਘ ਆਪਸ ਵਿੱਚ ਦੀ ਭਿੜਦੇ ਰਹੇ ਸਨ। ਦੋ ਹੋਰ ਸਾਬਕਾ ਮੁੱਖ ਮੰਤਰੀਆਂ ਕੈਪਟਨ ਅਮਰਿੰਦਰ ਸਿੰਘ ਅਤੇ ਬੀਬੀ ਰਜਿੰਦਰ ਕੌਰ ਭੱਠਲ ਦੀ ਲੜਾਈ ਅਦਾਲਤ ਵਿੱਚ ਜਾ ਪਹੁੰਚੀ ਸੀ। ਸਾਬਕਾ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਵੀ ਇਹਨਾਂ ਦੋਸ਼ਾਂ ਤੋਂ ਬਚ ਨਹੀਂ ਸਕੇ ਸਨ। ਇਸ ਵੇਲੇ ਪੰਜਾਬ ਵਿੱਚ ਕਾਂਗਰਸ ਪਾਰਟੀ ਮੁੱਖ ਵਿਰੋਧੀ ਧਿਰ ਦੀ ਭੂਮਿਕਾ ਨਿਭਾ ਰਹੀ ਹੈ। ਵਿਰੋਧੀ ਧਿਰ ਦਾ ਨੇਤਾ ਇੱਕ ਤਰ੍ਹਾਂ ਨਾਲ ਪੰਜਾਬ ਦਾ ਦੂਜਾ ਮੁੱਖ ਮੰਤਰੀ ਹੁੰਦਾ ਹੈ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਦੂਜੇ ਗਰੁੱਪ ਨਾਲੋਂ ਲਕੀਰ ਖਿੱਚ ਕੇ ਰੱਖੀ। ਪਹਿਲੀ ਵਾਰ ਹੈ ਜਦੋਂ ਕਾਂਗਰਸ ਦਾ ਪ੍ਰਧਾਨ ਆਪਣੀ ਪਾਰਟੀ ਦੇ ਉਮੀਦਵਾਰ ਦੇ ਚੋਣ ਪ੍ਰਚਾਰ ਤੋਂ ਦੂਰ ਰਿਹਾ ਹੋਵੇ। ਫੇਰ ਰਾਜਾ ਅਮਰਿੰਦਰ ਸਿੰਘ ਵੜਿੰਗ ਤਾਂ ਲੁਧਿਆਣਾ ਲੋਕ ਸਭਾ ਹਲਕੇ ਤੋਂ ਮੈਂਬਰ ਪਾਰਲੀਮੈਂਟ ਵੀ ਹਨ। ਇਸ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੋਕ ਸਭਾ ਦੀ ਚੋਣ ਵੇਲੇ ਭਾਰਤ ਭੂਸ਼ਣ ਆਸ਼ੂ ਨੇ ਰਾਜਾ ਅਮਰਿੰਦਰ ਸਿੰਘ ਵੜਿੰਗ ਦਾ ਵਿਰੋਧ ਨਾ ਕੀਤਾ ਹੋਵੇ ਪਰ ਉਦੋਂ ਲਕੀਰ ਏਨੀ ਡੂੰਘੀ ਤਰ੍ਹਾਂ ਨਹੀਂ ਖਿੱਚੀ ਗਈ ਸੀ।

ਆਮ ਆਦਮੀ ਪਾਰਟੀ ਅਤੇ ਸਰਕਾਰ ਦੋਵੇਂ ਚੋਣ ਜਿੱਤਣ ਲਈ ਪੱਬਾਂ ਭਾਰ ਹੋਏ ਰਹੇ। ਆਮ ਆਦਮੀ ਪਾਰਟੀ ਨੇ ਚਾਹੇ ਇਹ ਚੋਣ ਜਿੱਤ ਲਈ ਹੈ ਪਰ ਨਤੀਜੇ ਇਹ ਸੰਕੇਤ ਦਿੰਦੇ ਹਨ ਕਿ ਲੋਕਾਂ ਦੀ ਸਰਕਾਰ ਨਾਲ ਨਾਰਾਜ਼ਗੀ ਚੱਲ ਰਹੀ ਹੈ। ਆਮ ਕਰਕੇ ਜ਼ਿਮਨੀ ਚੋਣਾਂ ਦੇ ਨਤੀਜੇ ਸਰਕਾਰੀ ਧਿਰ ਦੇ ਪੱਖ ਵਿੱਚ ਰਹਿੰਦੇ ਹਨ। ਪਰ ਵਿੱਚ ਵਿਚਾਲੇ ਹਵਾ ਉਲਟ ਵੀ ਵਗਦੀ ਰਹੀ ਹੈ। ਆਮ ਆਦਮੀ ਪਾਰਟੀ ਵੱਲੋਂ ਵੋਟਰਾਂ ਉੱਤੇ ਸਰਕਾਰੀ ਧੌਂਸ ਵੀ ਜਮਾਈ ਗਈ ਅਤੇ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ। ਸਭ ਤੋਂ ਵੱਡੀ ਗੱਲ ਇਹ ਕਿ ਨਤੀਜੇ ਹੱਕ ਵਿੱਚ ਰਹਿਣ ਨਾਲ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਰਾਜ ਸਭਾ ਦਾ ਤਾਜ ਆਪਣੇ ਸਿਰ ਉੱਤੇ ਸਜਾਉਣ ਦੀ ਰੀਝ ਪੂਰੀ ਹੋ ਗਈ ਹੈ। ਸੰਜੀਵ ਅਰੋੜਾ ਦਾ ਹੱਥ ਵੀ ਝੰਡੀ ਵਾਲੀ ਕਾਰ ਨੂੰ ਪੈ ਜਾਵੇਗਾ। ਇਹਨਾਂ ਚੋਣਾਂ ਨੇ ਹੋਰ ਵੀ ਸੰਕੇਤ ਦੇ ਦਿੱਤੇ ਹਨ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ 92 ਸੀਟਾਂ ਲੋਕਾਂ ਵੱਲੋਂ ਦੋਵੇਂ ਰਵਾਇਤੀ ਪਾਰਟੀਆਂ ਨੂੰ ਰੱਦ ਕਰਨ ਕਰਕੇ ਮਿਲੀਆਂ ਸਨ। ਸੱਚ ਇਹ ਵੀ ਨਹੀਂ ਕਿ ਆਮ ਆਦਮੀ ਪਾਰਟੀ ਨੂੰ 2027 ਦੀ ਝਾਕ ਛੱਡ ਦੇਣੀ ਚਾਹੀਦੀ ਹੈ। ਨਤੀਜਿਆਂ ਦੀ ਪੜਚੋਲ ਕਰੀਏ ਤਾਂ ਵਿਧਾਨ ਸਭਾ ਦੀਆਂ ਅਗਲੇ ਚੋਣਾਂ ਵਿੱਚ ਹਾਲ ਦੀ ਘੜੀ ਟੱਕਰ ਕਾਂਗਰਸ ਅਤੇ ਆਪ ਵਿੱਚ ਬਣਦੀ ਦਿਸ ਰਹੀ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਚੋਣ ਗਠਜੋੜ ਕਰ ਲੈਣ ਤਦ ਤਸਵੀਰ ਬਦਲਣ ਦੀ ਸੰਭਾਵਨਾ ਬਣ ਸਕਦੀ ਹੈ।

ਵਿਧਾਨ ਸਭਾ ਦੀਆਂ ਪਿਛਲੀਆਂ ਚੋਣਾਂ ਵੇਲੇ ਆਮ ਆਦਮੀ ਪਾਰਟੀ ਨੇ ਇਸ ਹਲਕੇ ਤੋਂ 40 ਹਜ਼ਾਰ ਵੋਟਾਂ ਲਈਆਂ ਸਨ। ਕਾਂਗਰਸ ਦੀ ਝੋਲੀ 34 ਹਜ਼ਾਰ ਤੇ ਭਾਰਤੀ ਜਨਤਾ ਪਾਰਟੀ ਨੂੰ 28000 ਵੋਟਾਂ ਮਿਲੀਆਂ ਸਨ। ਸ਼੍ਰੋਮਣੀ ਅਕਾਲੀ ਦਲ 10 ਹਜ਼ਾਰ 'ਤੇ ਸਿਮਟ ਗਿਆ ਸੀ। ਲੋਕ ਸਭਾ ਦੀਆਂ ਪਿਛਲੀਆਂ ਚੋਣਾਂ ਵੇਲੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਰਵਨੀਤ ਸਿੰਘ ਬਿੱਟੂ ਲੁਧਿਆਣਾ ਲੋਕ ਸਭਾ ਚੋਣ ਹਾਰ ਗਏ ਸਨ ਪਰ ਲੁਧਿਆਣਾ ਪੱਛਮੀ ਦੇ ਲੋਕਾਂ ਨੇ ਉਹਨਾਂ ਨੂੰ ਸਭ ਤੋਂ ਵੱਧ ਵੋਟਾਂ ਦਿੱਤੀਆਂ ਸਨ। ਹੁਣ ਉਹ ਲੋਕ ਸਤਾਧਾਰੀ ਧਿਰ ਦੇ ਹੱਕ ਵਿੱਚ ਭੁਗਤ ਲੱਗਦੇ ਹਨ ਸ਼ਾਇਦ ਇਸ ਕਰਕੇ ਕਿ ਉਹ ਡੇਢ ਸਾਲ ਹੋਰ ਲਈ ਜਾਂ ਤਾਂ ਭਗਵੰਤ ਸਿੰਘ ਮਾਨ ਨੂੰ ਮੌਕਾ ਦੇਣਾ ਚਾਹੁੰਦੇ ਹਨ ਜਾਂ ਫਿਰ ਸਰਕਾਰ ਤੋਂ ਲਾਹਾ ਲੈਣ ਦੀ ਤਾਕ ਵਿੱਚ ਹਨ।

ਸ਼੍ਰੋਮਣੀ ਅਕਾਲੀ ਦਲ ਦੀ ਗੱਲ ਕਰੀਏ ਤਾਂ ਸ਼ਰਮਨਾਕ ਹਾਰ ਹੋਈ। ਸੁਖਬੀਰ ਸਿੰਘ ਬਾਦਲ ਨੇ ਵੋਟਾਂ ਪਿਛਲੀ ਵਾਰ ਨਾਲ ਵਧਾਉਣ ਲਈ ਪੂਰੀ ਵਾਹ ਲਾਈ ਰੱਖੀ ਪਰ ਵੋਟਰਾਂ ਨੇ ਹੁੰਗਾਰਾ ਨਹੀਂ ਭਰਿਆ ਹੈ। ਦਲ ਦੇ ਉਮੀਦਵਾਰ ਪਰਉਪਕਾਰ ਸਿੰਘ ਨੇਕ ਇਨਸਾਨ ਹੋਣ ਦੇ ਬਾਵਜੂਦ ਵੀ ਲੋਕਾਂ ਦੀ ਪਸੰਦ ਨਹੀਂ ਬਣ ਸਕੇ। ਪਾਰਟੀ ਦੀਆਂ ਗਲਤੀਆਂ ਦਾ ਖਮਿਆਜ਼ਾ ਉਹਨਾਂ ਨੂੰ ਭੁਗਤਣਾ ਪਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਉਹਨਾਂ ਦਾਅਵਿਆਂ ਦੀ ਫੂਕ ਨਿਕਲ ਗਈ, ਜਿਸ ਵਿੱਚ ਉਹ ਲੋਕਾਂ ਨੂੰ 2027 ਦੀਆਂ ਚੋਣਾਂ ਵਿਚ ਜਿੱਤ ਦਰਜ ਕਰਕੇ ਆਪਣੀ ਪਾਰਟੀ ਦੀ ਸਰਕਾਰ ਬਣਾਉਂਦੇ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਦਾ ਬਾਗ਼ੀ ਧੜਾ ਚੋਣਾਂ ਤੋਂ ਦੂਰ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਨੇ ਜੇ ਇਹਨਾਂ ਚੋਣਾਂ ਤੋਂ ਸਬਕ ਨਾ ਸਿੱਖਿਆ ਸਿੱਖਿਆ ਤਾਂ ਰੱਬ ਰਾਖਾ।

ਪਿਛਲੀਆਂ ਚੋਣਾਂ ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਆਮ ਆਦਮੀ ਪਾਰਟੀ ਨੂੰ 42 ਫ਼ੀਸਦੀ ਵੋਟ ਮਿਲੇ ਸਨ। ਕਾਂਗਰਸ 18 ਫ਼ੀਸਦੀ 'ਤੇ ਡਿੱਗੀ ਸੀ। ਭਾਰਤੀ ਜਨਤਾ ਪਾਰਟੀ ਦੀ ਪ੍ਰਤੀਸ਼ਤ ਹਮੇਸ਼ਾ 11 ਦੇ ਦੁਆਲੇ ਘੁੰਮਦੀ ਰਹੀ ਹੈ। ਸਭ ਤੋਂ ਵੱਡਾ ਖੋਰਾ ਸ਼੍ਰੋਮਣੀ ਅਕਾਲੀ ਦਲ ਦੇ ਵੋਟ ਬੈਂਕ ਨੂੰ ਲੱਗਾ ਸੀ। ਪਿਛਲੀਆਂ ਚੋਣਾਂ ਵਿੱਚ ਸਭ ਤੋਂ ਘੱਟ ਭਾਰਤੀ ਜਨਤਾ ਪਾਰਟੀ ਦੀ ਵੋਟ ਟੁੱਟੀ ਸੀ।

ਸੱਚ ਤਾਂ ਇਹ ਵੀ ਹੈ ਕਿ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੇ ਨਤੀਜੇ ਉਮੀਦ ਮੁਤਾਬਕ ਰਹੇ ਹਨ। ਆਮ ਆਦਮੀ ਪਾਰਟੀ ਚਾਹੇ ਚੋਣ ਜਿੱਤ ਗਈ ਹੋਵੇ। ਕਾਂਗਰਸ ਨੇ ਲਗਾਤਾਰ ਆਪ ਦੀ ਪੈੜ ਨੱਪੀ ਰੱਖੀ। ਭਾਰਤੀ ਜਨਤਾ ਪਾਰਟੀ, ਕਾਂਗਰਸ ਨਾਲ ਭਿੜਦੀ ਨਜ਼ਰ ਆਈ। ਸ਼੍ਰੋਮਣੀ ਅਕਾਲੀ ਦਲ ਬਹੁਤੀ ਵਾਰ ਦੀ ਤਰ੍ਹਾਂ ਫਾਡੀ ਰਿਹਾ। ਨਤੀਜਿਆਂ ਤੋਂ ਬਾਅਦ ਇੱਕ ਗੱਲ ਪੱਕੀ ਹੈ ਕਿ ਸਾਰੀਆਂ ਸਿਆਸੀ ਪਾਰਟੀਆਂ ਲਈ ਸਬਕ ਸਿੱਖੇ ਤੋਂ ਬਗ਼ੈਰ ਗੁਜ਼ਾਰਾ ਨਹੀਂ ਹੈ। ਨਹੀਂ ਤਾਂ ਸਿਆਸੀ ਮਾਹਿਰਾਂ ਦੀ ਅਗਲੀਆਂ ਚੋਣਾਂ ਵਿੱਚ ਅਸੈਂਬਲੀ ਦੀ ਭਵਿੱਖਬਾਣੀ ਸੱਚੀ ਹੋ ਨਿਬੜਨੀ ਹੈ।

# ਮਾਝਾ-ਦੁਆਬਾ
ਆਸ ਪਾਸ

## ਡੀ.ਸੀ. ਨੇ ਖਾਣ-ਪੀਣ ਵਾਲੀਆਂ ਵਸਤੂਆਂ ਦਾ ਕੰਮ ਕਰਨ ਦੇ ਸ਼ੌਕੀਨਾਂ ਲਈ ਇੱਕ ਜ਼ਿਲ੍ਹਾ ਪੱਧਰੀ ਫੂਡ ਕਮੇਟੀ ਬਣਾਉਣ ਦਾ ਕੀਤਾ ਐਲਾਨ

### ਨੌਜਵਾਨ ਆਪਣੇ ਦੇਸ਼ ਵਿੱਚ ਰਹਿ ਕੇ ਕੰਮ ਕਰਨ ਨੂੰ ਦੇਣ ਤਰਜੀਹ : ਡੀ.ਸੀ.



ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਫਿਊਚਰ ਟਾਈਕੂਨ(ਭਵਿੱਖ ਦੇ ਕਾਰੋਬਾਰੀ) ਅੰਮ੍ਰਿਤਸਰ ਇੱਕ ਵੱਖਰੀ ਪਹਿਲ ਹੈ, ਜੋ ਸ਼ਹਿਰ ਵਿੱਚ ਉੱਦਮੀ ਭਾਵਨਾ ਨੂੰ ਖੋਜਣ, ਵਿਕਸਤ ਕਰਨ ਲਈ ਸਮਰਪਿਤ ਹੈ। ਜਿੱਥੇ ਚਾਹਵਾਨ ਕਾਰੋਬਾਰੀ ਆਗੂ ਆਪਣੇ ਨਵੀਨਤਾਕਾਰੀ ਵਿਚਾਰਾਂ ਨੂੰ ਪ੍ਰਭਾਵਸ਼ਾਲੀ ਉੱਦਮਾਂ ਵਿੱਚ ਬਦਲ ਸਕਦੇ ਹਨ। ਫਿਊਚਰ ਟਾਈਕੂਨ ਇੱਕ ਵਿਹਾਰਕ ਸਿਖਲਾਈ, ਮਾਹਰ ਸਲਾਹ, ਅਤੇ ਅਸਲ-ਸੰਸਾਰ ਵਪਾਰਕ ਚੁਣੌਤੀਆਂ ਦੇ ਸੰਪਰਕ ਨੂੰ ਜੋੜ ਕੇ, ਇਹ ਪਹਿਲ ਕੱਚੀ ਪ੍ਰਤਿਭਾ ਅਤੇ ਉੱਦਮੀ ਸਫਲਤਾ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਤਿਆਰ ਕੀਤੀ ਗਈ। ਇਸ ਦਾ ਆਯੋਜਿਨ ਸ਼੍ਰੀਮਤੀ ਸਾਕਸ਼ੀ ਸਾਹਨੀ ਡਿਪਟੀ ਕਮਿਸ਼ਨਰ,ਅੰਮ੍ਰਿਤਸਰ ਨੇ ਕੀਤਾ। ਜਿਸ ਵਿੱਚ ਛੇ ਕੈਟਾਗਰੀਆਂ ਵਿੱਚ ਲੱਗਭਗ 1300 ਦੇ ਕਰੀਬ ਲੋਕਾਂ ਨੇ ਅਪਲਾਈ ਕੀਤਾ। ਜਿਸ ਵਿੱਚ ਹਰੇਕ ਕੈਟਾਗਰੀ ਪਹਿਲੇ,ਦੂਜੇ ਅਤੇ ਤੀਸਰੇ ਸਥਾਨ 'ਤੇ ਰਹਿਣ ਵਾਲੇ ਪ੍ਰਾਰਥੀਆਂ ਨੂੰ ਨਗਦ ਇਨਾਮ ਦਿੱਤੇ ਜਾਣਗੇ। ਅੰਮ੍ਰਿਤਸਰ ਟੂਰਿਜ਼ਮ ਦੀ ਹੱਬ ਹੈ ਅਤੇ ਖਾਣ-ਪਾਣ ਦੇ ਸ਼ੌਕੀਨਾਂ ਲਈ ਲਾਜਵਾਬ ਜਗ੍ਹਾ ਹੈ। ਜਿਸ ਤਹਿਤ ਖਾਲਸਾ ਕੁਲਚੇ ਅੰਮ੍ਰਿਤਸਰ ਵੱਲੋਂ ਚੌਥੀ ਪੀੜ੍ਹੀ ਕੇਵਲ ਅੰਮ੍ਰਿਤਸਰ ਸ਼ਹਿਰ ਵਿੱਚ ਹੀ ਨਹੀਂ ਪੂਰੇ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਸਿੱਧੀ ਪ੍ਰਾਪਤ ਕਰ ਰਹੇ ਹਨ। ਜਿਸ ਦੀ ਜਿਉਂਦਾ ਜਾਗਦਾ ਮਿਸਾਲ ਅਮਨਜਿੰਦਰ ਸਿੰਘ ਆਪਣੀ ਬੇਟੀ ਅਤੇ ਦੋ ਬੇਟਿਆਂ ਸਮੇਤ ਇਸ ਕੰਮ ਨੂੰ ਅੱਗੇ ਵਧਾ ਰਹੇ ਹਨ। ਜਿਸ ਤਹਿਤ ਅੱਜ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਖਾਲਸਾ ਕੁਲਚਾ ਅਮਨਜਿੰਦਰ ਸਿੰਘ ਨੂੰ ਉਚੇਚੇ ਤੌਰ 'ਤੇ ਬੁਲਾ ਕੇ ਭਵਿੱਖ ਦੇ ਕਾਰੋਬਾਰੀ ਦੇ ਰੂਪ ਵਿੱਚ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਖਾਣ-ਪੀਣ ਵਾਲੀਆਂ ਵਸਤੂਆਂ ਵਿੱਚ ਕੰਮ ਕਰਨ ਦੇ ਸ਼ੌਕੀਨਾਂ ਲਈ ਇੱਕ ਜ਼ਿਲ੍ਹਾ ਪੱਧਰੀ ਫੂਡ ਕਮੇਟੀ ਬਣਾਉਣ ਦਾ ਐਲਾਨ ਕੀਤਾ ਹੈ। ਜਿਸ ਵਿੱਚ ਜ਼ਿਲ੍ਹੇ ਦੇ ਖਾਣ-ਪੀਣ ਨਾਲ ਸਬੰਧਿਤ ਕਾਰੋਬਾਰੀਆਂ ਨਾਲ ਮੀਟਿੰਗ ਕਰਕੇ ਸੂਝਵਾਨ ਵਿਅਕਤੀਆਂ ਨੂੰ ਇਸ ਫੂਡ ਕਮੇਟੀ ਵਿੱਚ ਸ਼ਾਮਿਲ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਨੌਜਵਾਨ ਆਪਣੇ ਦੇਸ਼ ਵਿੱਚ ਰਹਿ ਕੇ ਆਪਣਾ ਕਾਰੋਬਾਰ ਸਥਾਪਿਤ ਕਰ ਸਕਦੇ ਹਨ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਦੇਸ਼ ਵਿੱਚ ਕੰਮ ਕਰਨ ਨੂੰ ਤਰਜੀਹ ਦੇਣ।

ਇਸ ਮੌਕੇ ਖਾਲਸਾ ਕੁਲਚੇ ਵਾਲੇ ਅਮਨਜਿੰਦਰ ਸਿੰਘ ਵੱਲੋਂ ਦੱਸਿਆ ਗਿਆ ਕਿ ਇਹ ਕੰਮ ਉਨ੍ਹਾਂ ਦੇ ਦਾਦਾ ਜੀ ਨੇ ਸ਼ੁਰੂ ਕੀਤਾ ਸੀ ਅਤੇ ਅੱਜ ਚੌਥੀ ਪੀੜ੍ਹੀ ਤੱਕ ਦਾਖਲ ਹੋ ਗਿਆ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਉਨ੍ਹਾਂ ਦੇ ਬੱਚੇ ਵੀ ਬਾਹਰ ਜਾਣਾ ਚਾਹੁੰਦੇ ਸਨ ਅਤੇ ਵਿਦੇਸ਼ਾਂ ਵਿੱਚ ਕੰਮ ਕਰਨਾ ਚਾਹੁੰਦੇ ਸਨ। ਪਰ ਉਨ੍ਹਾਂ ਦੀ ਪ੍ਰੇਰਨਾ ਸਦਕਾ ਅੱਜ ਬਿਜ਼ਨਸ ਫਰੈਂਚ ਆਈ.ਸੀ ਮਾਡਲ 'ਤੇ ਕੰਮ ਕਰਨਾ ਸ਼ੁਰੂ ਕਰ ਲਿਆ ਹੈ। ਉਨ੍ਹਾਂ ਦੇ ਬਣਾਏ ਹੋਏ ਕੁਲਚੇ ਦੇਸ਼ਾਂ-ਵਿਦੇਸ਼ਾਂ ਵਿੱਚ ਮੁਹੱਈਆ ਕਰਵਾਏ ਜਾਂਦੇ ਹਨ। ਉਨ੍ਹਾਂ ਨੇ ਹੋਰ ਜਾਣਕਾਰੀ ਲਈ ਦੱਸਿਆ ਕਿ ਕੁਲਚੇ 60 ਘੰਟੇ ਤੱਕ ਤਾਜ਼ੇ ਰਹਿ ਸਕਦੇ ਹਨ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਉਨ੍ਹਾਂ ਦੇ ਕੰਮ ਦੀ ਸਲਾਘਾਯੋਗ ਪ੍ਰਸ਼ੰਸਾ ਕੀਤੀ ਕਿ ਭਵਿੱਖ ਅਤੇ ਕਾਰੋਬਾਰੀ ਵਿੱਚ ਵੀ ਨੌਜਵਾਨਾਂ ਨੂੰ ਆਪਣੇ ਤਜਰਬੇ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪ੍ਰੇਰਿਤ ਕਰਦੇ ਰਹਿਣਗੇ। ਇਸ ਮੌਕੇ ਉਨ੍ਹਾਂ ਨਾਲ ਰੁਜ਼ਗਾਰ ਅਫਸਰ ਸ੍ਰੀ ਮੁਕੇਸ਼ ਸਾਰੰਗਲ, ਡਿਪਟੀ ਡੀ.ਓ ਸ੍ਰੀ ਤੀਰਥਪਾਲ ਸਿੰਘ ਅਤੇ ਡੀ.ਡੀ.ਐੱਫ ਸ੍ਰੀ ਮੁਹਿੰਦਮ ਬਿਲਾਲ ਅਤੇ ਸ੍ਰੀ ਜਤਿੰਦਰਜੀਤ ਸਿੰਘ ਆਦਿ ਹਾਜ਼ਰ ਸਨ।

## ਆਮ ਆਦਮੀ ਕਲੀਨਿਕਾਂ 'ਚ 'ਗਰਭਵਤੀ ਮਾਵਾਂ ਦੇ ਮੁਫ਼ਤ ਇਲਾਜ' ਦਾ ਰਸਮੀ ਉਦਘਾਟਨ ਕੀਤਾ




ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਸਿਵਲ ਸਰਜਨ ਡਾ ਕਿਰਨਦੀਪ ਕੌਰ ਵੱਲੋਂ ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਮਾਵਾਂ ਦਾ ਮੁਫਤ ਇਲਾਜ ਦਾ ਰਸਮੀ ਉਦਘਾਟਨ ਰਣਜੀਤ ਐਵੇਨਿਊ ਦੇ ਕਲੀਨਿਕ ਤੋਂ ਕੀਤਾ ਗਿਆ। ਇਸ ਮੌਕੇ ਤੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਅੰਮ੍ਰਿਤਸਰ ਵਿਚ ਕੁੱਲ 72 ਆਮ ਆਦਮੀ ਕਲੀਨਿਕਾ ਵਿਚ ਅੱਜ ਤੋਂ ਗਰਭਵਤੀ ਮਾਵਾਂ ਦਾ ਚੈਕਅੱਪ, ਇਲਾਜ, ਟੈਸਟ ਅਤੇ ਦਵਾਈਆਂ ਮੁਫਤ ਦੇਣ ਦੀ ਸ਼ੁਰੂਆਤ ਕੀਤੀ ਗਈ ਹੈ। ਇਸਤੋਂ ਪਹਿਲਾਂ ਸਾਰੇ ਆਮ ਆਦਮੀ ਕਲੀਨਿਕ ਦੇ ਡਾਕਟਰਾਂ ਨੂੰ ਡਾਕਟਰਾਂ ਨੂੰ ਮਟਰਨਲ ਹੈਲਥ ਕੇਅਰ ਬਾਰੇ ਇੱਕ ਵਿਸ਼ੇਸ਼ ਟਰੇਨਿੰਗ ਦਿੱਤੀ ਜਾ ਚੁੱਕੀ ਹੈ। ਜਿਸ ਵਿੱਚ ਉਹਨਾਂ ਨੂੰ ਹਾਈਰਿਸਕ ਪ੍ਰੈਗਨੈਂਸੀ, ਅਨੀਮੀਆ, ਹਾਈਪਰਟੈਂਸ਼ਨ, ਡਾਇਬਟਿਕ, ਪ੍ਰੀਵੀਅਸ ਸਜੇਰੀਅਨ, ਟਵਿਨ ਪ੍ਰੈਗਨੈਂਸੀ ਅਤੇ ਹੋਰ ਗੰਭੀਰ ਬਿਮਾਰੀਆਂ ਵਾਲੇ ਮਟਰਨਲ ਕੇਸਾਂ ਦੇ ਇਲਾਜ ਸਬੰਧੀ ਟਰੇਨਿੰਗ ਦਿੱਤੀ ਗਈ ਹੈ। ਜਿਸ ਦਾ ਮੁੱਖ ਮਕਸਦ ਮਟਰਨਲ ਡੈੱਥ ਕੇਸਾਂ ਨੂੰ ਘੱਟ ਕਰਨਾ ਹੈ। ਆਮ ਆਦਮੀ ਕਲੀਨਿਕ ਵਿੱਚ ਇਹ ਸੁਵਿਧਾ ਮਿਲਣ ਕਰਕੇ ਗਰਭਵਤੀ ਮਹਿਲਾ ਮਹਿਲਾਵਾਂ ਨੂੰ ਉਹਨਾਂ ਦੇ ਘਰ ਦੇ ਨਜ਼ਦੀਕ ਹੀ ਐਂਟੀਨੇਟਲ ਕੇਅਰ ਮਿਲਣੀ ਸ਼ੁਰੂ ਹੋ ਜਾਵੇਗੀ, ਜਿਸ ਨਾਲ ਮਰੀਜ਼ਾਂ ਨੂੰ ਆਪਣੇ ਇਲਾਜ ਲਈ ਦੂਰ ਨਹੀਂ ਜਾਣਾ ਪਵੇਗਾ।

ਡਾ ਕਿਰਨਦੀਪ ਕੌਰ ਨੇ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ ਗਰਭਵਤੀ ਮਹਿਲਾਵਾਂ ਦੇ ਸਾਰੇ ਟੈਸਟ ਦਵਾਈਆਂ ਇੱਥੋਂ ਤੱਕ ਕਿ ਮੁਫ਼ਤ ਅਲਟਰਾਸਾਊਂਡ ਵੀ ਸੂਚੀਬੱਧ ਸੈਂਟਰਾਂ ਤੋਂ ਕਰਵਾਏ ਜਾ ਸਕਣਗੇ। ਇਸ ਦੌਰਾਨ ਜ਼ਿਲਾ ਟੀਕਾਕਰਨ ਅਫਸਰ ਡਾ ਭਾਰਤੀ ਧਵਨ, ਡਾ ਕੁਲਦੀਪ ਕੌਰ, ਜਿਲਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਰਾਜ ਬੱਲ ਸਮੇਤ ਸਮੂਹ ਸਟਾਫ ਹਾਜ਼ਰ ਸਨ।

## ਲੁਧਿਆਣਾ ਜਿੱਤ ਨੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਸਰਕਾਰ ਦੀ ਮੁੜ ਜਿੱਤ ਲਈ ਰਾਹ ਖੋਲ੍ਹਿਆ : ਧਾਲੀਵਾਲ

### ਅਜਨਾਲਾ 'ਚ ਲੱਡੂ ਵੰਡ ਕੇ ਖੁਸ਼ੀ ਸਾਂਝੀ ਕੀਤੀ



ਅਜਨਾਲਾ, 23 ਜੂਨ, (ਸੁਖਦੇਵ ਸਿੰਘ ਖਾਲਸਾ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਸਾਬਤ ਕਰ ਦਿੱਤਾ ਹੈ, ਕਿ ਪੰਜਾਬ ਦੇ ਲੋਕ ਨੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹਨ । ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਅੱਜ ਮੁੱਖ ਦਫਤਰ ਅਜਨਾਲਾ ਵਿਖੇ ਆਪ ਵਲੰਟੀਅਰਾਂ ਨਾਲ ਲੱਡੂ ਵੰਡ ਕੇ ਖੁਸ਼ੀ ਸਾਂਝੀ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਧਾਲੀਵਾਲ ਨੇ ਅੱਗੇ ਕਿਹਾ ਕਿ ਲੁਧਿਆਣਾ ਪੱਛਮੀ ਤੋਂ ਆਪ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਦੀ ਜਿੱਤ ਨੇ ਵਿਰੋਧੀ ਧਿਰਾਂ ਨੂੰ ਆਉਣ ਵਾਲੀਆਂ 2027 ਦੀਆਂ ਚੋਣਾਂ ਲਈ ਵੀ ਸੋਚਣ ਲਈ ਮਜਬੂਰ ਕਰ ਦਿੱਤਾ ਹੈ।

ਵਿਰੋਧੀ ਧਿਰਾਂ ਨੇ ਲੁਧਿਆਣਾ ਪਛਮੀ ਤੋਂ ਜਿੱਤ ਹਾਸਿਲ ਕਰਨ ਲਈ ਬਹੁਤ ਤਰ੍ਹਾਂ ਦੇ ਹੱਥ ਕੰਡੇ ਆਪਣਾਉਂਦੇ ਹੋਏ ਵੱਡੀ ਤਾਦਾਰ ਚੋਂ ਕੂੜ ਪ੍ਰਚਾਰ ਕੀਤਾ, ਪਰ ਲੁਧਿਆਣਾ ਵਾਸੀਆਂ ਨੇ ਸੁਚੱਜੀ ਅਤੇ ਚੰਗੀ ਸੋਚ ਰੱਖਦੇ ਹੋਏ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਰਵਾਏ ਗਏ ਵਿਕਾਸ ਕੰਮਾਂ ਅਤੇ ਲਏ ਗਏ ਇਤਿਹਾਸਿਕ ਫੈਸਲਿਆਂ 'ਤੇ ਮੋਹਰ ਲਾਉਂਦੇ ਹੋਏ ਸੰਜੀਵ ਅਰੋੜਾ ਨੂੰ ਸ਼ਾਨਦਾਰ ਜਿੱਤ ਹਾਸਲ ਕਰਵਾਈ ਹੈ। ਪੰਜਾਬ ਚ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਤੋਂ ਇਲਾਵਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਜੱਦੀ ਅਤੇ ਭਾਜਪਾ ਸ਼ਾਸਿਤ ਸੂਬੇ ਗੁਜਰਾਤ ਦੇ ਇੱਕ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ 'ਚ ਵੀ ਪਾਰਟੀ ਉਮੀਦਵਾਰ ਦੀ ਹੋਈ ਸ਼ਾਨਦਾਰ ਜਿੱਤ ਨੇ ਸਾਬਿਤ ਕਰ ਦਿੱਤਾ ਹੈ, ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਪਾਰਟੀ ਕੌਮੀ ਪੱਧਰ 'ਤੇ ਹੋਰ ਮਜ਼ਬੂਤ ਹੋਈ ਹੈ।

ਇਸ ਮੌਕੇ 'ਤੇ ਖੁਸ਼ਪਾਲ ਸਿੰਘ ਧਾਲੀਵਾਲ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਭੱਟੀ, ਸ਼ਹਿਰੀ ਪ੍ਰਧਾਨ ਅਮਿਤ ਔਲ, ਪ੍ਰਧਾਨ ਦਵਿੰਦਰ ਸਿੰਘ ਸੋਨੂੰ,ਬਲਦੇਵ ਸਿੰਘ ਬੱਬੂ ਚੇਅਰਮੈਨ ਮਾਰਕੀਟ ਕਮੇਟੀ ਅਜਨਾਲਾ,ਅਮਿਤ ਪੁਰੀ, ਹਰਮੀਤ ਸਿੰਘ ਸੰਧੂ, ਕੌਂਸਲਰ ਅਵਿਨਾਸ਼, ਕੌਂਸਲਰ ਨੰਦ ਲਾਲ, ਸ਼ਿਵ ਚਾਹਲ, ਦਿਲਬਾਗ ਘੁਲੀ, ਅਜੇ ਸ਼ਰਮਾ, ਹਰਪ੍ਰੀਤ ਸੋਹਲ, ਜਿਲ੍ਹਾ ਸਕੱਤਰ ਗੀਤਾ ਗਿੱਲ ਹਾਜ਼ਰ ਸਨ।

## ਨਿਗਮ ਵੱਲੋਂ ਲਗਾਏ ਕੈਂਪਾਂ ਤੋਂ ਬਾਅਦ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾਂ ਨੂੰ ਕਟਣ ਦੀ ਕੀਤੀ ਜਾਵੇਗੀ ਕਾਰਵਾਈ ਸ਼ੁਰੂ : ਵਧੀਕ ਕਮਿਸ਼ਨਰ




ਅੰਮ੍ਰਿਤਸਰ, 23 ਜੂਨ, (ਗੁਰਦਿਆਲ ਸਿੰਘ) : ਕਮਿਸ਼ਨਰ ਨਗਰ ਨਿਗਮ, ਅੰਮ੍ਰਿਤਸਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਮਿਤੀ 23.06.2025 ਤੋਂ 30.06.2025 ਤੱਕ ਪਛੱਮੀ , ਦੱਖਣੀ, ਉੱਤਰੀ ਅਤੇ ਪੂਰਬੀ ਹਲਕਿਆਂ ਵਿੱਚ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾਂ ਨੂੰ ਰੇਗੂਲਰ ਕਰਵਾਉਣ ਅਤੇ ਬਿਨਾਂ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ ਲਈ ਕੈਂਪਾਂ ਦਾ ਆਯੋਜਨ ਕੀਤਾ ਗਿਆ ਹੈ । ਇਸੇ ਕੜੀ ਵਿੱਚ ਅੱਜ ਮਿਤੀ 23.06.2025 ਨੂੰ ਸ਼ਹਿਰ ਦੇ ਦਖੱਣੀ ਵਿਧਾਨ ਸਭਾ ਹਲਕੇ ਵਿੱਚ ਪੈਂਦੇ ਇਲਾਕੇ ਸੁਲਤਾਨਵਿੰਡ ਪਿੰਡ ਵਿਖੇ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਦੀ ਅਗਵਾਈ ਕਾਰਜਕਾਰੀ ਇੰਜੀਨਿਅਰ ਮਨਜੀਤ ਸਿੰਘ , ਨੋਡਲ ਅਫਸਰ ਸਹਾਇਕ ਕਮਿਸ਼ਨਰ ਦਲਜੀਤ ਸਿੰਘ, ਸਕੱਤਰ ਸ਼ੁਸਾਂਤ ਭਾਟੀਆਂ, ਸੁਪਰਡੰਟ ਪ੍ਰਾਪਰਟੀ ਟੈਕਸ ਪ੍ਰਦੀਪ ਕੁਮਾਰ ਸੁਪਰਡੰਟ ਵਾਟਰੇਟ ਸਤਨਾਮ ਸਿੰਘ ਵੱਲੋਂ ਕੀਤੀ ਗਈ । ਅੱਜ ਦੇ ਇਸ ਕੈਂਪ ਵਿੱਚ ਇਲਾਕਾ ਨਿਵਾਸੀਆਂ ਵੱਲੋਂ ਆਪਣੇ ਪਾਣੀ ਸੀਵਰੇਜ ਦੇ ਕਨੇਕਸ਼ਨ ਰੈਗੁਲਰ ਕਰਵਾਉਣ ਲਈ ਫਾਰਮ ਭਰੇ ਗਏ ਅਤੇ ਬਿਨਾਂ ਵਿਆਜ ਅਤੇ ਜੁਰਮਾਨੇ ਦੇ ਪ੍ਰਾਪਰਟੀ ਟੈਕਸ ਦੀ ਅਦਾਇਗੀ ਕੀਤੀ ਗਈ। ਅੱਜ ਦੇ ਇਸ ਕੈਂਪ ਵਿੱਚ ਪਾਣੀ ਅਤੇ ਸੀਵਰੇਜ ਦੇ ਨਜਾਇਜ ਕਨੈਕਸ਼ਨਾਂ ਨੂੰ ਬਣਦੀ ਫੀਸ 1650/- ਰੁਪਏ ਪ੍ਰਤੀ ਕੇਸ ਵਸੂਲ ਕੇ ਰੈਗੁਲਰ ਕਰ ਦਿੱਤਾ ਗਿਆ ਹੈ ਅਤੇ ਇਸ ਤੋ ਇਲਾਵਾ ਇਲਾਕੇ ਵਿੱਚ ਲੋਕਾਂ ਨੂੰ ਆਪਣੇ ਕਨੈਕਸ਼ਨ ਰੈਗੂਲਰ ਕਰਵਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ । ਪ੍ਰਾਪਰਟੀ ਟੈਕਸ ਵਿਭਾਗ ਵਲੋਂ ਪ੍ਰਾਪਰਟੀ ਟੈਕਸ ਵਿਭਾਗ ਜੋ ਅਜ ਤੱਕ ਰਿਟਰਨਾਂ ਭਰੀਆਂ ਗਈਆਂ ਹਨ ਜਿਸ ਤੋ ਤਕਰੀਬਨ 3 ਲੱਖ ਰੁਪਏ ਟੈਕਸ ਦੀ ਵਸੂਲੀ ਹੋਈ ਹੈ ।

ਇਸ ਮੌਕੇ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੀਆਂ ਬਾਹਰਲੀਆਂ ਆਬਾਦੀਆਂ ਵਿੱਚ ਜਾਇਕਾ, ਸਾਊਥ ਈਸਟ ਅਤੇ ਅਮਰੂਤ ਪ੍ਰਾਜੈਕਟ ਅਧੀਨ ਪਾਣੀ / ਸੀਵਰੇਜ ਦੀਆਂ ਪਾਈਪਾਂ ਵਿਛਾਈਆਂ ਗਈਆਂ ਸਨ ਤਾਂ ਜੋ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮਿਲ ਸਕੇ ਅਤੇ ਸੀਵਰੇਜ ਦੀ ਸਹੀ ਤਰੀਕੇ ਨਿਕਾਸੀ ਹੋ ਸਕੇ, ਜਿਸ ਵਾਸਤੇ ਲੋਕਾਂ ਵਲੋਂ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨ ਲਏ ਗਏ ਸਨ, ਪਰ ਇਨ੍ਹਾਂ ਕਨੈਕਸ਼ਨਾਂ ਨੂੰ ਨਗਰ ਨਿਗਮ ਕੋਲੋਂ ਪਾਸ ਨਹੀ ਕਰਵਾਇਆ ਗਿਆ ਹੈ। ਜਿਸ ਕਰਕੇ ਨਾ ਤੇ ਇਨ੍ਹਾਂ ਘਰਾਂ ਨੂੰ ਕੋਈ ਬਿਲ ਜਾ ਰਿਹਾ ਹੈ ਅਤੇ ਨਾ ਹੀ ਕੋਈ ਰਿਕਵਰੀ ਆ ਰਹੀ ਹੈ। ਜਿਸ ਕਰਕੇ ਨਿਗਮ ਨੂੰ ਬੜਾ ਵਿੱਤੀ ਨੁਕਸਾਨ ਹੋ ਰਿਹਾ ਹੈ । ਇਨ੍ਹਾਂ ਨਜਾਇਜ ਲਗੇ ਕਨੈਕਸ਼ਨਾਂ ਨੂੰ ਕੱਟਣ ਦੀ ਕਾਰਵਾਈ ਤੋਂ ਪਹਿਲਾ ਸ਼ਹਿਰ ਵਾਸੀਆਂ ਦੀ ਸਹੂਲਤ ਲਈ ਇਨ੍ਹਾਂ ਇਲਾਕਿਆਂ ਵਿੱਚ ਕੈਂਪ ਲਗਾਏ ਜਾ ਰਹੇ ਹਨ ਅਤੇ ਬਕਾਇਦਾ ਲੋਕਾਂ ਨੂੰ ਇਨਾਂ ਕੈਂਪਾਂ ਦਾ ਲਾਭ ਉਠਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ, ਜਿਸ ਦਾ ਲੋਕਾਂ ਵੱਲੋਂ ਭਰਵਾ ਹੁੰਗਾਰਾ ਮਿਲਿਆ ਹੈ ।

ਇਸ ਤੋਂ ਇਲਾਵਾ ਸਰਕਾਰ ਦੀ ਵਨ-ਟਾਇਮ ਸੈਟਲਮੈਂਟ ਸਕੀਮ ਅਧੀਨ ਸਰਕਾਰ ਵੱਲੋਂ ਲਬਿੰਤ ਪਏ ਪ੍ਰਾਪਰਟੀ ਟੈਕਸ ਤੇ ਵਿਆਜ ਅਤੇ ਜੁਰਮਾਨੇ ਦੀ ਮੁਆਫੀ ਵੀ 31 ਜੁਲਾਈ 2025 ਦਾ ਹੈ, ਜਿਸ ਦਾ ਇਨ੍ਹਾਂ ਕੈਂਪਾਂ ਵਿੱਚ ਸ਼ਾਮਲ ਹੋ ਕੇ ਭਰਪੂਰ ਲਾਭ ਉਠਾਇਆ ਜਾ ਸਕਦਾ ਹੈ। ਉਹਨਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕੀ ਨਗਰ ਨਿਗਮ ਵੱਲੋਂ ਲਗਾਏ ਜਾ ਰਹੇ ਇਹਨਾਂ ਕੈਂਪਾਂ ਦਾ ਭਰਪੂਰ ਲਾਭ ਉਠਾਊਣ ਅਤੇ ਅਣ ਅਧਿਕਾਰਤ ਪਾਣੀ ਅਤੇ ਸੀਵਰੇਜ ਦੇ ਕਨੈਕਸ਼ਨਾ ਨੂੰ ਰੇਗੂਲਰ ਕਰਵਾਉਣ ਤਾਂ ਜੋ ਇਨ੍ਹਾਂ ਕਨੈਕਸ਼ਨਾਂ ਨੂੰ ਕੱਟਣ ਵਾਲੀ ਕਾਰਵਾਈਆਂ ਤੋਂ ਬਚਿਆ ਜਾ ਸਕੇ ਅਤੇ ਬਿਨਾਂ ਵਿਆਜ ਜੁਰਮਾਨੇ ਦੇ ਪਿਛਲੇ ਸਾਲਾਂ ਦਾ ਪ੍ਰਾਪਰਟੀ ਟੈਕਸ ਭਰਨ।

## ਮੋਦੀ ਸਰਕਾਰ ਵੱਲੋਂ ਚਲਾਈਆਂ 'ਲੋਕ ਭਲਾਈ ਯੋਜਨਾਵਾਂ' ਸਬੰਧੀ ਲਗਾਏ ਜਾਣਗੇ ਕੈਂਪ : ਪ੍ਰਿੰ. ਰੇਨੂੰ ਕਸ਼ਯਪ



ਦੀਨਾਨਗਰ, 23 ਜੂਨ, (ਡਾ.ਰਮੇਸ਼ ਸਰੰਗਲ) : ਵਿਧਾਨਸਭਾ ਹਲਕਾ ਦੀਨਾਨਗਰ 'ਚ ਮੋਦੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦੇ ਤਹਿਤ ਹਲਕੇ ਚ ਕੈਂਪ ਲਗਾਏ ਜਾਣਗੇ। ਇਸ ਬਾਰੇ ਗੱਲਬਾਤ ਕਰਦੇ ਹੋਏ ਭਾਜਪਾ ਸੂਬਾ ਸਕੱਤਰ ਅਤੇ ਹਲਕਾ ਇੰਚਾਰਜ ਰੇਨੂੰ ਕਸ਼ਯਪ ਨੇ ਦੱਸਿਆ ਕਿ ਸਾਰੇ ਇਲਾਕਾ ਵਾਸੀਆਂ ਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਵੇਗੀ, ਕਿ ਪੂਰੇ ਪੰਜਾਬ ਦੀ ਤਰ੍ਹਾਂ ਸਾਡੇ ਵਿਧਾਨਸਭਾ ਖ਼ੇਤਰ ਦੀਨਾਨਗਰ ਦੇ ਅਲਗ ਅਲਗ ਮੰਡਲਾਂ ਵਿੱਚ ਵੀ ਬੀਜੇਪੀ ਪੰਜਾਬ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਦੁਆਰਾ ਚਲਾਈਆਂ ਜਾ ਰਹੀਆਂ ਲੋਕ ਭਲਾਈ ਯੋਜਨਾਵਾਂ ਨੂੰ ਲੈਕੇ ਬਹੁਪੱਧਰੀ ਕੈਂਪ ਲਗਾਏ ਜਾ ਰਹੇ ਨੇ। ਜਿਹਨਾਂ ਵਿੱਚ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਜਿਵੇਂ 'ਆਯੂਸ਼ਮਾਨ ਕਾਰਡ, ਕਿਸਾਨ ਨਿਧੀ ਯੋਜਨਾ, ਆਵਾਸ ਯੋਜਨਾ ਅਤੇ ਇਹੋ ਜਿਹੀਆਂ ਕਈ ਹੋਰ ਯੋਜਨਾਵਾਂ' ਦੇ ਨਾਲ ਸੰਬੰਧਤ 'ਮੋਦੀ ਕਾਰਡ' ਮੌਕੇ ਉੱਤੇ ਲੋਕਾਂ ਨੂੰ ਬਣਾ ਕੇ ਦਿੱਤੇ ਜਾਣਗੇ

ਉਹਨਾਂ ਨੇ ਦੱਸਿਆ ਕਿ ਪੰਜਾਬ ਵਿੱਚ ਬੜੀ ਤੇਜੀ ਨਾਲ ਭਾਜਪਾ ਦਾ ਆਧਾਰ ਵੱਧ ਰਿਹਾ ਹੈ ਅਤੇ 2027 ਚ ਭਾਜਪਾ ਪੰਜਾਬ 'ਚ ਵੱਡੀ ਲੀਡ ਨਾਲ ਉੱਭਰ ਕੇ ਸਾਹਮਣੇ ਆਵੇਗੀ।

## ਸਰਕਾਰ ਅੰਮ੍ਰਿਤਸਰ ਅਤੇ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ 'ਚ ਫੇਲ੍ਹ : ਜਥੇ: ਹਵਾਰਾ ਕਮੇਟੀ



ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ ਨੇ ਕਿਹਾ ਆਪ ਸਰਕਾਰ ਦੇ ਚੋਣ ਮਨੋਰਥ ਪੱਤਰ ਵਿੱਚ ਵਾਅਦਾ ਕੀਤਾ ਗਿਆ ਸੀ, ਕਿ ਸ੍ਰੀ ਅੰਮ੍ਰਿਤਸਰ ਸਾਹਿਬ ਅਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਹਿਲ ਦੇ ਅਧਾਰ 'ਤੇ ਪਵਿੱਤਰ ਸ਼ਹਿਰ ਐਲਾਨਿਆ ਜਾਵੇਗਾ। ਪਰ ਸਾਡੇ ਤਿੰਨ ਸਾਲ ਬੀਤਣ ਦੇ ਬਾਵਜੂਦ ਹੁਣ ਤੱਕ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਵਿੱਚ ਸਰਕਾਰ ਫੇਲ੍ਹ ਰਹੀ ਹੈ, ਜੋ ਪੰਜਾਬ ਦੇ ਵੋਟਰਾਂ ਨਾਲ ਧੋਖਾ ਹੈ ਅਤੇ ਸਿੱਖ ਜਜ਼ਬਾਤਾਂ ਨਾਲ ਖਿਲਵਾੜ ਹੈ। ਦੇਸ਼ ਵਿਦੇਸ਼ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੀ 350 ਸਾਲਾ ਸ਼ਤਾਬਦੀ ਮਨਾਉਣ ਦੀ ਤਿਆਰੀਆਂ ਹੋ ਰਹੀਆਂ ਹਨ। ਜ਼ਿਕਰਯੋਗ ਯੋਗ ਹੈ ਕਿ ਗੁਰੂ ਤੇਗ਼ ਬਹਾਦੁਰ ਸਾਹਿਬ ਦਾ ਪ੍ਰਕਾਸ਼ ਅੰਮ੍ਰਿਤਸਰ ਸਾਹਿਬ ਵਿਖੇ ਹੋਇਆ ਸੀ ਅਤੇ ਉਨ੍ਹਾਂ ਨੇ ਹੀ ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਵਸਾਇਆ ਸੀ, ਜਿੱਥੇ ਕਸ਼ਮੀਰੀ ਪੰਡਿਤਾਂ ਨੇ ਗੁਰੂ ਜੀ ਕੋਲ ਆਪਣਾ ਧਰਮ ਨੂੰ ਬਚਾਉਣ ਦੀ ਫ਼ਰਿਆਦ ਕੀਤੀ ਸੀ। ਮਨੁੱਖੀ ਅਧਿਕਾਰਾਂ ਦੀ ਰਾਖੀ ਪੱਖੋਂ ਗੁਰੂ ਤੇਗ਼ ਬਹਾਦੁਰ ਸਾਹਿਬ ਦਾ ਕੋਈ ਸਾਨੀ ਨਹੀਂ ਹੈ। ਹਵਾਰਾ ਕਮੇਟੀ ਦੇ ਪ੍ਰੋਫੈਸਰ ਬਲਜਿੰਦਰ ਸਿੰਘ, ਮਹਾਂਬੀਰ ਸਿੰਘ ਸੁਲਤਾਨਵਿੰਡ, ਬੇਅੰਤ ਸਿੰਘ ਭਰਾਤਾ ਜਨਰਲ ਸ਼ਬੇਗ ਸਿੰਘ, ਪੰਜ ਸਿੰਘਾਂ 'ਚੋ ਸਤਨਾਮ ਸਿੰਘ ਝੰਝੀਆਂ, ਐਡਵੋਕੇਟ ਜਸਬੀਰ ਸਿੰਘ ਜੰਮੂ ਅਤੇ ਰਘਬੀਰ ਸਿੰਘ ਭੁੱਚਰ ਨੇ ਮੰਗ ਕੀਤੀ ਕਿ ਬਿਨ੍ਹਾਂ ਦੇਰੀ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨ ਕੇ ਸੂਬੇ ਦੇ ਲੋਕਾਂ ਦੀ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ।

ਹਵਾਰਾ ਕਮੇਟੀ ਨੇ ਕੇਜਰੀਵਾਲ ਤੇ ਦੋਸ਼ ਲਗਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਨੇ ਬੰਦੀ ਸਿੰਘ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ 'ਤੇ ਰੁਕਾਵਟ ਪਾਈ ਜਦਕਿ 2019 ਵਿੱਚ ਗੁਰੂ ਨਾਨਕ ਸਾਹਿਬ ਦੇ 550 ਪ੍ਰਕਾਸ਼ ਪੁਰਬ 'ਤੇ ਉਨ੍ਹਾਂ ਦੀ ਅਤੇ ਗੁਰਦੀਪ ਸਿੰਘ ਖੈੜਾ ਦੀ ਰਿਹਾਈ ਦਾ ਐਲਾਨ ਹੋਇਆ ਸੀ। ਕੇਂਦਰ ਅਤੇ ਦਿੱਲੀ ਵਿੱਚ ਅੱਜ ਭਾਜਪਾ ਦੀ ਸਰਕਾਰ ਹੈ। ਜੇਕਰ ਮਨੁੱਖੀ ਅਧਿਕਾਰਾਂ ਦੀ ਬਹਾਲੀ ਲਈ ਗੁਰੂ ਸਾਹਿਬ ਦੀ ਸ਼ਿਖਰ ਦੀ ਕੁਰਬਾਨੀ ਦਾ ਸਤਿਕਾਰ ਸਰਕਾਰਾਂ ਕਰਦੀਆਂ ਹਨ, ਤਾਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ।

ਆਪ ਦੇ ਚੋਟੀ ਦੇ ਆਗੂ ਦਿੱਲੀ ਤੋਂ ਚੋਣਾਂ ਹਾਰਨ ਦੇ ਬਾਅਦ ਪੰਜਾਬ ਵਿੱਚ ਡੇਰੇ ਲਾਕੇ ਇਸਦੇ ਖਜ਼ਾਨੇ 'ਤੇ ਵੱਡਾ ਬੋਝ ਬਣ ਗਏ ਹਨ। ਜਿਸ ਕਾਰਨ ਪੰਜਾਬ ਦੇ ਲੋਕ ਪਰੇਸ਼ਾਨ ਹਨ। ਪਹਿਲਾਂ ਹੀ ਪੰਜਾਬ 4.17 ਲੱਖ ਕਰੋੜ ਦਾ ਕਰਜ਼ਾ ਲੈ ਕੇ ਦੇਸ਼ ਵਿੱਚ ਕਰਜ਼ਾ ਲੈਣ ਵਾਲੇ ਸੂਬਿਆਂ ਵਿੱਚ ਦੂਜੇ ਨੰਬਰ 'ਤੇ ਹੈ। ਪੰਜਾਬ ਦਾ ਕਰਜ਼ਾ ਨੌਂ ਫੀਸਦੀ ਨਾਲ ਵਧਿਆ ਹੈ ਜੋ ਖ਼ਤਰੇ ਦੀ ਗੱਲ ਹੈ।

## ਵਿਦੇਸ਼ ਭੇਜਣ ਦੇ ਨਾਮ ਤੇ ਧੋਖਾਧੜੀ ਦੇ ਮਾਮਲੇ ਵਿੱਚ 2 ਵਿਅਕਤੀ ਕਾਬੂ



ਚੇਤਨਪੁਰਾ, 23 ਜੂਨ (ਸੁਖਦੇਵ ਸਿੰਘ ਖਾਲਸਾ) : ਮਨਿੰਦਰ ਸਿੰਘ ਆਈ.ਪੀ.ਐਸ.ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਅਤੇ ਗੁਰਵਿੰਦਰ ਸਿੰਘ ਡੀ.ਐਸ.ਪੀ ਅਜਨਾਲਾ ਦੀ ਅਗਵਾਈ ਹੇਠ ਥਾਣਾ ਝੰਡੇਰ ਪੁਲਿਸ ਵੱਲੋਂ ਵਿਦੇਸ਼ ਭੇਜਣ ਦੇ ਨਾਮ 'ਤੇ ਧੋਖਾਧੜੀ ਦੇ ਮਾਮਲੇ ਵਿੱਚ 2 ਦੋਸ਼ੀਆਂ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਮਨਿੰਦਰ ਸਿੰਘ ਆਈ.ਪੀ.ਐਸ. ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਗੁਰਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਚੇਤਨਪੁਰਾ ਵੱਲੋਂ ਸ਼ਿਕਾਇਤ ਕੀਤੀ ਗਈ ਸੀ, ਕਿ ਹਰਪਾਲ ਸਿੰਘ ਉਰਫ ਲਾਡੀ ਅਤੇ ਉਸਦੇ ਪੁੱਤਰ ਹਰਪ੍ਰੀਤ ਸਿੰਘ ਨੇ ਵਿਦੇਸ਼ ਭੇਜਣ ਦੇ ਨਾਮ 'ਤੇ 3 ਲੱਖ 90 ਹਜਾਰ ਦੀ ਠੱਗੀ ਕੀਤੀ ਹੈ। ਜਿਸ ਦੀ ਹਰ ਪੱਖ ਤੋਂ ਜਾਂਚ ਤੋਂ ਬਾਅਦ ਉਕਤ ਦੋਸ਼ੀਆਂ 'ਤੇ ਥਾਣਾ ਝੰਡੇਰ ਵਿਖੇ ਮੁਕੱਦਮਾ ਨੰ. 93/24 ਜੁਰਮ 420, 120-ਬੀ ਭ:ਦ, 13 ਪੰਜਾਬ ਟਰੈਵਲ ਪ੍ਰੋਫੈਸ਼ਮਲ ਰੈਗੁਲੇਸ਼ਨ ਐਕਟ 2014 ਤਹਿਤ ਦਰਜ ਕਰਕੇ ਤਫਤੀਸ਼ ਦੌਰਾਨ ਉਕਤ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਮੁਕੱਦਮਾ ਦਰਜ ਕਰਕੇ ਉਕਤ ਦੋਸ਼ੀਆ ਨੂੰ ਗ੍ਰਿਫਤਾਰ ਕਰਕੇ ਜੇਲ੍ਹ 'ਚ ਭੇਜ ਦਿੱਤਾ ਗਿਆ ਹੈ।

## ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਯੂ.ਪੀ. 'ਚ ਇਕੱਤਰਤਾਵਾਂ



ਅੰਮ੍ਰਿਤਸਰ, 23 ਜੂਨ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਅਸਾਮ ਤੋਂ ਸਜਾਏ ਜਾ ਰਹੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ ਨੇ ਉੱਤਰ ਪ੍ਰਦੇਸ਼ ਵਿਖੇ ਕਾਰਸੇਵਾ ਵਾਲੇ ਮਹਾਂਪੁਰਖਾਂ ਅਤੇ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਇਕੱਤਰਤਾਵਾਂ ਕੀਤੀਆਂ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਗਰ ਕੀਰਤਨ ਦੇ ਪ੍ਰਬੰਧਾਂ ਸਬੰਧੀ ਉੱਤਰ ਪ੍ਰਦੇਸ਼ ਗਏ ਭਾਈ ਅਜੈਬ ਸਿੰਘ ਅਭਿਆਸੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਨਵੰਬਰ 2025 'ਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦੱਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਤਾਗੱਦੀ ਦਿਵਸ ਦੀ 350 ਸਾਲਾ ਸ਼ਤਾਬਦੀ ਕੌਮੀ ਜਾਹੋ ਜਲਾਲ ਨਾਲ ਮਨਾਈ ਜਾ ਰਹੀ ਹੈ। ਇਸ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਜਿੱਥੇ ਦੇਸ਼ ਦੇ ਵੱਖ-ਵੱਖ ਸਹਿਰਾਂ ਵਿੱਚ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਹਨ, ਉੱਥੇ ਹੀ ਵਿਸ਼ੇਸ਼ ਤੌਰ 'ਤੇ ਨਗਰ ਕੀਰਤਨ ਵੀ ਸਜਾਏ ਜਾਣਗੇ। ਇਸੇ ਤਹਿਤ ਇੱਕ ਵਿਸ਼ੇਸ਼ ਨਗਰ ਕੀਰਤਨ ਗੁਰਦੁਆਰਾ ਧੋਬੜੀ ਸਾਹਿਬ (ਅਸਾਮ) ਤੋਂ ਸ੍ਰੀ ਅਨੰਦਪੁਰ ਸਾਹਿਬ ਤੱਕ ਸਜਾਇਆ ਜਾਣਾ ਹੈ।

ਉਨ੍ਹਾਂ ਕਿਹਾ ਕਿ ਮਾਨਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਉੱਤਰ ਪ੍ਰਦੇਸ਼ ਵਿਖੇ ਨਗਰ ਕੀਰਤਨ ਦੇ ਸਵਾਗਤ ਅਤੇ ਪ੍ਰਬੰਧਾਂ ਨੂੰ ਲੈ ਕੇ ਬਾਬਾ ਬਚਨ ਸਿੰਘ, ਬਾਬਾ ਸੁਰਿੰਦਰ ਸਿੰਘ ਕਾਰਸੇਵਾ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਨਵੀਂ ਦਿੱਲੀ, ਬਾਬਾ ਪ੍ਰੀਤਮ ਸਿੰਘ ਗੁਰਦੁਆਰਾ ਕਾ ਤਾਲ ਆਗਰਾ, ਬਾਬਾ ਹਰਵਿੰਦਰ ਸਿੰਘ ਇੰਦੌਰ ਤੇ ਹੋਰ ਪ੍ਰਬੰਧਕਾਂ ਨਾਲ ਇਕੱਤਰਤਾਵਾਂ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪ੍ਰਬੰਧਕਾਂ ਨੇ ਸ਼ਤਾਬਦੀ ਮੌਕੇ ਸਜਾਏ ਜਾਣ ਵਾਲੇ ਨਗਰ ਕੀਰਤਨ ਦਾ ਯੂਪੀ ਵਿਚ ਭਰਵਾਂ ਸਵਾਗਤ ਕਰਨ ਅਤੇ ਹੋਰ ਪ੍ਰਬੰਧਾਂ ਲਈ ਸ਼੍ਰੋਮਣੀ ਕਮੇਟੀ ਨੂੰ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਇਸ ਮੌਕੇ ਯੂਪੀ ਸਿੱਖ ਮਿਸ਼ਨ ਹਾਪੜ ਦੇ ਇੰਚਾਰਜ ਬ੍ਰਿਜਪਾਲ ਸਿੰਘ, ਸੰਦੀਪ ਸਿੰਘ ਤੇ ਭਾਈ ਸੁਰਿੰਦਰ ਸਿੰਘ ਪੱਟੀ ਆਦਿ ਹਾਜ਼ਰ ਸਨ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 14 ਕੋਰਸਾਂ ਦੇ ਨਤੀਜੇ ਕੀਤੇ ਜਾਰੀ, 26 ਨੂੰ ਹੋਵੇਗੀ ਕਾਊਂਸਲਿੰਗ




ਅੰਮ੍ਰਿਤਸਰ, 23 ਜੂਨ, (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਦੀ ਅਗਵਾਈ ਹੇਠ ਐਤਵਾਰ, 22 ਜੂਨ ਨੂੰ ਹੋਏ। ਯੂਨੀਵਰਸਿਟੀ ਕਾਮਨ ਐਡਮਿਸ਼ਨ ਟੈਸਟ 2025 (ਯੂਕੈਟ - 2025) ਦੇ ਨਤੀਜੇ ਮਹਿਜ਼ 24 ਘੰਟਿਆਂ ਦੇ ਰਿਕਾਰਡ ਸਮੇਂ 'ਚ ਐਲਾਨ ਦਿੱਤੇ ਹਨ। ਇਨ੍ਹਾਂ ਟੈਸਟਾਂ ਵਿੱਚ, ਰਜਨੀਸ਼ ਕੁਮਾਰੀ ਪੁੱਤਰੀ ਰਜਿੰਦਰ ਸਿੰਘ (ਰੋਲ ਨੰਬਰ 31427) ਅਤੇ ਪ੍ਰਭਜੋਤ ਸਿੰਘ ਪੁੱਤਰ ਦਲਜੀਤ ਸਿੰਘ (ਰੋਲ ਨੰਬਰ 32578) ਨੇ 150 ਵਿੱਚੋਂ 113 ਅੰਕ ਪ੍ਰਾਪਤ ਕਰਕੇ ਸਾਂਝੇ ਰੂਪ ਵਿੱਚ ਪਹਿਲਾ ਸਥਾਨ ਹਾਸਲ ਕੀਤਾ।12 ਵਿਭਾਗਾਂ ਦੇ 14 ਕੋਰਸਾਂ ਲਈ ਹੋਏ ਯੂਕੈਟ - 2025 ਲਈ 3796 ਅਰਜੀਆਂ ਪ੍ਰਾਪਤ ਉਮੀਦਵਾਰਾਂ ਨੇ ਹਿੱਸਾ ਲਿਆ ਸੀ। ਇਸ ਪ੍ਰਕਿਰਿਆ ਨੂੰ ਕੋਆਰਡੀਨੇਟਰ ਡਾ. ਬਲਵਿੰਦਰ ਸਿੰਘ ਅਤੇ ਡਿਪਟੀ ਕੋਆਰਡੀਨੇਟਰ ਡਾ. ਵਿਕਰਮ ਤੇ ਡਾ. ਪੰਕਜ ਛਾਬੜਾ ਨੇ ਬਾਖੂਬੀ ਨੇਪਰੇ ਚਾੜ੍ਹਿਆ।ਉਨ੍ਹਾਂ ਦੱਸਿਆ ਕਿ ਅਰਜੀਆਂ ਦੀ ਆਖਰੀ ਮਿਤੀ 20 ਜੂਨ, 2025 ਸੀ ਅਤੇ ਕਾਊਂਸਲਿੰਗ 26 ਜੂਨ, 2025 ਤੋਂ ਸ਼ੁਰੂ ਹੋਵੇਗੀ। ਇਨ੍ਹਾਂ ਟੈਸਟਾਂ 'ਚ ਕੁੱਲ 1211 ਸੀਟਾਂ ਲਈ 3796 ਅਰਜੀਆਂ ਪ੍ਰਾਪਤ ਹੋਈਆਂ। ਨਤੀਜੇ ਹੁਣ ਯੂਨੀਵਰਸਿਟੀ ਦੀ ਵੈਬਸਾਈਟ 'ਤੇ ਉਪਲਬਧ ਹਨ। ਵਿਦਿਆਰਥੀਆਂ ਵੱਲੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋਫੈਸਰ ਡਾ. ਕਰਮਜੀਤ ਸਿੰਘ ਨੂੰ ਕੋਰਸਾਂ ਦੀਆਂ ਸੀਟਾਂ ਹੋਰ ਵਧਾਉਣ ਦੀ ਮੰਗ ਕੀਤੀ ਜਾ ਰਹੀ ਹੈ ਤਾਂ ਜੋ ਸਿਖਿਆ, ਖੋਜ, ਖੇਡਾਂ ਆਦਿ ਵਿਚ ਮੱਲ੍ਹਾਂ ਮਾਰਨ ਵਾਲੀ ਇਸ ਯੂਨੀਵਰਸਿਟੀ ਵਿੱਚ ਵੱਧ ਤੋਂ ਵੱਧ ਵਿਦਿਆਰਥੀ ਦਾਖਲਾ ਲੈ ਕੇ ਆਪਣਾ ਭਵਿੱਖ ਸੰਵਾਰ ਸਕਣ।

## ਮਾਤਾ ਜਸਵੰਤ ਕੌਰ ਨਮਿਤ ਅੰਤਿਮ ਅਰਦਾਸ 29 ਨੂੰ



ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਗੁ. ਸ਼ਹੀਦ ਗੰਜ ਦੇ ਹੈੱਡ ਗ੍ਰੰਥੀ ਸੁਰਜੀਤ ਸਿੰਘ ਸਭਰਾਅ ਦੇ ਮਾਤਾ ਜਸਵੰਤ ਕੌਰ ਜੀ ਜਿਨ੍ਹਾਂ ਦਾ ਬੀਤੀ ਰਾਤ ਦੇਹਾਂਤ ਹੋ ਗਿਆ ਸੀ, ਉਹਨਾਂ ਦਾ ਅੰਤਿਮ ਸੰਸਕਾਰ ਸ਼ਮਸ਼ਾਨਘਾਟ ਨੇੜੇ ਗੁ. ਸ਼ਹੀਦ ਗੰਜ ਸਾਹਿਬ ਅੰਮ੍ਰਿਤਸਰ ਵਿਖੇ ਕੀਤਾ ਗਿਆ। ਇਸ ਮੌਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਮਲਕੀਤ ਸਿੰਘ, ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਮੈਨੇਜਰ ਜਤਿੰਦਰ ਪਾਲ ਸਿੰਘ ਜੇਪੀ, ਮੀਤ ਮੈਨੇਜਰ ਜਸਬੀਰ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਬਿਕਰਮ ਸਿੰਘ, ਸਾਬਕਾ ਸਕੱਤਰ ਐਸਜੀਪੀਸੀ ਜਗਜੀਤ ਸਿੰਘ ਜੱਗੀ, ਸੂਚਨਾ ਅਧਿਕਾਰੀ ਰਣਤੀਰ ਸਿੰਘ, ਜਤਿੰਦਰ ਪਾਲ ਸਿੰਘ, ਸ਼ਹਿਰ ਦੀਆਂ ਵੱਖ-ਵੱਖ ਧਾਰਮਿਕ, ਰਾਜਨੀਤਿਕ, ਸੰਤ ਸਮਾਜ ਅਤੇ ਸੰਪਰਦਾਵਾਂ ਦੇ ਮੁਖੀ ਹਾਜ਼ਰ ਸਨ। ਮਾਤਾ ਜਸਵੰਤ ਕੌਰ ਦੀ ਅੰਤਿਮ ਅਰਦਾਸ 29 ਜੂਨ ਦਿਨ ਐਤਵਾਰ ਨੂੰ ਗੁਰਦੁਆਰਾ ਦਮਦਮਾ ਸਾਹਿਬ ਮਾਲ ਮੰਡੀ ਗੁਰੂ ਤੇਗ ਬਹਾਦਰ ਨਗਰ ਵਿਖੇ ਹੋਵੇਗੀ।

## ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ ਦੇ ਸਬੰਧ ਵਿੱਚ ਵੱਖ ਵੱਖ ਸੋਸਾਇਟੀਆਂ ਨੂੰ ਠੰਡੇ ਪਾਣੀ ਦੇ ਵਾਟਰ ਕੂਲਰ ਅਤੇ ਵਹੀਲਚੇਅਰ ਦਿੱਤੀਆਂ




ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ 24 ਜੂਨ ਨੂੰ ਮਨਾਇਆ ਜਾ ਰਿਹਾ ਹੈ। ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ ਦੇ ਜ਼ੋਨਲ ਮੈਨੇਜਰ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਜਾਬ ਐਂਡ ਸਿੰਧ ਬੈਂਕ ਦਾ 118ਵਾਂ ਸਥਾਪਨਾ ਦਿਵਸ ਇਸ ਸਬੰਧ ਵਿੱਚ ਅੱਜ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ, ਜਿਸੇ ਭੋਗ 24 ਜੂਨ ਨੂੰ ਸਵੇਰੇ 7 ਵਜੇ ਪਾਏ ਜਾਣਗੇ ਬਾਅਦ ਦੁਪਹਿਰ ਠੰਢੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਦਾ ਆਯੋਜਨ ਕੀਤਾ ਜਾਏਗਾ। ਸਥਾਪਨਾ ਦੇ ਸਬੰਧ ਵਿੱਚ ਅੱਜ ਪੰਜਾਬ ਐਂਡ ਸਿੰਧ ਬੈਂਕ ਅੰਮ੍ਰਿਤਸਰ ਦੇ ਜ਼ੋਨਲ ਆਫਿਸ ਵੱਲੋਂ ਵੱਖ ਵੱਖ ਸੋਸਾਇਟੀਆਂ ਨੂੰ ਠੰਢੇ ਪਾਣੀ ਦੇ ਵਾਟਰ ਕੂਲਰ ਅਤੇ ਵਹੀਲਚੇਅਰ ਦਿੱਤੀਆਂ ਗਈਆਂ। ਜ਼ੋਨਲ ਮੈਨੇਜਰ ਗੁਰਮੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਸਥਾਪਨਾ ਦਿਵਸ ਮੌਕੇ ਕਿ ਫੀਲਡ ਜਨਰਲ ਮੈਨੇਜਰ ਚੰਡੀਗੜ੍ਹ ਸ੍ਰੀ ਚਮਨ ਲਾਲ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਗੇ। ਇਸ ਮੌਕੇ ਚੀਫ ਮੈਨੇਜਰ ਚੰਦਰਪਾਲ ਸੀਨੀਅਰ ਮੈਨੇਜਰ ਸੁਖਪ੍ਰੀਤ ਸਿੰਘ ਵਿਸ਼ਵਦੀਪ ਸਿੰਘ ਰਜਿੰਦਰ ਸਿੰਘ ਮੋਹਿਤ ਅਰੋੜਾ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ।

## 26 ਜੂਨ ਨੂੰ ਨਿਰੰਕਾਰੀਆਂ ਵੱਲੋਂ ਕਰਵਾਏ ਜਾ ਰਹੇ ਸਮਾਗਮ ਦੇ ਵਿਰੋਧ ਦੇ ਵਿੱਚ ਸਾਰੀ ਸਿੱਖ ਸੰਗਤ ਇਕੱਠੀ ਹੋਵੇ : ਅਜਨਾਲਾ



ਅੰਮ੍ਰਿਤਸਰ, 23 ਜੂਨ, (ਬਬਲੂ ਮਹਾਜਨ) : ਦਮਦਮੀ ਟਕਸਾਲ ਦੇ ਅਜਨਾਲਾ ਦੇ ਮੁਖੀ ਸਿੰਘ ਸਾਹਿਬ ਭਾਈ ਅਮਰੀਕ ਸਿੰਘ ਜੀ ਅਜਨਾਲਾ ਨੇ ਚੜ੍ਹਦੀਕਲਾ ਟਾਈਮ ਟੀਵੀ ਨਾਲ ਗੱਲਬਾਤ ਕਰਦੇ ਹੋਏ ਕਿਹਾ 26 ਜੂਨ ਨੂੰ ਮੰਡੀ ਗੋਬਿੰਦਗੜ੍ਹ ਵਿਖੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਸੀਨੀਅਰ ਸੈਕੰਡਰੀ ਖਾਲਸਾ ਸਕੂਲ ਦੇ ਵਿੱਚ ਨਿਰੰਕਾਰੀਆਂ ਵੱਲੋਂ ਇੱਕ ਕੂੜ ਚਰਚਾ ਰੱਖੀ ਗਈ ਹੈ। ਓਹਨਾਂ ਸਮੂਹ ਸੰਗਤਾਂ ਸੰਪਰਦਾਵਾਂ ਜਥੇਬੰਦੀਆਂ, ਸਤਿਕਾਰਯੋਗ ਕਮੇਟੀਆਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਦੀ 1978 ਦੀ ਵੀਸਾਖੀ ਨੂੰ 13 ਸਿੰਘ ਸ਼ਹੀਦ ਹੋਏ ਸਨ, ਉਹਨਾਂ ਦੀ ਸ਼ਹੀਦੀ ਦਾ ਵਾਰਤਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਸ਼ਾਹ ਦਾ ਵਾਸਤਾ ਪਾ ਕਰਕੇ ਬੇਨਤੀ ਕਰਦਾ ਕਿ ਦੁਬਾਰਾ ਜੇਕਰ ਪੰਜਾਬ ਦੀ ਧਰਤੀ 'ਤੇ ਨਰਕਧਾਰੀਆਂ ਦੀ ਕੂੜ ਚਰਚਾ ਹੁੰਦੀ ਹੈ, ਤਾ ਸਾਡੇ ਵਾਸਤੇ ਬੜੀ ਸ਼ਰਮ ਵਾਲੀ ਗੱਲ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ। ਆਪਾਂ ਉਹਨਾਂ ਦੀ ਕੁਰਬਾਨੀ ਨੂੰ ਸਿਜਦਾ ਕਰਦੇ ਹੋਏ ਆਉਣ ਵਾਲੇ 26 ਤਰੀਕ ਦਿਨ ਵੀਰਵਾਰ ਨੂੰ ਮੰਡੀ ਗੋਬਿੰਦਗੜ੍ਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਸੀਨੀਅਰ ਸੈਕੰਡਰੀ ਖਾਲਸਾ ਸਕੂਲ ਦੇ ਵਿੱਚ ਇਹਨਾਂ ਦੀ ਕੂੜ ਚਰਚਾ ਰੋਕੀਏ ਤਾਂਕਿ ਆਪਾਂ ਉਹਨਾਂ ਸ਼ਹੀਦਾਂ ਸਿੰਘਾਂ ਦੀਆਂ,ਗੁਰੂ ਗ੍ਰੰਥ ਸਾਹਿਬ ਦੀਆਂ, ਜ਼ਖਮੀ ਹੋਏ ਸਿੰਘਾਂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ। ਆਉ ਸਾਰੇ ਗਿਲੇ ਸ਼ਿਕਵੇ ਭੁਲਾ ਕਰਕੇ ਸਾਰੀਆਂ ਸੰਗਤਾਂ ਨੇ ਆਉਣ ਵਾਲੀ 26 ਜੂਨ ਨੂੰ ਮੰਡੀ ਗੋਬਿੰਦਗੜ੍ਹ ਸੀਨੀਅਰ ਖਾਲਸਾ ਸੀਨੀਅਰ ਸੈਕੰਡਰੀ ਖਾਲਸਾ ਸਕੂਲ ਵਿੱਚ ਪਹੁੰਚਣ ਦੀ ਕਿਰਪਾਲਤਾ ਕਰਨੀ। ਮੇਰੀ ਬੇਨਤੀ ਸਾਰੀਆ ਸੰਗਤਾਂ ਨੇ ਪ੍ਰਵਾਨ ਕਰਨੀ ਜੀ।

# ਸਿਹਤ ਮੰਤਰੀ ਵੱਲੋਂ ਸਿਵਲ ਹਸਪਤਾਲ ਦਾ ਦੌਰਾ ਬਿਹਤਰੀਨ ਸਿਹਤ ਸੇਵਾਵਾਂ ਲਈ ਦਿੱਤੇ ਸਖ਼ਤ ਹੁਕਮ



ਲੁਧਿਆਣਾ, 23 ਜੂਨ (ਵਿਸ਼ਾਲ ਸ਼ਰਮਾ/ਰਵਿੰਦਰ ਸਿੰਘ ਨਿੱਝਰ) : ਅੱਜ ਪੰਜਾਬ ਦੇ ਮਾਣਯੋਗ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸਿਵਲ ਹਸਪਤਾਲ ਲੁਧਿਆਣਾ ਦਾ ਦੌਰਾ ਕੀਤਾ ਤਾਂ ਜੋ ਇੱਥੇ ਦੀਆਂ ਸਹੂਲਤਾਂ ਅਤੇ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦੀ ਗੁਣਵੱਤਾ ਦੀ ਸਮੀਖਿਆ ਕੀਤੀ ਜਾ ਸਕੇ। ਇਸ ਦੌਰਾਨ ਉਨ੍ਹਾਂ ਨੇ ਹਾਲੀਆ ਚੋਰੀ ਦੀਆਂ ਘਟਨਾਵਾਂ, ਵਿਸ਼ੇਸ਼ ਕਰਕੇ ਪਾਣੀ ਵਾਲੀਆਂ ਟੈਂਕੀਆਂ ਦੇ ਢੱਕਣ ਚੋਰੀ ਹੋਣ ਦੇ ਮਾਮਲੇ ਦੀ ਗੰਭੀਰ ਨੋਟਿਸ ਲੈਂਦੇ ਹੋਏ ਤੁਰੰਤ ਪੁਲਿਸ ਅਧਿਕਾਰੀਆਂ ਨੂੰ ਕਸੂਰਵਾਰਾਂ ਨੂੰ ਜਲਦੀ ਗ੍ਰਿਫ਼ਤਾਰ ਕਰਨ ਦੇ ਆਦੇਸ਼ ਜਾਰੀ ਕੀਤੇ। ਉਨ੍ਹਾਂ ਨੇ ਸਰਵਜਨਕ ਸਿਹਤ ਸੰਸਥਾਵਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਜਾਂ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ।

ਸਿਹਤ ਮੰਤਰੀ ਨੇ ਹਸਪਤਾਲ ਦੇ ਵੱਖ-ਵੱਖ ਵਾਰਡਾਂ ਦਾ ਦੌਰਾ ਕਰਦਿਆਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਰਾਬਤਾ ਕਰਕੇ ਸਿੱਧਾ ਫੀਡਬੈਕ ਲਿਆ। ਉਨ੍ਹਾਂ ਨੇ ਲੋਕਾਂ ਨੂੰ ਯਕੀਨ ਦਿਵਾਇਆ ਕਿ ਸਰਕਾਰ ਸਿਹਤ ਸੰਰਚਨਾ ਨੂੰ ਬਿਹਤਰ ਬਣਾਉਣ ਅਤੇ ਹਰ ਕਿਸੇ ਲਈ ਗੁਣਵੱਤਾਪੂਰਕ ਇਲਾਜ ਸੂਨਿਸ਼ਚਤ ਕਰਨ ਲਈ ਵਚਨਬੱਧ ਹੈ। ਭ੍ਰਿਸ਼ਟਾਚਾਰ ਨੂੰ ਲੈ ਕੇ ਸਖ਼ਤ ਸੁਨੇਹਾ ਦਿੰਦਿਆਂ, ਡਾ. ਬਲਬੀਰ ਸਿੰਘ ਨੇ ਕਿਹਾ, "ਜੇਕਰ ਕੋਈ ਕਰਮਚਾਰੀ ਕੰਮ ਲਈ ਰਿਸ਼ਵਤ ਲੈਂਦਾ ਪਾਇਆ ਗਿਆ, ਤਾਂ ਉਸ ਖ਼ਿਲਾਫ਼ ਤੁਰੰਤ ਸਖ਼ਤ ਕਾਰਵਾਈ ਕੀਤੀ ਜਾਵੇਗੀ।" ਉਨ੍ਹਾਂ ਨੇ ਹਸਪਤਾਲ ਸਟਾਫ ਨੂੰ ਇਮਾਨਦਾਰੀ ਨਾਲ ਆਪਣਾ ਫਰਜ਼ ਨਿਭਾਉਣ ਦੀ ਨਸੀਹਤ ਦਿੱਤੀ ਅਤੇ ਯਾਦ ਦਿਵਾਇਆ ਕਿ, "ਇਹ ਤੁਹਾਡਾ ਹਸਪਤਾਲ ਹੈ, ਅਤੇ ਤੁਹਾਡੀ ਜ਼ਿੰਮੇਵਾਰੀ ਹੈ ਕਿ ਤੁਸੀਂ ਇਸ ਨੂੰ ਇਮਾਨਦਾਰੀ ਅਤੇ ਨਿਸ਼ਠਾ ਨਾਲ ਚਲਾਓ।

ਕੋਵਿਡ-19 ਸੰਬੰਧੀ ਚਿੰਤਾਵਾਂ 'ਤੇ ਗੱਲ ਕਰਦਿਆਂ, ਮੰਤਰੀ ਨੇ ਦੱਸਿਆ ਕਿ ਹਾਲਾਤ ਪੂਰੀ ਤਰ੍ਹਾਂ ਨਿਯੰਤਰਣ ਵਿੱਚ ਹਨ ਅਤੇ ਲੋਕਾਂ ਨੂੰ ਘਬਰਾਉਣ ਦੀ ਕੋਈ ਲੋੜ ਨਹੀਂ। ਉਨ੍ਹਾਂ ਨੇ ਭੀੜ-ਭਾੜ ਵਾਲੇ ਸਥਾਨਾਂ ਵਿੱਚ ਮਾਸਕ ਪਾਉਣ ਅਤੇ ਸਫਾਈ ਬਰਕਰਾਰ ਰੱਖਣ ਵਰਗੀਆਂ ਕੋਵਿਡ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਡੇਂਗੂ ਰੋਕਥਾਮ ਬਾਰੇ ਜਾਣਕਾਰੀ ਦਿੰਦਿਆਂ, ਮੰਤਰੀ ਨੇ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਮੱਛਰਾਂ ਦੀ ਬਰੀਡਿੰਗ ਰੋਕਣ ਲਈ ਜਾਂਚ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਲੱਛਣਾਂ ਅਤੇ ਬਚਾਅ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਲੋਕਾਂ ਨੂੰ ਹਰ ਸ਼ੁੱਕਰਵਾਰ, ਡੇਂਗੂ 'ਤੇ ਵਾਰ' ਮੁਹਿੰਮ ਵਿੱਚ ਸਰਗਰਮ ਭਾਗੀਦਾਰੀ ਕਰਨ ਅਤੇ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਵੀ ਅਪੀਲ ਕੀਤੀ ਗਈ।

# 2027 ਦਾ ਦੰਗਲ ਜਿੱਤਣ ਲਈ ਕਾਂਗਰਸ ਅੰਦਰੂਨੀ ਏਕਤਾ ਵੱਲ ਧਿਆਨ ਦੇਵੇ : ਕ੍ਰਿਸਟਲ



ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਭੁਪਿੰਦਰ ਸਿੰਘ ਕ੍ਰਿਸਟਲ ਨੇ ਆਖਿਆ ਹੈ ਕਿ ਹਾਲ ਹੀ ਵਿੱਚ ਹੋਈ ਲੁਧਿਆਣੇ ਦੀ ਉਪ ਚੋਣ ਵਿੱਚ ਕਾਂਗਰਸੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਦੂਸਰੇ ਨੰਬਰ ਤੇ ਆਏ ਹਨ। ਉਨ੍ਹਾਂ ਵੱਲੋਂ ਜਿੱਤ ਹਾਸਿਲ ਨਾ ਕਰ ਸਕਣ ਦੇ ਕਈ ਕਾਰਣ ਹਨ ਜਿਨਾਂ ਦਾ ਪੜਚੋਲ ਕਰਨ ਦੀ ਲੋੜ ਹੈ। ਉਹਨਾਂ ਕਿਹਾ ਕਿ ਅਗਰ ਕਾਰਨਾਂ ਤੇ ਨਿਗਾਹ ਮਾਰੀ ਜਾਵੇ ਤਾਂ ਉਹਨਾਂ ਵਿੱਚੋਂ ਇੱਕ ਵੱਡਾ ਕਾਰਨ ਕਾਂਗਰਸ ਵਿੱਚ ਏਕੇ ਦੀ ਘਾਟ ਨਜਰ ਆਉਂਦਾ ਹੈ। ਕ੍ਰਿਸਟਲ ਨੇ ਆਖਿਆ ਕਿ ਜੇਕਰ ਕਾਂਗਰਸ ਪੂਰੀ ਕਾਂਗਰਸ ਇੱਕ ਮੁੱਠ ਹੁੰਦੀ ਅਤੇ ਜਿਨਾਂ ਵੀ ਸਾਬਕਾ ਕਾਂਗਰਸੀ ਵਿਧਾਇਕਾਂ ਤੇ ਹੋਰ ਕਾਂਗਰਸੀ ਅਹੁਦੇਦਾਰਾਂ ਨੇ ਆਸ਼ੂ ਦੀ ਚੋਣ ਮੁਹਿੰਮ ਤੋਂ ਕਿਨਾਰਾ ਕਰੀ ਰੱਖਿਆ ਅਗਰ ਉਹ ਵੀ ਸਰਗਰਮੀ ਨਾਲ ਇਸ ਵਿੱਚ ਭਾਗ ਲੈਂਦੇ ਤਾਂ ਇਹ ਚੋਣ ਜਿੱਤਣੀ ਕੋਈ ਔਖੀ ਗੱਲ ਨਹੀਂ ਸੀ। ਉਹਨਾਂ ਆਖਿਆ ਕਿ ਜੇਕਰ ਕਾਂਗਰਸ ਪਾਰਟੀ 2027 ਵਿੱਚ ਆਪਣੀ ਸਰਕਾਰ ਪੰਜਾਬ ਵਿੱਚ ਬਣਾਉਣਾ ਚਾਹੁੰਦੀ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਕਾਂਗਰਸ ਦੀਆਂ ਸਮੂਹ ਧਿਰਾਂ ਇੱਕ ਪਲੇਟਫਾਰਮ ਤੇ ਇਕੱਠੀਆਂ ਹੋ ਜਾਣ ਅਤੇ ਸਾਰੇ ਗਿਲੇ ਸ਼ਿਕਵੇ ਭੁਲਾ ਕੇ ਏਕਤਾ ਵੱਲ ਧਿਆਨ ਦੇਣ। ਉਹਨਾਂ ਇਹ ਵੀ ਕਿਹਾ ਕਿ ਜੇਕਰ ਕਾਂਗਰਸੀ ਨੇਤਾਵਾਂ ਵਿੱਚ ਏਕਤਾ ਨਾ ਹੋਈ ਤਾਂ 2027 ਵਿੱਚ ਅਣਕਿਆਸੇ ਨਤੀਜੇ ਸਾਹਮਣੇ ਆ ਸਕਦੇ ਹਨ ਜੋ ਕਿ ਬੇਹੱਦ ਦੁਖਦਾਈ ਹੋਣਗੇ ਜਦੋਂ ਕਿ ਆਮ ਲੋਕਾਂ ਦੀ ਰਾਏ ਇਹ ਦਿਸ ਰਹੀ ਹੈ ਕਿ ਉਹ ਆਮ ਆਦਮੀ ਪਾਰਟੀ ਦੀ ਹੁਣ ਤੱਕ ਦੀ ਕਾਗਜਾਰੀ ਤੋਂ ਬੇਹੱਦ ਦੁਖੀ ਹਨ ਅਤੇ ਇਸ ਨੂੰ ਲਾਂਭੇ ਕਰਕੇ ਕਾਂਗਰਸ ਦੀ ਸਰਕਾਰ ਬਣਾਉਣਾ ਚਾਹੁੰਦੇ ਹਨ। ਹੁਣ ਵਾਗਡੋਰ ਕਾਂਗਰਸੀਆਂ ਦੇ ਹੱਥ ਹੈ ਅਤੇ ਉਹਨਾਂ ਨੂੰ ਚਾਹੀਦਾ ਹੈ ਕਿ ਆਪਸੀ ਏਕਤਾ ਬਣਾ ਕੇ ਹੁਣ ਤੋਂ ਹੀ 2027 ਦੀਆਂ ਚੋਣਾਂ ਦੀ ਤਿਆਰੀ ਵਿੱਚ ਜੁੱਟ ਜਾਣ।

# ਪੀ.ਏ.ਯੂ. ਵਿਗਿਆਨੀ ਕੌਮੀ ਪੱਧਰੀ ਮਾਹਿਰਾਂ ਨਾਲ ਮਿਲ ਕੇ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਯਤਨ ਕਰਨ

ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਬੀਤੇ ਦਿਨੀਂ ਪੀ.ਏ.ਯੂ. ਵਿਖੇ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਦੀ ਰੀਚਾਰਜਿੰਗ ਲਈ ਪੀ.ਏ.ਯੂ. ਮਾਹਿਰਾਂ ਅਤੇ ਭਾਰਤ ਸਰਕਾਰ ਦੇ ਉੱਘੇ ਅਧਿਕਾਰੀਆਂ ਵਿਚਕਾਰ ਵਿਚਾਰ-ਚਰਚਾ ਹੋਈ। ਇਸ ਚਰਚਾ ਦਾ ਮੰਤਵ ਪਾਣੀ ਦੀ ਸੰਭਾਲ ਲਈ ਰਲ ਕੇ ਹੰਭਲਾ ਮਾਰਨ ਦੇ ਯਤਨ ਤੇਜ਼ ਕਰਨਾ ਸੀ। ਰਾਸ਼ਟਰੀ ਪੱਧਰ ਦੇ ਮਾਹਿਰਾਂ ਵਿਚ ਕੁਮਾਰੀ ਸਵੈਮੰਪਰਵਾ ਪਰਾਵਾਪਾਨੀ, ਜਨਾਬ ਮੁਹੰਮਦ ਅਮਾਨਉੱਲਾ ਤਕਨੀਕੀ ਅਧਿਕਾਰੀ ਕੇਂਦਰੀ ਜਲ ਕਮਿਸ਼ਨ ਨਵੀਂ ਦਿੱਲੀ ਅਤੇ ਰਾਇ ਵਰਿੰਦਰ ਸਿੰਘ ਕਾਰਜਕਾਰੀ ਇੰਜਨੀਅਰਿੰਗ ਜਲ ਵਿਤਰਨ ਅਤੇ ਸੈਨੀਟੇਸ਼ਨ ਵਿਭਾਗ ਪੰਜਾਬ ਸਰਕਾਰ ਸ਼ਾਮਿਲ ਸਨ। ਇਹਨਾਂ ਮਾਹਿਰਾਂ ਨੇ ਪਾਣੀ ਦੀ ਸੰਭਾਲ ਅਤੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਉੱਘੇ ਸੁਝਾਅ ਦਿੱਤੇ।

ਵਿਚਾਰ ਚਰਚਾ ਦੌਰਾਨ ਵਧੀਕ ਕਮਿਸ਼ਨਰ ਵਿਕਾਸ ਕੁਮਾਰੀ ਸਵੈਮੰਪਰਵਾ ਪਰਾਵਾਪਾਨੀ ਨੇ ਧਰਤੀ ਹੇਠਲੇ ਪਾਣੀ ਨੂੰ ਕੁਦਰਤੀ ਸਰੋਤ ਵਜੋਂ ਸੰਭਾਲਣ ਦੀ ਮਹੱਤਤਾ ਉੱਪਰ ਜ਼ੋਰ ਦਿੱਤਾ। ਉਹਨਾਂ ਨੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਲਈ ਜਲ ਕੇਂਦਰਾਂ ਦੀ ਯੋਜਨਾਬੰਦੀ ਸਾਂਝੀ ਕੀਤੀ। ਸ਼ ?ਰੀ ਮੁਹੰਮਦ ਅਮਾਨਉੱਲਾ ਨੇ ਪਾਣੀ ਦੀ ਸੰਭਾਲ ਵਿਚ ਇੰਜਨੀਅਰਾਂ ਦੀ ਭੂਮਿਕਾ ਬਾਰੇ ਗੱਲ ਕੀਤੀ। ਭੂਮੀ ਅਤੇ ਪਾਣੀ ਇੰਜਨੀਅਰਿੰਗ ਵਿਭਾਗ ਦੇ ਮੁਖੀ ਡਾ. ਜੇ ਪੀ ਸਿੰਘ ਨੇ ਵਿਭਾਗ ਵੱਲੋਂ ਜਲ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਨੂੰ ਸਾਂਝਿਆ ਕੀਤਾ। ਪੀ.ਏ.ਯੂ. ਦੇ ਪ੍ਰਮੁੱਖ ਵਿਗਿਆਨੀ ਡਾ. ਸਮਨਪ੍ਰੀਤ ਕੌਰ ਨੇ ਯੂਨੀਵਰਸਿਟੀ ਵੱਲੋਂ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਕੀਤੇ ਜਾ ਰਹੇ ਕਾਰਜਾਂ ਬਾਰੇ ਇਕ ਪੇਸ਼ਕਾਰੀ ਦਿੱਤੀ। ਵਿਸ਼ੇਸ਼ ਤੌਰ 'ਤੇ ਉਹਨਾਂ ਨੇ ਸ਼ਹਿਰੀ ਖੇਤਰਾਂ ਵਿਚ ਇਸ ਦਿਸ਼ਾ ਵਿਚ ਕੀਤੇ ਜਾਣ ਵਾਲੇ ਕਾਰਜ ਸਾਂਝੇ ਕੀਤੇ। ਡਾ. ਰਾਜਨ ਅਗਰਵਾਲ ਨੇ ਮੀਂਹ ਦੇ ਪਾਣੀ ਦੀ ਰੀਚਾਰਜਿੰਗ ਤਕਨਾਲੋਜੀ ਸਾਂਝੀ ਕੀਤੀ ਜੋ ਪੀ.ਏ.ਯੂ. ਦੀ ਅਗਵਾਈ ਵਿਚ ਰਾਜ ਸਰਕਾਰ ਵੱਲੋਂ ਪ੍ਰਸਾਰਿਤ ਕੀਤੀ ਜਾ ਰਹੀ ਹੈ। ਇਸ ਦੌਰਾਨ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਬਾਰੇ ਚਿੰਤਾ ਪ੍ਰਗਟ ਕਰਦਿਆਂ ਇਸਦੀ ਸੰਭਾਲ ਬਾਰੇ ਉਸਾਰੂ ਸੁਝਾਵਾਂ ਤੇ ਵਿਚਾਰ ਚਰਚਾ ਹੋਈ। ਸਮਾਰੋਹ ਦਾ ਸੰਚਾਲਨ ਡਾ. ਅਮੀਨਾ ਰਹੇਜਾ ਨੇ ਕੀਤਾ।

# 'ਆਪ' ਦੇ ਉਮੀਦਵਾਰ ਸੰਜੀਵ ਆਰੋੜਾ ਦੀ ਜਿੱਤ ਦੀ ਖੁਸ਼ੀ 'ਚ ਪਾਇਲ ਵਿਖੇ ਲੱਡੂ ਵੰਡੇ



ਪਾਇਲ, 23 ਜੂਨ (ਨਰਿੰਦਰ ਸ਼ਾਹਪੁਰ) : ਅੱਜ ਪਾਇਲ ਦੇ ਬੱਸ ਸਟੈਂਡ ਵਿਚ ਲੁਧਿਆਣਾਪੱਛਮੀ ਤੋਂ ਜਿਮਨੀ ਚੋਣ ਵਿੱਚ ਸੰਜੀਵ ਅਰੋੜਾ ਦੇ ਜਿੱਤ ਪ੍ਰਾਪਤ ਕਰਨ ਤੇ ਆਪ ਆਗੂ ਤੇ ਵਰਕਰਾਂ ਨੇ ਜਿੱਤ ਦੀ ਖੁਸ਼ੀ ਵਿਚ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਇਸ ਦੇ ਨਾਲ ਹੀ ਉਹਨਾਂ ਗੁਜਰਾਤ ਦੀ ਵਿਸਵਾਧਰ ਸੀਟ ਤੋਂ ਆਪ ਦੇ ਉਮੀਦਵਾਰ ਨੇ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕੀਤੀ ਇਸ ਦਾ ਮੁੱਖ ਸਿਹਰਾ ਕੌਮੀ ਲੀਡਰ ਤੇ ਪਾਰਟੀ ਦੇ ਸੁਪਰੀਮੋ ਲੀਡਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਭਗਵੰਤ ਮਾਨ ਵੱਲੋਂ ਇਸ ਜਿੱਤ ਪ੍ਰਾਪਤ ਕਰਨ 'ਤੇ ਪੰਜਾਬ ਵਾਸੀਆਂ ਦਾ ਧੰਨਵਾਦ ਕੀਤਾ ਹਲਕਾ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਵਲੋਂ ਸਾਰਿਆਂ ਨੂੰ ਜਿੱਤ ਦੀ ਖੁਸ਼ੀ ਦਾ ਇਜ਼ਹਾਰ ਕੀਤਾ ਤੇ ਲੋਕ ਤੰਤਰ ਦੀ ਹਮੇਸ਼ਾ ਜਿੱਤ ਹੋਈ ਹੈ।

ਇਸ ਮੌਕੇ ਤੇ ਸੀਨੀਅਰ ਲੀਡਰ ਏਪੀ ਜ਼ਲਾ ਚੇਅਰਮੈਨ ਬੂਟਾ ਸਿੰਘ ਗਿੱਲ, ਸਵਰਨਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ ਐਂਟੀ ਕਰੁਪਕਸ਼ਨ ਪਾਇਲ, ਮਨਜੀਤ ਸਿੰਘ ਠੇਕੇਦਾਰ, ਦੀਦਾਰ ਸਿੰਘ ਘੁਡਾਣੀ ਕਲਾ, ਪੰਕਜ ਸਚਦੇਵਾ ਪ੍ਰਧਾਨ ਦੁਕਾਨਦਾਰ ਐਸੋਸੀ ਏਸ਼ਨ ਪਾਇਲ ਰਾਜਿੰਦਰ ਕੁਮਾਰ ਰਾਜੂ ਸਹਿਰੀ ਪ੍ਰਧਾਨ, ਸੁਖਪ੍ਰੀਤਸਿੰਘ ਸੋਹੀ, ਰਵਿੰਦਰ ਸਿੰਘ ਮੁੰਡੀ ਸ਼ਾਹਪੁਰ ਗੁਰਚਰਨ ਸਿੰਘ, ਜਸਵਿੰਦਰਸਿੰਘ ਕਾਲਾ ਸਰਪੰਚ ਜੈਪੁਰਾ, ਮਲਦੀਪ ਸਿੰਘ ਮੁੰਡੀ ਸਰਪੰਚ ਸ਼ਾਹਪੁਰ ਦੀਵਾਨ ਸਿੰਘ ਖਾਲਸਾ, ਸੋਹਣ ਸਿੰਘ ਸੀਤਲ ਸਿੰਘ ਤੇ ਹੋਰ ਵੀ ਦੁਕਾਨਦਾਰ ਤੇ ਸ਼ਹਿਰ ਵਾਸੀ ਹਾਜ਼ਰ ਸਨ।



ਫੈਰੀ ਟਰਰਾਜਿਟ ਸ਼ਿਪ ਨੋਵਾਸ਼ਕੁਸ਼ੀਆ ਹੈਲੀ ਫੈਕਸ ਸਿਟੀ ਕੈਨੇਡਾ ਵਿਖੇ ਕੈਨੇਡਾ ਏਅਰ ਫੋਰਸ ਦੁਆਰਾ ਅਵੇਅਰਨੈੱਸ ਕੈਂਪ ਦਾ ਆਯੋਜਨ ਕੀਤਾ ਗਿਆ। ਡਾ: ਅੰਮ੍ਰਿਤਪਾਲ ਸਿੰਘ ਨੇ ਕੈਂਪ ਅਟੈਂਡ ਕੀਤਾ। ਕੈਨੇਡਾ ਏਅਰ ਫੋਰਸ ਦੇ ਵਿੰਗ ਕਮਾਂਡਰ ਮਿਸਟਰ ਗੀਵਿੰਗ ਨੇ ਕਨੇਡਾ ਦੇ ਨੈਸ਼ਨਲ ਫਲੈਗ ਦਾ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ। ਡਾ: ਅੰਮ੍ਰਿਤਪਾਲ ਸਿੰਘ ਨੇ ਕੈਨੇਡਾ ਸਰਕਾਰ ਅਤੇ ਵਿੰਗ ਕਮਾਂਡਰ ਦਾ ਧੰਨਵਾਦ ਕੀਤਾ।

*ਫੋਟੋ ਤੇ ਵੇਰਵਾ*
*ਕਰਨੈਲ ਸਿੰਘ ਐੱਮ.ਏ., ਲੁਧਿਆਣਾ*

# ਪੰਜਾਬ ਗਰਲਜ਼ ਬਟਾਲੀਅਨ ਐਨ.ਸੀ.ਸੀ. ਵੱਲੋਂ ਸਾਲਾਨਾ ਸਿਖਲਾਈ ਕੈਂਪ



ਲੁਧਿਆਣਾ, 23 ਜੂਨ (ਵਿਸ਼ਾਲ ਸ਼ਰਮਾ) : 3 ਪੰਜਾਬ ਗਰਲਜ਼ ਬਟਾਲੀਅਨ ਐਨ.ਸੀ.ਸੀ. ਲੁਧਿਆਣਾ ਵੱਲੋਂ ਆਯੋਜਿਤ ਸਾਲਾਨਾ ਸਿਖਲਾਈ ਕੈਂਪ (ਏ.ਟੀ.ਸੀ.-54) ਦੇ ਹਿੱਸੇ ਵਜੋਂ ਭਾਰਤੀ ਹਥਿਆਰਬੰਦ ਸੈਨਾਵਾਂ ਵਿੱਚ ਸ਼ਾਮਲ ਹੋਣ ਦੀਆਂ ਇੱਛਾਵਾਂ ਰੱਖਣ ਵਾਲੀਆਂ ਲੜਕੀਆਂ ਕੈਡਿਟਾਂ ਨੂੰ ਪ੍ਰੇਰਿਤ ਅਤੇ ਮਾਰਗਦਰਸ਼ਨ ਕਰਨ ਲਈ ਇੱਕ ਫੌਜ ਭਰਤੀ ਅਧਿਕਾਰੀ ਦੁਆਰਾ ਇੱਕ ਵਿਸ਼ੇਸ਼ ਸੈਸ਼ਨ ਦਾ ਆਯੋਜਨ ਕੀਤਾ ਗਿਆ। ਇਹ ਕੈਂਪ ਕੈਂਪ ਕਮਾਂਡੈਂਟ ਕਰਨਲ ਆਰ.ਐਸ. ਚੌਹਾਨ ਦੀ ਅਗਵਾਈ ਹੇਠ 17 ਤੋਂ 26 ਜੂਨ 2025 ਤੱਕ ਖਾਲਸਾ ਕਾਲਜ ਫਾਰ ਵੂਮੈਨ, ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਹ ਸੈਸ਼ਨ ਭਾਰਤੀ ਫੌਜ ਵਿੱਚ ਉਪਲਬੱਧ ਵੱਖ-ਵੱਖ ਕਰੀਅਰ ਮੌਕਿਆਂ ਖਾਸ ਕਰਕੇ ਔਰਤਾਂ ਲਈ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਨ 'ਤੇ ਕੇਂਦ੍ਰਿਤ ਸੀ। ਅਧਿਕਾਰੀ ਨੇ ਸ਼ਾਰਟ ਸਰਵਿਸ ਕਮਿਸ਼ਨ ਮਹਿਲਾ ਮਿਲਟਰੀ ਪੁਲਿਸ ਅਤੇ ਤਕਨੀਕੀ ਐਂਟਰੀ ਸਕੀਮਾਂ ਵਰਗੀਆਂ ਵੱਖ-ਵੱਖ ਐਂਟਰੀਆਂ ਲਈ ਯੋਗਤਾ ਮਾਪਦੰਡ, ਚੋਣ ਪ੍ਰਕਿਰਿਆ ਅਤੇ ਤਿਆਰੀ ਰਣਨੀਤੀਆਂ ਬਾਰੇ ਵਿਸਥਾਰ ਨਾਲ ਦੱਸਿਆ। 400 ਤੋਂ ਵੱਧ ਲੜਕੀਆਂ ਦੇ ਕੈਡਿਟਾਂ ਨੇ ਬਹੁਤ ਉਤਸ਼ਾਹ ਨਾਲ ਇੰਟਰਐਕਟਿਵ ਸੈਸ਼ਨ ਵਿੱਚ ਹਿੱਸਾ ਲਿਆ।

ਉਹ ਅਧਿਕਾਰੀ ਦੇ ਪ੍ਰੇਰਣਾਦਾਇਕ ਸ਼ਬਦਾਂ ਅਸਲ ਜੀਵਨ ਦੇ ਤਜ਼ਰਬਿਆਂ ਅਤੇ ਦੇਸ਼ ਸੇਵਾ ਦੇ ਦੇਸ਼ ਭਗਤੀ ਦੇ ਸੰਦੇਸ਼ 'ਤੇ ਪ੍ਰੇਰਿਤ ਸਨ। ਸੈਸ਼ਨ ਵਿੱਚ ਇੱਕ ਸਵਾਲ-ਜਵਾਬ ਦੌਰ ਵੀ ਸ਼ਾਮਲ ਸੀ ਜਿੱਥੇ ਕੈਡਿਟਾਂ ਨੇ ਸਰੀਰਕ ਤੰਦਰੁਸਤੀ ਦੀਆਂ ਜ਼ਰੂਰਤਾਂ ਲਿਖਤੀ ਪ੍ਰੀਖਿਆ ਦੀ ਤਿਆਰੀ ਅਤੇ ਇੰਟਰਵਿਊ ਤਕਨੀਕਾਂ ਬਾਰੇ ਉਤਸੁਕਤਾ ਨਾਲ ਸਵਾਲ ਪੁੱਛੇ। ਕੈਂਪ ਕਮਾਂਡੈਂਟ ਕਰਨਲ ਆਰ.ਐਸ. ਚੌਹਾਨ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਨੌਜਵਾਨ ਔਰਤਾਂ ਨੂੰ ਰੱਖਿਆ ਸੇਵਾਵਾਂ ਵਿੱਚ ਕਰੀਅਰ ਬਣਾਉਣ ਲਈ ਸਸ਼ਕਤ ਬਣਾਉਣ ਵਿੱਚ ਅਜਿਹੇ ਜਾਗਰੂਕਤਾ ਸੈਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਉਨ੍ਹਾਂ ਨੇ ਕੈਡਿਟਾਂ ਨੂੰ ਆਪਣੀ ਅੱਗੇ ਦੀ ਯਾਤਰਾ ਵਿੱਚ ਧਿਆਨ ਕੇਂਦਰਿਤ, ਅਨੁਸ਼ਾਸਿਤ ਅਤੇ ਦ੍ਰਿੜ ਰਹਿਣ ਲਈ ਉਤਸ਼ਾਹਿਤ ਕੀਤਾ। ਇਹ ਪਹਿਲਕਦਮੀ ਨੌਜਵਾਨ ਮਨਾਂ ਨੂੰ ਦੇਸ਼ ਦੇ ਭਵਿੱਖ ਦੇ ਨੇਤਾਵਾਂ ਅਤੇ ਜ਼ਿੰਮੇਵਾਰ ਨਾਗਰਿਕਾਂ ਵਿੱਚ ਤਿਆਰ ਕਰਨ ਲਈ ਐਨ.ਸੀ.ਸੀ. ਦੀ ਚੱਲ ਰਹੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

# ਪੰਜਾਬ ਸਰਕਾਰ ਵੱਲੋਂ ਉਦਯੋਗਾਂ 'ਤੇ 2 ਰੁਪਏ ਪ੍ਰਤੀ ਯੂਨਿਟ ਸਰਚਾਰਜ ਲਗਾਉਣਾ ਬਹੁਤ ਨਿੰਦਣਯੋਗ ਹੈ : ਰਜਨੀਸ਼ ਧੀਮਾਨ



ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਭਾਜਪਾ ਪ੍ਰਧਾਨ ਰਜਨੀਸ਼ ਧੀਮਾਨ ਨੇ ਪੰਜਾਬ ਸਰਕਾਰ ਵੱਲੋਂ ਸਾਮ 6 ਵਜੇ ਤੋਂ ਰਾਤ 10 ਵਜੇ ਤੱਕ ਉਦਯੋਗਾਂ 'ਤੇ 2 ਰੁਪਏ ਪ੍ਰਤੀ ਯੂਨਿਟ ਸਰਚਾਰਜ ਲਗਾਉਣ ਦੇ ਹੁਕਮ ਦੀ ਸਖ਼ਤ ਨਿੰਦਾ ਕੀਤੀ ਹੈ। ਧੀਮਾਨ ਨੇ ਕਿਹਾ ਕਿ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਅਤੇ ਗਲਤ ਨੀਤੀਆਂ ਕਾਰਨ ਹਜਾਰਾਂ ਉਦਯੋਗਿਕ ਇਕਾਈਆਂ ਪਹਿਲਾਂ ਹੀ ਪੰਜਾਬ ਤੋਂ ਪਲਾਇਨ ਕਰ ਚੁੱਕੀਆਂ ਹਨ। ਹੁਣ ਸਰਕਾਰ ਦੇ ਇਸ ਫੈਸਲੇ ਦਾ ਉਦਯੋਗਾਂ ਦੀ ਵਿੱਤੀ ਹਾਲਤ 'ਤੇ ਗੰਭੀਰ ਪ੍ਰਭਾਵ ਪਵੇਗਾ। ਉਨ੍ਹਾਂ ਕਿਹਾ ਕਿ 2012 ਵਿੱਚ ਅਕਾਲੀ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ 'ਤੇ ਚਾਰ ਥਰਮਲ ਪਲਾਂਟ ਲਗਾਏ ਗਏ ਸਨ। ਜਿਸ ਕਾਰਨ 2012 ਤੱਕ ਵਾਧੂ ਬਿਜਲੀ ਪੈਦਾ ਹੋਣੀ ਸ਼ੁਰੂ ਹੋ ਗਈ ਸੀ ਜੋ ਦੂਜੇ ਰਾਜਾਂ ਨੂੰ ਵੇਚ ਜਾਂਦੀ ਸੀ। 2017 ਤੱਕ ਸਰਕਾਰ ਦੇ ਕਾਰਜਕਾਲ ਦੌਰਾਨ ਕੋਈ ਬਿਜਲੀ ਕੱਟ ਨਹੀਂ ਲੱਗਿਆ ਅਤੇ ਉਦਯੋਗਾਂ ਨੂੰ 5 ਰੁਪਏ ਪ੍ਰਤੀ ਯੂਨਿਟ ਬਿਜਲੀ ਸਪਲਾਈ ਦਿੱਤੀ ਜਾਂਦੀ ਸੀ। 2022 ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਪੰਜਾਬ ਦੇ ਉਦਯੋਗਪਤੀਆਂ ਨੂੰ ਗਰੰਟੀ ਦਿੱਤੀ ਸੀ ਕਿ ਉਨ੍ਹਾਂ ਨੂੰ ਉਦਯੋਗਾਂ ਲਈ 5 ਰੁਪਏ ਪ੍ਰਤੀ ਯੂਨਿਟ ਦੀ ਦਰ ਨਾਲ ਬਿਜਲੀ ਮਿਲੇਗੀ, ਪਰ 3 ਸਾਲ ਬਾਅਦ ਵੀ ਇਸ ਦਰ 'ਤੇ ਬਿਜਲੀ ਨਹੀਂ ਦਿੱਤੀ ਗਈ। ਅੱਜ ਹਾਲਾਤ ਅਜਿਹੇ ਬਣ ਗਏ ਹਨ ਕਿ ਲੰਬੇ ਬਿਜਲੀ ਕੱਟਾਂ ਕਾਰਨ ਹੁਣ ਉਨ੍ਹਾਂ ਕੱਟਾਂ ਕਾਰਨ ਉਦਯੋਗਾਂ ਨੂੰ ਦਿਨ ਭਰ ਬਿਜਲੀ ਨਹੀਂ ਮਿਲਦੀ। ਇਸ ਦੇ ਨਾਲ ਹੀ ਸਰਕਾਰ ਵੱਲੋਂ ਰਾਤ ਦੇ ਸਮੇਂ ਦੀ ਸਪਲਾਈ 'ਤੇ 2 ਰੁਪਏ ਪ੍ਰਤੀ ਯੂਨਿਟ ਸਰਚਾਰਜ ਲਗਾਇਆ ਗਿਆ ਹੈ। ਜੋ ਕਿ ਪੰਜਾਬ ਸਰਕਾਰ ਵੱਲੋਂ ਉਦਯੋਗਾਂ ਲਈ ਝਟਕਾ ਹੈ। ਇਸ ਕਾਰਨ ਹੁਣ ਉਨ੍ਹਾਂ ਲਈ ਕੰਮ ਕਰਨਾ ਮੁਸ਼ਕਲ ਹੋ ਜਾਵੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਇਸ ਹੁਕਮ ਨੂੰ ਤੁਰੰਤ ਵਾਪਸ ਲੈਣ ਦੀ ਅਪੀਲ ਕੀਤੀ। ਤਾਂ ਜੋ ਪੰਜਾਬ ਦੇ ਉਦਯੋਗਾਂ ਨੂੰ ਬਚਾਇਆ ਜਾ ਸਕੇ। ਧੀਮਾਨ ਨੇ ਚੁਟਕੀ ਲੈਂਦਿਆ ਕਿਹਾ ਕਿ ਭਗਵੰਤ ਮਾਨ ਕਿਆ ਹੁਆ ਤੇਰਾ ਵਾਦਾ ਵੋ ਕਸਮ ਵੋ ਇਰਾਦਾ ਗੀਤ ਅੱਜ ਸਰਕਾਰ 'ਤੇ ਬਿਲਕੁਲ ਢੁੱਕਦਾ ਹੈ।

# ਜੈਕਾਰਿਆਂ ਦੀ ਗੂੰਜ 'ਚ ਸਮਾਪਤ ਹੋਇਆ ਬੱਚਿਆਂ ਦਾ ਗੁਰਮੀਤ ਟ੍ਰੇਨਿੰਗ ਕੈਂਪ



ਲੁਧਿਆਣਾ, 23 ਜੂਨ (ਕਰਨੈਲ ਸਿੰਘ ਐੱਮ.ਏ.) : ਮੌਜੂਦਾ ਸਮੇਂ ਦੀ ਸਿੱਖ ਫੁੱਲਵਾੜੀ ਨੂੰ ਆਪਣੇ ਧਰਮ, ਵਿਰਸੇ ਤੇ ਇਤਿਹਾਸ ਨਾਲ ਜੋੜਨ, ਖਾਸ ਕਰਕੇ ਉਨ੍ਹਾਂ ਨੂੰ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਗੁਰਬਾਣੀ ਕੀਰਤਨ ਦੀ ਵਿਰਾਸਤੀ ਕਲਾ ਨੂੰ ਸਿਖਾਉਣ ਤੇ ਗਾਇਨ ਕਰਵਾਉਣ ਅਤੇ ਮਾਡਰਨ ਢੰਗ ਨਾਲ ਉਨ੍ਹਾਂ ਅੰਦਰ ਗੁਰਮਤਿ 'ਤੇ ਆਧਾਰਿਤ ਗੁਣਾਤਮਕ ਤੇ ਕਲਾਨਾਤਮਕ ਰੁਚੀਆਂ ਨੂੰ ਉਭਾਰਨ ਲਈ ਗੁਰਮਤਿ ਟਰੇਨਿੰਗ ਕੈਂਪਾਂ ਰਾਹੀਂ ਕੀਤੇ ਜਾ ਰਹੇ ਉਪਰਾਲੇ ਸਮੁੱਚੀ ਕੌਮ ਲਈ ਪ੍ਰੇਰਨਾ ਦਾ ਸਰੋਤ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕੁਲਵਿੰਦਰ ਸਿੰਘ ਬੈਨੀਪਾਲ ਮੁੱਖ ਸੇਵਾਦਾਰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਲੁਧਿਆਣਾ ਵਿਖੇ ਸਿੱਖ ਮਿਸ਼ਨਰੀ ਕਾਲਜ ਪੱਖੋਵਾਲ ਰੋਡ ਸਰਕਲ ਲੁਧਿਆਣਾ ਵੱਲੋਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਨਿੱਘੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਗੁਰਮਤਿ ਸਿਖਲਾਈ ਕੈਂਪ ਦੀ ਸਮਾਪਤੀ ਮੌਕੇ ਇਕੱਤਰ ਹੋਈਆਂ ਸੰਗਤਾਂ, ਪ੍ਰਮੁੱਖ ਸ਼ਖ਼ਸੀਅਤਾਂ ਤੇ ਗੁਰਮਤਿ ਸਿਖਲਾਈ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਉਨ੍ਹਾਂ ਨੇ ਆਪਣੇ ਪ੍ਰਭਾਵਸ਼ਾਲੀ ਸੰਬੋਧਨ ਵਿੱਚ ਕਿਹਾ ਕਿ ਕੈਂਪ ਦੇ ਕੋਆਰਡੀਨੇਟਰ ਹਰਵਿੰਦਰ ਸਿੰਘ, ਪਰਵਿੰਦਰ ਸਿੰਘ, ਬੀਬੀ ਸੁਮਨਜੀਤ ਕੌਰ, ਬੀਬੀ ਤੇਜਿੰਦਰ ਕੌਰ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਵੱਲੋਂ ਨਿਵੇਕਲੀ ਪਹਿਲ ਕਦਮੀ ਕਰਦਿਆਂ ਹੋਇਆਂ ਬੱਚਿਆਂ ਲਈ ਲਗਾਇਆ ਗਿਆ ਗੁਰਮਤਿ ਟ੍ਰੇਨਿੰਗ ਕੈਂਪ ਇੱਕ ਵੱਡਾ ਇਤਿਹਾਸਕ ਕਾਰਜ ਹੈ। ਜਿਸ ਲਈ ਮੈਂ ਸਿੱਖ ਮਿਸ਼ਨਰੀ ਕਾਲਜ ਪੱਖੋਵਾਲ ਰੋਡ ਸਰਕਲ ਲੁਧਿਆਣਾ ਦੀ ਸਮੁੱਚੀ ਟੀਮ ਦੇ ਮੈਂਬਰਾਂ ਤੇ ਬੱਚਿਆਂ ਨੂੰ ਆਪਣੀ ਦਿਲੀ ਆਸੀਸ ਤੇ ਮੁਬਾਰਕਬਾਦ ਦਿੰਦਾ ਹਾਂ। ਇਸ ਦੌਰਾਨ ਉਚੇਚੇ ਤੌਰ 'ਤੇ ਬੱਚਿਆਂ ਨੂੰ ਆਪਣੀ ਨਿੱਘੀ ਆਸੀਸ ਦੇਣ ਲਈ ਪੁੱਜੇ ਪੰਥ ਪ੍ਰਸਿੱਧ ਕੀਰਤਨੀਏ ਭਾਈ ਮਨਜੀਤ ਸਿੰਘ ਪਠਾਨਕੋਟ ਵਾਲਿਆਂ ਨੇ ਕਿਹਾ ਕਿ ਗੁਰਬਾਣੀ ਕੀਰਤਨ ਕਰਨ ਦੀ ਪੱਧਤੀ ਨੂੰ ਸਿੱਖ ਬੱਚਿਆਂ ਅੰਦਰ ਉਭਾਰਨ ਦੇ ਲਈ ਵਿਸ਼ੇਸ਼ ਮੁਹਿੰਮ ਦੇ ਤਹਿਤ ਬੱਚਿਆਂ ਨੂੰ ਸ਼ੁੱਧ ਗੁਰਬਾਣੀ ਦਾ ਉਚਾਰਨ ਕਰਨ ਅਤੇ ਕੀਰਤਨ ਕਰਨ ਦੀ ਜੋ ਸਿਖਲਾਈ ਉਕਤ ਕੈਂਪ ਦੌਰਾਨ ਉਸਤਾਦਾਂ ਟੀਚਰਾਂ ਵੱਲੋਂ ਦਿੱਤੀ ਗਈ।

# ਫਿਕੋ ਨੇ ਲੇਬਰ ਵੈਲਫ਼ੇਅਰ ਫੰਡ 'ਚ ਵਾਧੇ ਦਾ ਕੀਤਾ ਵਿਰੋਧ

ਲੁਧਿਆਣਾ, 23 ਜੂਨ (ਵਿਸ਼ਾਲ ਸ਼ਰਮਾ) : ਪੰਜਾਬ ਕੈਬਨਿਟ ਨੇ 21 ਜੂਨ, 2025 ਨੂੰ ਰਿਪੋਰਟ ਕੀਤੇ ਅਨੁਸਾਰ ਪੰਜਾਬ ਲੇਬਰ ਵੈਲਫ਼ੇਅਰ ਫੰਡ ਵਿੱਚ ਯੋਗਦਾਨ ਵਿੱਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕਰਮਚਾਰੀ ਅਤੇ ਮਾਲਕ ਦੋਵੇਂ ਫੰਡ ਵਿੱਚ ਵਧੇਰੇ ਯੋਗਦਾਨ ਪਾਉਣਗੇ। ਖਾਸ ਤੌਰ 'ਤੇ ਕਰਮਚਾਰੀ ਦਾ ਮਾਸਿਕ ਯੋਗਦਾਨ ₹5 ਤੋਂ ਵਧ ਕੇ ₹10 ਹੋ ਜਾਵੇਗਾ ਜਦੋਂ ਕਿ ਮਾਲਕ ਦਾ ਮਾਸਿਕ ਯੋਗਦਾਨ ₹20 ਤੋਂ ਦੁੱਗਣਾ ₹40 ਹੋ ਜਾਵੇਗਾ। ਫੈਡਰੇਸ਼ਨ ਆਫ ਇੰਡਸਟਰੀਅਲ ਐਂਡ ਕਮਰਸ਼ੀਅਲ ਆਰਗੇਨਾਈਜੇਸ਼ਨ (ਫਿਕੋ) ਨੇ ਲੇਬਰ ਵੈਲਫ਼ੇਅਰ ਫੰਡ ਵਿੱਚ ਵਾਧੇ ਦਾ ਵਿਰੋਧ ਕੀਤਾ ਅਤੇ ਸਰਕਾਰ ਤੋਂ ਤੁਰੰਤ ਇਸ ਵਾਧੇ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਗੁਰਮੀਤ ਸਿੰਘ ਕੁਲਾਰ ਪ੍ਰਧਾਨ ਫਿਕੋ ਨੇ ਕਿਹਾ ਕਿ ਜਦੋਂ ਮਾਲਕ ਅਤੇ ਕਰਮਚਾਰੀ ਪ੍ਰਾਵੀਡੈਂਟ ਫੰਡ ਅਤੇ ਈਐਸਆਈ ਅਤੇ ਲੇਬਰ ਵੈਲਫ਼ੇਅਰ ਫੰਡ ਦਾ ਭੁਗਤਾਨ ਕਰ ਰਹੇ ਹਨ ਤਾਂ ਫਿਰ ਲੇਬਰ ਵੈਲਫ਼ੇਅਰ ਫੰਡ ਨੂੰ ਵਧਾਉਣ ਦੀ ਕੀ ਲੋੜ ਹੈ ਕਿਉਂਕਿ ਇਸ ਪੈਸੇ ਦੀ ਵਰਤੋਂ ਕਦੇ ਵੀ ਲੇਬਰ ਵੈਲਫ਼ੇਅਰ ਲਈ ਨਹੀਂ ਕੀਤੀ ਗਈ। ਇਹ ਵਾਧਾ ਪੰਜਾਬ ਦੇ ਮਾਲਕਾਂ ਅਤੇ ਕਰਮਚਾਰੀਆਂ ਦੋਵਾਂ 'ਤੇ ਸਿਰਫ਼ ਵਾਧੂ ਬੋਝ ਹੈ। ਮਨਜਿੰਦਰ ਸਿੰਘ ਸਚਦੇਵਾ ਜਨਰਲ ਸਕੱਤਰ ਫਿਕੋ ਨੇ ਕਿਹਾ ਕਿ ਲੇਬਰ ਵੈਲਫ਼ੇਅਰ ਫੰਡ ਅਧੀਨ ਕਈ ਕਰੋੜ ਰੁਪਏ ਸਰਕਾਰ ਕੋਲ ਪਏ ਹਨ ਸਰਕਾਰ ਨੂੰ ਪਹਿਲਾਂ ਉਹ ਪੈਸਾ ਮਜ਼ਦੂਰਾਂ ਦੀ ਭਲਾਈ 'ਤੇ ਖਰਚ ਕਰਨ ਦੀ ਲੋੜ ਹੈ ਫੰਡ ਵਿੱਚ ਵਾਧਾ ਬਾਅਦ ਵਿੱਚ ਆਉਂਦਾ ਹੈ ਜਦੋਂ ਪਏ ਫੰਡਾਂ ਦੀ ਵਰਤੋਂ ਹੋ ਜਾਂਦੀ ਹੈ। ਬੇਨਤੀ ਕੀਤੀ ਜਾਂਦੀ ਹੈ ਕਿ ਕਿਰਤ ਫੰਡ ਵਿੱਚ ਵਾਧਾ ਤੁਰੰਤ ਪ੍ਰਭਾਵ ਨਾਲ ਵਾਪਸ ਲਿਆ ਜਾਵੇ।

# 'ਆਪ' ਨੇ ਪੱਛਮੀ ਜ਼ਿਮਨੀ ਚੋਣਾਂ ਜਿੱਤਣ ਲਈ ਸਰਕਾਰੀ ਮਸ਼ੀਨਰੀ ਦੀ ਕੀਤੀ ਦੁਰਵਰਤੋਂ : ਜੀਵਨ ਗੁਪਤਾ




ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਭਾਜਪਾ ਦੇ ਪੱਛਮੀ ਵਿਧਾਨ ਸਭਾ ਉਮੀਦਵਾਰ ਜੀਵਨ ਗੁਪਤਾ ਵੱਲੋਂ ਦੁੱਗਰੀ ਸਥਿਤ ਜ਼ਿਲ੍ਹਾ ਭਾਜਪਾ ਦਫ਼ਤਰ ਵਿਖੇ ਇੱਕ ਪ੍ਰੈੱਸ ਕਾਨਫਰੰਸ ਕੀਤੀ ਗਈ। ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਜੀਵਨ ਗੁਪਤਾ ਨੇ ਕਿਹਾ ਕਿ ਅਸੀਂ ਚੋਣ ਨਤੀਜਿਆਂ ਤੋਂ ਬਾਅਦ ਜਨਤਾ ਵੱਲੋਂ ਦਿੱਤੇ ਗਏ ਫ਼ਤਵੇ ਨੂੰ ਸਵੀਕਾਰ ਕਰਦੇ ਹਾਂ। ਪਰ ਕਿਤੇ ਨਾ ਕਿਤੇ ਇਹ ਜ਼ਿਮਨੀ ਚੋਣਾਂ ਵਿੱਚ ਆਮ ਆਦਮੀ ਪਾਰਟੀ 'ਤੇ ਸਵਾਲ ਖੜ੍ਹੇ ਕਰ ਰਹੀਆਂ ਹਨ। ਚੋਣਾਂ ਵਿੱਚ ਸਰਕਾਰੀ ਮਸ਼ੀਨਰੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਗਈ। ਕੁਝ ਥਾਵਾਂ 'ਤੇ ਵੋਟ ਪ੍ਰਤੀਸ਼ਤਤਾ ਬਹੁਤ ਘੱਟ ਸੀ ਅਤੇ ਕੁਝ ਥਾਵਾਂ 'ਤੇ ਵੋਟ ਪ੍ਰਤੀਸ਼ਤਤਾ 65 ਤੋਂ 70 ਪ੍ਰਤੀਸ਼ਤ ਸੀ।

ਗੁਪਤਾ ਨੇ ਕਿਹਾ ਕਿ ਇੱਕ ਬੂਥ 'ਤੇ ਸਿਰਫ਼ 465 ਵੋਟਾਂ ਪਈਆਂ ਜਿਸ ਵਿੱਚ 'ਆਪ' ਨੂੰ ਲਗਭਗ 412 ਵੋਟਾਂ ਮਿਲੀਆਂ। ਵੋਟਿੰਗ ਤੋਂ ਦੋ ਤੋਂ ਤਿੰਨ ਦਿਨ ਪਹਿਲਾਂ ਬੂਥਾਂ ਅਤੇ ਵਾਰਡਾਂ ਵਿੱਚ 'ਆਪ' ਸਰਕਾਰ ਵੱਲੋਂ ਰਚੀ ਗਈ ਸਾਜ਼ਿਸ਼ ਵੀ ਸਰਕਾਰ 'ਤੇ ਸਵਾਲੀਆ ਨਿਸ਼ਾਨ ਹੈ। ਗੁਪਤਾ ਨੇ ਕਿਹਾ ਕਿ ਜ਼ਿਮਨੀ ਚੋਣਾਂ ਜਿੱਤਣ ਤੋਂ ਬਾਅਦ ਅੱਜ 'ਆਪ' ਮੰਤਰੀ ਅਤੇ ਨੁਮਾਇੰਦੇ ਆਪਣੀ ਪਿੱਠ ਥਪਥਪਾ ਰਹੇ ਹਨ। ਪਰ ਉਹ ਜਾਣਦੇ ਹਨ ਕਿ ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਕੋਈ ਵਿਕਾਸ ਨਹੀਂ ਹੋਇਆ ਹੈ। ਉਨ੍ਹਾਂ ਨੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ ਇਹ ਚੋਣ ਜਿੱਤੀ ਹੈ। ਗੁਪਤਾ ਨੇ ਕਿਹਾ ਕਿ ਸਾਨੂੰ ਪ੍ਰਚਾਰ ਕਰਨ ਲਈ ਸਿਰਫ਼ 12 ਦਿਨ ਮਿਲੇ ਸਨ, ਪਰ ਅਸੀਂ ਹਰ ਗੱਲ ਲੋਕਾਂ ਸਾਹਮਣੇ ਰੱਖੀ ਅਤੇ ਇਹ ਸਾਡੀ ਮਿਹਨਤ ਦਾ ਨਤੀਜਾ ਹੈ ਕਿ ਸਾਨੂੰ 23 ਪ੍ਰਤੀਸ਼ਤ ਵੋਟਾਂ ਮਿਲੀਆਂ। ਜੋ ਕਿ 2022 ਦੀਆਂ ਚੋਣਾਂ ਦੇ ਬਰਾਬਰ ਸੀ। ਉਨ੍ਹਾਂ ਕਿਹਾ ਕਿ ਇਹ ਸਾਡਾ ਸੰਕਲਪ ਹੈ ਕਿ ਪੰਜਾਬ ਬਣਾਉਣ ਦਾ ਹੈ। ਅਸੀਂ ਇਸ ਸੰਕਲਪ ਨੂੰ ਪੂਰਾ ਕਰਨ ਲਈ, ਉਹ ਲੋਕਾਂ ਵਿੱਚ ਜਾਣਗੇ ਅਤੇ ਪੱਛਮੀ ਵਿਧਾਨ ਸਭਾ ਦੀ ਤਰੱਕੀ ਲਈ ਦਿਨ ਰਾਤ ਕੰਮ ਕਰਨਗੇ। ਉਨ੍ਹਾਂ ਕਿਹਾ ਕਿ 2027 ਵਿੱਚ ਭਾਜਪਾ ਪੰਜਾਬ ਵਿੱਚ ਡਬਲ ਇੰਜਣ ਸਰਕਾਰ ਬਣਾਏਗੀ।

ਗੁਪਤਾ ਨੇ ਕਿਹਾ ਕਿ 'ਆਪ' ਸਰਕਾਰ ਵੱਲੋਂ ਇਸ ਉਪ ਚੋਣ ਨੂੰ ਜਿੱਤਣ ਲਈ ਵਰਤੀ ਗਈ ਸਰਕਾਰੀ ਮਸ਼ੀਨਰੀ ਨੂੰ ਜਨਤਾ ਦੇ ਸਾਹਮਣੇ ਰੱਖਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਭਾਜਪਾ ਦੇ ਸੂਬਾ ਜਨਰਲ ਸਕੱਤਰ ਅਨਿਲ ਸਰੀਨ, ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ, ਜਨਰਲ ਸਕੱਤਰ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਉਪ ਪ੍ਰਧਾਨ ਮਹੇਸ਼ ਸ਼ਰਮਾ, ਹਰਸ਼ ਸ਼ਰਮਾ, ਪ੍ਰੈਸ ਸਕੱਤਰ ਡਾ. ਸਤੀਸ਼ ਕੁਮਾਰ, ਵਿਸ਼ਾਲ ਗੁਲਾਟੀ ਮੌਜੂਦ ਸਨ।

# ਅੰਤਰਰਾਸ਼ਟਰੀ ਯੋਗ ਦਿਵਸ 'ਤੇ ਯੋਗ ਵਰਕਸ਼ਾਪ ਕਰਵਾਈ



ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਆਲ ਇੰਡੀਆ ਰੇਡੀਓ, ਲੁਧਿਆਣਾ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਉਣ ਲਈ ਆਪਣੇ ਕਰਮਚਾਰੀਆਂ ਲਈ ਇੱਕ ਵਿਸ਼ੇਸ਼ ਯੋਗ ਵਰਕਸ਼ਾਪ ਕਰਵਾਈ ਗਈ। ਇਸ ਪਹਿਲ ਦਾ ਉਦੇਸ਼ ਕਰਮਚਾਰੀਆਂ ਦੀ ਮਾਨਸਿਕ, ਸਰੀਰਕ ਅਤੇ ਭਾਵਨਾਤਮਕ ਸਿਹਤ ਨੂੰ ਸਸ਼ਕਤ ਬਣਾਉਣਾ ਅਤੇ ਯੋਗਾ ਰਾਹੀਂ ਅੰਦਰੂਨੀ ਸੰਤੁਲਨ ਨੂੰ ਉਤਸ਼ਾਹਿਤ ਕਰਨਾ ਸੀ। ਵਰਕਸ਼ਾਪ ਦੀ ਪ੍ਰਧਾਨਗੀ ਕਰਮਵੀਰ ਕਰਨ ਵੱਲੋਂ ਕੀਤੀ ਗਈ। ਯੋਗ ਸੈਸ਼ਨ ਦਾ ਸੰਚਾਲਨ ਪੱਲਵੀ ਮਾਟਾ ਵੱਲੋਂ ਕੀਤਾ ਗਿਆ। ਇਸ ਵਰਕਸ਼ਾਪ ਨੇ ਸੰਦੇਸ਼ ਦਿੱਤਾ ਕਿ ਯੋਗ ਸਿਰਫ਼ ਇੱਕ ਸਰੀਰਕ ਕਸਰਤ ਨਹੀਂ ਹੈ ਸਗੋਂ ਇੱਕ ਜੀਵਨ ਸ਼ੈਲੀ ਹੈ ਜਿਸ ਨੂੰ ਹਰ ਕਿਸੇ ਨੂੰ ਅਪਣਾਉਣਾ ਚਾਹੀਦਾ ਹੈ। - ਖਾਸ ਕਰਕੇ ਕੰਮ ਵਾਲੀਆਂ ਥਾਵਾਂ 'ਤੇ ਜਿੱਥੇ ਤਣਾਅ ਅਤੇ ਮਾਨਸਿਕ ਥਕਾਵਟ ਆਮ ਹੈ। ਪੱਲਵੀ ਮਾਟਾ ਦਾ ਅਭਿਆਸ ਸਰਲ, ਪ੍ਰਭਾਵਸ਼ਾਲੀ ਅਤੇ ਹਰ ਉਮਰ ਦੇ ਲੋਕਾਂ ਲਈ ਢੁਕਵਾਂ ਹੈ।

# ਕੂੜਾ ਬਣਿਆ ਨਗਰ ਕੌਂਸਲ ਜਗਰਾਓਂ ਲਈ ਗਲ਼ੇ ਦੀ ਹੱਡੀ



ਜਗਰਾਓਂ, 23 ਜੂਨ (ਦਵਿੰਦਰ ਜੈਨ) : ਸਫ਼ਾਈ ਵਿੱਚ ਖੁਦਾਈ । ਸਫ਼ਾਈ ਪਵਿੱਤਰਤਾ ਦਾ ਪ੍ਰਤੀਕ ਹੈ। ਜਗਰਾਉਂ ਅੰਦਰ ਇਸ ਦੇ ਸਭ ਕੁੱਝ ਇਸ ਦੇ ਉਲਟ ਹੈ। ਜਗਰਾਉਂ ਅੰਦਰ ਕੂੜਾ ਨਗਰ ਕੌਂਸਲ ਜਗਰਾਉਂ ਦੇ ਗਲੇ ਦੀ ਹੱਡੀ ਬਣਿਆ ਹੋਇਆ ਹੈ। ਜਗਰਾਉਂ ਸ਼ਹਿਰ ਦਾ ਅਹਿਮ ਏਰੀਆ ਝਾਂਸੀ ਰਾਣੀ ਚੌਂਕ , ਡਿਸਪੋਜ਼ਲ ਰੋਡ,ਹਰੀ ਸਿੰਘ ਰੋਡ, ਪੋਨੇ ਕੋਠੇ ਰੋਡ ਸੱਭ ਤੋਂ ਵੱਧ ਪ੍ਰਭਾਵਿਤ ਹਨ। ਕਿਸੇ ਨਾ ਕਿਸੇ ਦਿਨ ਲੋਕ ਕੂੜੇ ਦੇ ਹੱਲ ਲਈ ਸੰਘਰਸ਼ ਕਰਦੇ ਰਹਿੰਦੇ ਹਨ। ਕੂੜੇ ਦੀ ਸਾਂਭ ਸੰਭਾਲ ਦੀ ਸੱਭ ਤੋਂ ਵੱਧ ਜ਼ਿੰਮੇਵਾਰੀ ਕਾਰਜ ਸਾਧਕ ਅਫਸਰ ਨਗਰ ਕੌਂਸਲ ਜਗਰਾਉਂ ਦੀ ਹੈ। ਕਰੋੜਾਂ ਦੇ ਫੰਡ ਹਰ ਸਾਲ ਐਨਜੀਟੀ ਵੱਲੋਂ ਕੂੜੇ ਦੀ ਸਾਂਭ ਸੰਭਾਲ ਲਈ ਆਉਂਦੇ ਹਨ। ਫਿਰ ਵੀ ਅੱਜ ਤੱਕ ਨਗਰ ਕੌਂਸਲ ਜਗਰਾਉਂ ਅੰਦਰ ਕੂੜੇ ਦਾ ਪੱਕਾ ਹੱਲ ਨਹੀਂ ਹੋ ਸਕਿਆ। ਝਾਂਸੀ ਰਾਣੀ ਚੌਂਕ ਨੇੜੇ ਦੇ ਦੁਕਾਨਦਾਰਾਂ ਵੱਲੋਂ ਪਿੱਛਲੇ ਦਿਨੀਂ ਸੰਘਰਸ਼ ਕੀਤਾ ਗਿਆ। ਕਾਰਜ ਸਾਧਕ ਅਫਸਰ ਜਗਰਾਉਂ ਵੱਲੋਂ ਹਰ ਵਾਰ ਦੀ ਤਰ੍ਹਾਂ ਜਗਰਾਉਂ ਸ਼ਹਿਰ ਨਿਵਾਸੀਆਂ ਨੂੰ ਨਵੇਂ ਢੰਗ ਨਾਲ ਕੂੜੇ ਦੇ ਡੰਪਾਂ ਨੂੰ ਖਾਲੀ ਕਰਨ ਦਾ ਭਰੋਸਾ ਦੇ ਕੇ ਬੇਵਕੂਫ ਬਣਾਉਂਦੇ ਹੋਏ। ਆਪਣੇ ਹੀ ਦਫ਼ਤਰ ਦੇ ਪਿੱਛੇ ਪਈ ਖਾਲੀ ਜਗ੍ਹਾ ਅੰਦਰ ਟੋਆ ਪੁੱਟ ਕੇ ਉਸ ਨੂੰ ਕੂੜੇ ਨਾਲ ਭਰ ਦਿੱਤਾ। ਕਾਰਜ ਸਾਧਕ ਅਫਸਰ ਨਗਰ ਕੌਂਸਲ ਜਗਰਾਉਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਜਗਰਾਉਂ ਨਿਵਾਸੀਆਂ ਨੂੰ ਬੇਵਕੂਫ ਬਣਾ ਕੇ ਡੰਗ ਟਪਾ ਲਿਆ। ਲੋਕਾ ਦਾ ਕਹਿਣਾ ਹੈ। ਪਰ ਇੱਥੇ ਦੇਖਣਯੋਗ ਗੱਲ ਇਹ ਹੈ ਕਿ ਇਨ੍ਹਾਂ ਜੋਰ ਲੱਗਣ ਤੇ ਵੀ ਕੂੜੇ ਦਾ ਨਗਰ ਕਾਊਂਸਿਲ ਜਗਰਾਓਂ ਦੇ ਅਧਿਕਾਰੀਆ ਕੋਲੋਂ ਕਿਉ ਨੀ ਹੁੰਦਾ?

# ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸਮੂਹ ਸਿੰਘਾਂ ਸ਼ਹੀਦਾਂ ਦੀ ਯਾਦ 'ਚ ਮਨੁੱਖਤਾ ਦੇ ਭਲੇ ਲਈ ਖ਼ੂਨਦਾਨ ਕੈਂਪ ਲਗਾਇਆ



ਲੁਧਿਆਣਾ, 23 ਜੂਨ (ਕਰਨੈਲ ਸਿੰਘ ਐੱਮ.ਏ.) : ਸ਼ਹੀਦਾਂ ਦੇ ਸਿਰਤਾਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਜੀ ਅਤੇ ਸਮੂਹ ਸਿੰਘਾਂ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਮਨੁੱਖੀ ਕਾਰਜਾਂ ਨੂੰ ਸਮਰਪਿਤ ਸੰਸਥਾ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਮੁੱਖ ਸੇਵਾਦਾਰ ਜਥੇ: ਤਰਨਜੀਤ ਸਿੰਘ ਨਿਮਾਣਾ ਦੀ ਅਗਵਾਈ ਹੇਠ 812ਵਾਂ ਮਹਾਨ ਖ਼ੂਨਦਾਨ ਕੈਂਪ ਗੁਰਦੁਆਰਾ ਸਿੰਘਾਂ ਸ਼ਹੀਦਾਂ, ਡੇਰਾ ਬਾਬਾ ਜਰਨੈਲ ਸਿੰਘ ਨੰਗਲ ਬੇਟ, ਅਲੋਵਾਲ, ਵਿਖੇ ਲਗਾਇਆ ਗਿਆ। ਇਸ ਮਹਾਨ ਖ਼ੂਨਦਾਨ ਕੈਂਪ ਦਾ ਉਦਘਾਟਨ ਕਰਦਿਆਂ ਸੰਤ ਬਾਬਾ ਸੁਖਵਿੰਦਰ ਸਿੰਘ ਨੇ ਜਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਵੱਲੋਂ ਪਿਛਲੇ ਲੰਬੇ ਅਰਸਿਆਂ ਤੋਂ ਨਿਸ਼ਕਾਮ ਰੂਪ ਵਿੱਚ ਮਨੁੱਖਤਾ ਪ੍ਰਤੀ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਖ਼ੂਨ ਕਿਸੇ ਹਸਪਤਾਲ ਜਾਂ ਫੈਕਟਰੀ ਵਿੱਚ ਤਿਆਰ ਨਹੀਂ ਕੀਤਾ ਜਾ ਸਕਦਾ, ਇਕ ਇਨਸਾਨ ਖ਼ੂਨ ਦਾਨ ਕਰਦਾ, ਉਸ ਦੇ ਖ਼ੂਨ ਨਾਲ ਮਰੀਜ਼ ਦੀ ਜ਼ਿੰਦਗੀ ਨੂੰ ਬਚਾਇਆ ਜਾ ਸਕਦਾ ਹੈ। ਸੰਸਾਰ ਤੇ ਖ਼ੂਨਦਾਨ ਮਨੁੱਖਤਾ ਦੀ ਸਭ ਤੋਂ ਵੱਡੀ ਸੇਵਾ ਹੈ। ਹਰ ਤੰਦਰੁਸਤ ਇਨਸਾਨ ਨੂੰ ਤਿੰਨ ਮਹੀਨੇ ਬਾਅਦ ਖ਼ੂਨ ਦਾਨ ਕਰਨਾ ਚਾਹੀਦਾ ਹੈ। ਇਸ ਮੌਕੇ 'ਤੇ ਸੰਤ ਬਾਬਾ ਸ਼ਮਸ਼ੇਰ ਸਿੰਘ ਜਗੇੜਾ ਵਾਲਿਆਂ ਨੇ ਖ਼ੂਨਦਾਨ ਕਰਨ ਵਾਲੇ ਦਾਨੀਆਂ ਨੂੰ ਪ੍ਰਮਾਣ ਪੱਤਰ ਅਤੇ ਸਨਮਾਨ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਦੇ ਮੁੱਖ ਸੇਵਦਾਰ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਨੇ ਦੱਸਿਆ ਖ਼ੂਨਦਾਨ ਕੈਂਪ ਦੌਰਾਨ ਪ੍ਰੀਤ ਹਸਪਤਾਲ ਦੀ ਟੀਮ ਦੇ ਨਿੱਘੇ ਸਹਿਯੋਗ ਨਾਲ ਇਕੱਤਰ ਕੀਤਾ ਗਿਆ ਖ਼ੂਨ ਲੋੜਵੰਦ ਮਰੀਜ਼ਾਂ ਨੂੰ ਨਿਸ਼ਕਾਮ ਰੂਪ ਵਿੱਚ ਦਿੱਤਾ ਜਾਵੇਗਾ। ਇਸ ਮੌਕੇ ਤੇ ਬਾਬਾ ਦਾਰਾ ਸਿੰਘ, ਡਾ: ਅਮਰਜੋਤ ਸਿੰਘ ਸੰਧੂ, ਨੇਕ ਸਿੰਘ ਖਾਲਸਾ, ਕਿਸਾਨ ਆਗੂ ਸੁਖਦੇਵ ਸਿੰਘ ਮੰਗਲੀ ਬੀ.ਕੇ.ਐਮ ਯੂਨੀਅਨ, ਇੰਦਰਬੀਰ ਸਿੰਘ ਕਾਦੀਆਂ ਬੀ.ਕੇ.ਯੂ ਦੋਆਬਾ, ਪ੍ਰਧਾਨ ਮਾਲਵਾ ਜੋਨ ਆਦਿ ਹਾਜ਼ਰ ਸਨ।

# ਖ਼ਾਲਸਾ ਗਤਕਾ ਫ਼ੈਡਰੇਸ਼ਨ ਦੇ ਨਵੇਂ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦਿੱਤੇ



ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ) : ਖਾਲਸਾ ਗਤਕਾ ਫੈਡਰੇਸ਼ਨ ਦੀ ਮੀਟਿੰਗ ਗੁ: ਸ਼ਹੀਦਾ ਫੇਰੂਮਾਨ ਸਾਹਿਬ ਵਿਖੇ ਭਰਮੀ ਮੀਟਿੰਗ ਕੀਤੀ ਗਈ । ਜਿਸ ਵਿੱਚ ਫੈਡਰੇਸ਼ਨ ਦੇ ਨੈਸ਼ਨਲ, ਸਟੇਟ ਅਤੇ ਜ਼ਿਲ੍ਹੇ ਪੱਧਰ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ । ਇਸ ਮੀਟਿੰਗ ਦੌਰਾਨ ਖਾਲਸਾ ਗਤਕਾ ਫੈਡਰੇਸ਼ਨ ਦੀ ਜ਼ਿਲ੍ਹਾ ਪਟਿਆਲਾ ਦੇ ਨਵੇਂ ਨਿਯੁਕਤ ਅਹੁਦੇਦਾਰਾਂ ਨੂੰ ਨਿਯੁਕਤੀ ਪੱਤਰ ਦੇ ਕੇ ਜਿੰਮੇਵਾਰੀਆਂ ਦਿੱਤੀਆਂ ਗਈਆਂ । ਨੈਸ਼ਨਲ ਪ੍ਰਧਾਨ ਜਥੇਦਾਰ ਬਾਬਾ ਸਵਰਨਜੀਤ ਸਿੰਘ ਖਾਲਸਾ ਮੁਖੀ ਤਰਨਾ ਦਲ ਦੁਆਬਾ ਨੇ ਸਿੰਘਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ। ਇਸ ਮੌਕੇ 'ਤੇ ਮੁੱਖ ਸੇਵਾਦਾਰ ਗੁ: ਸ਼ਹੀਦਾਂ ਫੇਰੂਮਾਨ ਸਾਹਿਬ ਬਲਵਿੰਦਰ ਸਿੰਘ ਲਾਇਲਪੁਰੀ, ਤਰਲੋਚਨ ਸਿੰਘ ਬੱਬਰ, ਇੰਦਰਜੀਤ ਸਿੰਘ, ਬਲਜੀਤ ਸਿੰਘ ਬਿੰਦਰਾ, ਨੈਸ਼ਨਲ ਕੋਆਰਡੀਨੇਟਰ ਸਰਦਾਰ ਸੁਪ੍ਰੀਤ ਸਿੰਘ ਜੀ ਅੰਮ੍ਰਿਤਸਰ , ਜਨਰਲ ਸਕੱਤਰ ਐਡਵੋਕੇਟ ਜਸਪ੍ਰੀਤ ਸਿੰਘ ਜੀ ਪਟਿਆਲਾ, ਮੀਤ ਪ੍ਰਧਾਨ ਕੁਲਦੀਪ ਸਿੰਘ , ਖਜਾਨਚੀ ਪਰਵਿੰਦਰ ਸਿੰਘ, ਮਲਕੀਤ ਸਿੰਘ, ਸਿਮਰਨਜੀਤ ਸਿੰਘ ਕੈਪਟਨ, ਹਰਵਿੰਦਰ ਸਿੰਘ, ਇੰਜ:ਪਰਮਜੀਤ ਸਿੰਘ ਲੁਧਿਆਣਾ, ਪ੍ਰਭਜੋਤ ਸਿੰਘ ਅਤੇ ਹੀ ਅਹੁਦੇਦਾਰ ਵੀ ਮੌਜੂਦ ਸਨ । ਜਿਨ੍ਹਾਂ ਨੇ ਗਤਕੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਰੂਲਾਂ ਬਾਰੇ ਦੱਸਿਆ ਕਿਹਾ ਕਿ ਤਾਂ ਕਿ ਜੋ ਨਵੇਂ ਅਖਾੜੇ ਜੁੜਦੇ ਹਨ । ਉਹਨਾਂ ਦਾ ਵੀ ਵਿਕਾਸ ਹੋ ਸਕੇ ਅਤੇ ਗਤਕੇ ਦੀਆਂ ਗਤੀਵਿਧੀਆਂ ਨੂੰ ਅੱਗੇ ਵਧਾਉਣ ਬਾਰੇ ਜਾਣਕਾਰੀਆਂ ਦਿੱਤੀਆਂ ਗਈਆਂ। ਮੀਟਿੰਗ ਦੀ ਸਮਾਪਤੀ ਦੇ ਸਮੇਂ ਪੰਜਾਬ ਪ੍ਰਧਾਨ ਸਰਦਾਰ ਸੁਰਿੰਦਰ ਸਿੰਘ ਨੇ ਗਤਕੇ ਦੀਆਂ ਬਹੁਤ ਸਾਰੀਆਂ ਜਾਣਕਾਰੀਆਂ ਦਿੱਤੀਆਂ ਕਿਹਾ ਕਿ ਹਰ ਇੱਕ ਗੁਰਸਿੱਖ ਲਈ ਗਤਕਾ ਸਿੱਖਣਾ ਬਹੁਤ ਜਰੂਰੀ ਹੈ। ਇਸ ਮੌਕੇ ਹਰਿਆਣਾ ਸਟੇਟ ਦੇ ਪ੍ਰਧਾਨ ਸੁਰਿੰਦਰ ਸਿੰਘ ਨੂੰ ਵੀ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ।

# ਆਈ.ਐਮ.ਏ. ਲੁਧਿਆਣਾ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ



ਲੁਧਿਆਣਾ, 23 ਜੂਨ (ਰਵਿੰਦਰ ਸਿੰਘ ਨਿੱਝਰ/ਕਰਨੈਲ ਸਿੰਘ ਐੱਮ.ਏ.) : ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐਮਏ) ਲੁਧਿਆਣਾ ਨੇ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਜਿਸ ਵਿੱਚ ਲੁਧਿਆਣਾ ਦੇ 50 ਤੋਂ ਵੱਧ ਉੱਘੇ ਡਾਕਟਰਾਂ ਨੇ ਬਹੁਤ ਉਤਸ਼ਾਹ ਨਾਲ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ। ਆਈਐਮਏ ਲੁਧਿਆਣਾ ਦੇ ਪ੍ਰਧਾਨ ਡਾ. ਧੀਰਜ ਅਗਰਵਾਲ ਨੇ ਯੋਗ ਦੀ ਮਹੱਤਤਾ 'ਤੇ ਚਾਨਣਾ ਪਾਇਆ, ਇਹ ਕਹਿੰਦੇ ਹੋਏ ਕਿ ਇਹ ਰੋਜ਼ਾਨਾ ਜੀਵਨ ਦਾ ਇੱਕ ਅਨਿੱਖੜਵਾਂ ਅੰਗ ਹੈ ਅਤੇ ਸਿਹਤ ਲਈ ਲਾਭਦਾਇਕ ਹੈ। ਆਈਐਮਏ ਲੁਧਿਆਣਾ ਦੇ ਆਨਰੇਰੀ ਸਕੱਤਰ ਡਾ. ਰੁਚੀ ਮੁਤਨੇਜਾ ਨੇ ਅੱਗੇ ਜ਼ੋਰ ਦਿੱਤਾ ਕਿ ਯੋਗ ਨੂੰ ਰੋਜ਼ਾਨਾ ਦੇ ਕੰਮਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਰੀਰ ਅਤੇ ਆਤਮਾ ਨੂੰ ਜੋੜਦਾ ਹੈ, ਜਿਸ ਨਾਲ ਸਿਹਤ ਅਤੇ ਤੰਦਰੁਸਤੀ ਦੀਆਂ ਭਾਵਨਾਵਾਂ ਪੈਦਾ ਹੁੰਦੀਆਂ ਹਨ। ਸਮਾਗਮ ਦੀ ਅਗਵਾਈ ਸੰਸਕਾਰ ਯੋਗਸ਼ਾਲਾ ਦੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਯੋਗਾ ਟਰੇਨਰ ਸੁਮਿਤ ਨਾਗਪਾਲ ਦੁਆਰਾ ਇੱਕ ਸੈਸ਼ਨ ਦੁਆਰਾ ਕੀਤੀ।

# ਨਾਮ ਸਿਮਰਨ ਅਭਿਆਸ ਸਮਾਗਮ ਕਰਵਾਇਆ



ਲੁਧਿਆਣਾ, 23 ਜੂਨ (ਕਰਨੈਲ ਸਿੰਘ ਐੱਮ ਏ) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ, ਲੁਧਿਆਣਾ ਵਿਖੇ ਹਫਤਾਵਾਰੀ ਨਾਮ ਸਿਮਰਨ ਅਭਿਆਸ ਸਮਾਗਮ ਬੀਤੇ ਦਿਨੀਂ ਕਰਵਾਇਆ ਗਿਆ । ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਵਾਹਿਗੁਰੂ ਗੁਰ ਮੰਤ੍ਰ ਹੈ ਜਪ ਹਉਮੈ ਖੋਈ ਸੰਗਤਾਂ ਨੇ ਇਕਾਗਰ ਚਿੱਤ ਹੋ ਕੇ ਵਾਹਿਗੁਰੂ ਦਾ ਸਿਮਰਨ ਕੀਤਾ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਜਰਨੈਲ ਸਿੰਘ ਸੈਣੀ, ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ, ਸੁਰਿੰਦਰ ਸਿੰਘ ਪੀ.ਏ. ਪ੍ਰਧਾਨ ਸਾਹਿਬ, ਪਲਵਿੰਦਰ ਸਿੰਘ, ਰਣਜੀਤ ਸਿੰਘ, ਸਵਰਨ ਸਿੰਘ, ਜੋਗਿੰਦਰ ਸਿੰਘ, ਹਰਦੇਵ ਸਿੰਘ, ਤਲਵਿੰਦਰ ਸਿੰਘ, ਤਜਿੰਦਰ ਸਿੰਘ, ਜਤਿੰਦਰ ਸਿੰਘ, ਨਿਰਮਲ ਸਿੰਘ, ਨਿਰਮਲ ਸਿੰਘ ਸੈਣੀ, ਮਾਸਟਰ ਗੁਰਮੀਤ ਸਿੰਘ, ਗੁਰਮੀਤ ਸਿੰਘ, ਹੈਪੀ ਗਲਹੋਤਰਾ ਹਾਜ਼ਰ ਸਨ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਤੇ ਖ਼ਜ਼ਾਨਚੀ ਸੁਰਜੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਅਗਲਾ ਹਫਤਾਵਰੀ ਨਾਮ ਅਭਿਆਸ ਸਮਾਗਮ 29 ਜੂਨ ਦਿਨ ਐਤਵਾਰ ਨੂੰ ਰਾਤ 7-30 ਵਜੇ ਤੋਂ 8-30 ਵਜੇ ਤੱਕ ਹੋਵੇਗਾ। ਸੰਗਤਾਂ ਨੂੰ ਹਾਜ਼ਰੀਆਂ ਭਰ ਕੇ ਆਪਣਾ ਜੀਵਨ ਸਫਲ ਕਰਨ ਲਈ ਬੇਨਤੀ ਕੀਤੀ।

# ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ ਜਗਰਾਓਂ ਵਿਖੇ ਮਨਾਇਆ ਯੋਗ ਦਿਵਸ




ਜਗਰਾਓਂ, 23 ਜੂਨ (ਦਵਿੰਦਰ ਜੈਨ) : ਬੀਤੇ ਦਿਨੀਂ ਡੀ.ਏ.ਵੀ. ਸੈਂਟਨਰੀ ਪਬਲਿਕ ਸਕੂਲ, ਜਗਰਾਉਂ ਵਿਖੇ ਪ੍ਰਿੰਸੀਪਲ ਸਾਹਿਬ ਵੇਦ ਵਰਤ ਪਲਾਹ ਅਤੇ ਡੀ.ਪੀ ਹਰਦੀਪ ਸਿੰਘ ਦੀ ਅਗਵਾਈ ਹੇਠ ਯੋਗਾ ਡੇਅ ਦੀ ਸ਼ੁਰੂਆਤ ਕਰਦੇ ਹੋਇਆਂ ਮੌਜੂਦ ਅਧਿਆਪਕ ਸਾਹਿਬਾਨ ਵਿਦਿਆਰਥੀਆਂ ਅਤੇ ਸਹਿਯੋਗੀ ਸਟਾਫ਼ ਨੂੰ ਯੋਗਾ ਕਰਵਾਇਆ ਗਿਆ। ਇਸ ਮੌਕੇ ਪ੍ਰਿੰਸੀਪਲ ਸਾਹਿਬ ਵੇਦ ਵਰਤ ਪਲਾਹ ਨੇ ਜਾਣਕਾਰੀ ਦਿੰਦਿਆਂ ਹੋਇਆ ਦੱਸਿਆ ਕਿ ਅੱਜ ਸਕੂਲ ਵਿੱਚ ਯੋਗਾ ਦਿਵਸ ਮਨਾਉਣ ਦਾ ਮੁੱਖ ਕਾਰਨ ਯੋਗਾ ਦੀ ਅਹਿਮੀਅਤ ਬਾਰੇ ਹਾਜ਼ਰ ਸਟਾਫ਼ ਨੂੰ ਜਾਣਕਾਰੀ ਦੇਣਾ ਹੈ ।ਯੋਗਾ ਮਨੁੱਖ ਦੇ ਸਰੀਰ ਅਤੇ ਮਨ ਨੂੰ ਮਜਬੂਤ ਬਣਾਉਂਦਾ ਹੈ। ਯੋਗਾ ਕਰਨ ਵਾਲਾ ਮਨੁੱਖ ਸਰੀਰਕ ਤੇ ਮਾਨਸਿਕ ਰੂਪ ਵਿੱਚ ਅਰੋਗ ਰਹਿੰਦਾ ਹੈ ।ਇਨਸਾਨ ਦੀਆਂ ਸਰੀਰਕ ਅਤੇ ਮਾਨਸਿਕ ਸਮਰੱਥਾਵਾਂ ਵੀ ਵੱਧ ਜਾਂਦੀਆਂ ਹਨ। ਅੱਜ ਦੇ ਰੁਝੇਵੇਂ ਭਰੀ ਜੀਵਨ ਦੀ ਦੌੜ ਵਿੱਚ ਮਨੁੱਖ ਜੇ ਆਪਣੇ ਸਰੀਰ ਦੀ ਸੰਭਾਲ ਕਰਨਾ ਚਾਹੁੰਦਾ ਹੈ ਤਾਂ ਅੱਜ ਦੇ ਸਮੇਂ ਵਿੱਚ ਯੋਗਾ ਨੂੰ ਆਪਣੇ ਜੀਵਨ ਸ਼ੈਲੀ ਦਾ ਅੰਗ ਬਣਾਉਣਾ ਪਵੇਗਾ। ਇੱਕ ਕਹਾਵਤ ਵੀ ਮਸ਼ਹੂਰ ਹੈ ਕਿ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਦਿਮਾਗ ਨਿਵਾਸ ਕਰਦਾ ਹੈ ਸੋ ਤੰਦਰੁਸਤ ਦਿਮਾਗ ਦੇ ਲਈ, ਜ਼ਿੰਦਗੀ ਦੀ ਕਾਮਯਾਬੀ ਦੇ ਲਈ ਯੋਗਾ ਨੂੰ ਆਪਣੇ ਜੀਵਨ- ਸ਼ੈਲੀ ਦਾ ਅਟੁੱਟ ਅੰਗ ਬਣਾਉਣਾ ਅੱਜ ਦੀ ਜਰੂਰੀ ਲੋੜ ਹੈ। ਅੱਜ ਯੋਗਾ ਡੇਅ ਮੌਕੇ ਪ੍ਰਿੰਸੀਪਲ ਸਾਹਿਬ ਸ਼੍ਰੀ ਵੇਦ ਵਰਤ ਪਲਾਹ, ਡੀ.ਪੀ. ਈ ਹਰਦੀਪ ਸਿੰਘ, ਦਿਨੇਸ਼ ਕੁਮਾਰ, ਸ਼ੁਭਮ ਧੀਰ, ਸ਼ਿਲਪਾ ਕਪੂਰ, ਸੁਖਜੀਵਨ ਸ਼ਰਮਾ, ਅਨੂ ਗੁਪਤਾ ਅਤੇ ਸਹਿਯੋਗੀ ਸਟਾਫ਼ ਮੈਂਬਰ ਮੌਜੂਦ ਸਨ।

# ਭਾਬੀ ਨੇ ਏਜੰਟ ਨਾਲ ਮਿਲ ਕੇ ਆਪਣੀ ਨਣਦ 4 ਲੱਖ 'ਚ ਵੇਚੀ

## ☛ਪੀੜਤ ਲੜਕੀ ਨੂੰ ਗੰਭੀਰ ਤਸ਼ੱਦਦ, ਅਣਮਨੁੱਖੀ ਸਲੂਕ ਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ: ਸੰਤ ਸੀਚੇਵਾਲ

ਸੁਲਤਾਨਪੁਰ ਲੋਧੀ,23 ਜੂਨ (ਚ.ਨ.ਸ.): ਜਲੰਧਰ ਜ਼ਿਲ੍ਹੇ ਦੀ ਇਕ ਨੌਜਵਾਨ ਲੜਕੀ ਜੋ ਆਪਣੇ ਪਰਿਵਾਰ ਦੀਆਂ ਆਰਥਿਕ ਮਜਬੂਰੀਆਂ ਕਾਰਨ ਨੌਕਰੀ ਦੀ ਖਾਤਰ ਓਮਾਨ ਗਈ ਸੀ ਅਤੇ ਉਥੇ ਮਨੁੱਖੀ ਸਮੱਗਲਿੰਗ ਦਾ ਸ਼ਿਕਾਰ ਹੋ ਗਈ। ਉਸ ਦੀ ਆਪਣੀ ਭਾਬੀ ਨੇ ਇਕ ਏਜੰਟ ਨਾਲ ਮਿਲ ਕੇ ਉਸ ਨੂੰ 4 ਲੱਖ ਰੁਪਏ 'ਚ ਵੇਚ ਦਿੱਤਾ। ਪੀੜਤ ਲੜਕੀ ਨੂੰ ਉਥੇ ਗੰਭੀਰ ਤਸ਼ੱਦਦ, ਅਣਮਨੁੱਖੀ ਸਲੂਕ ਅਤੇ ਜਾਨੋਂ ਮਾਰਨ ਦੀਆਂ ਧਮਕੀਆਂ ਦਾ ਸਾਹਮਣਾ ਕਰਨਾ ਪਿਆ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੇ ਯਤਨਾਂ ਸਦਕਾ ਵਾਪਸ ਪਰਤੀ ਪੀੜਤਾ ਨੇ ਆਪਣੀ ਹੱਡਬੀਤੀ ਦੱਸਦਿਆਂ ਕਿਹਾ ਕਿ ਉਸ ਨੇ ਆਪਣੇ ਘਰ ਦੀਆਂ ਮਜਬੂਰੀਆਂ ਨੂੰ ਵੇਖਦਿਆਂ ਇਹ ਸਭ ਵੀ ਸਹਿਣ ਕਰ ਲਿਆ ਸੀ ਪਰ ਹੱਦ ਉਸ ਵੇਲੇ ਹੋਈ, ਜਦੋਂ ਉਸ ਦੀ ਬਿਨਾਂ ਵਜ੍ਹਾ ਕੁੱਟਮਾਰ ਕਰਨ ਲੱਗ ਪਈ। ਪੀੜਤਾ ਨੇ ਦੱਸਿਆ ਕਿ ਓਮਾਨ 'ਚ ਉਸ ਨੂੰ ਲੰਬੇ ਸਮੇਂ ਤੱਕ



ਦਿਨ-ਰਾਤ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਪਰ ਨਾ ਹੀ ਤਨਖਾਹ ਦਿੱਤੀ ਗਈ ਅਤੇ ਨਾ ਹੀ ਪੂਰਾ ਖਾਣਾ। ਤਸ਼ੱਦਦ ਦੇ ਵਿਰੋਧ ਉੱਤੇ ਉਸ ਨੂੰ ਜਾਨੋਂ ਮਾਰਨ ਦੀ ਧਮਕੀਆਂ ਦਿੱਤੀਆਂ ਗਈਆਂ ਅਤੇ ਮਰਜ਼ੀ ਦੇ ਖਿਲਾਫ ਕੰਮ ਲਈ ਮਜਬੂਰ ਕੀਤਾ ਗਿਆ। ਪੀੜਤਾ ਨੇ ਦੱਸਿਆ ਕਿ ਕਿਸੇ ਤਰ੍ਹਾਂ ਨਾਲ ਉਹ ਬਚ ਬਚਾਅ ਕਿ ਪਰਿਵਾਰ ਦੇ ਚੁੰਗਲ ਤੋਂ ਨਿਕਲਣ ਤੋਂ ਬਾਅਦ ਉਸ ਨੂੰ ਤਕਰੀਬਨ 2 ਮਹੀਨੇ ਤੱਕ ਓਮਾਨ ਦੀਆਂ ਸੜਕਾਂ 'ਤੇ ਭਟਕਣਾ ਪਿਆ, ਜਿੱਥੇ ਉਸ ਦੇ ਲਈ ਕੋਈ ਸਹਾਰਾ ਨਹੀਂ ਸੀ। ਪੀੜਤਾ ਨੇ ਇਹ ਵੀ ਖ਼ੁਲਾਸਾ ਕੀਤਾ ਕਿ ਓਮਾਨ 'ਚ ਉਸ ਵਾਂਗ ਹੀ ਯੂ.ਪੀ, ਬਿਹਾਰ ਅਤੇ ਪੰਜਾਬ ਦੀਆਂ ਲਗਭਗ 20 ਹੋਰ ਲੜਕੀਆਂ ਵੀ ਇਕ ਪਾਰਕ 'ਚ ਨਰਕ ਵਰਗੀ ਜ਼ਿੰਦਗੀ ਜੀ ਰਹੀਆਂ ਹਨ, ਜਿਨ੍ਹਾਂ ਦੀ ਜ਼ਿੰਦਗੀ ਹਰ ਵੇਲੇ ਖ਼ਤਰੇ ਵਿਚ ਹੈ। ਇਕ ਭਿਆਨਕ ਮੰਜ਼ਰ ਦਾ ਜ਼ਿਕਰ ਕਰਦਿਆਂ ਪੀੜਤਾ ਨੇ ਦੱਸਿਆ ਕਿ ਇਕ ਲੜਕੀ ਨੂੰ ਉਸਦੀਆਂ ਅੱਖਾਂ ਸਾਹਮਣੇ ਸਿੱਧਾ ਪਾਰਕ 'ਚੋਂ ਉਸਦੇ ਵਾਲਾਂ ਤੋਂ ਘਸੀਟ ਕੇ ਕਾਰ ਵਿਚ ਬਿਠਾ ਲਿਆ ਗਿਆ। ਇਸ ਘਟਨਾ ਨੇ ਉਸ ਦੇ ਮਨ ਨੂੰ ਪੂਰੀ ਤਰ੍ਹਾਂ ਨਾਲ ਝੰਜੋੜ ਦਿੱਤਾ ਅਤੇ ਉਸ ਦੇ ਅੰਦਰ ਵਾਪਸੀ ਦੀ ਉਮੀਦ ਨੂੰ ਖ਼ਤਮ ਕਰ ਦਿੱਤਾ। ਫਿਰ ਕਿਸੇ ਤਰੀਕੇ ਪੀੜਤਾ ਨੇ ਪਰਿਵਾਰ ਨਾਲ ਸੰਪਰਕ ਕੀਤਾ ਅਤੇ ਉਸ ਦੇ ਪਤੀ ਵੱਲੋਂ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੂੰ ਸਾਰੀ ਜਾਣਕਾਰੀ ਦਿੱਤੀ। ਸੰਤ ਸੀਚੇਵਾਲ ਵੱਲੋਂ ਵਿਦੇਸ਼ ਮੰਤਰਾਲੇ ਅਤੇ ਭਾਰਤੀ ਦੂਤਾਵਾਸ ਦੀ ਮਦਦ ਨਾਲ ਤੁਰੰਤ ਕਾਰਵਾਈ ਕੀਤੀ, ਜਿਸ ਸਦਕਾ 10 ਦਿਨਾਂ ਅੰਦਰ ਹੀ ਪੀੜਤਾ ਦੀ ਸੁਰੱਖਿਅਤ ਵਾਪਸੀ ਸੰਭਵ ਹੋਈ। ਪੀੜਤਾ ਅਤੇ ਉਸ ਦੇ ਪਰਿਵਾਰ ਨੇ ਸੰਤ ਸੀਚੇਵਾਲ ਅਤੇ ਭਾਰਤੀ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ। ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਡੂੰਘੀ ਹਮਦਰਦੀ ਪ੍ਰਗਟ ਕਰਦਿਆਂ ਕਿਹਾ ਕਿ ਬਿਨ ਮਾਂ ਬਾਪ ਦੀ ਧੀ ਨੂੰ ਉਸਦੀ ਹੀ ਸਖੀ ਭਾਬੀ ਵੱਲੋਂ ਇਸ ਤਰ੍ਹਾਂ ਨਾਲ ਫਸਾ ਦੇਣ ਦੇ ਮਾਮਲੇ ਨੇ ਜ਼ਾਹਿਰ ਕੀਤਾ ਹੈ ਕਿ ਲਾਲਚ ਕਿਸ ਹੱਦ ਤੱਕ ਸਾਡੇ ਮਨਾਂ ਵਿਚ ਹਾਵੀ ਹੋ ਗਿਆ ਹੈ। ਉਨ੍ਹਾਂ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਜਦ ਤੱਕ ਮਨੁੱਖ ਸਮੱਗਲਿੰਗ ਨੂੰ ਅੰਜ਼ਾਮ ਦੇ ਰਹੇ ਅਜਿਹੇ ਗਿਰੋਹਾਂ 'ਤੇ ਸਖ਼ਤ ਕਾਰਵਾਈ ਅਤੇ ਲਗਾਮ ਨਹੀਂ ਲਗਾਈ ਜਾਂਦੀ, ਉਦੋਂ ਤੱਕ ਹਾਲਾਤ 'ਚ ਬਦਲਾਅ ਨਹੀਂ ਆ ਸਕਦੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਵੀ ਅਜਿਹੇ ਗਿਰੋਹਾਂ ਤੇ ਖਾਸ ਕਰਕੇ ਰਿਸ਼ਤੇਦਾਰਾਂ ਤੋਂ ਬਚਣ ਦੀ ਅਪੀਲ ਕੀਤੀ ਜੋ ਵਿਦੇਸ਼ ਜਾਣ ਦੇ ਵੱਡੇ-ਵੱਡੇ ਸੁਫ਼ਨੇ ਵਿਖਾ ਕੇ ਲੜਕੀਆਂ ਨੂੰ ਅਰਬ ਮੁਲਕਾਂ ਵਿਚ ਫਸਾ ਰਹੇ ਹਨ। ਚੋਰੀ ਦੇ ਝੂਠੇ ਇਲਜ਼ਾਮ ਬਣੇ ਇਨਸਾਫ਼ 'ਚ ਰੁਕਾਵਟ ਪੀੜਤਾ ਨੇ ਦੱਸਿਆ ਕਿ ਘਰੋਂ ਨਿਕਲਣ ਤੋਂ ਬਾਅਦ ਪਰਿਵਾਰ ਨੇ ਉਸ 'ਤੇ ਝੂਠਾ ਚੋਰੀ ਦਾ ਇਲਜ਼ਾਮ ਲਾ ਦਿੱਤਾ ਸੀ, ਜਿਸ ਕਾਰਨ ਉਸ ਦੇ ਲਈ ਓਮਾਨ ਤੋਂ ਬਾਹਰ ਨਿਕਲਣਾ ਹੋਰ ਵੀ ਮੁਸ਼ਕਲ ਹੋ ਗਿਆ। ਉਸਨੇ ਇਹ ਵੀ ਦੱਸਿਆ ਕਿ ਇਹ ਤਰੀਕਾ ਉੱਥੇ ਹੋਰ ਲੜਕੀਆਂ ਨਾਲ ਵੀ ਵਰਤਿਆ ਜਾ ਰਿਹਾ ਹੈ, ਜੋ ਇਨਸਾਫ ਲਈ ਅੱਜ ਵੀ ਭਟਕ ਰਹੀਆਂ ਹਨ।

# ਈਰਾਨ 'ਤੇ ਹਮਲੇ ਮਗਰੋਂ ਬਜ਼ਾਰ 'ਚ ਆਏ ਉਤਰਾਅ-ਚੜ੍ਹਾਅ ਵਿਚਾਲੇ ਭਾਰਤ ਨੇ ਕੱਚੇ ਤੇਲ ਦੀ ਦਰਾਮਦ ਵਧਾਈ

## ☛ਰੂਸ ਤੋਂ ਰੋਜ਼ਾਨਾ 20 ਤੋਂ 22 ਲੱਖ ਬੈਰਲ ਕੱਚਾ ਤੇਲ ਖਰੀਦ ਰਹੀਆਂ ਨੇ ਭਾਰਤੀ ਕੰਪਨੀਆਂ

ਨਵੀਂ ਦਿੱਲੀ, 23 ਜੂਨ (ਚ.ਨ.ਸ.): ਇਰਾਨ 'ਤੇ ਹਮਲੇ ਮਗਰੋਂ ਬਾਜ਼ਾਰ 'ਚ ਆਏ ਉਤਰਾਅ-ਚੜ੍ਹਾਅ ਵਿਚਾਲੇ ਭਾਰਤ ਨੇ ਜੂਨ ਮਹੀਨੇ ਵਿੱਚ ਰੂਸ ਤੇ ਅਮਰੀਕਾ ਤੋਂ ਕੱਚੇ ਤੇਲ ਦੀ ਦਰਾਮਦ ਵਧਾ ਦਿੱਤੀ ਹੈ। ਭਾਰਤ ਦੀ ਜੂਨ 'ਚ ਰੂਸ ਤੋਂ ਕੀਤੀ ਗਈ ਖਰੀਦ ਪੱਛਮੀ ਏਸ਼ੀਆ ਦੇ ਸਪਲਾਈਕਾਰਾਂ ਸਾਊਦੀ ਅਰਬ ਤੇ ਈਰਾਕ ਤੋਂ ਕੀਤੀ ਦਰਾਮਦ ਮੁਕਾਬਲੇ ਵੱਧ ਰਹੀ ਹੈ। ਅਮਰੀਕੀ ਸੈਨਾ ਨੇ ਅੱਜ ਸਵੇਰੇ ਈਰਾਨ 'ਚ ਤਿੰਨ ਥਾਵਾਂ 'ਤੇ ਹਮਲਾ ਕੀਤਾ ਹੈ। ਉਹ ਇਸ ਜੰਗ ਵਿੱਚ ਸਿੱਧੇ ਇਜ਼ਰਾਈਲ ਨਾਲ ਸ਼ਾਮਲ ਹੋ ਗਿਆ ਹੈ। ਆਲਮੀ ਵਪਾਰ ਵਿਸ਼ਲੇਸ਼ਕ ਕੰਪਨੀ ਕਪਲੈਰ ਦੇ ਸ਼ੁਰੂਆਤੀ



ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਭਾਰਤੀ ਰਿਫਾਇਨਰੀ ਕੰਪਨੀਆਂ ਜੂਨ 'ਚ ਰੂਸ ਤੋਂ ਰੋਜ਼ਾਨਾ 20 ਤੋਂ 22 ਲੱਖ ਬੈਰਲ ਕੱਚਾ ਤੇਲ ਖਰੀਦ ਰਹੀਆਂ ਹਨ। ਇਹ ਦੋ ਸਾਲ ਦਾ ਸਭ ਤੋਂ ਉੱਚਾ ਅੰਕੜਾ ਹੈ। ਇਸ ਦੇ ਨਾਲ ਹੀ ਇਹ ਇਰਾਕ, ਸਾਊਦੀ ਅਰਬ, ਯੂਏਈ ਤੇ ਕੁਵੈਤ ਤੋਂ ਖਰੀਦੇ ਗਏ ਕੱਚੇ ਤੇਲ ਦੀ ਕੁੱਲ ਮਾਤਰਾ ਨਾਲੋਂ ਵੱਧ ਹੈ। ਮਈ 'ਚ ਰੂਸ ਤੋਂ ਭਾਰਤ ਦੀ ਤੇਲ ਦਰਾਮਦ 19.6 ਲੱਖ ਬੈਰਲ (ਬੀਪੀਡੀ) ਪ੍ਰਤੀ ਦਿਨ ਸੀ। ਜੂਨ 'ਚ ਅਮਰੀਕਾ ਤੋਂ ਵੀ ਕੱਚੇ ਤੇਲ ਦੀ ਦਰਾਮਦ ਵਧ ਕੇ 4,39,000 ਬੀਪੀਡੀ ਹੋ ਗਈ ਹੈ ਜੋ ਪਿਛਲੇ ਮਹੀਨੇ 2,80,000 ਬੀਪੀਡੀ ਸੀ। ਕਪਲੈਰ ਅਨੁਸਾਰ ਪੱਛਮੀ ਏਸ਼ੀਆ ਤੋਂ ਤੇਲ ਦੀ ਦਰਾਮਦ ਲਈ ਪੂਰੇ ਮਹੀਨੇ ਦਾ ਅਨੁਮਾਨ ਤਕਰੀਬਨ 20 ਲੱਖ ਬੈਰਲ ਪ੍ਰਤੀ ਦਿਨ ਹੈ ਜੋ ਪਿਛਲੇ ਮਹੀਨੇ ਦੀ ਖਰੀਦ ਨਾਲੋਂ ਘੱਟ ਹੈ।

# ਪਾਕਿਸਤਾਨ ਕ੍ਰਿਪਟੋ ਕੌਂਸਲ ਨੇ ਕ੍ਰਿਪਟੋ ਕਾਰੋਬਾਰ ਲਈ ਵਰਲਡ ਲਿਬਰਟੀ ਫਾਈਨੈਂਸ਼ੀਅਲ ਨਾਲ ਇੱਕ ਸਮਝੌਤੇ 'ਤੇ ਹਸਤਾਖ਼ਰ ਕੀਤੇ

ਅੰਮ੍ਰਿਤਸਰ, 23 ਜੂਨ (ਚ.ਨ.ਸ.): ਪਾਕਿਸਤਾਨ ਕ੍ਰਿਪਟੋ ਕੌਂਸਲ ਨੇ ਪਾਕਿ ਦੇ 17 ਹਜ਼ਾਰ ਕਰੋੜ ਰੁਪਏ ਦੇ ਕ੍ਰਿਪਟੋ ਕਾਰੋਬਾਰ ਲਈ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪਰਿਵਾਰ ਦੇ ਦਬਦਬੇ ਵਾਲੇ ਵਰਲਡ ਲਿਬਰਟੀ ਫਾਈਨੈਂਸ਼ੀਅਲ (ਡਬਲਿਊ.ਐਲ.ਐਫ.) ਨਾਲ ਇਕ ਸਮਝੌਤੇ 'ਤੇ ਹਸਤਾਖ਼ਰ ਕੀਤੇ ਹਨ। ਡਬਲਿਊ.ਐਲ.ਐਫ. 'ਚ ਟਰੰਪ ਪਰਿਵਾਰ ਦੀ 60 ਫ਼ੀਸਦੀ ਤੋਂ ਜ਼ਿਆਦਾ ਹਿੱਸੇਦਾਰੀ ਹੈ। ਦੱਸਣਯੋਗ ਹੈ ਕਿ ਕ੍ਰਿਪਟੋ ਕਰੰਸੀ ਇਕ ਡਿਜੀਟਲ ਮੁਦਰਾ ਹੈ ਜੋ ਕੰਪਿਊਟਰ ਨੈੱਟਵਰਕਾਂ 'ਤੇ ਐਕਸਚੇਂਜ ਦੇ ਮਾਧਿਅਮ ਵਜੋਂ ਕੰਮ ਕਰਨ ਲਈ ਤਿਆਰ ਕੀਤੀ ਗਈ ਹੈ। ਇਹ ਮੁਦਰਾ ਕਿਸੇ ਕੇਂਦਰੀ ਅਥਾਰਿਟੀ ਜਾਂ ਸਰਕਾਰ ਜਾਂ ਬੈਂਕ ਦੁਆਰਾ ਜਾਰੀ ਨਹੀਂ ਕੀਤੀ ਜਾਂਦੀ। ਜਾਣਕਾਰੀ ਅਨੁਸਾਰ ਡਬਲਿਊ. ਐਲ. ਐਫ. 'ਚ ਟਰੰਪ ਦੇ ਸਭ ਤੋਂ ਵੱਡੇ ਪੁੱਤਰ ਟਰੰਪ ਜੂਨੀਅਰ ਦੀ 25 ਫ਼ੀਸਦੀ ਹਿੱਸੇਦਾਰੀ ਹੈ। ਉਹ ਪਾਕਿ 'ਚ ਕ੍ਰਿਪਟੋ ਕਾਰੋਬਾਰ ਦੀ ਅਗਵਾਈ ਕਰੇਗਾ, ਜਦਕਿ ਉਸ ਦੇ ਦੂਜੇ ਪੁੱਤਰ ਏਰਿਕ ਟਰੰਪ ਦੀ 15 ਫ਼ੀਸਦੀ



ਹਿੱਸੇਦਾਰੀ ਹੈ ਅਤੇ ਉਹ ਪਾਕਿ 'ਚ ਕ੍ਰਿਪਟੋ ਕਾਰੋਬਾਰ ਦੀ ਨਿਯਮਿਤ ਤੌਰ 'ਤੇ ਨਿਗਰਾਨੀ ਕਰੇਗਾ। ਟਰੰਪ ਦੀ ਧੀ ਇਵਾਂਕਾ ਦਾ ਪਤੀ ਜੈਰੇਡ ਕੁਸ਼ਨਰ ਵੀ ਇਸ ਕਾਰੋਬਾਰ 'ਚ ਵਿਸ਼ੇਸ਼ ਭੂਮਿਕਾ ਨਿਭਾਵੇਗਾ। ਦੂਜੇ ਪਾਸੇ, ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦਾ ਵੱਡਾ ਪੁੱਤਰ ਸਲਮਾਨ ਸ਼ਰੀਫ਼ ਜੋ ਕਿ ਪਾਕਿ 'ਚ ਸੋਲਰ ਪੈਨਲਾਂ ਦਾ ਸਭ ਤੋਂ ਵੱਡਾ ਆਯਾਤਕ ਅਤੇ ਛੋਟਾ ਪੁੱਤਰ ਹੁਸੈਨ ਨਵਾਜ਼ ਜੋ ਕਿ ਲਾਹੌਰ 'ਚ ਕ੍ਰਿਪਟੋ ਦਫ਼ਤਰ ਵਿਚ ਭਾਈਵਾਲ ਹੈ, ਉਹ ਦੋਵੇਂ ਯੂ.ਏ.ਈ. ਅਤੇ ਯੂ.ਕੇ. ਤੋਂ ਡਿਜ਼ੀਟਲ ਵਿੱਤ ਅਤੇ ਕੌਮਾਂਤਰੀ ਲੈਣ-ਦੇਣ ਦੀ ਦੇਖਭਾਲ ਕਰਨਗੇ। ਦੱਸਿਆ ਜਾ ਰਿਹਾ ਹੈ ਕਿ ਪਾਕਿ ਦੇ ਫ਼ੌਜ ਮੁਖੀ ਫ਼ੀਲਡ ਮਾਰਸ਼ਲ ਜਨਰਲ ਆਸਿਮ ਮੁਨੀਰ ਪਾਕਿ 'ਚ ਟਰੰਪ ਦੇ ਪਰਿਵਾਰ ਦੇ ਕ੍ਰਿਪਟੋ ਕਾਰੋਬਾਰ ਦੀ ਮੁੱਖ ਜ਼ਿੰਮੇਵਾਰੀ ਸੰਭਾਲਣਗੇ। ਉਨ੍ਹਾਂ ਨੇ ਹਾਲ ਹੀ 'ਚ ਟਰੰਪ ਨੂੰ ਕ੍ਰਿਪਟੋ ਸੌਦੇ ਨੂੰ ਅੰਤਿਮ ਰੂਪ ਦੇਣ ਲਈ ਡਿਨਰ ਡਿਪਲੋਮੇਸੀ ਦੇ ਹਿੱਸੇ ਵਜੋਂ ਵਾਈਟ ਹਾਊਸ 'ਚ ਸੱਦਾ ਦਿੱਤਾ ਸੀ। ਦਾਅਵਾ ਕੀਤਾ ਜਾ ਰਿਹਾ ਹੈ ਕਿ ਟਰੰਪ ਪਰਿਵਾਰ ਅਗਲੇ ਦੋ ਸਾਲਾਂ 'ਚ ਪਾਕਿ ਵਿਚ ਕ੍ਰਿਪਟੋ ਕਾਰੋਬਾਰ ਨੂੰ ਦੁੱਗਣਾ ਕਰਕੇ 34 ਹਜ਼ਾਰ ਕਰੋੜ ਰੁਪਏ ਕਰਨ ਦੀ ਤਿਆਰੀ ਕਰ ਰਿਹਾ ਹੈ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣਾ ਮੁੱਖ ਦਫ਼ਤਰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਦੇ ਵਿਹੜੇ 'ਚ ਬਣਾਵੇਗੀ : ਝੀਂਡਾ

ਕਰਨਾਲ, 23 ਜੂਨ (ਚ.ਨ.ਸ.) : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੁਣ ਆਪਣਾ ਮੁੱਖ ਦਫ਼ਤਰ ਇਤਿਹਾਸਕ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਦੇ ਪ੍ਰੰਗਣ 'ਚ ਬਣਾਇਆ ਜਾਵੇਗਾ। ਇਹ ਇਮਾਰਤ ਕਾਰ ਸੇਵਾ ਵਾਲੇ ਸੰਤ ਮਹਾਂਪੁਰਖਾਂ ਵੱਲੋਂ ਬਣਵਾਈ ਜਾਵੇਗੀ। ਇਹ ਜਾਣਕਾਰੀ ਕਮੇਟੀ ਦੇ ਪ੍ਰਧਾਨ ਜਥੇਦਾਰ ਜਗਦੀਸ਼ ਸਿੰਘ ਝੀਂਡਾ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਕੁਰੂਕਸ਼ੇਤਰ ਵਿਖੇ ਕਮੇਟੀ ਦੇ ਹੈੱਡ ਆਫਿਸ 'ਚ ਹੋਈ ਕਾਰਜਕਾਰਨੀ ਬੈਠਕ 'ਚ 63 ਪ੍ਰਸਤਾਵ ਰੱਖੇ ਗਏ, ਜਿਨ੍ਹਾਂ 'ਚੋਂ ਕਈ ਮਨਜ਼ੂਰ ਕੀਤੇ ਗਏ ਤੇ ਕਈ 'ਤੇ ਕਾਰਵਾਈ ਲਈ ਸਬ ਕਮੇਟੀ ਬਣਾਈ ਗਈ ਹੈ। ਜਥੇਦਾਰ ਝੀਂਡਾ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਨੇੜੇ ਕਮੇਟੀ ਵੱਲੋਂ ਫਲਦਾਰ ਬਾਗ ਲਗਾਇਆ ਜਾਵੇਗਾ। ਇਸ ਦੇ ਨਾਲ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀਂ ਦੇ ਨੇੜੇ



ਪੁਰਾਤਨ ਕੂੰਏ (ਬਾਉਲੀ ਸਾਹਿਬ) ਨੂੰ ਕਮੇਟੀ ਦੇ ਅਧੀਨ ਲੈਣ ਲਈ ਸਬ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਗੁਰਮੀਤ ਸਿੰਘ, ਕੁਲਦੀਪ ਸਿੰਘ ਮੁਲਤਾਨੀ ਅਤੇ ਇੰਦਰਜੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਇਹ ਸਬ ਕਮੇਟੀ ਝਾਂਸਾ ਰੋਡ ਉੱਤੇ ਸਥਿਤ ਗੁਰਦੁਆਰਾ ਤੇਗ ਬਹਾਦਰ ਸਾਹਿਬ ਦੇ ਪਿੱਛੇ ਪੁਰਾਤਨ ਬਾਉਲੀ ਸਾਹਿਬ ਨੂੰ ਵੀ ਲੈਣ ਲਈ ਸਥਾਨਿਕ ਮੰਦਰ ਕਮੇਟੀ ਨਾਲ ਗੱਲਬਾਤ ਕਰੇਗੀ। ਪਾਤਸ਼ਾਹੀ ਨੌਂਵੀਂ ਕੁਰੂਕਸ਼ੇਤਰ ਦੀ ਜ਼ਮੀਨ ਨੂੰ ਕਮਰਸ਼ੀਅਲ ਬਣਾਉਣ, ਪਾਤਸ਼ਾਹੀ ਪਹਿਲੀ ਨੇੜੇ ਤਿੰਨ ਏਕੜ ਜ਼ਮੀਨ 'ਤੇ ਫਲਦਾਰ ਬਾਗ, ਨਾਡਾ ਸਾਹਿਬ ਵਿਖੇ ਲੰਗਰ ਹਾਲ ਦੇ ਨਜ਼ਦੀਕ ਚਿਮਨੀ ਲਗਾਉਣ ਦੇ ਹਰ ਗੁਰਦੁਆਰੇ ਵਿੱਚ ਚਿਮਨੀਆਂ ਲਗਾਉਣ ਦੇ ਪ੍ਰਸਤਾਵ ਵੀ ਮਨਜ਼ੂਰ ਕੀਤੇ ਗਏ ਹਨ। ਇਸ ਤੋਂ ਇਲਾਵਾ ਕਈ ਹੋਰ ਵੀ ਪ੍ਰਸਤਾਵ ਮਨਜ਼ੂਰ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਦੇ ਅਧੀਨ ਕੰਮ ਕਰ ਰਹੇ ਹਰਿਆਣਾਵੀ ਕਰਮਚਾਰੀਆਂ ਨੂੰ ਕਮੇਟੀ ਅਧੀਨ ਲਿਆਂਦਾ ਜਾਵੇਗਾ। ਇਹ ਕਾਰਵਾਈ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨਾਲ ਗੱਲਬਾਤ ਰਾਹੀਂ ਕੀਤੀ ਜਾਵੇਗੀ। ਜੇਕਰ ਪੰਜਾਬੀ ਐਸ.ਜੀ.ਪੀ.ਸੀ. ਦੇ ਕਰਮਚਾਰੀ ਹਰਿਆਣਾ ਕਮੇਟੀ 'ਚ ਹਨ, ਉਹ ਵੀ ਵਾਪਸ ਭੇਜੇ ਜਾਣਗੇ। ਜਥੇਦਾਰ ਝੀਂਡਾ ਨੇ ਦੱਸਿਆ ਕਿ ਹਰਿਆਣਾ ਦੀ ਸੰਗਤ ਲਈ ਸ੍ਰੀ ਦਰਬਾਰ ਸਾਹਿਬ ਵਿਖੇ 200 ਕਮਰਿਆਂ ਵਾਲੀ ਸਰਾਂ ਬਣਾਉਣ ਦੀ ਯੋਜਨਾ ਹੈ। ਇਸ ਲਈ ਐਸ.ਜੀ.ਪੀ.ਸੀ. ਪ੍ਰਧਾਨ ਨਾਲ ਗੱਲਬਾਤ ਕਰਕੇ ਜਗ੍ਹਾ ਦੀ ਮੰਗ ਕੀਤੀ ਜਾਵੇਗੀ। ਜੇ ਉਨ੍ਹਾਂ ਨੇ ਸਹਿਯੋਗ ਨਾ ਕੀਤਾ ਤਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਗੱਲ ਹੋਵੇਗੀ।

# ਜੰਗੀ ਬੇੜਾ ਆਈਐੱਨਐੱਸ 'ਤਮਾਲ' ਪਹਿਲੀ ਜੁਲਾਈ ਨੂੰ ਹੋਵੇਗਾ ਜਲ ਸੈਨਾ 'ਚ ਸ਼ਾਮਲ

ਨਵੀਂ ਦਿੱਲੀ, 23 ਜੂਨ (ਚ.ਨ.ਸ.): ਭਾਰਤੀ ਜਲ ਸੈਨਾ ਵੱਲੋਂ ਰੂਸ 'ਚ ਬਣਿਆ ਜੰਗੀ ਬੇੜਾ ਆਈਐੱਨਐੱਸ ਤਮਾਲ ਪਹਿਲੀ ਜੁਲਾਈ ਨੂੰ ਤੱਟੀ ਸ਼ਹਿਰ ਕਾਲਿਨਨਗਰਾਦ ਵਿੱਚ ਬੇੜੇ 'ਚ ਸ਼ਾਮਲ ਕੀਤਾ ਜਾਵੇਗਾ। ਇਹ ਬੇੜਾ ਗਾਈਡਡ ਮਿਜ਼ਾਈਲਾਂ ਤੇ ਨਿਗਰਾਨ ਪ੍ਰਣਾਲੀਆਂ ਨਾਲ ਲੈਸ ਹੈ। ਅਧਿਕਾਰੀਆਂ ਨੇ ਦੱਸਿਆ ਕਿ ਜਹਾਜ਼ ਵਿੱਚ ਲੱਗਾ 26 ਫ਼ੀਸਦ ਸਾਮਾਨ ਸਵਦੇਸ਼ੀ ਹੈ, ਜਿਨ੍ਹਾਂ ਵਿੱਚ ਸਮੁੰਦਰ 'ਚ ਅਤੇ ਜ਼ਮੀਨ 'ਤੇ ਨਿਸ਼ਾਨਾ ਵਿੰਨ੍ਹਣ ਵਾਲੀ ਲੰਬੀ ਦੂਰੀ ਦੀ ਬ੍ਰਹਮੋਸ ਕਰੂਜ਼ ਮਿਜ਼ਾਈਲ ਵੀ ਸ਼ਾਮਲ ਹੈ। ਭਾਰਤੀ ਜਲ ਸੈਨਾ ਮੁਤਾਬਕ 125 ਮੀਟਰ ਲੰਬੇ ਤੇ 3,900 ਟਨ ਭਾਰੇ ਜੰਗੀ ਬੇੜੇ ਦੀ ਮਾਰੂ ਸਮਰੱਥਾ ਹੈ ਕਿਉਂਕਿ ਇਹ ਭਾਰਤੀ ਤੇ ਰੂਸੀ ਆਧੁਨਿਕ ਤਕਨੀਕਾਂ ਅਤੇ ਜੰਗੀ ਬੇੜੇ ਬਣਾਉਣ 'ਚ ਸ਼ਾਮਲ ਸਰਵੋਤਮ ਅਭਿਆਸਾਂ ਦਾ ਅਦਿਭੁਤ ਸੁਮੇਲ ਹੈ। ਕਮਿਸ਼ਨਿੰਗ ਤੋਂ ਬਾਅਦ 'ਤਮਾਲ' ਭਾਰਤੀ ਜਲ ਸੈਨਾ ਦੀ ਪੱਛਮੀ ਫਲੀਟ 'ਚ ਸ਼ਾਮਲ ਹੋ ਜਾਵੇਗਾ। ਭਾਰਤੀ ਜਲ ਸੈਨਾ ਦੇ ਤਰਜਮਾਨ ਕਮਾਂਡਰ ਵਿਵੇਕ ਮਧਵਾਲ ਨੇ ਕਿਹਾ ਕਿ ਇਹ ਨਾ ਸਿਰਫ ਭਾਰਤੀ ਜਲ ਸੈਨਾ ਦੀ ਵਧਦੀ ਸਮਰੱਥਾ ਦਾ ਪ੍ਰਤੀਕ ਹੋਵੇਗਾ ਬਲਕਿ ਭਾਰਤ-ਰੂਸ ਭਾਈਵਾਲੀ ਦੀ ਸਾਂਝੀ ਤਾਕਤ ਦੀ ਮਿਸਾਲ ਵੀ ਹੋਵੇਗਾ। ਆਈਐੱਨਐੱਸ ਤਮਾਲ ਪਿਛਲੇ ਦੋ ਦਹਾਕਿਆਂ ਦੌਰਾਨ ਰੂਸ ਤੋਂ ਭਾਰਤੀ ਜਲ ਸੈਨਾ 'ਚ ਸ਼ਾਮਲ ਹੋਣ ਵਾਲਾ ਕ੍ਰਿਵਕ ਸ਼੍ਰੇਣੀ ਦਾ ਅੱਠਵਾਂ ਬੇੜਾ ਹੋਵੇਗਾ। ਅਧਿਕਾਰੀਆਂ ਨੇ ਕਿਹਾ ਕਿ ਇਸ ਜੰਗੀ ਬੇੜੇ ਦਾ ਨਿਰਮਾਣ ਕਾਲਿਨਨਗਰਾਦ 'ਚ ਯੰਤਰ ਸ਼ਿਪਯਾਰਡ 'ਤੇ ਕੀਤਾ ਗਿਆ ਹੈ। ਆਈਐੱਨਐੱਸ ਤਮਾਲ, ਤੁਸ਼ਿਲ ਕਲਾਸ ਦਾ ਦੂਜਾ ਬੇੜਾ ਹੈ ਅਤੇ ਇਹ ਪਹਿਲੇ ਬੇੜਿਆਂ ਤਲਵਾਰ ਤੇ ਤੇਗ ਵਰਗਾਂ ਦਾ ਆਧੁਨਿਕ ਰੂਪ ਹੈ। ਇਸ ਬੇੜੇ ਨੂੰ ਭਾਰਤੀ ਜਲ ਸੈਨਾ 'ਚ ਸ਼ਾਮਲ ਕਰਨ ਮੌਕੇ ਸਮਾਗਮ ਦੀ ਅਗਵਾਈ ਪੱਛਮੀ ਜਲ ਸੈਨਾ ਕਮਾਨ ਦੇ ਫਲੈਗ ਆਫਿਸਰ ਕਮਾਂਡਿੰਗ-ਇਨ-ਚੀਫ ਵਾਈਸ ਐਡਮਿਰਲ ਸੰਜੇ ਜੇ. ਸਿੰਘ ਕਰਨਗੇ। ਸਮਾਗਮ 'ਚ ਭਾਰਤ ਤੇ ਰੂਸ ਦੇ ਕਈ ਉੱਚ ਰੱਖਿਆ ਅਧਿਕਾਰੀ ਵੀ ਸ਼ਾਮਲ ਹੋਣਗੇ।

# ਸੂਦ ਸਭਾ ਪਟਿਆਲਾ ਨੇ ਸੂਦ ਭਵਨ ਵਿਖੇ ਬੂਟੇ ਲਗਾਉਣ ਦੀ ਮੁਹਿੰਮ ਦਾ ਕੀਤਾ ਆਗਾਜ਼

ਅਮਲੋਹ, 23 ਜੂਨ (ਜਸਵੰਤ ਸਿੰਘ): ਵੱਧ ਰਹੇ ਪ੍ਰਦੂਸ਼ਣ ਨੂੰ ਖਤਮ ਕਰਨ ਲਈ ਸੂਦ ਸਭਾ ਪਟਿਆਲਾ ਨੇ ਭਾਦਸੋਂ ਰੋਡ ਸਥਿੱਤ ਸੂਦ ਭਵਨ ਦੇ ਸਥਾਨ ਉਪਰ ਬੂਟੇ ਲਗਾਉਣ ਦੀ ਮੁਹਿੰਮ ਦਾ ਅਗਾਜ਼ ਕੀਤਾ। ਇਸ ਮੌਕੇ ਪ੍ਰਧਾਨ ਸੰਜੀਵ ਮਹਿੰਦਰਾ, ਡਾ. ਹਰੀਸ਼ ਸੂਦ, ਰਾਜ ਸੂਦ, ਜਨਰਲ ਸਕੱਤਰ, ਨੀਰਜ ਮਹਿੰਦਰਾ, ਸੰਦੀਪ ਕੁਮਾਰ, ਆਤਮ ਵਿਵੇਕ ਬੇਰੀ, ਰਾਜ ਕੁਮਾਰ, ਅਭੀ ਮਹਿੰਦਰਾ ਅਤੇ ਰੋਨਿਤ ਸਮੇਤ ਹੋਰ ਅਹੁੱਦੇਦਾਰ ਅਤੇ ਮੈਂਬਰ ਹਾਜ਼ਰ ਸਨ। ਸਭਾ ਦੇ ਪ੍ਰੈਸ ਸਕੱਤਰ ਭੂਸ਼ਨ ਸੂਦ ਨੇ ਦੱਸਿਆ ਕਿ ਸਭਾ ਵਲੋਂ ਹੋਰ ਥਾਵਾਂ 'ਤੇ ਵੀ ਵਾਤਾਵਰਨ ਨੂੰ ਸਾਫ਼ ਰੱਖਣ ਲਈ ਬੂਟੇ ਲਗਾਏ ਜਾਣਗੇ। ਇਸ ਮੌਕੇ ਸਭਾ ਦੇ ਅਹੁੱਦੇਦਾਰਾਂ ਨੇ ਲੋਕਾਂ ਨੂੰ ਵੱਧ ਤੋਂ ਵੱਧ ਬੂਟੇ ਲਗਾ ਕੇ ਉਨ੍ਹਾਂ ਦੀ ਸੰਭਾਲ ਦੀ ਅਪੀਲ ਕੀਤੀ।



# ਸਰਕਾਰੀ ਸਕੂਲ 'ਚ ਨਿਰੰਕਾਰੀ ਸਮਾਗਮ ਰੋਕਣ ਲਈ ਅਕਾਲੀ ਦਲ ਸੁਤੰਤਰ ਨੇ ਦਿੱਤਾ ਮੰਗ ਪੱਤਰ

ਅਮਲੋਹ, 23 ਜੂਨ (ਜਸਵੰਤ ਸਿੰਘ): ਅਕਾਲੀ ਦਲ ਸੁਤੰਤਰ ਅਤੇ ਹੋਰ ਜਥੇਬੰਦੀਆਂ ਵੱਲੋਂ ਅੱਜ ਐਸਡੀਐਮ ਅਮਲੋਹ ਦਫ਼ਤਰ ਵਿਚ ਸੁਪਰਡੈਂਟ ਅਮਰੀਕ ਸਿੰਘ ਨੂੰ ਇਕ ਮੰਗ ਪੱਤਰ ਦੇ ਕੇ ਮੰਗ ਕੀਤੀ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਨਾਂ 'ਤੇ ਮੰਡੀ ਗੋਬਿੰਦਗੜ੍ਹ ਵਿਚ ਸਥਿੱਤ ਸਰਕਾਰੀ ਸਕੂਲ ਵਿਚ 26 ਜੂਨ ਨੂੰ ਨਿਰੰਕਾਰੀ ਮਿਸ਼ਨ ਵਲੋਂ ਕਰਵਾਏ ਜਾ ਰਹੇ ਸਮਾਗਮ 'ਤੇ ਤੁਰੰਤ ਪਾਬੰਦੀ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਇਹ ਸਕੂਲ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦੇ ਨਾਂ 'ਤੇ ਹੈ ਜਦੋਂ ਕਿ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਪੰਥ 'ਚੋਂ ਛੇਕੇ ਨਿਰੰਕਾਰੀ ਮਿਸ਼ਨ ਵਲੋਂ ਇਸ ਸਕੂਲ ਵਿਚ ਸਮਾਗਮ ਕੀਤਾ ਜਾ ਰਿਹਾ ਹੈ, ਜਿਸ ਕਾਰਣ ਸਿੱਖਾਂ ਦਾ ਨਿਰੰਕਾਰੀਆਂ ਨਾਲ ਟਕਰਾਅ ਹੋ ਸਕਦਾ ਹੈ। ਅਕਾਲੀ ਦਲ ਸੁਤੰਤਰ ਦੇ ਪ੍ਰਧਾਨ ਪਰਮਜੀਤ ਸਿੰਘ ਸਹੌਲੀ ਨੇ ਕਿਹਾ ਕਿ ਸ੍ਰੀ ਅਕਾਲ ਤਖਤ



ਸਾਹਿਬ ਵਲੋਂ 1978 ਦੇ ਕਾਂਡ ਤੋਂ ਬਾਅਦ ਨਿਰੰਕਾਰੀਆਂ ਨੂੰ ਪੰਥ 'ਚੋਂ ਛੇਕ ਕੇ ਇਨ੍ਹਾਂ ਨਾਲ ਰੋਟੀ ਬੇਟੀ ਦਾ ਰਿਸ਼ਤਾ ਖਤਮ ਕੀਤਾ ਸੀ। ਉਨ੍ਹਾਂ ਕਿਹਾ ਕਿ ਮਿਸ਼ਨ ਦਾ ਸ਼ਹਿਰ ਵਿਚ ਆਪਣਾ ਭਵਨ ਹੈ, ਜਿਥੇ ਪਹਿਲਾਂ ਵੀ ਪ੍ਰੋਗਰਾਮ ਚਲਦੇ ਹਨ, ਇਨ੍ਹਾਂ ਨੂੰ ਉਸ ਜਗ੍ਹਾ ਸਮਾਗਮ ਕਰਨ ਲਈ ਜੇਕਰ ਮਨਜ਼ੂਰੀ ਦਿੱਤੀ ਜਾਂਦੀ ਹੈ ਤਾਂ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਪ੍ਰੰਤੂ ਗੁਰੂ ਸਾਹਿਬ ਦੇ ਨਾਂ 'ਤੇ ਬਣੇ ਸਕੂਲ ਵਿਚ ਉਹ ਕਿਸੇ ਵੀ ਕੀਮਤ 'ਤੇ ਇਸ ਨੂੰ ਕਰਵਾਉਣ ਨਹੀਂ ਦੇਣਗੇ ਅਤੇ ਕਾਲੇ ਝੰਡੇ ਲੈ ਕੇ ਵਿਰੋਧ ਕਰਨਗੇ, ਜਿਸ ਦੀ ਜ਼ੁੰਮੇਵਾਰੀ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਰਿਟ. ਡਾਇਰੈਕਟਰ ਰੌਸ਼ਨ ਸੂਦ, ਕਾਕਾ ਸਿੰਘ, ਹਰਦੀਪ ਸਿੰਘ, ਹਿੰਮਤ ਸਿੰਘ, ਜਸਕਰਨ ਸਿੰਘ, ਬੂਟਾ ਸਿੰਘ, ਸੁਰਜੀਤ ਸਿੰਘ, ਜਸਬੀਰ ਸਿੰਘ, ਮਹਿੰਦਰ ਸਿੰਘ ਢੀਂਡਸਾ ਅੰਬੇਮਾਜਰਾ, ਦਿਆ ਸਿੰਘ ਬੈਣਾ, ਸਾਬਕਾ ਸਰਪੰਚ ਹਰਤੇਜਪਾਲ ਸਿੰਘ ਅੰਬੇਮਾਜਰਾ ਅਤੇ ਸਾਬਕਾ ਪੰਚ ਸੁਖਵੀਰ ਸਿੰਘ ਆਦਿ ਮੌਜੂਦ ਸਨ।

# ਮੰਡੀ ਗੋਬਿੰਦਗੜ੍ਹ ਦੀ 'ਏ' ਕਲਾਸ ਕੌਂਸਲ ਹੋਣ ਦੇ ਬਾਵਜੂਦ ਵਿਕਾਸ ਨਗਰ ਦੇ ਨਿਵਾਸੀ ਭੋਗ ਰਹੇ ਨੇ ਸੰਤਾਪ

ਮੰਡੀ ਗੋਬਿੰਦਗੜ੍ਹ, 23 ਜੂਨ (ਸੂਦ): ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਪੰਜਾਬ ਦੀ 'ਏ' ਕਲਾਸ ਕੌਂਸਲ ਹੈ, ਜਿਸ ਨੂੰ ਸਫ਼ਾਈ ਪੱਖੋਂ ਸਰਕਾਰ ਵਲੋਂ ਇਨਾਮ ਵੀ ਮਿਲ ਚੁਕਿਆ ਹੈ ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਕਈ ਸਾਲਾਂ ਤੋਂ ਸ਼ਹਿਰ ਦੇ ਪ੍ਰਮੁੱਖ ਵਿਕਾਸ ਨਗਰ ਦੇ ਲੋਕ ਸਫ਼ਾਈ ਅਤੇ ਗੰਦੇ ਪਾਣੀ ਦੀ ਸਮੱਸਿਆ ਤੋਂ ਜੂਝ ਰਹੇ ਹਨ ਅਤੇ ਕੌਂਸਲ ਅਧਿਕਾਰੀਆਂ ਦੇ ਵਾਰ-ਵਾਰ ਧਿਆਨ ਵਿਚ ਲਿਆਉਣ ਦੇ ਬਾਵਜੂਦ ਇਹ ਮੱਸਲਾ ਹੱਲ ਨਹੀਂ ਕੀਤਾ ਜਾ ਰਿਹਾ। ਮੁਹੱਲਾ ਨਿਵਾਸੀਆਂ ਨੇ ਕਿਹਾ ਕਿ ਇਕ ਪਾਸੇ ਸਰਕਾਰ ਅਤੇ ਪ੍ਰਸ਼ਾਸਨ ਸਵੱਛ ਭਾਰਤ ਮੁਹਿੰਮ ਦੀਆਂ ਗੱਲਾਂ ਕਰ ਰਹੇ ਹਨ ਜਦੋਂ ਕਿ ਦੂਸਰੇ ਪਾਸੇ ਇਸ ਖੇਤਰ ਦੇ ਲੋਕ ਕੌਂਸਲ ਦੀ ਬੇਰੁਖੀ ਦਾ ਸ਼ਿਕਾਰ ਹਨ। ਇਥੇ ਇਹ ਵੀ ਵਰਣਨਯੋਗ ਹੈ ਕਿ ਸ਼ਹਿਰ ਦੇ 25 ਵਾਰਡਾਂ ਵਿਚੋਂ ਕੌਂਸਲ ਚੋਣਾਂ ਵਿਚ ਸਿਰਫ਼ ਇਸ ਵਾਰਡ ਦਾ 'ਆਪ' ਦਾ ਉਮੀਦਵਾਰ ਪਾਰਟੀ ਨਿਸ਼ਾਨ 'ਤੇ ਜਿਤਿਆ ਸੀ।



ਵਾਰਡ ਦੇ ਸਾਬਕਾ ਕੌਂਸਲਰ ਰਾਹੁਲ ਸੌਫ਼ਤ ਅਤੇ ਮੌਜੂਦਾ ਕੌਂਸਲਰ ਉਨ੍ਹਾਂ ਦੀ ਪਤਨੀ ਦਿਲਰਾਜ਼ ਸੌਫ਼ਤ ਨਾਲ ਜਦੋਂ ਸੰਪਰਕ ਕੀਤਾ ਤਾਂ ਉਨ੍ਹਾਂ ਮੰਨਿਆ ਕਿ ਵਾਰਡ ਦੀ ਬਹੁਤ ਤਰਸਯੋਗ ਹਾਲਤ ਹੈ। ਉਨ੍ਹਾਂ ਹੈਰਾਨੀ ਪ੍ਰਗਟ ਕੀਤੀ ਕਿ ਕੌਂਸਲ ਦੇ ਜੇਈ ਤੇ ਅਧਿਕਾਰੀਆਂ ਦੇ ਉਹ ਵੀ ਵਾਰ-ਵਾਰ ਧਿਆਨ ਵਿਚ ਮਾਮਲਾ ਲਿਆ ਚੁਕੇ ਹਨ ਲੇਕਿਨ ਪਰਨਾਲਾ ਉਥੇ ਦਾ ਉਥੇ ਹੈ। ਉਨ੍ਹਾਂ ਕਿਹਾ ਕਿ ਕੌਂਸਲ ਦੀ ਅਫ਼ਸਰਸ਼ਾਹੀ ਲੋਕਤੰਤਰ 'ਤੇ ਭਾਰੂ ਹੈ ਅਤੇ ਆਪਣੀ ਮਨਮਰਜ਼ੀ ਨਾਲ ਕੰਮ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕਈ ਸਾਲਾਂ ਤੋਂ ਗਊਸ਼ਾਲਾ ਨਸਰਾਲੀ ਦੇ ਮੇਨ ਹੋਲਾਂ ਦੀ ਸਫ਼ਾਈ ਨਾ ਹੋਣ ਕਾਰਣ ਨਸਰਾਲੀ ਅਤੇ ਵਿਕਾਸ ਨਗਰ ਵਿਚ ਗੰਦੇ ਪਾਣੀ ਦੀ ਸਮੱਸਿਆ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਅਜੇ ਬਰਸਾਤਾਂ ਸ਼ੁਰੂ ਨਹੀਂ ਹੋਈਆਂ ਜਦੋਂ ਕਿ ਡਿਸਪੋਜਲ ਵਾਲੇ ਗੱਟਰਾਂ ਦੀ ਸਫ਼ਾਈ ਨਾ ਹੋਣ ਕਾਰਣ ਇਹ ਪਹਿਲਾਂ ਹੀ ਭਰੇ ਹੋਏ ਹਨ, ਬਰਸਾਤ ਹੋਣ ਨਾਲ ਇਸ ਖੇਤਰ ਦੇ ਲੋਕ ਹੋਰ ਵੀ ਸਮੱਸਿਆਵਾਂ ਦਾ ਸ਼ਿਕਾਰ ਹੋ ਜਾਣਗੇ ਤੇ ਬਿਮਾਰੀ ਫ਼ੈਲਣ ਦਾ ਵੀ ਖਤਰਾ ਬਣਿਆ ਹੋਇਆ ਹੈ। ਲੋਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਨਾਲ ਸਰਕਾਰ ਦਾ ਲੋਕਾਂ ਵਿਚ ਵਿਸ਼ਵਾਸ ਖਤਮ ਹੋ ਰਿਹਾ ਹੈ। ਜਦੋਂ ਕੌਂਸਲ ਦੇ ਜੇਈ ਗੁਰਵਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁਕਿਆ। ਕੌਂਸਲ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ ਨੇ ਕਿਹਾ ਕਿ ਸ਼ਹਿਰ ਵੱਧਣ ਅਤੇ ਸੀਵਰੇਜ ਬੋਰਡ ਦਾ ਸੀਐਸਟੀਪੀ ਖਰਾਬ ਹੋਣ ਕਾਰਣ ਇਹ ਸਮੱਸਿਆ ਆਈ ਹੈ, ਕੌਂਸਲ ਨੇ ਸੀਵਰੇਜ ਬੋਰਡ ਪਾਸ ਪੈਸੇ ਜਮਾਂ ਕਰਵਾ ਦਿੱਤੇ ਹਨ ਤੇ ਹਫ਼ਤੇ ਵਿਚ ਇਸ ਦਾ ਹੱਲ ਹੋ ਜਾਵੇਗਾ।

# ਸੰਜੀਵ ਅਰੋੜਾ ਦੀ ਜਿੱਤ 'ਤੇ ਪੂਜਾ ਲੂਥਰਾ ਸਚਦੇਵਾ ਨੇ ਵੰਡੇ ਲੱਡੂ

ਫਾਜ਼ਿਲਕਾ, 23 ਜੂਨ (ਬਖ਼ਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੇ ਸ਼ਾਨਦਾਰ ਜਿੱਤ ਹਾਸਲ ਕਰਕੇ ਸਿਆਸੀ ਮੈਦਾਨ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕੀਤਾ ਹੈ। ਇਸ ਜਿੱਤ ਦੀ ਖੁਸ਼ੀ ਵਿੱਚ ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਅਤੇ ਕੌਂਸਲਰ ਪੂਜਾ ਲੂਥਰਾ ਸਚਦੇਵਾ ਨੇ ਸਲੇਮਸ਼ਾਹ ਰੋਡ ਸਥਿਤ ਆਪਣੇ ਦਫ਼ਤਰ ਵਿਖੇ ਲੱਡੂ ਵੰਡ ਕੇ ਜਸ਼ਨ ਮਨਾਇਆ। ਇਸ ਮੌਕੇ 'ਤੇ ਪਾਰਟੀ ਵਰਕਰਾਂ ਅਤੇ ਸਮਰਥਕਾਂ ਦੀ ਵੱਡੀ ਗਿਣਤੀ ਮੌਜੂਦ ਸੀ, ਜਿਨ੍ਹਾਂ ਨੇ ਸੰਜੀਵ ਅਰੋੜਾ ਦੀ ਜਿੱਤ ਨੂੰ ਲੁਧਿਆਣਾ ਦੇ ਵਿਕਾਸ ਅਤੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ 'ਤੇ ਜਨਤਾ ਦੇ ਵਿਸ਼ਵਾਸ ਦੀ ਜਿੱਤ ਦੱਸਿਆ। ਪੂਜਾ ਲੂਥਰਾ ਸਚਦੇਵਾ ਨੇ



ਇਸ ਮੌਕੇ 'ਤੇ ਆਪਣੇ ਸੰਬੋਧਨ ਵਿੱਚ ਕਿਹਾ, "ਸੰਜੀਵ ਅਰੋੜਾ ਦੀ ਜਿੱਤ ਲੁਧਿਆਣਾ ਦੇ ਲੋਕਾਂ ਦੀ ਜਿੱਤ ਹੈ। ਇਹ ਜਿੱਤ ਆਮ ਆਦਮੀ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਦੇ ਸਾਢੇ ਤਿੰਨ ਸਾਲਾਂ ਦੇ ਕੰਮਕਾਜ ਦਾ ਸਿੱਟਾ ਹੈ। ਸੰਜੀਵ ਅਰੋੜਾ ਨੇ ਰਾਜ ਸਭਾ ਮੈਂਬਰ ਵਜੋਂ ਅਤੇ ਇੱਕ ਸਮਾਜ ਸੇਵੀ ਵਜੋਂ ਲੁਧਿਆਣਾ ਦੇ ਵਿਕਾਸ ਲਈ ਪਹਿਲਾਂ ਹੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਉਨ੍ਹਾਂ ਦੀ ਇਹ ਜਿੱਤ ਇਸ ਗੱਲ ਦਾ ਸਬੂਤ ਹੈ ਕਿ ਲੋਕ ਇਮਾਨਦਾਰ ਅਤੇ ਮਿਹਨਤੀ ਨੇਤਾਵਾਂ ਨੂੰ ਪਸੰਦ ਕਰਦੇ ਹਨ ਉਨ੍ਹਾਂ ਅੱਗੇ ਕਿਹਾ, "ਇਹ ਜਿੱਤ ਲੁਧਿਆਣਾ ਦੇ ਹਰ ਵਰਗ, ਖਾਸਕਰ ਮਹਿਲਾਵਾਂ, ਨੌਜਵਾਨਾਂ ਅਤੇ ਵਪਾਰੀਆਂ ਦੀ ਆਵਾਜ਼ ਨੂੰ ਹੋਰ ਮਜ਼ਬੂਤ ਕਰੇਗੀ। ਸੰਜੀਵ ਅਰੋੜਾ ਦੀ ਅਗਵਾਈ ਵਿੱਚ ਲੁਧਿਆਣਾ ਪੱਛਮੀ ਹਲਕੇ ਵਿੱਚ ਵਿਕਾਸ ਦੇ ਨਵੇਂ ਪ੍ਰੋਜੈਕਟ ਸ਼ੁਰੂ ਹੋਣਗੇ ਅਤੇ ਇਹ ਖੇਤਰ ਪੰਜਾਬ ਦੇ ਸਭ ਤੋਂ ਵਿਕਸਤ ਖੇਤਰਾਂ ਵਿੱਚੋਂ ਇੱਕ ਬਣੇਗਾ।

# ਵੈਟਰਨਰੀ ਇੰਸਪੈਕਟਰ 25 ਨੂੰ ਦੇਣਗੇ ਜ਼ਿਲ੍ਹਾ ਪੱਧਰੀ ਧਰਨਾ

ਮੁਕੇਰੀਆਂ, 23 ਜੂਨ (ਧਰਮ ਚੰਦ): ਪਸ਼ੂ ਪਾਲਣ ਵਿਭਾਗ ਵਿੱਚ ਕੰਮ ਕਰਦੇ ਵੈਟਰਨਰੀ ਇੰਸਪੈਕਟਰ ਕਾਫੀ ਲੰਬੇ ਸਮੇਂ ਤੋਂ ਆਪਣੀਆਂ ਮੰਗਾਂ ਨੂੰ ਲੈ ਕੇ ਜਦੋ-ਜਹਿਦ ਕਰ ਰਹੇ ਹਨ, ਇਹਨਾਂ ਦੀਆਂ ਮੰਗਾਂ ਵਿੱਚ ਸਭ ਤੋਂ ਵੱਡਾ ਅੜਿੱਕਾ ਵਿਭਾਗ ਦੀ ਅਫਸਰ ਸ਼ਾਹੀ ਬਣੀ ਹੋਈ ਹੈ, ਜਦ ਕਿ ਵਿਭਾਗ ਦਾ 90% ਕੰਮ ਵੈਟਰਨਰੀ ਇੰਸਪੈਕਟਰ ਕੇਡਰ ਵੱਲੋਂ ਕੀਤਾ ਜਾਂਦਾ ਹੈ, ਭਾਵੇਂ ਡੀਵਾਰਮਿੰਗ ਕੰਪੇਨ ਹੋਵੇ, ਵੈਕਸੀਨੇਸ਼ਨ, ਐਸਕਡ ਸਕੀਮ, ਨੈਸ਼ਨਲ ਡਿਜੀਜ ਕੰਟਰੋਲ ਪ੍ਰੋਗਰਾਮ, ਬਨਾਵਟੀ ਗਰਭਦਾਨ, ਨਸਲ ਸੁਧਾਰ, ਆਦਿ ਸਾਰੀਆਂ ਸਕੀਮਾਂ ਨੂੰ ਗਰਾਊਂਡ ਲੈਵਲ 'ਤੇ ਲਾਗੂ ਕਰਨ ਵਿੱਚ ਇਸ ਕੇਡਰ ਦੁਆਰਾ ਬਹੁਤ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ, ਪਰ ਜਦੋਂ ਮੰਗਾਂ ਦੀ ਗੱਲ ਆਉਂਦੀ ਹੈ ਤੇ ਵਿਭਾਗ ਦੀ ਅਫਸਰਸ਼ਾਹੀ ਵੈਟਰਨਰੀ ਇੰਸਪੈਕਟਰਾਂ ਦੀ ਅਹਿਮੀਅਤ ਨੂੰ ਇੱਕ ਪਾਸੇ ਕਰਕੇ ਸਭ ਕੁਝ ਆਪਣੀ ਝੋਲੀ ਵਿੱਚ ਪਾਉਣ ਦਾ ਯਤਨ ਕਰਦੀ ਹੈ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਆਗੂਆਂ ਨੇ ਇਹਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕੀ ਆਖਰਕਾਰ ਤੰਗ ਆ ਕੇ ਵੈਟਰਨਰੀ ਇੰਸਪੈਕਟਰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਮਿਤੀ 20-5-2025 ਨੂੰ ਡਿਪਟੀ ਡਾਇਰੈਕਟਰ ਜ਼ਿਲ੍ਹਾ ਪੱਧਰ ਦੇ ਦਫਤਰਾਂ ਸਾਹਮਣੇ ਧਰਨੇ ਦਾ ਐਲਾਨ ਕੀਤਾ ਸੀ, ਪਰ ਵਿਭਾਗ ਦੇ ਮਾਨਯੋਗ ਵਜ਼ੀਰ ਸਾਹਿਬ ਸਰਦਾਰ ਗੁਰਮੀਤ ਸਿੰਘ ਖੁਡੀਆਂ ਨੇ 19-5-2025 ਨੂੰ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੂੰ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਉਹਨਾਂ ਦੀਆਂ ਮੰਗਾਂ ਸਬੰਧੀ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਪੈਨਲ ਮੀਟਿੰਗ ਕਰਵਾਉਣਗੇ, ਪਰ ਇਕ ਮਹੀਨਾ ਬੀਤ ਜਾਣ ਦੇ ਬਾਵਜੂਦ ਵੀ ਇੰਸਪੈਕਟਰਾਂ ਦੇ ਕੁਝ ਪੱਲੇ ਨਾ ਪਿਆ, ਸਗੋਂ ਵਿਭਾਗ ਦੀ ਅਫਸਰਸ਼ਾਹੀ ਵੱਲੋਂ ਵੈਟਰਨਰੀ ਇੰਸਪੈਕਟਰਾਂ ਨਾਲ ਪਹਿਲੇ ਨਾਲੋਂ ਵੀ ਵੱਧ ਧੱਕੇਸ਼ਾਹੀ ਸ਼ੁਰੂ ਕਰ ਦਿੱਤੀ ਗਈ ਹੈ, ਹਾਲ ਹੀ ਵਿੱਚ ਸ਼ੀਪ ਫਾਰਮ ਮੱਤੇਵਾੜੇ ਵਿੱਚ ਕੰਮ ਕਰਦੇ ਇੱਕ ਵੈਟਰਨਰੀ ਇੰਸਪੈਕਟਰ ਸ਼੍ਰੀ ਅਰੁਣ ਕੁਮਾਰ ਜੀ ਨੂੰ ਮੈਡੀਕਲ ਛੁੱਟੀ ਦੌਰਾਨ ਨੌਕਰੀ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ, ਇਸ ਨਾਲ ਕੇਡਰ ਵਿੱਚ ਉੱਚ ਅਧਿਕਾਰੀਆਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਵਿਰੁੱਧ ਭਾਰੀ ਰੋਸ ਪਾਇਆ ਜਾ ਰਿਹਾ, ਇਸ ਲਈ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਵਿਭਾਗ ਦੀ ਅਫਸਰਸ਼ਾਹੀ ਵਿਰੁੱਧ 25 ਜੂਨ ਨੂੰ ਜ਼ਿਲ੍ਹਾ ਪੱਧਰੀ ਧਰਨਿਆਂ ਦਾ ਐਲਾਨ ਕੀਤਾ ਹੈ, ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਹੋਇਆਂ ਸੂਬਾ ਪ੍ਰਧਾਨ ਗੁਰਦੀਪ ਸਿੰਘ ਬਾਸੀ ਅਤੇ ਗੁਰਜੀਤ ਸਿੰਘ ਸੂਬਾ ਪ੍ਰੈਸ ਸਕੱਤਰ ਨੇ ਦੱਸਿਆ ਕਿ ਉਹ 25 ਤਰੀਕ ਨੂੰ 2.30 ਵਜੇ ਤੋਂ ਲੈ ਕੇ 5 ਵਜੇ ਤੱਕ ਹਰ ਜ਼ਿਲ੍ਹੇ ਤੇ ਡਿਪਟੀ ਡਾਇਰੈਕਟਰ ਦਫਤਰਾਂ ਸਾਹਮਣੇ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਨਗੇ ਅਤੇ ਡਾਇਰੈਕਟਰ ਪਸ਼ੂ ਪਾਲਣ ਦਾ ਪੁਤਲਾ ਵੀ ਫੂਕਣਗੇ।

# ਸ਼ਹੀਦ ਸੁਖਪਾਲ ਸਿੰਘ ਸੰਘੇੜਾ ਦੀ 25ਵੀਂ ਬਰਸੀ ਮੌਕੇ ਭਲਕੇ ਪਾਏ ਜਾਣਗੇ ਸਹਿਜ ਪਾਠ ਦੇ ਭੋਗ

ਜ਼ੀਰਾ, 23 ਜੂਨ (ਦੀਪਕ ਭਾਰਗੋ): ਹਰ ਇਕ ਸ਼ਹੀਦ ਨੂੰ ਯਾਦ ਰੱਖਣ ਤੇ ਮਾਨ ਸਨਮਾਨ ਦੇਣ ਲਈ ਇਲਾਕੇ ਤੇ ਪਿੰਡ ਵਾਸੀਆਂ ਵੱਲੋਂ ਪ੍ਰਮਾਤਮਾ ਦਾ ਓਟ ਆਸਰਾ ਲਿਆ ਜਾਂਦਾ ਹੈ ਤੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਂਦੇ ਹਨ। ਜਿਨ੍ਹਾਂ ਵਲੋਂ ਦੇਸ਼ ਦੀ ਖਾਤਰ ਆਪਣੀ ਜਾਨ ਦੀ ਕੁਰਬਾਨੀ ਦਿੱਤੀ ਜਾਂਦੀ ਹੈ। ਇਸੇ ਤਰ੍ਹਾਂ ਜ਼ੀਰਾ ਦੇ ਪਿੰਡ ਸੋਢੀ ਵਾਲਾ ਦੇ ਸ਼ਹੀਦ ਸੁਖਪਾਲ ਸਿੰਘ ਸੰਘੇੜਾ ਜੋਕਿ ਜੰਮੂ ਕਸ਼ਮੀਰ ਵਿਚ ਦੁਸ਼ਮਣਾਂ ਨਾਲ ਜੰਗ ਲੜਦੇ ਹੋਏ ਸ਼ਹੀਦ ਹੋ ਗਏ ਸਨ, ਜਿਨ੍ਹਾਂ ਨੂੰ ਸ਼ਰਧਾਂਜਲੀ ਦੇਣ ਲਈ ਹਰ ਸਾਲ ਦੀ ਤਰ੍ਹਾਂ ਇਸ 25ਵੀਂ ਬਰਸੀ ਮੌਕੇ ਸ੍ਰੀ ਸਹਿਜ ਪਾਠ ਦੇ ਭੋਗ ਗੁਰਦੁਆਰਾ ਸਿੰਘ ਸਭਾ ਸੋਢੀਵਾਲਾ ਵਿੱਚ ਪਾਏ ਜਾਣਗੇ, ਇਸ ਸਭ ਦੀ ਜਾਣਕਾਰੀ ਐਸ ਡੀ ਐਮ ਦਫਤਰ ਤੇ ਸੁਪਰਡੈਂਟ ਜੁਗਰਾਜ ਸਿੰਘ ਸੰਘੇੜਾ ਤੇ ਸ਼ਹੀਦ ਸੁਖਪਾਲ ਸਿੰਘ ਸੰਘੇੜਾ ਦੇ ਭਰਾ ਵੱਲੋਂ ਦਿੱਤੀ ਗਈ। ਉਹਨਾਂ ਕਿਹਾ ਕਿ ਇਸ ਮੌਕੇ ਵਿਧਾਇਕ ਨਰੇਸ਼ ਕਟਾਰੀਆ ਦੇ ਨਾਲ ਐਸ ਡੀ ਐਮ ਜ਼ੀਰਾ ਵਿਸ਼ੇਸ਼ ਤੌਰ 'ਤੇ ਪਹੁੰਚਣਗੇ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।



# ਰਾਸ਼ਟਰੀ ਸੋਇਮ ਸੇਵਕ ਸੰਘ ਦਾ 15 ਰੋਜ਼ਾ 'ਸੰਘ ਸਿੱਖਿਆ ਵਰਗ' ਦੇਸ਼ ਭਗਤ ਗਲੋਬਲ ਸਕੂਲ 'ਚ ਸਮਾਪਤ



ਮੰਡੀ ਗੋਬਿੰਦਗੜ੍ਹ, 23 ਜੂਨ (ਅੰਮ੍ਰਿਤਪਾਲ ਸਿੰਘ/ਸੂਦ): ਰਾਸ਼ਟਰੀ ਸੋਇਮ ਸੇਵਕ ਸੰਘ ਦੇ ਦੇਸ਼ ਭਗਤ ਗਲੋਬਲ ਸਕੂਲ ਮੰਡੀ ਗੋਬਿੰਦਗੜ੍ਹ ਵਿਖੇ ਚਲ ਰਹੇ 'ਸੰਘ ਸਿੱਖਿਆ ਵਰਗ' ਦੇ ਸਮਾਪਨ ਸਮਾਰੋਹ 'ਚ ਬੋਲਦਿਆਂ ਸੰਘ ਦੇ ਉੱਤਰ ਖੇਤਰ ਪ੍ਰਚਾਰਕ ਜਤਿਨ ਕੁਮਾਰ ਨੇ ਕਿਹਾ ਕਿ ਇਸ ਜ਼ਿਲ੍ਹੇ ਦੀ ਇਤਿਹਾਸਕ ਮਹੱਤਤਾ 'ਤੇ ਚਾਨਣਾ ਪਾਉਂਦੇ ਹੋਏ ਪ੍ਰੋਗਰਾਮ ਵਿਚ ਭਾਗ ਲੈਣ ਵਾਲੇ ਨੌਜਵਾਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸੰਘ ਸਿੱਖਿਆ ਵਰਗਾਂ ਵਿਚ ਸਵਯੰਸੇਵਕ ਕਰਤਾਰ ਸਿੰਘ ਸਰਾਭਾ ਦੇ ਕਥਨ ਅਨੁਸਾਰ 'ਸੇਵਾ ਦੇਸ਼ ਦੀ ਜ਼ਿੰਦੜੀਏ ਬੜੀ ਔਖੀ' ਤੇ ਚਲਦੇ ਹੋਏ ਕਠਿਨ ਤਪੱਸਿਆ ਰਾਹੀਂ ਤਿੱਖੀ ਗਰਮੀ ਵਿਚ ਸਮੂਹਿਕ ਜੀਵਨ ਦਾ ਅਭਿਆਸ ਸਖ਼ਤ ਮਿਹਨਤ ਕਰਕੇ ਨਿਰਸਵਾਰਥ ਸਮਾਜ ਸੇਵਾ ਦੀ ਟਰੇਨਿੰਗ ਪ੍ਰਾਪਤ ਕਰਦੇ ਹਨ। ਉਨ੍ਹਾਂ ਕਿਹਾ ਕਿ ਸੰਘ ਸਮਾਜ ਵਿਚ 'ਪੰਜ ਪਰਿਵਰਤਨ' ਰਾਹੀਂ ਬਦਲਾਅ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰਿਵਾਰ ਪ੍ਰਬੋਧਨ ਗਤੀਵਿਧੀ ਰਾਹੀਂ ਪਰਿਵਾਰਾਂ ਵਿਚ ਆਪਸੀ ਸਮਝ ਬੂਝ, ਪਿਆਰ, ਵਿਸ਼ਵਾਸ ਵਧਾਉਣ ਅਤੇ ਧਾਰਮਿਕ ਸੰਸਕਾਰਾਂ ਨੂੰ ਮਜ਼ਬੂਤੀ ਦੇਣ ਦਾ ਕੰਮ ਕਰਦਾ ਹੈ। ਨਾਗਰਿਕ ਕਰਤੱਵ 'ਤੇ ਜ਼ੋਰ ਦੇ ਕੇ ਸਮਾਜ ਨੂੰ ਨਿਯਮ ਪਾਲਣ ਨੂੰ ਜੀਵਨ ਜਾਚ ਦਾ ਹਿੱਸਾ ਬਣਾਉਣ ਦਾ ਸੱਦਾ ਦਿੱਤਾ। ਉਨ੍ਹਾਂ ਜਾਤ-ਪਾਤ ਛੂਆਛੂਤ ਦੀ ਬਿਮਾਰੀ ਨੂੰ ਖਤਮ ਕਰਨ ਦਾ ਸੱਦਾ ਦਿੰਦਿਆਂ ਸਵਦੇਸ਼ੀ ਅੰਦੋਲਨ ਰਾਹੀਂ ਨਾ ਕੇਵਲ ਲੋਕਲ ਭਾਰਤੀ ਇੰਡਸਟਰੀ ਨੂੰ ਬੜ੍ਹਾਵਾ ਦੇਣ ਦੀ ਅਪੀਲ ਕੀਤੀ ਸਗੋਂ ਘਰਾਂ ਦਫ਼ਤਰਾਂ 'ਚ ਨਿੱਤ ਵਰਤੋਂ ਦੀ ਮਾਤ ਭਾਸ਼ਾ ਉੱਤੇ ਜ਼ੋਰ ਦੇਣਾ, ਪੱਛਮੀ ਸੱਭਿਅਤਾ ਦੀ ਅੰਨ੍ਹੀ ਨਕਲ ਤੋਂ ਬਚਣ ਦੀ ਗੱਲ ਆਖੀ। ਉਨ੍ਹਾਂ ਸਾਫ਼ ਪਾਣੀ, ਹਵਾ, ਸੁਰੱਖਿਅਤ ਧਰਤੀ (ਅੰਗਰੇਜ਼ੀ ਖਾਦਾਂ ਦੀ ਵਰਤੋਂ ਤੋਂ ਬਚਣ, ਜੈਵਿਕ ਖੇਤੀ 'ਤੇ ਜ਼ੋਰ) ਗੁਰਬਾਣੀ ਵਿੱਚ 'ਪਵਨ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ ਦੀ ਯਾਦ' ਦਿਵਾਉਂਦੇ ਹੋਏ, ਪਾਣੀ ਬਿਜਲੀ ਦੀ ਬਚਤ ਅਤੇ ਪਾਲਸਟਿਕ ਵਰਤੋਂ ਨੂੰ ਖਤਮ ਕਰਨ ਦਾ ਸੱਦਾ ਦਿਤਾ। ਸਮਾਗਮ ਦੇ ਮੁੱਖ-ਮਹਿਮਾਨ ਸਾਬਕਾ ਐਡੀਸ਼ਨਲ ਚੀਫ਼ ਸਕੱਤਰ ਡਾ. ਨਿਰਮਲਜੀਤ ਸਿੰਘ ਕਲਸੀ ਨੇ ਪੰਜਾਬ ਵਿੱਚ ਨਸ਼ਿਆਂ ਦੇ ਕਾਰਣ ਘਰਾਂ ਦੀ ਬਰਬਾਦੀ ਨੂੰ ਰੋਕਣ ਅਤੇ ਧਰਮ ਪਰਿਵਰਤਨ ਦੇ ਛਲ ਕਪਟ ਦੀ ਕੋਝੀ ਵਿਦੇਸ਼ੀ ਸਾਜਿਸ਼ਾਂ ਰਾਹੀਂ ਸੂਬੇ ਵਿਚ ਧਾਰਮਿਕ ਪਾੜਾ ਪਾਉਣ ਦੀਆਂ ਚਾਲਾਂ ਤੋਂ ਸੁਚੇਤ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਰਾਸ਼ਟ੍ਰੀਯ ਸਵਯੰਸੇਵਕ ਸੰਘ ਵਲੋਂ 15 ਦਿਨ ਦੇ ਪ੍ਰੋਗਰਾਮ ਦੌਰਾਨ ਭਾਗ ਲੈਣ ਵਾਲੇ 128 ਨੌਜਵਾਨਾਂ ਦੀ ਸ਼ਲਾਘਾ ਕੀਤੀ, ਜਿਨ੍ਹਾਂ ਮੋਬਾਇਲ ਦੀ ਵਰਤੋਂ ਤੋਂ ਬਗੈਰ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਇਹ ਟ੍ਰੇਨਿੰਗ ਕੀਤੀ। ਉਨ੍ਹਾਂ ਕੈਡਿਟਾਂ ਨੂੰ ਆਪਣੇ ਖੇਤਰ ਵਿਚ ਜਾ ਕੇ ਇਸ 'ਤੇ ਜ਼ੋਰ ਦੇਣ ਦੀ ਵੀ ਅਪੀਲ ਕੀਤੀ। ਪ੍ਰਬੰਧਕਾਂ ਨੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਉਨ੍ਹਾਂ ਦੀ ਪਤਨੀ ਪ੍ਰੋ.ਚਾਂਸਲਰ ਡਾ. ਤਜਿੰਦਰ ਕੌਰ ਵਲੋਂ ਦਿੱਤੇ ਸਹਿਯੋਗ ਲਈ ਵੀ ਧੰਨਵਾਦ ਕੀਤਾ। ਸਮਾਗਮ ਦੇ ਵਿਸੇਸ਼ ਮਹਿਮਾਨ ਵਜੋਂ ਪਹੁੰਚੇ ਵਿਸੇਸ਼ ਮਹਿਮਾਨ ਡਾ. ਜ਼ੋਰਾ ਸਿੰਘ ਨੇ ਦੇਸ਼ ਦੀ ਏਕਤਾ ਅਤੇ ਅਖੰਡਤਾ ਲਈ ਨੌਜਵਾਨਾਂ ਨੂੰ ਅੱਗੇ ਆਉਣ ਦਾ ਸੱਦਾ ਦਿੱਤਾ। ਸਮਾਗਮ ਵਿਚ ਜ਼ਿਲ੍ਹਾ ਸੰਘਚਾਲਕ ਅਸ਼ੋਕ ਜਿੰਦਲ, ਸਰਵਾਧਿਕਾਰੀ ਪਰਮਜੀਤ ਸਿੰਘ ਗਿੱਲ, ਭਾਜਪਾ ਦੇ ਸੂਬਾਈ ਆਗੂ ਕੰਵਰਬੀਰ ਸਿੰਘ ਟੌਹੜਾ, ਪ੍ਰਦੀਪ ਗਰਗ, ਵਿਨੋਦ ਮਿੱਤਲ, ਰਾਜਪਾਲ ਗਰਗ, ਪ੍ਰਕਾਸ਼ ਚੰਦ ਗਰਗ, ਰਕੇਸ ਗਰਗ, ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ, ਸੰਤ ਬਾਬਾ ਮਨਮੋਹਨ ਸਿੰਘ ਬਾਰਨ ਵਾਲੇ, ਚਰਨਜੀਤ ਸਿੰਘ ਖਾਲਸਾ, ਸੰਤ ਬੀਬੀ ਜਸਬੀਰ ਕੌਰ ਸਲਪਾਣੀ, ਸਾਬਕਾ ਮੰਤਰੀ ਡਾ. ਹਰਬੰਸ ਲਾਲ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਦਰਸ਼ਨ ਸਿੰਘ ਚੀਮਾ, ਦੇਵੀ ਦਿਆਲ ਪ੍ਰਾਸ਼ਰ, ਜੋਗਿੰਦਰ ਸਿੰਘ ਨਰੈਣਗੜ੍ਹ, ਸੰਦੀਪ ਸਿੰਘ ਬੱਲ, ਵਨੀਤ ਬਿੱਟੂ ਤੇ ਬ੍ਰਿਜ ਭੂਸ਼ਨ ਗਰਗ ਆਦਿ ਸਮੇਤ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਅਤੇ ਸਰੋਤਿਆਂ ਨੇ ਸ਼ਿਰਕਤ ਕੀਤੀ।

# ਸੰਦੀਪ ਸੈਣੀ ਸੈਕਟਰੀ ਪੰਜਾਬ ਨੇ ਹਾਈ ਕਮਾਂਡ 'ਆਪ' ਨੂੰ ਵਧਾਈ ਦਿੱਤੀ



ਭੋਗਪੁਰ, 23 ਜੂਨ (ਅਮਰਜੀਤ ਸਿੰਘ ਸੈਣੀ): ਆਮ ਆਦਮੀ ਪਾਰਟੀ ਦੇ ਸੰਦੀਪ ਸੈਣੀ ਸੈਕਟਰੀ ਪੰਜਾਬ ਨੇ ਲੁਧਿਆਣਾ ਦੀਆਂ ਜ਼ਿਮਨੀ ਚੋਣਾਂ 'ਚ ਸੰਜੀਵ ਅਰੋੜਾ ਦੀ ਭਾਰੀ ਬਹੁਮਤ ਨਾਲ ਜਿੱਤ ਹੋਣ 'ਤੇ ਹਾਈ ਕਮਾਂਡ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਨੂੰ ਵਧਾਈ ਦਿੱਤੀ ਅਤੇ ਹਲਕੇ ਵਿੱਚ ਲੱਡੂ ਵੀ ਵੰਡੇ ਸੰਦੀਪ ਸੈਣੀ ਸੈਕਟਰੀ ਪੰਜਾਬ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਸੰਜੀਵ ਅਰੋੜਾ ਦੀ ਜਿੱਤ ਲਈ ਖੂਬ ਯੋਗਦਾਨ ਰਿਹਾ ਹੈ। ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਦਿਨ ਰਾਤ ਮਿਹਨਤ ਕਰਕੇ ਆਪਣਾ ਫਰਜ਼ ਨਿਭਾਇਆ ਹੈ। ਸੈਣੀ ਨੇ ਹਾਈ ਕਮਾਂਡ ਅਤੇ ਸੰਜੀਵ ਅਰੋੜਾ ਨੂੰ ਵਧਾਈ ਦਿੱਤੀ ਅਤੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਮੌਕੇ 'ਤੇ ਬੂਟਾ ਸਿੰਘ ਟੀਟੂ, ਮਦਨ ਸਿੰਘ, ਸਤਨਾਮ ਸਿੰਘ ਮਨਕੋਟੀਆ,ਦੇਵ ਮਨੀ,ਅਜੇ ਕੁਮਾਰ ਆਦਿ ਹਾਜ਼ਰ ਸਨ।

# ਅੱਜ ਬਿਜਲੀ ਬੰਦ ਰਹੇਗੀ

ਬਟਾਲਾ, 23 ਜੂਨ (ਬਲਵਿੰਦਰ ਸਿੰਘ ਪੰਜਗਰਾਈਂ): 66 ਕੇ ਵੀ ਸਬ ਸਟੇਸ਼ਨ ਪੰਜ ਗਰਾਈਆਂ ਦੀ ਬਿਜਲੀ ਦੀ ਸਪਲਾਈ ਅੱਜ ਬੰਦ ਰਹੇਗੀ। ਜਾਣਕਾਰੀ ਦਿੰਦੇ ਹੋਏ, ਪੰਜਗਰਾਈਆਂ ਦੇ ਉਪ ਮੰਡਲ ਅਫਸਰ ਸ੍ਰੀ ਸੁਤੰਤਰ ਕੁਮਾਰ ਨੇ ਫੋਨ ਰਾਹੀਂ ਦੱਸਿਆ ਕਿ ਬਿਜਲੀ ਘਰ ਦੇ ਅੰਦਰ ਜ਼ਰੂਰੀ ਮੈਨਟੀਨੈਂਸ ਕਰਨ ਲਈ, ਪੰਜ ਗਰਾਈਆਂ ਅਤੇ ਥਰੀਏਵਾਲ 11000 ਕੇਵੀ ਫੀਡਰ ਬੰਦ ਰਹਿਣਗੇ। ਇਹਨਾਂ ਫੀਡਰਾਂ ਤੋਂ ਚਲਦੇ ਸਾਰੇ ਪਿੰਡਾਂ ਦੀ (ਅਰਬਨ ਏਰੀਆਜ) ਘਰਾਂ ਵਾਲੀ ਬਿਜਲੀ ਦੀ ਸਪਲਾਈ ਸਵੇਰੇ 9 ਵਜੇ ਤੋਂ ਦੁਪਿਹਰ 1 ਵਜੇ ਤੱਕ ਬੰਦ ਰਹੇਗੀ। ਉਹਨਾਂ ਦੱਸਿਆ ਕਿ ਮੋਟਰਾਂ ਵਾਲੀ (ਏ ਪੀ) ਸਪਲਾਈ ਪਹਿਲਾਂ ਦੀ ਤਰ੍ਹਾਂ ਸ਼ਡਿਊਲ ਅਨੁਸਾਰ ਚਲਦੀ ਰਹੇਗੀ। ਇਹ ਅਗਾਊਂ ਸੂਚਨਾ ਇਸ ਲਈ ਦਿੱਤੀ ਜਾ ਰਹੀ ਹੈ, ਤਾਂ ਕਿ ਸਾਡੇ ਕਿਸੇ ਖਪਤਕਾਰ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਇੰਦਰਾ ਗਾਂਧੀ ਸਰਕਾਰ ਨੇ ਐਮਰਜੈਂਸੀ ਦੌਰਾਨ 48 ਆਰਡੀਨੈਂਸ ਜਾਰੀ ਕੀਤੇ

ਨਵੀਂ ਦਿੱਲੀ, 23 ਜੂਨ (ਚ.ਨ.ਸ.): ਇੰਦਰਾ ਗਾਂਧੀ ਸਰਕਾਰ ਨੇ ਐਮਰਜੈਂਸੀ ਦੌਰਾਨ 48 ਆਰਡੀਨੈਂਸ ਜਾਰੀ ਕੀਤੇ ਜਿਨ੍ਹਾਂ ਵਿੱਚ ਅੰਦਰੂਨੀ ਸੁਰੱਖਿਆ ਦਾ ਰੱਖ-ਰਖਾਅ ਐਕਟ (ਮੀਸਾ) 'ਚ ਸੋਧ ਲਈ ਪੰਜ ਆਰਡੀਨੈਂਸ ਸ਼ਾਮਲ ਸਨ। ਇਸ ਐਕਟ ਤਹਿਤ ਪ੍ਰਸ਼ਾਸਨ ਨੂੰ ਬਿਨਾਂ ਵਾਰੰਟ ਕਿਸੇ ਨੂੰ ਵੀ ਗ੍ਰਿਫ਼ਤਾਰ ਕਰਨ ਦਾ ਅਧਿਕਾਰ ਦਿੱਤਾ ਗਿਆ ਸੀ। 50 ਸਾਲ ਪਹਿਲਾਂ 25 ਜੂਨ, 1975 ਨੂੰ ਲਗਾਈ ਗਈ 21 ਮਹੀਨਿਆਂ ਦੀ ਐਮਰਜੈਂਸੀ 'ਚ ਸਰਕਾਰ ਨੇ ਕਈ ਵਾਰ ਸੰਵਿਧਾਨ ਵਿੱਚ ਸੋਧ ਕੀਤੀ, ਜਿਸ ਵਿੱਚ ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਤੇ ਸਪੀਕਰ ਦੇ ਅਹੁਦਿਆਂ ਲਈ ਚੋਣਾਂ ਨੂੰ ਅਦਾਲਤਾਂ ਦੇ ਦਾਇਰੇ 'ਚੋਂ ਬਾਹਰ ਰੱਖਣਾ ਤੇ ਪ੍ਰਸਤਾਵਨਾ ਵਿੱਚ ਸਮਾਜਵਾਦੀ, ਧਰਮ ਨਿਰਪੱਖ ਤੇ ਅਖੰਡਤਾ ਸ਼ਬਦ ਸ਼ਾਮਲ ਕਰਨਾ ਸੀ। ਵੱਖ-ਵੱਖ ਕਾਨੂੰਨਾਂ 'ਚ ਸੋਧਾਂ ਨਾਲ ਸ਼ਕਤੀ ਦਾ ਸੰਤੁਲਨ ਕੇਂਦਰ ਦੇ ਹੱਕ 'ਚ ਹੋ ਗਿਆ ਸੀ ਅਤੇ ਹਾਈ ਕੋਰਟ ਦੀਆਂ ਸ਼ਕਤੀਆਂ ਘਟਾ ਦਿੱਤੀਆਂ ਗਈਆਂ ਸਨ। ਐਮਰਜੈਂਸੀ ਲਾਗੂ ਹੋਣ ਤੋਂ ਬਾਅਦ 1975 'ਚ 26 ਆਰਡੀਨੈਂਸ, 1976 'ਚ 16 ਤੇ 1977 'ਚ 6 ਆਰਡੀਨੈਂਸ ਜਾਰੀ ਕੀਤੇ ਗਏ ਸਨ। ਮੀਸਾ 'ਚ ਸੋਧ ਦਾ ਪਹਿਲਾ ਆਰਡੀਨੈਂਸ ਐਮਰਜੈਂਸੀ ਦੇ ਐਲਾਨ ਦੇ ਕੁਝ ਦਿਨਾਂ ਬਾਅਦ 29 ਜੂਨ, 1975 ਨੂੰ ਜਾਰੀ ਕੀਤਾ ਗਿਆ ਸੀ। ਐਮਰਜੈਂਸੀ ਦੌਰਾਨ ਮੀਸਾ (ਸੋਧ) ਆਰਡੀਨੈਂਸ ਨੂੰ ਚਾਰ ਵਾਰੀ ਜਾਰੀ ਕੀਤਾ ਗਿਆ ਤੇ ਸੰਸਦ ਵੱਲੋਂ ਇਸ ਨੂੰ ਮਨਜ਼ੂਰੀ ਦਿੱਤੀ ਗਈ ਸੀ। ਇਕ ਦਿਨ ਬਾਅਦ ਰਾਸ਼ਟਰਪਤੀ ਫਖ਼ਰੁਦੀਨ ਅਲੀ ਅਹਿਮਦ ਨੇ ਭਾਰਤ ਦੀ ਰੱਖਿਆ (ਸੋਧ) ਆਰਡੀਨੈਂਸ ਜਾਰੀ ਕੀਤਾ, ਜਿਸ ਨੇ ਸਰਕਾਰ ਨੂੰ ਜਨਤਕ ਵਿਵਸਥਾ ਬਣਾਈ ਰੱਖਣ ਲਈ ਵਿਸ਼ਾਲ ਅਧਿਕਾਰ ਦਿੱਤੇ। ਲੋਕ ਸਭਾ ਦੇ ਸਾਬਕਾ ਮੁੱਖ ਸਕੱਤਰ ਪੀਡੀਟੀ ਆਚਾਰੀਆ ਨੇ ਦੱਸਿਆ ਕਿ ਐਮਰਜੈਂਸੀ ਦੌਰਾਨ ਸੰਸਦੀ ਇਜਲਾਸ ਆਮ ਤੌਰ 'ਤੇ ਛੋਟੇ ਸਨ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਆਰਡੀਨੈਂਸਾਂ ਦੀ ਥਾਂ 'ਤੇ ਬਿੱਲ ਪਾਸ ਕਰਨ ਅਤੇ ਨਵੇਂ ਕਾਨੂੰਨਾਂ ਨੂੰ ਮਨਜ਼ੂਰੀ ਦੇਣ ਲਈ ਸਨ। ਵਿਰੋਧੀ ਧਿਰ ਦੇ ਜ਼ਿਆਦਾਤਰ ਮੈਂਬਰ ਜੇਲ੍ਹਾਂ ਵਿੱਚ ਸਨ, ਇਸ ਲਈ ਬਿੱਲਾਂ ਨੂੰ ਪਾਸ ਕਰਵਾਉਣਾ ਆਸਾਨ ਸੀ। ਐਮਰਜੈਂਸੀ ਦੌਰਾਨ ਜਾਰੀ ਹੋਇਆ ਇਕ ਹੋਰ ਪ੍ਰਮੁੱਖ ਆਰਡੀਨੈਂਸ ਵਿਵਾਦਤ ਚੋਣ (ਪ੍ਰਧਾਨ ਮੰਤਰੀ ਤੇ ਲੋਕ ਸਭਾ ਸਪੀਕਰ) ਆਰਡੀਨੈਂਸ ਸੀ। ਇਸ ਦਾ ਮਕਸਦ ਪ੍ਰਧਾਨ ਮੰਤਰੀ ਤੇ ਸਪੀਕਰ ਦੀ ਚੋਣ 'ਤੇ ਸਵਾਲ ਉਠਾਉਣ ਵਾਲੀ ਪਟੀਸ਼ਨ ਨਾਲ ਨਜਿੱਠਣ ਲਈ ਇਕ ਅਥਾਰਟੀ ਦੀ ਸਥਾਪਨਾ ਕਰਨਾ ਸੀ। ਇਹ 21 ਮਾਰਚ ਨੂੰ ਐਮਰਜੈਂਸੀ ਖ਼ਤਮ ਹੋਣ ਤੋਂ ਪਹਿਲਾਂ 3 ਫਰਵਰੀ, 1977 ਨੂੰ ਜਾਰੀ ਕੀਤਾ ਗਿਆ ਸੀ।



# ਤੇਜ਼ੀ ਨਾਲ ਹੋ ਰਹੇ ਧਰਮ ਪਰਿਵਰਤਨ ਖ਼ਿਲਾਫ਼ ਹਿੰਦੂ ਤੇ ਸਿੱਖ ਸੰਤ ਇੱਕ ਮੰਚ 'ਤੇ ਹੋਏ ਇਕੱਠੇ

ਬਠਿੰਡਾ, 23 ਜੂਨ (ਚ.ਨ.ਸ.) : ਪੰਜਾਬ ਵਿੱਚ ਤੇਜ਼ੀ ਨਾਲ ਹੋ ਰਹੇ ਧਰਮ ਪਰਿਵਰਤਨ ਖ਼ਿਲਾਫ਼ ਹਿੰਦੂ ਅਤੇ ਸਿੱਖ ਸੰਤਾਂ ਨੇ ਇਕ ਮੰਚ 'ਤੇ ਇਕੱਠੇ ਹੋ ਕੇ ਬਿਗਲ ਵਜਾ ਦਿੱਤਾ। ਸਾਰੇ ਸੰਤਾਂ ਨੇ ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਕਿ ਹੋਰ ਦੇਸ਼ਾਂ ਵਿੱਚ ਬਹੁਗਿਣਤੀ ਭਾਈਚਾਰੇ ਦੇ ਲੋਕ ਘੱਟ ਗਿਣਤੀਆਂ ਦਾ ਧਰਮ ਪਰਿਵਰਤਨ ਕਰਵਾਉਂਦੇ ਹਨ ਪਰ ਭਾਰਤ ਵਿੱਚ ਇਸ ਦੇ ਉਲਟ ਹੋ ਰਿਹਾ ਹੈ। ਸੰਕਲਪ ਲਿਆ ਗਿਆ ਕਿ ਧਰਮ ਪਰਿਵਰਤਨ ਖ਼ਿਲਾਫ਼ ਜੰਗ ਸ਼ੁਰੂ ਕਰਨ ਦਾ ਸਮਾਂ ਆ ਗਿਆ ਹੈ ਅਤੇ ਇਸ ਦੇ ਖ਼ਿਲਾਫ਼ ਪੰਜਾਬ ਦੇ ਹਰ ਮੰਦਰ ਤੇ ਗੁਰਦੁਆਰੇ ਵਿੱਚ ਸਪੈਸ਼ਲ ਕਮੇਟੀਆਂ ਬਣਾਈਆਂ ਜਾਣਗੀਆਂ ਤੇ ਦੂਜੇ ਧਰਮ ਵਿੱਚ ਜਾ ਚੁੱਕੇ ਲੋਕਾਂ ਦੀ ਘਰ ਵਾਪਸੀ ਕਰਵਾਈ ਜਾਵੇਗੀ। ਮੰਦਰਾਂ ਅਤੇ ਗੁਰਦੁਆਰਿਆਂ ਨੂੰ ਆਪਣੇ ਟੀਚੇ ਫਿਕਸ ਕਰਨੇ ਪੈਣਗੇ। ਇਸ ਸੰਮੇਲਨ ਵਿੱਚ ਪੰਜਾਬ ਦੇ ਨਾਲ-ਨਾਲ ਰਾਜਸਥਾਨ, ਹਰਿਦੁਆਰ ਅਤੇ ਅਮਰੀਕਾ ਦੇ ਸੰਤਾਂ ਨੇ ਭਾਗ ਲਿਆ। ਸੰਮੇਲਨ ਵਿੱਚ ਮਹਾਂਮੰਡਲੇਸ਼ਵਰ ਸਵਾਮੀ ਰੂਪੇਂਦਰ ਪ੍ਰਕਾਸ਼ ਮਹਾਰਾਜ, ਸਵਾਮੀ ਹਠਯੋਗੀ ਮਹਾਰਾਜ, ਸਵਾਮੀ ਪ੍ਰਬੋਧਾਨੰਦ ਗਿਰੀ ਮਹਾਰਾਜ, ਸਵਾਮੀ ਅਨੰਤਾਨੰਦ ਮਹਾਰਾਜ, ਮਹੰਤ ਰਾਘਵੇਂਦਰ ਦਾਸ ਮਹਾਰਾਜ, ਮਹੰਤ ਸੂਰਿਆਂਸ ਮੁਨੀ ਮਹਾਰਾਜ, ਸੰਤ ਰਾਮ ਵਿਸ਼ਾਲ ਦਾਸ ਮਹਾਰਾਜ, ਸਵਾਮੀ ਸਰਵਾਨੰਦ ਗਿਰੀ ਮਹਾਰਾਜ, ਹਰਦੇਵ ਸਿੰਘ ਰਾਜਸਥਾਨ, ਸੰਤ ਹਰਜੋਤ ਸਿੰਘ, ਸੰਤ ਗੁਰਪ੍ਰੀਤ ਸਿੰਘ ਕੈਲੀਫੋਰਨੀਆ, ਦਸਮੇਸ਼ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਸੋਧੀ, ਮਹੰਤ ਅਤੁਲ ਕ੍ਰਿਤਕ ਮਹਾਰਾਜ, ਮਹੰਤ ਪ੍ਰਭਜੋਤ ਸਿੰਘ ਮਹਾਰਾਜ, ਸੁਪਰੀਮ ਕੋਰਟ ਦੇ ਵਕੀਲ ਅਸ਼ਵਨੀ ਉਪਾਧਿਆਏ, ਆਰ.ਐਸ.ਐਸ. ਦੇ ਰਾਮ ਗੋਪਾਲ ਅਤੇ ਦਸਮੇਸ਼ ਤਰਨਾ ਦਲ ਦੇ ਜ਼ਿਲ੍ਹਾ ਬਠਿੰਡਾ ਦੇ ਜਥੇਦਾਰ ਬਾਬਾ ਬਲਮ ਸਿੰਘ ਆਦਿ ਮੌਜੂਦ ਰਹੇ। ਦਸਮੇਸ਼ ਤਰਨਾ ਦਲ ਦੇ ਜ਼ਿਲ੍ਹਾ ਬਠਿੰਡਾ ਦੇ ਜਥੇਦਾਰ ਬਾਬਾ ਬਲਮ ਸਿੰਘ ਨੇ ਕਿਹਾ ਕਿ ਸਾਨੂੰ ਗਰੀਬ ਲੋਕਾਂ ਦੀ ਪਛਾਣ ਕਰਨੀ ਹੋਵੇਗੀ। ਗਰੀਬ ਘਰਾਂ ਦੀਆਂ ਧੀਆਂ ਦਾ ਵਿਆਹ ਕਰਵਾਇਆ ਜਾਵੇਗਾ, ਲੋੜਵੰਦ ਲੋਕਾਂ ਦੇ ਘਰ ਬਣਾ ਕੇ ਦਿੱਤੇ ਜਾਣਗੇ।

# ਸਾਵਧਾਨ ! ਕੁੜੀਆਂ ਨੇ ਲੱਭਿਆ ਠੱਗੀ ਮਾਰਨ ਦਾ ਨਵਾਂ ਤਰੀਕਾ

ਜਾਸ/ਬਰੇਲੀ, 23 ਜੂਨ (ਚ.ਨ.ਸ.): ਹੜ੍ਹ ਕਾਰਨ ਸਾਡਾ ਘਰ ਡੁੱਬ ਗਿਆ, ਕਿਰਪਾ ਕਰਕੇ ਕੁਝ ਮਦਦ ਕਰੋ...। ਸੜਕ ਦੇ ਕਿਨਾਰੇ ਖੜ੍ਹੀਆਂ ਕੁੜੀਆਂ ਅਜਿਹੀਆਂ ਫਰਿਆਦਾਂ ਕਰਦੀਆਂ ਦਿੱਸਣ ਤਾਂ ਭਰੋਸਾ ਨਾ ਕਰੋ। ਸਾਵਧਾਨ ਹੋ ਜਾਓ, ਕਿਉਂਕਿ ਇਹ ਠੱਗੀ ਦਾ ਤਰੀਕਾ ਵੀ ਹੋ ਸਕਦਾ ਹੈ। ਬਰੇਲੀ ਜ਼ਿਲ੍ਹੇ ਦੇ ਆਂਵਲਾ ਵਿੱਚ ਸ਼ਨਿੱਚਰਵਾਰ ਨੂੰ ਅਜਿਹੀਆਂ ਨੌਂ ਕੁੜੀਆਂ ਉੱਤੇ ਕਾਰਵਾਈ ਹੋ ਚੁੱਕੀ ਹੈ। ਪੁਲਿਸ ਦੀ ਜਾਂਚ ਵਿੱਚ ਪਤਾ ਚਲਿਆ ਕਿ ਬੇਬਸੀ ਦੱਸ ਰਹੀਆਂ ਇਹ ਕੁੜੀਆਂ ਦਾ ਘਰ ਹੜ੍ਹ 'ਚ ਨਹੀਂ ਡੁੱਬਿਆ ਤੇ ਨਾ ਹੀ ਕਿਸੇ ਤਰ੍ਹਾਂ ਦੀ ਆਫਤ ਆਈ ਹੈ। ਇਸੇ ਤਰੀਕੇ ਨਾਲ ਅਮਰੋਹਾ, ਸ਼ਾਹਜਹਾਂਪੁਰ ਅਤੇ ਗੋਰਖਪੁਰ ਵਿੱਚ ਵੀ ਵਾਹਨ ਚਾਲਕਾਂ ਤੋਂ ਪੈਸੇ ਵਸੂਲਣ ਦੇ ਮਾਮਲੇ ਸਾਹਮਣੇ ਆ ਚੁੱਕੇ ਹਨ। ਉੱਥੇ ਕਿਸੇ ਨੇ ਸ਼ਿਕਾਇਤ ਨਹੀਂ ਕੀਤੀ, ਇਸ ਲਈ ਮਾਮਲਾ ਜ਼ਿਆਦਾ ਅੱਗੇ ਨਹੀਂ ਵਧਿਆ। ਆਂਵਲਾ ਵਿੱਚ ਰਾਹਗੀਰਾਂ ਦੀ ਸ਼ਿਕਾਇਤ 'ਤੇ ਇਸ ਧੰਦੇ ਦੀ ਪੋਲ ਖੁੱਲ੍ਹੀ ਹੈ। ਆਂਵਲਾ 'ਚ ਇਲਾਕੇ ਦੇ ਲੋਕਾਂ ਨੇ ਦੱਸਿਆ ਕਿ ਇਕ ਹਫ਼ਤੇ ਤੋਂ ਨੌਂ ਕੁੜੀਆਂ ਕਸਬੇ ਦੇ ਵੱਖ-ਵੱਖ ਸਥਾਨਾਂ 'ਤੇ ਘੁੰਮਦੀਆਂ ਸਨ ਅਤੇ ਕਾਰ ਜਾਂ ਬਾਈਕ ਵਾਲਿਆਂ ਨੂੰ ਰੋਕਦੀਆਂ ਸਨ। ਉਹ ਕਹਿੰਦੀਆਂ ਸਨ ਕਿ ਉਨ੍ਹਾਂ ਦੇ ਪਿੰਡ 'ਚ ਹੜ੍ਹ ਆਉਣ ਕਾਰਨ ਸਾਰੀਆਂ ਚੀਜ਼ਾਂ ਖਰਾਬ ਹੋ ਗਈਆਂ ਹਨ। ਉਹ ਇੱਕ ਕਾਗਜ਼ ਵੀ ਦਿਖਾਉਂਦੀਆਂ ਸਨ, ਜਿਸ 'ਤੇ ਦਾਨੀਆਂ ਦੇ ਨਾਂ ਅਤੇ ਪੈਸੇ ਲਿਖੇ ਹੁੰਦੇ ਸੀ। ਉਸ 'ਚ ਕਿਸੇ ਨਾਂ ਦੇ ਅੱਗੇ 100 ਤਾਂ ਕਿਸੇ ਦੇ ਅੱਗੇ 500 ਰੁਪਏ ਤੱਕ ਲਿਖੇ ਹੁੰਦੇ ਸਨ। ਕੱਪੜਿਆਂ ਤੋਂ ਚੰਗੇ-ਭਲੇ ਘਰ ਦੀਆਂ ਦਿਖਾਈ ਦੇ ਰਹੀਆਂ ਕੁੜੀਆਂ ਦੇ ਇਸ ਝਾਂਸੇ 'ਚ ਆ ਕੇ ਲੋਕ ਰੁਪਏ ਦੇ ਦਿੰਦੇ। ਸ਼ਨੀਵਾਰ ਨੂੰ ਉਨ੍ਹਾਂ ਦੀਆਂ ਕੁਝ ਵਾਹਨਾਂ ਵਾਲਿਆਂ ਨਾਲ ਬਹਿਸ ਹੋਈ ਤਾਂ ਡਾਇਲ 112 ਨੂੰ ਸੂਚਨਾ ਦਿੱਤੀ ਗਈ। ਐਸ.ਪੀ. ਸਾਊਥ ਅੰਸ਼ਿਕਾ ਵਰਮਾ ਨੇ ਦੱਸਿਆ ਕਿ ਆਂਵਲਾ ਥਾਣੇ 'ਚ ਉਨ੍ਹਾਂ ਕੁੜੀਆਂ ਨੇ ਕਬੂਲ ਕੀਤਾ ਕਿ ਉਹ ਹੜ੍ਹ ਪੀੜਿਤ ਨਹੀਂ ਹਨ, ਬਲਕਿ ਤਰਸ ਦੇ ਪਾਤਰ ਹੋਣ ਦੀ ਝੂਠੀ ਕਹਾਣੀ ਘੜ੍ਹ ਕੇ ਰੁਪਏ ਵੱਟਦੀਆਂ ਸਨ । ਉਹ ਸਾਰੇ ਅਹਿਮਦਾਬਾਦ ਜ਼ਿਲ੍ਹੇ ਦੇ ਬਟਵਾ ਥਾਣੇ ਖੇਤਰ ਦੇ ਦੁਰਗਾ ਨਗਰ ਦੀਆਂ ਰਹਿਣ ਵਾਲੀਆਂ ਸਨ। ਉਨ੍ਹਾਂ ਨੇ ਕਬੂਲ ਕੀਤਾ ਕਿ ਉਨ੍ਹਾਂ ਵਰਗੇ ਕੁਝ ਹੋਰ ਸਮੂਹ ਵੀ ਬਰੇਲੀ ਸ਼ਹਿਰ, ਫਰੀਦਪੁਰ 'ਚ ਘੁੰਮ ਰਹੇ ਹਨ। ਥਾਣੇ ਦੀ ਪੁਲਿਸ ਦੇ ਮੁਤਾਬਕ, ਇਸ ਮਾਮਲੇ 'ਚ ਕਿਸੇ ਵੱਲੋਂ ਸ਼ਿਕਾਇਤ ਨਾ ਮਿਲਣ ਕਾਰਨ ਐਫ.ਆਈ.ਆਰ. ਨਹੀਂ ਦਰਜ ਕੀਤੀ ਗਈ ਹੈ। ਪੁਲਿਸ ਵੱਲੋਂ ਸਭ ਨੂੰ ਸ਼ਾਂਤੀ ਭੰਗ 'ਚ ਚਲਾਨ ਕਰ ਕੇ ਦੋ-ਦੋ ਲੱਖ ਰੁਪਏ ਦਾ ਮੁਚੱਲਕਾ ਪਾਬੰਦ ਕੀਤਾ ਗਿਆ। ਇਸ ਤੋਂ ਬਾਅਦ ਤੋਂ ਕੁੜੀਆਂ ਦਾ ਸਮੂਹ ਜ਼ਿਲ੍ਹੇ ਵਿੱਚ ਦਿਖਾਈ ਨਹੀਂ ਦਿੱਤਾ, ਫਿਰ ਵੀ ਲੋਕਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਜਾ ਰਿਹਾ ਹੈ ਕਿ ਕਿਸੇ ਝਾਂਸੇ ਵਿੱਚ ਆ ਕੇ ਰੁਪਏ ਨਾ ਦਿਓ।

# ਚੋਰਾਂ ਨੇ ਸਤਿਗੁਰ ਜਗਤ ਮੈਡੀਕਲ ਸਟੋਰ 'ਤੇ ਮਾਰਿਆ ਡਾਕਾ

ਫਤਿਹਗੜ੍ਹ ਚੂੜੀਆਂ, 23 ਜੂਨ (ਰਾਜਨ ਸ਼ਰਮਾ): ਬੀਤੇ ਦਿਨੀਂ ਰਾਤ ਨੂੰ ਚੋਰਾਂ ਵੱਲੋਂ ਸਤਿਗੁਰ ਜਗਤ ਮੈਡੀਕਲ ਸਟੋਰ ਦੇ ਨਾਮ ਤੋਂ ਮਸ਼ਹੂਰ ਦੁਕਾਨ 'ਤੇ ਪਿਛਲੇ ਪਾਸਿਓਂ ਦੁਕਾਨ ਅੰਦਰ ਦਾਖਲ ਹੋ ਕੇ ਡਾਕਾ ਮਾਰਿਆ ਗਿਆ। ਇਹ ਦੁਕਾਨ ਮਜੀਠਾ ਰੋਡ ਪੁਰਾਣੇ ਬੱਸ ਸਟੈਂਡ 'ਤੇ ਪੈਂਦੀ ਹੈ; ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੁਕਾਨ ਦੇ ਮਾਲਕ ਡਾਕਟਰ ਬਿੱਟੂ ਨੇ ਦੱਸਿਆ ਕਿ ਉਹ ਸਵੇਰੇ ਆਪਣੀ ਦੁਕਾਨ 'ਤੇ ਆਏ ਤਾਂ ਦੇਖਿਆ ਸਾਰਾ ਸਮਾਨ ਖਿਲਰਿਆ ਪਿਆ ਸੀ ਤੇ 25 ਹਜ਼ਾਰ ਦੇ ਕਰੀਬ ਨਕਦੀ ਅਤੇ ਕੀਮਤੀ ਦਵਾਈਆਂ ਉਥੋਂ ਗਾਇਬ ਸੀ। ਉਹਨਾਂ ਕਿਹਾ ਕਿ 70, 80 ਹਜ਼ਾਰ ਦੇ ਕਰੀਬ ਉਹਨਾਂ ਦਾ ਨੁਕਸਾਨ ਹੋਇਆ ਹੈ। ਡਾਕਟਰ ਬਿੱਟੂ ਨੇ ਕਿਹਾ ਕਿ ਇਸ ਘਟਨਾ ਦੀ ਰਿਪੋਰਟ ਥਾਣਾ ਫਤਿਹਗੜ੍ਹ ਚੂੜੀਆਂ ਦਰਜ ਕਰਾ ਦਿੱਤੀ ਗਈ ਤਫਤੀਸ਼ ਕਰਨ ਆਏ ਮੁਲਾਜ਼ਮਾਂ ਕਿਹਾ ਕਿ ਉਹ ਬਹੁਤ ਜਲਦ ਚੋਰਾਂ ਨੂੰ ਕਾਬੂ ਕਰ ਲੈਣਗੇ।



# ਕਈ ਦੇਸ਼ ਈਰਾਨ ਨੂੰ ਸਿੱਧੇ ਤੌਰ 'ਤੇ ਆਪਣੇ ਪ੍ਰਮਾਣੂ ਹਥਿਆਰਾਂ ਦੀ ਸਪਲਾਈ ਕਰਨ ਲਈ ਤਿਆਰ

ਨਵੀਂ ਦਿੱਲੀ, 23 ਜੂਨ (ਚ.ਨ.ਸ.): ਰੂਸ ਦੇ ਸਾਬਕਾ ਰਾਸ਼ਟਰਪਤੀ ਤੇ ਰੂਸੀ ਸੁਰੱਖਿਆ ਕੌਂਸਲ ਦੇ ਉਪ ਪ੍ਰਧਾਨ ਦਿਮਿਤਰੀ ਮੇਦਵੇਦੇਵ ਨੇ ਇਕ ਪੋਸਟ ਵਿੱਚ ਕਿਹਾ ਕਿ ਅਮਰੀਕੀ ਹਮਲੇ ਨਾਲ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਹੈ ਅਤੇ ਇਹ ਜਾਰੀ ਰਹੇਗਾ। ਉਨ੍ਹਾਂ ਕਿਸੇ ਦੇਸ਼ ਦਾ ਨਾਂ ਲਏ ਬਿਨਾਂ ਕਿਹਾ ਕਿ ਕਈ ਦੇਸ਼ ਈਰਾਨ ਨੂੰ ਸਿੱਧੇ ਤੌਰ 'ਤੇ ਆਪਣੇ ਪ੍ਰਮਾਣੂ ਹਥਿਆਰਾਂ ਦੀ ਸਪਲਾਈ ਕਰਨ ਲਈ ਵੀ ਤਿਆਰ ਹਨ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਹਮਲਾ ਕਰਕੇ ਅਮਰੀਕਾ ਲਈ ਨਵਾਂ ਯੁੱਧ ਸ਼ੁਰੂ ਕਰ ਦਿੱਤਾ ਹੈ। ਰਾਇਟਰ ਅਨੁਸਾਰ, ਮਦਵੇਦੇਵ ਨੇ ਆਪਣੇ ਟੈਲੀਗ੍ਰਾਮ ਚੈਨਲ 'ਤੇ ਲਿਖਿਆ, 'ਸ਼ਾਂਤੀ ਸਥਾਪਿਤ ਕਰਨ ਵਾਲੇ ਰਾਸ਼ਟਰਪਤੀ ਦੇ ਤੌਰ 'ਤੇ ਆਏ ਟਰੰਪ ਲਈ ਇਸ ਤਰ੍ਹਾਂ ਦੀ ਸਫਲਤਾ ਨਾਲ ਨੋਬਲ ਸ਼ਾਂਤੀ ਐਵਾਰਡ ਨਹੀਂ ਜਿੱਤ ਸਕਦੇ। ਈਰਾਨ ਵਿੱਚ ਤਿੰਨ ਸਥਾਨਾਂ 'ਤੇ ਹਮਲਾ ਕਰ ਕੇ ਅਖ਼ਿਰ ਅਮਰੀਕੀਆਂ ਨੇ ਕੀ ਹਾਸਲ ਕੀਤਾ? ਅਜਿਹਾ ਲੱਗਦਾ ਹੈ ਕਿ ਪ੍ਰਮਾਣੂ ਕੰਜ਼ਰਵੇਸ਼ਨ ਦੇ ਮਹੱਤਵਪੂਰਨ ਢਾਂਚੇ ਨੂੰ ਬਿਲਕੁਲ ਵੀ ਜਾਂ ਥੋੜ੍ਹਾ ਜਿਹਾ ਨੁਕਸਾਨ ਨਹੀਂ ਪਹੁੰਚਿਆ ਹੈ।ਮੇਦਵੇਦੇਵ ਨੇ ਕਿਹਾ ਕਿ ਈਰਾਨ ਆਪਣਾ ਪ੍ਰਮਾਣੂ ਪ੍ਰੋਗਰਾਮ ਜਾਰੀ ਰੱਖੇਗਾ ਤੇ ਅਮਰੀਕਾ ਦੇ ਜ਼ਮੀਨੀ ਕਾਰਵਾਈ ਵਿੱਚ ਸ਼ਾਮਲ ਹੋਣ ਦਾ ਖ਼ਤਰਾ ਹੈ। ਉਨ੍ਹਾਂ ਇਹ ਵੀ ਕਿਹਾ, 'ਈਰਾਨ ਦੀ ਸਿਆਸੀ ਪ੍ਰਣਾਲੀ ਸੁਰੱਖਿਅਤ ਹੈ ਅਤੇ ਬਹੁਤ ਸੰਭਾਵਨਾ ਹੈ ਕਿ ਇਹ ਹੋਰ ਮਜ਼ਬੂਤ ਹੋ ਗਈ ਹੈ। ਲੋਕ ਅਧਿਆਤਮਕ ਅਗਵਾਈ ਦੇ ਆਸ-ਪਾਸ ਇਕੱਠੇ ਹੋ ਰਹੇ ਹਨ, ਇੱਥੋਂ ਤੱਕ ਕਿ ਉਹ ਲੋਕ ਵੀ ਜੋ ਇਸ ਦੇ ਨਾਲ ਸਹਿਮਤ ਨਹੀਂ ਸਨ।' ਇਸ ਦੌਰਾਨ ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਗਚੀ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਮਿਲਣ ਲਈ ਮਾਸਕੋ ਜਾਣ ਦੀ ਯੋਜਨਾ ਬਣਾ ਰਹੇ ਹਨ। ਅਰਾਗਚੀ ਨੇ ਇਸਤਾਂਬੁਲ ਵਿੱਚ ਈਰਾਨ-ਰੂਸ ਦੇ ਵਿਚਕਾਰ ਰਣਨੀਤਕ ਭਾਈਵਾਲੀ 'ਤੇ ਜ਼ੋਰ ਦਿੱਤਾ ਅਤੇ ਕਿਹਾ, "ਅਸੀਂ ਹਮੇਸ਼ਾ ਇਕ-ਦੂਜੇ ਨਾਲ ਸਲਾਹ-ਮਸ਼ਵਰਾ ਕਰਦੇ ਹਾਂ ਅਤੇ ਆਪਣੀ ਸਥਿਤੀ 'ਤੇ ਸਹਿਯੋਗ ਕਰਦੇ ਹਾਂ।"

# ਅਮਰੀਕਾ 'ਚ ਬੀ.ਪੀ. ਤੇ ਸ਼ੈਲ ਵਰਗੀਆਂ 7 ਵੱਡੀਆਂ ਤੇਲ ਤੇ ਗੈਸ ਕੰਪਨੀਆਂ ਵਿਰੁੱਧ ਇੱਕ ਔਰਤ ਦੀ ਮੌਤ ਹੋਣ ਕਾਰਨ ਮੁਕੱਦਮਾ ਦਰਜ

ਵਾਸ਼ਿੰਗਟਨ, 23 ਜੂਨ (ਚ.ਨ.ਸ.): ਅਮਰੀਕਾ ਵਿੱਚ ਬੀ.ਪੀ. ਤੇ ਸ਼ੈਲ ਵਰਗੀਆਂ 7 ਵੱਡੀਆਂ ਤੇਲ ਅਤੇ ਗੈਸ ਕੰਪਨੀਆਂ ਵਿਰੁੱਧ ਇਕ ਔਰਤ ਦੀ ਮੌਤ ਹੋਣ ਕਾਰਨ ਮੁਕੱਦਮਾ ਦਾਇਰ ਕੀਤਾ ਗਿਆ ਹੈ। ਦਰਅਸਲ ਸਿਏਟਲ ਸ਼ਹਿਰ ਵਿੱਚ ਤਾਪਮਾਨ 42 ਡਿਗਰੀ ਹੋਣ 'ਤੇ ਇਕ ਔਰਤ ਦੀ ਬਹੁਤ ਜ਼ਿਆਦਾ ਗਰਮੀ ਕਾਰਨ ਮੌਤ ਹੋ ਗਈ। ਔਰਤ ਦੀ ਧੀ ਨੇ ਦੋਸ਼ ਲਗਾਇਆ ਹੈ ਕਿ 7 ਵੱਡੀਆਂ ਤੇਲ ਕੰਪਨੀਆਂ ਜਲਵਾਯੂ ਪਰਿਵਰਤਨ ਨੂੰ ਉਤਸ਼ਾਹਿਤ ਕਰ ਰਹੀਆਂ ਹਨ, ਜਿਸ ਕਾਰਨ ਤਾਪਮਾਨ ਵਿੱਚ ਵਾਧਾ ਹੋਇਆ ਅਤੇ ਉਸ ਦੀ ਮਾਂ ਦੀ ਮੌਤ ਬਹੁਤ ਜ਼ਿਆਦਾ ਗਰਮੀ ਕਾਰਨ ਹੋ ਗਈ। ਇਹ ਅਮਰੀਕਾ ਵਿੱਚ ਜਲਵਾਯੂ ਪਰਿਵਰਤਨ ਕਾਰਨ ਕਥਿਤ ਮੌਤ ਦਾ ਪਹਿਲਾ ਮਾਮਲਾ ਹੈ, ਜੋ ਅਦਾਲਤ ਵਿੱਚ ਪਹੁੰਚਿਆ ਹੈ। ਅਦਾਲਤ 'ਚ ਕੀ ਦਿੱਤੀ ਗਈ ਦਲੀਲ : ਰਿਪੋਰਟ ਅਨੁਸਾਰ ਸ਼ਿਕਾਇਤ ਵਿੱਚ ਕਿਹਾ ਗਿਆ ਹੈ ਕਿ ਐਕਸੋਨਮੋਬਿਲ, ਸ਼ੈਵਰੋਨ, ਸ਼ੈਲ ਅਤੇ ਬੀ.ਪੀ. ਵਰਗੀਆਂ ਕੰਪਨੀਆਂ ਦਹਾਕਿਆਂ ਤੋਂ ਜਾਣਦੀਆਂ ਹਨ ਕਿ ਉਨ੍ਹਾਂ ਦੇ ਬਾਲਣ ਉਤਪਾਦ ਧਰਤੀ ਦੇ ਤਾਪਮਾਨ ਨੂੰ ਪ੍ਰਭਾਵਿਤ ਕਰ ਰਹੇ ਸਨ। ਮੁਕੱਦਮੇ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਇਨ੍ਹਾਂ ਕੰਪਨੀਆਂ ਨੇ ਜਾਣ ਬੁੱਝ ਕੇ ਜੈਵਿਕ ਇਧਣ 'ਤੇ ਆਧਾਰਿਤ ਇਕ ਆਰਥਿਕ ਢਾਂਚਾ ਬਣਾਇਆ, ਜੋ ਵਧੇਰੇ ਖਤਰਨਾਕ ਜਲਵਾਯੂ ਆਫ਼ਤਾਂ ਵੱਲ ਲੈ ਜਾਵੇਗਾ ਅਤੇ ਮਨੁੱਖਾਂ ਨੂੰ ਵਧੇਰੇ ਜ਼ੋਖਮ ਵਿੱਚ ਪਾਵੇਗਾ। ਨਿਊਯਾਰਕ ਸਿਟੀ ਦੇ ਸੇਬਿਨ ਸੈਂਟਰ ਫਾਰ ਕਲਾਈਮੇਟ ਚੇਂਜ ਲਾਅ ਵਿਖੇ ਗਲੋਬਲ ਕਲਾਈਮੇਟ ਲਿਟੀਗੇਸ਼ਨ ਡਾਇਰੈਕਟਰ ਮਾਰੀਆ ਐਂਟੋਨੀਆ ਟਿਗਰੇ ਦਾ ਕਹਿਣਾ ਹੈ ਕਿ ਇਹ ਪਹਿਲਾ ਅਜਿਹਾ ਮੁਕੱਦਮਾ ਹੈ, ਜਿਸ ਵਿੱਚ ਜਲਵਾਯੂ ਪਰਿਵਰਤਨ ਕਾਰਨ ਹੋਈ ਮੌਤ ਦਾ ਦੋਸ਼ ਲਗਾਇਆ ਗਿਆ ਹੈ। ਜੇਕਰ ਮਿਸਟੀ ਲਿਓਨ ਇਹ ਕੇਸ ਜਿੱਤ ਜਾਂਦੀ ਹੈ ਤਾਂ ਇਹ ਜਲਵਾਯੂ ਪਰਿਵਰਤਨ 'ਤੇ ਕਾਨੂੰਨੀ ਲੜਾਈਆਂ ਵਿੱਚ ਇਕ ਇਤਿਹਾਸਕ ਮੋੜ ਹੋ ਸਕਦਾ ਹੈ। ਰਿਪੋਰਟ ਅਨੁਸਾਰ 28 ਜੂਨ 2001 ਨੂੰ ਅਮਰੀਕੀ ਸ਼ਹਿਰ ਸਿਏਟਲ ਵਿੱਚ ਤਾਪਮਾਨ 42 ਡਿਗਰੀ ਸੈਲਸੀਅਸ ਤੋਂ ਉੱਪਰ ਚਲਾ ਗਿਆ ਸੀ, ਜੋ ਕਿ ਉੱਥੇ ਹੁਣ ਤਕ ਦਾ ਸਭ ਤੋਂ ਵੱਧ ਤਾਪਮਾਨ ਸੀ। ਉਸੇ ਦਿਨ ਜੂਲੀਆਨਾ ਲਿਓਨ ਨਾਂ ਦੀ ਇਕ ਔਰਤ ਆਪਣੀ ਕਾਰ ਵਿੱਚ ਬੇਹੋਸ਼ ਪਈ ਮਿਲੀ ਅਤੇ ਬਹੁਤ ਜ਼ਿਆਦਾ ਗਰਮੀ ਕਾਰਨ ਉਸ ਦੀ ਮੌਤ ਹੋ ਗਈ ਸੀ।

# ਚੋਰਾਂ ਨੇ ਤਿੰਨ ਦੁਕਾਨਾਂ ਦੇ ਤੋੜੇ ਤਾਲੇ, ਮਾਮੂਲੀ ਸਮਾਨ ਚੋਰੀ

ਸ੍ਰੀ ਕੀਰਤਪੁਰ ਸਾਹਿਬ, 23 ਜੂਨ (ਬੀ.ਐਸ. ਰਾਣਾ): ਪਿੰਡ ਮੱਸੇਵਾਲ ਵਿਖੇ ਚੋਰਾਂ ਵੱਲੋਂ ਤਿੰਨ ਦੁਕਾਨਾਂ ਦੇ ਤਾਲੇ ਤੋੜ ਕੇ ਮਾਮੂਲੀ ਸਮਾਨ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਸਬੰਧ ਵਿੱਚ ਦੁਕਾਨਦਾਰ ਪ੍ਰਿੰਸ ਕੁਮਾਰ , ਹੇਮ ਰਾਜ ਅਤੇ ਪ੍ਰਤਾਪ ਸ਼ਰਮਾ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰ੍ਹਾਂ ਮਿਤੀ 21 ਜੂਨ ਨੂੰ ਰਾਤ ਕਰੀਬ 9 ਵਜੇ ਆਪਣੀਆਂ ਦੁਕਾਨਾਂ ਬੰਦ ਕਰਕੇ ਘਰ ਚਲੇ ਗਏ ਸਨ, ਜਦੋਂ ਦੂਸਰੇ ਦਿਨ ਹਲਵਾਈ ਪ੍ਰਿੰਸ ਕੁਮਾਰ ਸਵੇਰੇ 6 ਵਜੇ ਆ ਕੇ ਆਪਣੀ ਦੁਕਾਨ ਖੋਲ੍ਹਣ ਲੱਗਾ ਤਾਂ ਉਸਨੇ ਦੇਖਿਆ ਕਿ ਦੁਕਾਨ ਦੇ ਤਾਲੇ ਟੁੱਟੇ ਹੋਏ ਹਨ ਅਤੇ ਕਾਫੀ ਜ਼ਿਆਦਾ ਸਮਾਨ ਖਿਲਰਿਆ ਪਿਆ ਹੈ, ਜਿਸ ਤੋਂ ਬਾਅਦ ਉਸਨੇ ਦੇਖਿਆ ਕਿ ਉਸਦੇ ਗੁਆਂਢ ਵਿਚ ਸਾਈਕਲਾਂ ਦੀ ਦੁਕਾਨ ਦੇ ਵੀ ਤਾਲੇ ਟੁੱਟੇ ਹੋਏ ਹਨ ਅਤੇ ਇਸ ਤੋਂ ਇਲਾਵਾ ਹੇਅਰ ਡਰੈਸਰ ਦੀ ਦੁਕਾਨ ਦੇ ਵੀ ਤਾਲੇ ਟੁੱਟੇ ਹੋਏ ਸਨ, ਜਿਸ ਦੀ ਸੂਚਨਾ ਉਸ ਨੇ ਆਪਣੇ ਨਾਲ ਦੇ ਦੁਕਾਨਦਾਰਾਂ ਨੂੰ ਫੋਨ 'ਤੇ ਦਿੱਤੀ ਜੋ ਤੁਰੰਤ ਮੌਕੇ 'ਤੇ ਪਹੁੰਚ ਗਏ,ਜਦੋਂ ਉਹਨਾਂ ਨੇ ਦੁਕਾਨਾਂ ਅੰਦਰ ਜਾ ਕੇ ਦੇਖਿਆ ਤਾਂ ਉਹਨਾਂ ਦਾ ਸਮਾਨ ਵੀ ਖਿਲ੍ਹਰਿਆ ਪਿਆ ਸੀ। ਉਹਨਾਂ ਦੱਸਿਆ ਕਿ ਇਸ ਦੀ ਸੂਚਨਾ ਉਹਨਾਂ ਵੱਲੋਂ ਪੁਲਿਸ ਥਾਣਾ ਕੀਰਤਪੁਰ ਸਾਹਿਬ ਵਿਖੇ ਦੇ ਦਿੱਤੀ ਗਈ ਹੈ। ਉਹਨਾਂ ਦੱਸਿਆ ਕਿ ਉਹਨਾਂ ਦੀਆਂ ਦੁਕਾਨਾਂ ਵਿੱਚੋਂ ਥੋੜ੍ਹਾ ਬਹੁਤਾ ਹੀ ਸਮਾਨ ਚੋਰੀ ਹੋਇਆ ਹੈ ਕਿਉਂਕਿ ਇਹ ਦੁਕਾਨਾਂ ਹਲਵਾਈ, ਸਾਈਕਲ ਠੀਕ ਕਰਨ ਵਾਲੇ ਅਤੇ ਹੇਅਰ ਡਰੈਸਰ ਦੀ ਦੁਕਾਨ ਸੀ ਤਿੰਨੋਂ ਦੁਕਾਨਦਾਰਾਂ ਨੇ ਦੱਸਿਆ ਕਿ ਉਹਨਾਂ ਦਾ ਲਗਭਗ ਪੰਜ ਛੇ ਹਜ਼ਾਰ ਰੁਪਏ ਦਾ ਨੁਕਸਾਨ ਹੋਇਆ ਹੈ ਉਹਨਾਂ ਕਿਹਾ ਕਿ ਭਵਿੱਖ ਵਿੱਚ ਅਜਿਹਾ ਨਾ ਹੋਵੇ ਪੁਲਿਸ ਨੂੰ ਉਕਤ ਦੁਕਾਨਾਂ ਦੇ ਤਾਲੇ ਤੋੜਨ ਵਾਲਿਆਂ ਖਿਲਾਫ ਸਖਤ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਰਾਤ ਸਮੇਂ ਪੁਲਿਸ ਨੂੰ ਗਸ਼ਤ ਵਧਾਉਣੀ ਚਾਹੀਦੀ ਹੈ। ਇਸ ਬਾਰੇ ਜਦੋਂ ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਨਾਲ ਗੱਲ ਕੀਤੀ ਗਈ ਤਾਂ ਉਹਨਾਂ ਦੱਸਿਆ ਕਿ ਉਹ ਇਸ ਬਾਰੇ ਛਾਣਬੀਨ ਕਰ ਰਹੇ ਹਨ, ਆਲੇ ਦੁਆਲੇ ਲੱਗੇ ਸੀਸੀ ਟੀਵੀ ਕੈਮਰਿਆਂ ਦੀ ਫੁਟੇਜ ਚੈੱਕ ਕੀਤੀ ਜਾ ਰਹੀ ਹੈ। ਉਹਨਾਂ ਦੱਸਿਆ ਕਿ ਇਹ ਕੋਈ ਲੋਕਲ ਚੋਰ ਲੱਗਦਾ ਹੈ ਜੋ ਛੋਟੀਆਂ ਛੋਟੀਆਂ ਚੋਰੀਆਂ ਕਰਦਾ ਹੈ ਅਤੇ ਖਾਣ ਪੀਣ ਦਾ ਸਮਾਨ ਵੀ ਲੈ ਜਾਂਦਾ ਹੈ। ਉਹਨਾਂ ਦੱਸਿਆ ਕਿ ਪੁਲਿਸ ਵੱਲੋਂ ਰਾਤ ਦੀ ਗਸ਼ਤ ਵੀ ਵਧਾ ਦਿੱਤੀ ਗਈ ਹੈ।




# ਵਿਧਾਇਕ ਕਲਸੀ ਨੇ ਕਰਵਾਏ ਜਾ ਰਹੇ ਵਿਕਾਸ ਕੰਮਾਂ ਤਹਿਤ ਗਲੀ ਦਾ ਨੀਂਹ ਪੱਥਰ ਰੱਖਿਆ

ਬਟਾਲਾ, 23 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਕਰਵਾਏ ਜਾ ਰਹੇ ਵਿਕਾਸ ਕੰਮਾਂ ਤਹਿਤ ਵਾਰਡ ਨੰਬਰ 22 ਸੁਖਮਨੀ ਕਾਲੋਨੀ ਸੰਗਤਪੁਰਾ ਰੋਡ ਵਿਖੇ 3 ਨੰਬਰ ਗਲੀ ਦਾ ਨੀਂਹ ਪੱਥਰ ਰੱਖਿਆ ਗਿਆ। ਵਿਕਾਸ ਕਾਰਜ ਸ਼ੁਰੂ ਕਰਨ ਉਪਰੰਤ ਲੋਕਾਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਬਟਾਲਾ ਸ਼ਹਿਰ ਵਾਸੀਆਂ ਨੇ ਜੋ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਹੈ, ਉਹ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।ਉਨ੍ਹਾਂ ਕਿਹਾ ਕਿ ਮੇਰੀ ਹਮੇਸ਼ਾ ਕੋਸ਼ਿਸ਼ ਹੁੰਦੀ ਹੈ ਕਿ ਲੋਕਾਂ ਦੀਆਂ ਮੁਸ਼ਕਲਾਂ ਹੱਲ ਕੀਤੀਆਂ ਜਾਣ ਅਤੇ ਉਹ ਖੁਦ ਲੋਕਾਂ ਕੋਲ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਹੱਲ ਕਰ ਰਹੇ ਹਨ। ਬਟਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਦੀ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਸ਼ਹਿਰ ਵਿਚਲੀਆਂ ਸੜਕਾਂ ਅਤੇ ਚੌਕਾਂ ਨੂੰ ਚੌੜਾ ਕੀਤਾ ਗਿਆ ਹੈ ਅਤੇ ਲੋਕ ਇਸ ਕਾਰਜ ਦੀ ਸਰਾਹਨਾ ਕਰ ਰਹੇ ਹਨ। ਇਸੇ ਤਰ੍ਹਾਂ ਗੁਰਦਾਸਪੁਰ ਤੋਂ ਬਟਾਲਾ ਸ਼ਹਿਰ ਵਿੱਚ ਵੜਦਿਆਂ ਅਤੇ ਅੰਮ੍ਰਿਤਸਰ ਤੋਂ ਬਟਾਲਾ ਵਿਖੇ ਐਂਟਰੀ ਕਰਦਿਆਂ ਖੂਬਸੂਰਤ ਚੌਂਕ ਉਸਾਰੇ ਗਏ ਹਨ। ਜਲੰਧਰ ਵਲੋਂ ਬਟਾਲਾ ਆਉਂਦਿਆਂ ਵੀ ਸ਼ਾਨਦਾਰ ਗੇਟ ਦੀ ਉਸਾਰੀ ਦਾ ਕੰਮ ਚੱਲ ਰਿਹਾ ਹੈ। ਹਲਕਾ ਵਾਸੀਆਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਹੂਲਤਾਂ ਦੇਣ ਦੇ ਮਕਸਦ ਨਾਲ ਨਵੇਂ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ। ਸ਼ਹਿਰ ਵਿੱਚ ਲਾਇਬ੍ਰੇਰੀ ਦੀ ਇਮਾਰਤ ਜਿਸਦੀ ਹਾਲਤ ਬਹੁਤ ਖਸਤਾ ਸੀ, ਉਸ ਦੀ ਨਵੀ ਇਮਾਰਤ ਉਸਾਰੀ ਗਈ ਹੈ। ਸੁੱਖਾ ਸਿੰਘ-ਮਹਿਤਾਬ ਸਿੰਘ ਚੌਕ ਵਿੱਖੇ ਸ਼ਾਨਦਾਰ ਕਲਾਕ ਟਾਵਰ ਲਗਾਉਣ ਲਈ ਉਸਾਰੀ ਦਾ ਕੰਮ ਚੱਲ ਰਿਹਾ ਹੈ। ਸ਼ਹਿਰ ਦੀਆਂ ਵੱਖ-ਵੱਖ ਵਾਰਡਾਂ ਵਿੱਚ ਗਲੀਆਂ ਦੇ ਨਿਰਮਾਣ ਕਾਰਜ ਚੱਲ ਰਹੇ ਹਨ ਅਤੇ ਜਿਨ੍ਹਾਂ ਵਾਰਡਾਂ ਵਿੱਚ ਗਲੀਆਂ ਬਣਾਉਣ ਦਾ ਕੰਮ ਰਹਿ ਗਿਆ ਹੈ, ਉਥੇ ਵੀ ਜਲਦ ਕੰਮ ਸ਼ੁਰੂ ਕਰਵਾਇਆ ਜਾਵੇਗਾ। ਇਸ ਮੌਕੇ ਮੁਹੱਲਾ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਗਲੀ ਦੇ ਨਿਰਮਾਣ ਕਾਰਜ ਹੋਣ ਨਾਲ ਆਵਾਜਾਈ ਸੁਖਾਲੀ ਹੋਵੇਗੀ ਅਤੇ ਰਾਹਗੀਰਾਂ ਨੂੰ ਵੱਡੀ ਰਾਹਤ ਮਿਲੇਗੀ।



# ਲੁਧਿਆਣਾ ਪੱਛਮੀ ਚੋਣ ਦੀ ਜਿੱਤ, 'ਆਪ' ਸਰਕਾਰ ਦੀ ਲੋਕਪੱਖੀ ਨੀਤੀਆਂ 'ਤੇ ਲੋਕਾਂ ਵੱਲੋਂ ਲਗਾਈ ਮੋਹਰ: ਡਾ. ਕੇ.ਜੇ. ਸਿੰਘ

ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 23 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਹਲਕਾ ਲੁਧਿਆਣਾ ਵੈਸਟ ਦੀ ਜ਼ਿਮਨੀ ਚੋਣ ਵਿੱਚ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦੀਆਂ ਲੋਕਪੱਖੀ ਨੀਤੀਆਂ 'ਤੇ ਮੋਹਰ ਲਗਾਉਂਦੇ ਹੋਏ ਲੁਧਿਆਣਾ ਵੈਸਟ ਦੇ ਵੋਟਰਾਂ ਵੱਲੋਂ 'ਆਪ' ਉਮੀਦਵਾਰ ਸ੍ਰੀ ਸੰਜੀਵ ਅਰੋੜਾ ਜੀ ਨੂੰ ਵੱਡੀ ਲੀਡ ਨਾਲ ਜਿੱਤਾਉਣ 'ਤੇ ਡਾ.ਕੇਜੇ ਨੇ ਹਲਕਾ ਲੁਧਿਆਣਾ ਵੈਸਟ ਦੇ ਹਰੇਕ ਵੋਟਰ ਅਤੇ ਸਪੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ, ਨਾਲ ਹੀ ਦੇਸ਼ ਦੀ ਸਿਆਸਤ ਵਿੱਚ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਅਤੇ ਗੁਜਰਾਤ ਆਪ ਟੀਮ ਵੱਲੋਂ ਬੀਜੇਪੀ ਦੇ ਗੜ੍ਹ ਜਿੱਥੇ ਮੋਦੀ ਨੂੰ ਸਭ ਤੋਂ ਵੱਧ ਹੰਕਾਰ ਸੀ। ਉਸ ਕਿਲੇ ਵਿਚ ਜਾ ਕੇ ਗੁਜਰਾਤ ਦੇ ਵਿਧਾਨ ਸਭਾ ਹਲਕੇ ਵਿਸਾਵਦਰ ਦੀ 2025 ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੋਪਾਲ ਇਟਾਲੀਆਂ ਜੀ ਨੂੰ 75 ਹਜ਼ਾਰ ਤੋਂ ਵੱਧ ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕਰਨ 'ਤੇ ਮੁਬਾਰਕਬਾਦ ਦਿੱਤੀ। ਡਾਕਟਰ ਕੇਜੇ ਸਿੰਘ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਗੁਜਰਾਤ ਦੇ ਲੋਕਾਂ ਵੱਲੋਂ ਨਵੀਂ ਸੋਚ ਅਤੇ ਨਵੀਂ ਨੀਤੀਆਂ ਨੂੰ ਲੈਕੇ ਚੱਲਣ ਵਾਲੀ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਨੂੰ ਜਿੱਤਵਾ ਕੇ 'ਆਪ' ਪਾਰਟੀ ਗੁਜਰਾਤ ਦੇ ਵਿੱਚ ਵੀ ਆਪਣੀ ਤਰੱਕੀ ਦੀ ਰਫ਼ਤਾਰ ਫੜੇਗੀ। ਅਖੀਰ ਵਿੱਚ ਡਾਕਟਰ ਕੇਜੇ ਸਿੰਘ ਵੱਲੋਂ ਆਮ ਆਦਮੀ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਨੂੰ ਜਿਤ 'ਤੇ ਵਧਾਈ ਦਿੱਤੀ।



# ਲੁਧਿਆਣਾ ਜ਼ਿਮਨੀ ਚੋਣ 'ਚ 'ਆਪ' ਦੀ ਹੋਈ ਇਤਿਹਾਸਕ ਜਿੱਤ: ਜੋਨੀ ਘੁਮਾਣ

ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ, 23 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਲੁਧਿਆਣਾ ਜ਼ਿਮਨੀ ਚੋਣ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਇਤਿਹਾਸਿਕ ਜਿੱਤ ਨੇ ਦਰਸਾ ਦਿੱਤਾ ਹੈ ਕਿ ਲੁਧਿਆਣਾ ਦੇ ਵੋਟਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ 'ਤੇ ਮੋਹਰ ਲਾਈ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਚੋਣਵੇਂ ਪੱਤਰਕਾਰਾਂ ਨਾਲ ਕਰਦਿਆਂ ਸੀਨੀਅਰ ਯੂਥ ਆਗੂ ਜੋਨੀ ਘੁਮਾਣ ਨੇ ਕਿਹਾ ਕਿ ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਦੀਆਂ ਲੋਕ ਪੱਖੀ ਨੀਤੀਆਂ ਤੋਂ ਹਰ ਵਰਗ ਦੇ ਲੋਕ ਖੁਸ਼ ਹਨ। ਉਨ੍ਹਾਂ ਆਖਿਆ ਕਿ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਲੁਧਿਆਣਾ ਦੇ ਵੋਟਰਾਂ ਨੇ ਕੋਈ ਅਹਿਮੀਅਤ ਨਹੀਂ ਦਿੱਤੀ। ਸਗੋਂ ਲੁਧਿਆਣਾ ਦੇ ਵੋਟਰਾਂ ਨੇ ਇਮਾਨਦਾਰ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਹੱਕ ਵਿੱਚ ਵੋਟਾਂ ਪਾਈਆਂ ਹਨ। ਉਨ੍ਹਾਂ ਆਖਿਆ ਕਿ ਭਗਵੰਤ ਮਾਨ ਸਰਕਾਰ ਨੇ ਪੰਜਾਬ ਦੇ ਮੁੱਦਿਆਂ ਨੂੰ ਮੁੱਖ ਰੱਖ ਕੇ ਪੰਜਾਬ ਦੇ ਪਾਣੀਆਂ ਅਤੇ ਪੰਜਾਬ ਦੇ ਲੋਕਾਂ ਦੀ ਗੱਲ ਕੀਤੀ ਹੈ। ਉਨ੍ਹਾਂ ਆਖਿਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਆਮ ਆਦਮੀ ਪਾਰਟੀ ਦੇ ਸਾਰੇ ਉਮੀਦਵਾਰ ਜਿੱਤ ਪ੍ਰਾਪਤ ਕਰਨਗੇ ਅਤੇ ਪੰਜਾਬ ਵਿਚ ਦੁਬਾਰਾ ਫਿਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ।



# ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਇਕਾਈ ਸ੍ਰੀ ਕੀਰਤਪੁਰ ਸਾਹਿਬ ਦੇ ਬੁੱਧ ਸਿੰਘ ਰਾਣਾ ਸਰਬਸੰਮਤੀ ਨਾਲ ਬਣੇ ਪ੍ਰਧਾਨ

ਸ੍ਰੀ ਕੀਰਤਪੁਰ ਸਾਹਿਬ, 23 ਜੂਨ (ਬੀ.ਐਸ. ਰਾਣਾ): ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਰਜਿ. ਜਲੰਧਰ ਵੱਲੋਂ ਸ੍ਰੀ ਕੀਰਤਪੁਰ ਸਾਹਿਬ ਇਕਾਈ ਦੀ ਚੋਣ ਕਰਵਾਈ ਗਈ, ਜਿਸ ਵਿੱਚ ਸਰਬਸੰਮਤੀ ਨਾਲ ਬੁੱਧ ਸਿੰਘ ਰਾਣਾ ਨੂੰ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਇਕਾਈ ਕੀਰਤਪੁਰ ਸਾਹਿਬ ਦਾ ਪ੍ਰਧਾਨ ਚੁਣਿਆ ਗਿਆ ਹੈ। ਇਹ ਚੋਣ ਸੂਬਾ ਪ੍ਰਧਾਨ ਰਣਤੀਰ ਸਿੰਘ ਫੱਗੂਵਾਲ ਤੇ ਆਲ ਇੰਡੀਆ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰਾ, ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਸੰਜੀਵ ਕੁਮਾਰ ਲੇਖੀ ਦੀ ਦੇਖਰੇਖ ਹੇਠ ਕਰਵਾਈ ਗਈ, ਇਸ ਮੌਕੇ ਚੋਣ ਦੇ ਲਈ ਚੇਅਰਮੈਨ ਨਿਯੁਕਤ ਕੀਤੇ ਗਏ ਪੰਕਜ ਸ਼ਰਮਾ ਵੱਲੋਂ ਬੁੱਧ ਸਿੰਘ ਰਾਣਾ ਦਾ ਨਾਮ ਪੇਸ਼ ਕੀਤਾ ਗਿਆ, ਜਿਸ ਦੇ ਲਈ ਸਾਰੇ ਫੋਟੋਗ੍ਰਾਫਰ ਭਰਾਵਾਂ ਵੱਲੋਂ ਸਹਿਮਤੀ ਪ੍ਰਗਟ ਕੀਤੀ ਗਈ। ਇਸ ਤੋਂ ਬਾਅਦ ਬਾਕੀ ਅਹੁਦੇਦਾਰ ਚੁਣਨ ਦਾ ਅਧਿਕਾਰ ਪ੍ਰਧਾਨ ਬੁੱਧ ਸਿੰਘ ਰਾਣਾ ਨੂੰ ਦਿੱਤਾ ਗਿਆ। ਜਿਨ੍ਹਾਂ ਵੱਲੋਂ ਸਰਬਸੰਮਤੀ ਨਾਲ ਪੰਕਜ ਕੁਮਾਰ ਨੂੰ ਜਨਰਲ ਸਕੱਤਰ, ਸੰਦੀਪ ਕੁਮਾਰ ਨੂੰ ਕੈਸ਼ੀਅਰ, ਪੰਕਜ ਸ਼ਰਮਾ ਨੂੰ ਸੀਨੀਅਰ ਮੀਤ ਪ੍ਰਧਾਨ ਸਰਬ ਸੰਮਤੀ ਨਾਲ ਨਿਯੁਕਤ ਕੀਤਾ ਗਿਆ। ਇਸ ਦੌਰਾਨ ਮਨਦੀਪ ਸਿੰਘ ਰਾਣਾ, ਧੀਰਜ ਕੁਮਾਰ, ਰਕੇਸ਼ ਕੁਮਾਰ, ਪਰਮਿੰਦਰ ਸਿੰਘ, ਮਨਪ੍ਰੀਤ ਸਹੋਤਾ ਆਦਿ ਨੂੰ ਮੈਂਬਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪੰਜਾਬ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਰਣਤੀਰ ਸਿੰਘ ਵੱਲੋਂ ਨਵੇਂ ਚੁਣੇ ਗਏ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੇ ਫੋਟੋਗ੍ਰਾਫਰ ਭਾਈਚਾਰੇ ਦੇ ਹੱਕਾਂ ਬਾਰੇ ਵੀ ਗੱਲਬਾਤ ਕੀਤੀ। ਇਸ ਮੌਕੇ ਆਲ ਇੰਡੀਆ ਫੋਟੋਗ੍ਰਾਫਰ ਐਸੋਸੀਏਸ਼ਨ ਦੇ ਪ੍ਰਧਾਨ ਗੁਰਨਾਮ ਸਿੰਘ ਸ਼ੇਰਪੁਰਾ ਵੱਲੋਂ ਫੋਟੋਗ੍ਰਾਫਰ ਵੀਰਾਂ ਨੂੰ ਫੋਟੋਗ੍ਰਾਫੀ ਦੇ ਨੁਕਤਿਆਂ ਬਾਰੇ ਵੀ ਦੱਸਿਆ ਗਿਆ ਤੇ ਸਾਰਿਆਂ ਨੂੰ ਇੱਕ ਦੂਜੇ ਨਾਲ ਆਪਸੀ ਭਾਈਚਾਰਕ ਸਾਂਝ ਦੇ ਤੌਰ 'ਤੇ ਕੰਮ ਕਰਨ ਲਈ ਉਤਸ਼ਾਹਿਤ ਕੀਤਾ ਗਿਆ।



# ਅੰਤਰਰਾਸ਼ਟਰੀ ਯੋਗ ਦਿਵਸ ਮੌਕੇ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਪਰਨੀਤ ਕੌਰ ਤੇ ਡਾ. ਅਮਿਤਾ ਸ਼ਰਮਾ ਸਨਮਾਨਤ

ਡੇਰਾ ਬਾਬਾ ਨਾਨਕ, 23 ਜੂਨ (ਹੈਪੀ ਕੋਟਲੀ): ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ 21 ਜੂਨ ਨੂੰ ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੈਂਡ ਪੋਰਟ ਅਥਾਰਿਟੀ ਦੇ ਸਹਿਯੋਗ ਨਾਲ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ, ਡੇਰਾ ਬਾਬਾ ਨਾਨਕ ਵਿਖੇ ਕਰਵਾਏ ਗਏ ਯੋਗਾ ਸਮਾਗਮ ਦੌਰਾਨ ਜ਼ਿਲ੍ਹਾ ਆਯੁਰਵੈਦਿਕ ਤੇ ਯੂਨਾਨੀ ਅਫ਼ਸਰ ਗੁਰਦਾਸਪੁਰ ਡਾ. ਪ੍ਰਦੀਪ ਸਿੰਘ ਦੇ ਪ੍ਰਬੰਧਾਂ ਹੇਠ ਆਯੁਰਵੈਦਿਕ ਮੈਡੀਕਲ ਅਫ਼ਸਰ ਡਾ. ਪਰਨੀਤ ਕੌਰ, ਡਾ. ਅਮਿਤਾ ਸ਼ਰਮਾ ਅਤੇ ਸੀ.ਐੱਮ. ਦੀ ਯੋਗਸ਼ਾਲਾ ਦੇ ਯੋਗਾ ਇਸਟਕਟਰ ਗੁਰਜੀਤ ਸਿੰਘ ਨੂੰ ਕੈਂਪ ਦੌਰਾਨ ਵਧੀਆ ਢੰਗ ਨਾਲ ਆਪਣੀਆਂ ਸੇਵਾਵਾਂ ਨਿਭਾਉਣ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਹੈ। ਅੰਤਰਰਾਸ਼ਟਰੀ ਯੋਗਾ ਦਿਵਸ ਮੌਕੇ ਆਯੁਰਵੈਦ ਤੇ ਯੂਨਾਨੀ ਵਿਭਾਗ ਵੱਲੋਂ ਡਾ. ਪਰਨੀਤ ਕੌਰ ਦੀ ਅਗਵਾਈ ਹੇਠ ਵਿਸ਼ੇਸ਼ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ 287 ਮਰੀਜ਼ਾਂ ਦਾ ਚੈੱਕਅਪ ਕਰ ਕੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ ਗਈਆਂ। ਲੋਕਾਂ ਵੱਲੋਂ ਇਸ ਆਯੁਰਵੈਦਿਕ ਮੈਡੀਕਲ ਕੈਂਪ ਦੀ ਭਰਪੂਰ ਸ਼ਲਾਘਾ ਕੀਤੀ ਗਈ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਾ. ਪਰਨੀਤ ਕੌਰ, ਡਾ. ਅਮਿਤਾ ਸ਼ਰਮਾ ਤੇ ਯੋਗਾ ਮਾਹਿਰ ਗੁਰਜੀਤ ਸਿੰਘ ਨੂੰ ਸਨਮਾਨਿਤ ਕਰਦਿਆਂ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਅਧਿਕਾਰੀਆਂ ਵੱਲੋਂ ਯੋਗਾ ਕੈਂਪ ਦੌਰਾਨ ਆਪਣੀਆਂ ਸੇਵਾਵਾਂ ਨੂੰ ਬਾਖ਼ੂਬੀ ਨਿਭਾ ਕੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਉੱਘਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਆਯੁਰਵੈਦਿਕ ਵਿਭਾਗ ਦੇ ਇਹ ਮੈਡੀਕਲ ਅਫ਼ਸਰ ਬਹੁਤ ਕਾਬਲ ਹਨ ਅਤੇ ਅਵਾਮ ਦੀ ਸੇਵਾ ਨੂੰ ਵਧੀਆ ਢੰਗ ਨਾਲ ਨਿਭਾ ਰਹੇ ਹਨ। ਇਸ ਮੌਕੇ ਆਯੁਰਵੈਦਿਕ ਵਿਭਾਗ ਵੱਲੋਂ ਪੁਨੀਤ ਕੁਮਾਰ, ਸੰਦੀਪ ਸਿੰਘ, ਰਾਜ ਕੁਮਾਰ, ਰੇਨੂ ਬਾਲਾ ਸਮੇਤ ਵਿਭਾਗ ਦਾ ਹੋਰ ਸਟਾਫ਼ ਵੀ ਹਾਜ਼ਰ ਸੀ।



# ਕਿਸਾਨ ਹਰਭਜਨ ਸਿੰਘ ਵੱਲੋਂ 3 ਏਕੜ ਰਕਬੇ 'ਚ ਬਿਜਾਈ ਕੀਤੀ ਮੱਕੀ ਦੀ ਫ਼ਸਲ ਦਾ ਖੇਤੀਬਾੜੀ ਵਿਭਾਗ ਦੀ ਟੀਮ ਨੇ ਲਿਆ ਜਾਇਜ਼ਾ



ਬਟਾਲਾ, 23 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ ਝੋਨੇ ਹੇਠੋਂ ਰਕਬਾ ਕੱਢ ਕੇ ਮੱਕੀ ਹੇਠ ਲਿਆਉਣ ਲਈ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਤਹਿਤ 2000 ਹੈਕਟੇਅਰ ਰਕਬੇ ਵਿਚ ਸਾਉਣੀ ਦੀ ਮੱਕੀ ਦੀ ਕਾਸ਼ਤ ਕਰਵਾਈ ਜਾਵੇਗੀ ਤੇ ਇਸ ਟੀਚੇ ਦੀ ਪ੍ਰਾਪਤੀ ਲਈ ਕਿਸਾਨਾਂ ਨੂੰ ਸਹਿਯੋਗ ਦੇਣਾ ਚਾਹੀਦੈ। ਬਲਾਕ ਸ੍ਰੀ ਹਰਗੋਬਿੰਦਪੁਰ ਦੇ ਪਿੰਡ ਭਾਮ ਵਿਚ ਕਿਸਾਨ ਹਰਭਜਨ ਸਿੰਘ ਵਲੋਂ 3 ਏਕੜ ਰਕਬੇ ਵਿੱਚ ਬਿਜਾਈ ਕੀਤੀ ਮੱਕੀ ਦੀ ਫ਼ਸਲ ਜਾਇਜ਼ਾ ਲੈਣ ਸਮੇਂ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਮੁੱਖ ਖੇਤੀਬਾੜੀ ਅਫ਼ਸਰ ਨੇ ਗੱਲਬਾਤ ਕਰਦਿਆਂ ਕਹੇ। ਜ਼ਿਲ੍ਹਾ ਗੁਰਦਾਸਪੁਰ ਵਿਚ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਪਾਇਲਟ ਪ੍ਰੋਜੈਕਟ ਬਾਰੇ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਨੇ ਦੱਸਿਆ ਕਿ ਝੋਨੇ ਦੀ ਕਾਸ਼ਤ ਕਰਨ ਨਾਲ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾ ਰਿਹਾ ਹੈ, ਜਿਸ ਕਾਰਨ ਭਵਿੱਖ ਵਿਚ ਖੇਤੀ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੱਕੀ ਦੀ ਕਾਸ਼ਤ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਗੁਰਦਾਸਪੁਰ ਵਿਚ 2000 ਹੈਕਟੇਅਰ ਰਕਬੇ ਵਿੱਚ ਮੱਕੀ ਦੀ ਕਾਸ਼ਤ ਹੇਠਾਂ ਲਿਆਉਣ ਲਈ ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਤਹਿਤ ਜੋ ਕਿਸਾਨ ਝੋਨੇ ਦੀ ਖੇਤੀ ਕਰਨ ਦੀ ਬਜਾਏ ਸਾਉਣੀ ਰੁੱਤ ਵਾਲੀ ਮੱਕੀ ਦੀ ਕਾਸ਼ਤ ਕਰੇਗਾ,ਉਨ੍ਹਾਂ ਨੂੰ ਪ੍ਰਤੀ ਹੈਕ. 17500/- ਰੁਪਏ ਬਤੌਰ ਪ੍ਰੋਤਸਾਹਨ ਰਾਸ਼ੀ ਵਜੋਂ ਸਿੱਧੇ ਬੈਂਕ ਖਾਤਿਆਂ ਵਿਚ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਜੋ ਕਿਸਾਨ ਬਹਾਰ ਰੁੱਤੇ ਬੀਜੀ ਮੱਕੀ ਦੀ ਕਟਾਈ ਕਰ ਰਹੇ ਹਨ, ਉਹ ਝੋਨਾ ਲਾਉਣ ਦੀ ਬਜਾਏ ਸਾਉਣੀ ਰੁੱਤ ਦੀ ਮੱਕੀ ਦੀ ਬਿਜਾਈ ਕਰਨੀ ਚਾਹੀਦੀ ਹੈ ਅਤੇ ਜੂਨ ਮਹੀਨੇ ਦੇ ਅਖੀਰ ਤੱਕ ਮੱਕੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਉਨ੍ਹਾਂ ਨੇ ਦੱਸਿਆ ਕਿ ਇਸ ਵਾਰ ਪੰਜਾਬ ਸਰਕਾਰ ਵਲੋਂ ਮੱਕੀ ਦੀ ਖਰੀਦ ਦੇ ਪ੍ਰਬੰਧ ਕੀਤੇ ਜਾ ਰਹੇ ਹਨ ਅਤੇ ਮੱਕੀ ਦੀ ਖਰੀਦ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਮੱਕੀ ਦੀ ਖ਼ਰੀਦ ਘੱਟੋ ਘੱਟ ਸਮਰਥਨ ਮੁੱਲ 'ਤੇ ਕਰਨ ਨੂੰ ਯਕੀਨੀ ਬਣਾਵੇਗੀ। ਇਸ ਮੌਕੇ ਮਨਪ੍ਰੀਤ ਸਿੰਘ ਖੇਤੀਬਾੜੀ ਵਿਸਤਾਰ ਅਫਸਰ ਤੋਂ ਇਲਾਵਾ ਨਰਿੰਦਰ ਸਿੰਘ, ਹਰਦੀਪ ਸਿੰਘ, ਧਨਵੰਤ ਸਿੰਘ, ਸੁਖਵਿੰਦਰ ਸਿੰਘ ਅਤੇ ਅੰਮ੍ਰਿਤ ਪਾਲ ਸਿੰਘ ਸਮੇਤ ਕਿਸਾਨ ਹਾਜ਼ਰ ਸਨ।

# ਬਾਲੀ ਜਠੇਰਿਆਂ ਦਾ ਮੇਲਾ ਸ਼ਰਧਾ ਨਾਲ ਮਨਾਇਆ



ਨਵਾਂਸ਼ਹਿਰ, 23 ਜੂਨ (ਸੁਖਦੇਵ ਸਿੰਘ ਉੜਾਪੜ): ਪਿੰਡ ਮੁਜੱਫਰਪੁਰ ਵਿਖੇ ਬਾਲੀ ਜਠੇਰਿਆਂ ਦਾ ਮੇਲਾ ਬੜੀ ਸ਼ਰਧਾ ਨਾਲ ਮਨਾਇਆ ਗਿਆ। ਨਿਸ਼ਾਨ ਸਾਹਿਬ ਦੀ ਰਸਮ ਤੋਂ ਬਾਅਦ ਖੁੱਲ੍ਹੇ ਪੰਡਾਲ ਵਿੱਚ ਲਗਾਈ ਸਟੇਜ 'ਤੇ ਦਿਲਵਰ ਜੀਤ ਦਿਲਵਰ ਜੈਸਮੀਨ ਖਾਨ, ਹਰਦੇਵ ਚਾਹਲ, ਲਖਵਿੰਦਰ ਲੱਖਾ ਚਰਾਣ, ਵਾਸਦੇਵ ਪਰਦੇਸੀ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸਭਿਆਚਾਰ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਮੇਟੀ ਦੇ ਜਰਨਲ ਸਕੱਤਰ ਦੇਸ ਰਾਜ ਬਾਲੀ ਨੇ ਕਿਹਾ ਕਿ ਸਾਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਅੱਜ ਭਾਵੇਂ ਅਸੀਂ ਆਪਣੇ ਰੁਖ਼ਸਤ ਹੋ ਚੁੱਕੇ ਬਜ਼ੁਰਗਾਂ ਦੇ ਸਤਿਕਾਰ ਵਿੱਚ ਉਹਨਾਂ ਨੂੰ ਨਤਮਸਤਕ ਹੋ ਰਹੇ ਹਾਂ ਪ੍ਰੰਤੂ ਸਾਨੂੰ ਆਪਣੇ ਘਰਾਂ ਵਿੱਚ ਬੈਠੇ ਸਤਿਕਾਰਯੋਗ ਬਜ਼ੁਰਗਾਂ ਦੀ ਸੇਵਾ ਕਰਨੀ ਚਾਹੀਦੀ ਹੈ। ਉਹਨਾਂ ਭਵਿੱਖ ਦੇ ਮੇਲਿਆਂ ਵਿੱਚ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਨੂੰ ਸਿਲਾਈ ਮਸ਼ੀਨਾਂ ਦੇਣ ਦੇ ਪ੍ਰੋਜੈਕਟ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਲੜਕੀਆਂ ਨੂੰ ਸਵੈ ਰੋਜ਼ਗਾਰ ਜੋੜਨ ਲਈ ਇਹ ਉਪਰਾਲਾ ਕੀਤਾ ਗਿਆ ਹੈ। ਇਸ ਮੌਕੇ ਕਮੇਟੀ ਪ੍ਰਧਾਨ ਪ੍ਰਿਥਵੀ ਚੰਦ ਬਾਲੀ, ਦੇਸ ਰਾਜ ਬਾਲੀ ਜਨਰਲ ਸਕੱਤਰ, ਸਰਦਾਰਾ ਸਿੰਘ ਰਾਮਰਾਏ ਪੁਰ, ਜਸਪਾਲ ਗੋਹਲੜੋਂ, ਰਾਜ ਨਵਾਂਸ਼ਹਿਰ, ਦਵਿੰਦਰ ਕੁਮਾਰ, ਜਗਦੀਸ਼ ਰਾਏ ਬਾਲੀ, ਸੰਤ ਸੇਵਾ ਦਾਸ ਮੁੱਖ ਗ੍ਰੰਥੀ ਗੁਰੂ ਰਵਿਦਾਸ ਮੰਦਰ ਨਵਾਂਸ਼ਹਿਰ, ਬਖਸ਼ੀਸ਼ ਸਿੰਘ, ਰਾਮਜੀ ਦਾਸ, ਸੀਤਲ ਕੁਮਾਰ, ਪਰਮਜੀਤ ਸਿੰਘ ਗੋਹਲੜੋਂ ਆਦਿ ਹਾਜ਼ਰ ਸਨ।

# ਲੁਧਿਆਣਾ ਪੱਛਮੀ 'ਚ ਮਾਨ ਸਰਕਾਰ ਦੀਆਂ ਲੋਕਪੱਖੀ ਤੇ ਵਿਕਾਸ ਪੱਖੀ ਨੀਤੀਆਂ 'ਤੇ ਮੋਹਰ ਦੇ ਨਾਲ 'ਆਪ' ਦੀ ਜਿੱਤ ਹੋਈ : ਰਮਨ ਬਹਿਲ

ਗੁਰਦਾਸਪੁਰ, 23 ਜੂਨ (ਜਗੀਰ ਸਿੰਘ ਮੰਡ/ਸੁਰਿੰਦਰ ਸਿੰਘ ਬਸਰਾ): ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਰਿਕਾਰਡ ਜਿੱਤ ਦਰਜ ਕਰਕੇ ਇੱਕ ਵਾਰ ਫਿਰ ਸੂਬੇ ਵਿੱਚ ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਕੀਤਾ ਹੈ। ਆਮ ਆਦਮੀ ਪਾਰਟੀ ਦੀ ਇਹ ਜਿੱਤ ਮਾਨ ਸਰਕਾਰ ਦੀਆਂ ਲੋਕ ਪੱਖੀ ਤੇ ਵਿਕਾਸ ਪੱਖੀ ਨੀਤੀਆਂ ਉੱਪਰ ਮੋਹਰ ਦੇ ਨਾਲ ਆਮ ਆਦਮੀ ਦੀ ਜਿੱਤ ਹੈ। ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਅੱਜ ਗੁਰਦਾਸਪੁਰ ਵਿਖੇ ਆਪਣੇ ਨਿਵਾਸ ਸਥਾਨ 'ਤੇ ਪਾਰਟੀ ਵਰਕਰਾਂ ਨਾਲ ਜਿੱਤ ਦੀਆਂ ਖ਼ੁਸ਼ੀਆਂ ਮਨਾਉਣ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਇਹ ਚੋਣ ਜਿੱਤਣ ਨਾਲ ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤ ਲਿਆ ਹੈ ਤੇ 2027 ਵਿੱਚ ਆਪ ਫਾਈਨਲ ਜਿੱਤ ਕੇ ਇੱਕ ਵਾਰ ਫਿਰ ਸੂਬੇ ਵਿੱਚ ਆਪਣੀ ਸਰਕਾਰ ਬਣਾਏਗੀ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨੂੰ ਵੱਡੀਆਂ ਸਹੂਲਤਾਂ ਦੇ ਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਭਰਪੂਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਣ ਤੋਂ ਇਲਾਵਾ ਜ਼ੀਰੋ ਬਿਜਲੀ ਬਿੱਲ ਦੀ ਸਹੂਲਤ, ਸਿਹਤ ਕ੍ਰਾਂਤੀ ਤਹਿਤ ਮਿਆਰੀ ਸਿਹਤ ਸੇਵਾਵਾਂ ਦੇਣਾ, ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਸਮੇਤ ਹਰ ਵਰਗ ਦੀ ਬਿਹਤਰੀ ਲਈ ਕੰਮ ਕਰਨ ਦੇ ਨਾਲ ਸੂਬੇ ਦੇ ਸਰਬਪੱਖੀ ਵਿਕਾਸ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਸ ਤੋਂ ਅਵਾਮ ਪੂਰੀ ਤਰਾਂ ਖ਼ੁਸ਼ ਅਤੇ ਸੰਤੁਸ਼ਟ ਹੈ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਇਹ ਜਿੱਤ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕ ਸੇਵਾ ਕਰਨ ਲਈ ਹੋਰ ਬਲ ਤੇ ਹਿੰਮਤ ਦੇਵੇਗੀ। ਇਸੇ ਦੌਰਾਨ ਗੁਰਦਾਸਪੁਰ ਵਿਖੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਵੱਲੋਂ ਢੋਲ ਦੀ ਥਾਪ 'ਤੇ ਭੰਗੜੇ ਪਾ ਕੇ ਤੇ ਲੱਡੂ ਵੰਡ ਕੇ ਜਿੱਤ ਦੇ ਜਸ਼ਨ ਮਨਾਏ ਗਏ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਟਰੱਸਟੀ ਰਘੁਬੀਰ ਸਿੰਘ, ਟਰੱਸਟੀ ਹਿਤੇਸ਼ ਮਹਾਜਨ, ਬਲਾਕ ਪ੍ਰਧਾਨ ਗਗਨ ਮਹਾਜਨ, ਵਪਾਰ ਮੰਡਲ ਦੇ ਪ੍ਰਧਾਨ ਅਸ਼ੋਕ ਮਹਾਜਨ, ਬਲਵਿੰਦਰ ਸਿੰਘ ਐੱਮ.ਸੀ., ਯੋਗੇਸ਼ ਸ਼ਰਮਾ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਤੇ ਪਾਰਟੀ ਦੇ ਵਰਕਰ ਹਾਜ਼ਰ ਸਨ।



# ਕੀਰਤਪੁਰ-ਮਨਾਲੀ ਚਾਰ-ਮਾਰਗੀ ਹਾਈਵੇਅ 'ਤੇ ਸੁਰੰਗ ਪ੍ਰੋਜੈਕਟ ਸਰਕਾਰ ਦੀ ਮਨਜ਼ੂਰੀ ਦੀ ਉਡੀਕ 'ਚ

ਮੰਡੀ, 23 ਜੂਨ : (ਚ.ਨ.ਸ) ਕੀਰਤਪੁਰ-ਮਨਾਲੀ ਚਾਰ-ਮਾਰਗੀ ਹਾਈਵੇਅ 'ਤੇ ਮੰਡੀ ਅਤੇ ਪੰਡੋਹ ਵਿਚਕਾਰ ਦੋ ਕਿਲੋਮੀਟਰ ਸੁਰੰਗ ਦਾ ਬਹੁਤ ਜ਼ਰੂਰੀ ਨਿਰਮਾਣ ਅਜੇ ਵੀ ਲਟਕਿਆ ਹੋਇਆ ਹੈ ਕਿਉਂਕਿ ਅਧਿਕਾਰੀ ਦਿੱਲੀ ਦੇ ਉੱਚ ਦਫਤਰਾਂ ਤੋਂ ਹਰੀ ਝੰਡੀ ਦੀ ਉਡੀਕ ਕਰ ਰਹੇ ਹਨ। ਇਹ ਪ੍ਰੋਜੈਕਟ, ਜੋ ਕਿ 2023 ਦੇ ਵਿਨਾਸ਼ਕਾਰੀ ਹੜ੍ਹਾਂ ਤੋਂ ਬਾਅਦ ਮਹੱਤਵਪੂਰਨ ਬਣ ਗਿਆ ਹੈ, ਨੂੰ ਖੇਤਰ ਵਿੱਚ ਲਗਾਤਾਰ ਜ਼ਮੀਨ ਖਿਸਕਣ ਦੇ ਜੋਖਮਾਂ ਅਤੇ ਹਾਈਵੇਅ ਰੁਕਾਵਟਾਂ ਦੇ ਸਥਾਈ ਹੱਲ ਵਜੋਂ ਦੇਖਿਆ ਜਾ ਰਿਹਾ ਹੈ। ਮੰਡੀ ਅਤੇ ਪੰਡੋਹ ਵਿਚਕਾਰ 18 ਕਿਲੋਮੀਟਰ ਦੇ ਹਿੱਸੇ - ਜੋ ਕਿ ਕੀਰਤਪੁਰ ਨੂੰ ਮਨਾਲੀ ਨਾਲ ਜੋੜਨ ਵਾਲੇ ਮਹੱਤਵਪੂਰਨ ਰਾਸ਼ਟਰੀ ਰਾਜਮਾਰਗ ਦਾ ਹਿੱਸਾ ਹੈ - ਨੂੰ 2023 ਦੇ ਬਰਸਾਤੀ ਮੌਸਮ ਦੌਰਾਨ ਭਾਰੀ ਨੁਕਸਾਨ ਹੋਇਆ। ਲੰਬੇ ਸਮੇਂ ਤੱਕ ਨਾਕਾਬੰਦੀ ਅਤੇ ਆਵਾਜਾਈ ਵਿੱਚ ਵਿਘਨ ਨੇ ਖੇਤਰ ਦੀਆਂ ਭੂਗੋਲਿਕ ਕਮਜ਼ੋਰੀਆਂ ਵੱਲ ਧਿਆਨ ਦਿਵਾਇਆ, ਜੋ ਕਿ ਡੂੰਘੀਆਂ ਪਹਾੜੀਆਂ ਨੂੰ ਕੱਟਣ ਵਾਲੇ ਨਿਰਮਾਣ ਤਰੀਕਿਆਂ ਦੁਆਰਾ ਵਿਗੜ ਗਈਆਂ ਹਨ।

ਚੁਣੌਤੀਪੂਰਨ ਭੂਮੀ ਅਤੇ ਵਾਰ-ਵਾਰ ਜ਼ਮੀਨ ਖਿਸਕਣ ਦੇ ਜਵਾਬ ਵਿੱਚ, ਭਾਰਤੀ ਰਾਸ਼ਟਰੀ ਰਾਜਮਾਰਗ ਅਥਾਰਟੀ (©819) ਨੇ ਮੰਡੀ ਦੇ ਨੇੜੇ 4-7 ਮੀਲ ਦੇ ਹਿੱਸੇ ਦੇ ਅੰਦਰ ਇੱਕ ਸਿੰਗਲ-ਟਿਊਬ, ਡਬਲ-ਲੇਨ ਸੁਰੰਗ ਬਣਾਉਣ ਦਾ ਪ੍ਰਸਤਾਵ ਰੱਖਿਆ। ਇੱਕ ਵਿਸਤ੍ਰਿਤ ਸਰਵੇਖਣ ਕੀਤਾ ਗਿਆ ਸੀ, ਅਤੇ ਇੱਕ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ (ਡੀਪੀਆਰ) ਕੇਂਦਰੀ ਅਧਿਕਾਰੀਆਂ ਨੂੰ ਪ੍ਰਵਾਨਗੀ ਲਈ ਸੌਂਪੀ ਗਈ ਸੀ। ਇਸ ਮਾਮਲੇ 'ਤੇ ਬੋਲਦੇ ਹੋਏ, ਕੀਰਤਪੁਰ-ਮਨਾਲੀ ਚਾਰ-ਮਾਰਗੀ ਪ੍ਰੋਜੈਕਟ ਦੇ ਪ੍ਰੋਜੈਕਟ ਡਾਇਰੈਕਟਰ ਵਰੁਣ ਚਾਰੀ ਨੇ ਕਿਹਾ: ÷ਅਸੀਂ ਪਹਿਲਾਂ ਹੀ ਦਿੱਲੀ ਦੇ ਉੱਚ ਅਧਿਕਾਰੀਆਂ ਨੂੰ ਡੀਪੀਆਰ ਸੌਂਪ ਦਿੱਤਾ ਹੈ, ਪਰ ਅੰਤਿਮ ਪ੍ਰਵਾਨਗੀ ਦੀ ਅਜੇ ਉਡੀਕ ਹੈ। ਇੱਕ ਵਾਰ ਜਦੋਂ ਸਾਨੂੰ ਪ੍ਰਵਾਨਗੀ ਮਿਲ ਜਾਂਦੀ ਹੈ, ਤਾਂ ਸੁਰੰਗ ਦਾ ਨਿਰਮਾਣ ਬਿਨਾਂ ਕਿਸੇ ਦੇਰੀ ਦੇ ਸ਼ੁਰੂ ਹੋ ਜਾਵੇਗਾ।÷ ਇਸ ਖਾਸ ਤੌਰ 'ਤੇ ਖ਼ਤਰਨਾਕ ਹਿੱਸੇ ਵਿੱਚ ਜ਼ਮੀਨ ਖਿਸਕਣ ਦੇ ਜੋਖਮਾਂ ਨੂੰ ਘਟਾ ਕੇ, ਖਾਸ ਕਰਕੇ ਮਾਨਸੂਨ ਦੇ ਮੌਸਮ ਦੌਰਾਨ, ਜਦੋਂ ਡੂੰਘੀਆਂ ਪਹਾੜੀ ਕੱਟੀਆਂ ਅਸਥਿਰ ਹੋ ਜਾਂਦੀਆਂ ਹਨ ਅਤੇ ਜਾਨਲੇਵਾ ਖ਼ਤਰੇ




ਪੈਦਾ ਕਰਦੀਆਂ ਹਨ, ਸੁਰੰਗ ਯਾਤਰੀਆਂ ਦੀ ਸੁਰੱਖਿਆ ਵਿੱਚ ਕਾਫ਼ੀ ਵਾਧਾ ਕਰਨ ਦੀ ਉਮੀਦ ਹੈ। ਇਸ ਭਾਗ ਵਿੱਚ ਬਰਸਾਤ ਦੇ ਮੌਸਮ ਦੌਰਾਨ ਜ਼ਮੀਨ ਖਿਸਕਣ ਦਾ ਇੱਕ ਆਵਰਤੀ ਮੁੱਦਾ ਬਣਿਆ ਰਹਿੰਦਾ ਹੈ, ਜੋ ਅਕਸਰ ਹਿਮਾਚਲ ਪ੍ਰਦੇਸ਼ ਦੇ ਸਭ ਤੋਂ ਮਹੱਤਵਪੂਰਨ ਸੈਲਾਨੀ ਅਤੇ ਆਵਾਜਾਈ ਗਲਿਆਰਿਆਂ ਵਿੱਚੋਂ ਇੱਕ ਤੱਕ ਪਹੁੰਚ ਨੂੰ ਕੱਟਦਾ ਹੈ। ਪ੍ਰਸਤਾਵਿਤ ਸੁਰੰਗ ਨੂੰ ਨਾ ਸਿਰਫ਼ ਸੁਰੱਖਿਅਤ ਯਾਤਰਾ ਲਈ, ਸਗੋਂ ਮਨਾਲੀ, ਲਾਹੌਲ-ਸਪੀਤੀ ਅਤੇ ਇਸ ਤੋਂ ਬਾਹਰ ਨਿਰਵਿਘਨ ਸੰਪਰਕ ਨੂੰ ਯਕੀਨੀ ਬਣਾਉਣ ਲਈ ਇੱਕ ਲੰਬੇ ਸਮੇਂ ਦੇ ਹੱਲ ਵਜੋਂ ਦੇਖਿਆ ਜਾਂਦਾ ਹੈ। ਸਥਾਨਕ ਲੋਕਾਂ ਅਤੇ ਹਿੱਸੇਦਾਰਾਂ ਨੇ ਉਮੀਦ ਪ੍ਰਗਟ ਕੀਤੀ ਹੈ ਕਿ ਕੇਂਦਰ ਸਰਕਾਰ ਕੀਰਤਪੁਰ-ਮਨਾਲੀ ਹਾਈਵੇਅ ਦੀ ਰਣਨੀਤਕ ਅਤੇ ਆਰਥਿਕ ਮਹੱਤਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰਵਾਨਗੀ 'ਤੇ ਤੇਜ਼ੀ ਨਾਲ ਕਾਰਵਾਈ ਕਰੇਗੀ।

# ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਵੱਲੋਂ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਕੀਤੀਆਂ ਪ੍ਰਸ਼ਾਸਨਿਕ ਤਿਆਰੀਆਂ ਦਾ ਜਾਇਜ਼ਾ




ਫ਼ਤਹਿਗੜ੍ਹ ਸਾਹਿਬ, 23 ਜੂਨ: (ਹਰਪ੍ਰੀਤ ਕੌਰ ਟਿਵਾਣਾ) ਪਟਿਆਲਾ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਅੱਜ ਜਿ ?ਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਸਮੇਤ ਹੋਰਨਾਂ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਦਿਆਂ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਬਾਰੇ ਜਾਇਜ਼ਾ ਲਿਆ।ਡਵੀਜ਼ਨਲ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਕੀਤੀ ਅਤੇ ਲੋਕਾਂ ਨਾਲ ਨਿਰੰਤਰ ਤਾਲਮੇਲ ਰੱਖਣ ਲਈ ਪ੍ਰੇਰਿਆ। ਸ਼੍ਰੀ ਬੁਬਲਾਨੀ ਨੇ ਕਿਹਾ ਕਿ ਜਿਹੜੇ ਇਲਾਕਿਆਂ ਵਿੱਚ ਪਿਛਲੇ ਵਰਿ ?ਹਆਂ ਦੌਰਾਨ ਹੜ੍ਹਾਂ ਦਾ ਪਾਣੀ ਆਇਆ ਸੀ ਉਥੇ ਵਧੇਰੇ ਧਿਆਨ ਰੱਖਿਆ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਵਿਭਾਗੀ ਤਾਲਮੇਲ ਪੱਖੋਂ ਕਿਸੇ ਪੱਧਰ *ਤੇ ਕੋਈ ਕਮੀ ਨਾ ਛੱਡੀ ਜਾਵੇ।

ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਹ ਪਟਿਆਲਾ ਡਵੀਜ਼ਨ ਅਧੀਨ ਆਉਂਦੇ ਜਿ ?ਲਿ ?ਹਆਂ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ ਅਤੇ ਇਸੇ ਉਦੇਸ਼ ਨਾਲ ਪ੍ਰਸ਼ਾਸਨ ਨਾਲ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਜੋ ਭਾਰੀ ਬਰਸਾਤ ਤੋਂ ਪਹਿਲਾਂ ਹੀ ਹਰ ਲੋੜੀਂਦੇ ਪ੍ਰਬੰਧ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਡਰੇਨਾਂ, ਨਦੀ ਨਾਲਿਆਂ, ਸੂਇਆਂ ਦੀ ਸਾਫ ਸਫਾਈ ਵਿੱਚ ਬੇਲੋੜੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਸਬ ਡਵੀਜ਼ਨਾਂ ਵਿੱਚ ਹੜ੍ਹ ਸੰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਜਾਵੇ ਤੇ ਸਥਾਨਕ ਨਿਵਾਸੀਆਂ ਨਾਲ ਪਰਸਪਰ ਤਾਲਮੇਲ ਰੱਖਿਆ ਜਾਵੇ। ਉਨ੍ਹਾਂ ਨੇ ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜਸਾਧਕ ਅਫ਼ਸਰਾਂ ਨੂੰ ਸੀਵਰੇਜ ਤੇ ਨਿਕਾਸੀ ਨਾਲਿਆਂ ਦੀ ਨਿਯਮਤ ਸਫਾਈ ਕਰਦੇ ਰਹਿਣ ਦੇ ਆਦੇਸ਼ ਵੀ ਦਿੱਤੇ। ਡਵੀਜ਼ਨਲ ਕਮਿਸ਼ਨਰ ਨੇ ਹੜ੍ਹਾਂ ਤੋਂ ਬਚਾਅ ਲਈ ਵੱਖ-ਵੱਖ ਵਿਭਾਗਾਂ ਦੁਆਰਾ ਕੀਤੇ ਪ੍ਰਬੰਧਾਂ ਬਾਰੇ ਵੀ ਚਰਚਾ ਕੀਤੀ।

ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਪ੍ਰਸ਼ਾਸਨਿਕ ਪੱਧਰ *ਤੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ ਅਤੇ ਜਿ ?ਲ੍ਹਾ ਪੱਧਰ *ਤੇ ਅਤੇ ਸਬ ਡਵੀਜ਼ਨ ਪੱਧਰ *ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਉਤੇ 24ਙ7 ਸਟਾਫ਼ ਦੀ ਤਾਇਨਾਤੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨਿਕ ਪੱਧਰ *ਤੇ ਵੱਖ ਵੱਖ ਵਿਭਾਗਾਂ ਨਾਲ ਨਿਰੰਤਰ ਮੀਟਿੰਗਾਂ ਕਰਕੇ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਹਰ ਪੱਖੋਂ ਪੂਰੀ ਚੌਕਸੀ ਰੱਖੀ ਜਾ ਰਹੀ ਹੈ।

ਮੀਟਿੰਗ ਤੋਂ ਪਹਿਲਾਂ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੂੰ ਜਿ ?ਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ *ਤੇ ਨਿੱਘਾ ਸਵਾਗਤ ਕਰਦਿਆਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਸੁਰਿੰਦਰ ਸਿੰਘ ਧਾਲੀਵਾਲ, ਐਸ.ਪੀ ਹਰਵੰਤ ਕੌਰ, ਐਸ.ਡੀ.ਐਮ ਅਰਵਿੰਦ ਕੁਮਾਰ ਗੁਪਤਾ, ਐਸ.ਡੀ.ਐਮ ਬਸੀ ਪਠਾਣਾ ਹਰਵੀਰ ਕੌਰ, ਐਸ.ਡੀ.ਐਮ ਖਮਾਣੋਂ ਮਨਰੀਤ ਰਾਣਾ, ਜ਼ਿਲ੍ਹਾ ਮਾਲ ਅਫਸਰ ਕਰੁਣ ਗੁਪਤਾ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਸਿਰਲੇਖਵਾਰ ਇਸ਼ਤਿਹਾਰ/Classified Advertisements

(U/o 5 Rule 20 CPC)
**In the Court of Sh. Inderjeet Singh Additional Civil Judge (Sr. Div)-Bathinda**
CNR No.PBBT02-000566-2021
Next Date:15.07.2025
Punjab National Bank
Versus
Kiran Garg
Notice to: Kiran Garg W/o Sh. Krishan Kumar Garg, R/o H.NO. 217, Housefed Colony, Dabwali Road, Bathinda.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on 15.07.2025 at 10:00 A.M.
For details logon to https://highcourtchd.gov.in/?mod=district_notice&district=Bathinda
Dated, this day of 17-06-2025
**Sd/- Additional Civil Judge (Sr. Div)-Bathinda**

(U/o 5 Rule 20 CPC)
**In the Court of Ms. Neha Goel Civil Judge (Senior Division), Ferozepur**
CNR No. PBFZ02-001921-2025
Next Date:-01-08-2025
Succ/11/2025
Veena Rani
Versus
General Public
Notice to: General Public
In above titled the case the defendant(s)/respondent(s) could not be served. It is ordered that defendant(s)/respondent(s) should appear in person or through counsel on 01.08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 18-06-2025
**Sd/- Civil Judge (Senior Division0, Ferozepur**

(U/o 5 Rule 20 CPC)
**In the Court of Sh. Avtar Singh Barda Additional District and Sessions Judge -4, Patiala**
CNR No. PBPT01-004487-2024
Next Date:-06-08-2025
CM-132-2024
Ashwani Kumar
Versus
State of Punjab Through its Secretary Revenue, Revenue Department
Notice to: State of Punjab Through it Secretary Revenue, Revenue Department, Punjab, Chandigarh 2. The Secretary Revenue, Revenue Department, Punjab Secretariat, Chandigarh 3. The Deputy Commissioner/District Collector, Patiala, Distt. Patiala
In above titled case the defendant(s)/respondent(s) could not be served. Publication be effected on or before 18.06.2025 It is ordered that defendant(s)/respondent(s) should appear in person or through counsel on 06.08.2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 04-06-2025
**Sd/-Additional District and Sessions Judge -4, Patiala**

(U/o 5 Rule 20 CPC)
**In the Court of Sh. Jagmeet Singh Additional Civil Judge (Senior Division), Rupnagar**
CNR No. PBRO02-000067-2022
Next Date: 06.08.2025
EXE/7/2022
Punjab and Sind Bank
Versus
Tarsem cloth House
Notice to: 1. M/s Tarsem Cloth House through its sole proprietor Tarsem Singh S/o Sajjan Singh 2. Tarsem Singh S/o Sajjan Singh 5. Gupreet Kaur W/o Tarsem Singh all rs/o Village Khawaspura P.O Malikpur, Tehsil and District Rupnagar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 06.08.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 06-06-2025
**Sd/- Additional Civil Judge (Senior Division), Rupnagar**

(U/o 5 Rule 20 CPC)
**In the Court of Sh. Sumit Bhalla Additional Principal Judge Family Court, Camp Court Batala**
CNR No. PBGDF2-000707-2023
Next Date: 06.08.2025
MNT125/129/2023
1. Megha Sharma Wife of Ajay Kumar Sharma And Daughter of Sh. Ramesh Chander Pathak.
2. Bhavin Sharma Aged About 13 years Son of Megha Sharma and Ajay Kumar Sharma Both R/H.NO. 50, new Dharmapura Colony, Near Sekhri Gass Service, Outside Pahari Gate Batala.
Notice to: Ajay Kumar Sharma Son of sh. Tejinder Kumar Sharma C/o Jinde D1 Hatt/sharma Kiryana Store, Batala Road, Mehta chonk, Mehta Tehsil Baba Bakala
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 06.08.2025 at 10:00 A.M.
For details logon to https://highcourtchd.gov.in/?trs=district_notice&district=Gurdaspur
Dated, this day of 04-04-2025
**Sd/- Additional Principal Judge Family Court, Camp Court Batala**

(U/o 5 Rule 20 CPC)
**In the Court of Ms. Vishavjyoti Civil Judge Jr. Division-2, Sri Anandpur Sahib**
CNR No. PBROA0-000443-2024
Next Date: 29.07.2025
Bachni Wife of Kalu Son Budhu R/o Village Baloli Sri Anandpur Sahib Tehsil Sri Anandpur Sahib Distt. Rupnagar
Versus
Jagir Singh Son of Hari Singh R/o Village Baloli Sri Anandpur Sahib Tehsil Sri Anandpur Sahib Distt. Rupnagar
Petition u/s
Notice to: 1. Yashwinder Singh Son of chuhar Singh (2) 2. Bikramjit Singh Son of Chuhar Singh (3) Both R/o Village Baloli Sri Anandpur sahib Tehsil Sri Anandpur Sahib Distt. Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 29.07.2025 at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 20-06-2025
**Sd/- Civil Judge Jr. Division-2, Sri Anandpur Sahib**

(U/o 5 Rule 20 CPC)
**In the Court of Ms. Aarti Sharma Judicial Magistrate - Ist Class, Mukerian**
CNR No. PBHOC1-001045-2024
Next Date: 04.08.2025
NACT/121/2024
Rumana Bhandari Wife of Amnish Bhandari, Resident of Adarsh Nagar, Gali NO. 1 Talwara, Tehsil Mukerian, District Hoshiarpur.
............... Complainant
Versus
Vijay Kumar Son of Hans Raj R/o Village Bhermar Khas, Tehsil Jawali, District Kangra (H.P)-176021
Notice to: Vijay Kumar Son of Hans Raj R/o Village Bhermar Khas, Tehsil Jawali, District Kangra (H.P)-176021
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 04.08.2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 26-05-2025
**Sd/- Judicial Magistrate - Ist Class, Mukerian**

(U/o 5 Rule 20 CPC)
**In the Court of Sh. Rajdeep Singh Mann Civil Judge (Junior Division), Khadoor sahib**
**Next Date, Purpose of Case, Orders and Judgments as well as other case information is available on http://districts.ecourts.gov.in**
CNR No. PBTTB0-000033-2025
Next Date: 23.07.2025
Rajbir Kaur
Versus
Palwinder Singh
Notice to:No.3 Surjit Singh S/o Dara Singh No.4 Baljit Singh S/O Dara Singh No.5 Tarlochan Singh S/O Dara Singh Since Deceased Through Lrs (I) Amarjit Singh Son (II) Harjinder Singh Son (III) Ranjit Singh Son (IV). Mandeep Singh Son (V) Baldev Singh All Sons of Tarlochan Singh No.10 Dharam Singh S/O Bhan Singh S/o Tara Singh No. 11 Narinder Singh S/O Jagir Singh S/O Bhag Singh Since Deceased Through Lrs (1) Ranjit Singh S/O Narinder Sigh S/O Jagir Singh No.12 Gurmeet Kaur Wd/O Gurcharan Singh S/O Jagir Singh No.13 Manjinder Singh No.14 Kulwinder Singh No.15 Baljinder Singh All Sons Of Gurcharan Singh No.25 Rajwant Kaur W/O Harmeet Singh S/O Dara Singh No. 26 Rattan Singh No.27 Gurdeep Singh No.28 Surjit Singh Sons Of Surjan Singh S/O Hakam Singh No.29 Sukhdev Singh S/O Milkha singh No.30 Kulwant Kaur Wd/O Sukhdev Singh S/O Anokh Singh All R/O Vill Jhander Mahapurkhan Teh Khadur Sahib Distt. tarn Taran
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.07.2025 at 10:00 A.M.
For details logon to https://highcourtchd.gov.in/?trs=district_notice&district=Tarn Taran
Dated, this day of 19-06-2025
**Sd/- Civil Judge (Junior Division), Khadoor sahib(Duty)**

## ਨਾਮ ਦੀ ਬਦਲੀ

ਮੈਂ, ਸੁਰਜੀਤ ਕੌਰ ਪਤਨੀ ਵੇਦ ਪ੍ਰਕਾਸ਼ ਪਿੰਡ ਜੰਡਿਆਲਾ ਤਹਿ ਬੰਗਾ ਜੋ ਕਿ ਆਪਣੀ ਬੇਟੀ ਉਮਰ 8 ਸਾਲ ਦਾ ਨਾਮ ਲੀਜ਼ਾ ਤੋਂ ਬਦਲ ਕੇ ਲੀਜ਼ਾ ਬੋਧ ਰੱਖ ਲਿਆ ਹੈ

ਮੈਂ ਸੁਰਜੀਤ ਕੌਰ ਪਤਨੀ ਵੇਦ ਪ੍ਰਕਾਸ਼ ਪਿੰਡ ਜੰਡਿਆਲਾ ਤਹਿ ਬੰਗਾ ਜੋ ਕਿ ਆਪਣੀ ਬੇਟੀ ਉਮਰ 13 ਸਾਲ ਦਾ ਨਾਮ ਦਿਕਸ਼ਾ ਤੋਂ ਬਦਲ ਕੇ ਦਿਕਸ਼ਾ ਬੋਧ ਰੱਖ ਲਿਆ ਹੈ।

## 2 ਮਹਿਲਾਵਾਂ ਦੇ ਵੱਲੋਂ ਬਲੈਕਮੇਲ ਕਰਨ ਤੇ ਨੌਜਵਾਨ ਨੇ ਫਾਹਾ ਲੈ ਕੇ ਜੀਵਨ ਲੀਲਾ ਕੀਤੀ ਸਮਾਪਤ

ਕਾਠਗੜ੍ਹ, 23 ਜੂਨ: (ਸੁਖਜੀਤ ਭਾਟੀਆ) - ਥਾਣਾ ਕਾਠਗੜ੍ਹ ਦੇ ਅਧੀਨ ਆਉਂਦੇ ਪਿੰਡ ਸੋਭੂਵਾਲ ਦੇ ਇਕ ਨੌਜਵਾਨ ਲੜਕੇ ਨੂੰ 2 ਮਹਿਲਾਵਾਂ ਵੱਲੋਂ ਤੰਗ ਪ੍ਰੇਸ਼ਾਨ ਅਤੇ ਬਲੈਕਮੇਲ ਕਰਨ ਤੇ ਉਕਤ ਲੜਕੇ ਨੇ ਚੰਡੀਗੜ੍ਹ ਦੇ ਇਕ ਹੋਟਲ ਵਿੱਚ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲਈ, ਚੰਡੀਗੜ੍ਹ ਪੁਲਿਸ ਨੇ ਮਾਮਲਾ ਦਰਜ ਕਰਕੇ ਦੋਨੋ ਆਰੋਪੀ ਮਹਿਲਾਵਾਂ ਦੀ ਭਾਲ ਸ਼ੁਰੂ ਕਰ ਦਿੱਤੀ, ਇਸ ਸਬੰਧੀ ਵਿੱਚ ਚੰਡੀਗੜ੍ਹ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਪੀੜਿਤ ਲਵਪ੍ਰੀਤ ਪੁੱਤਰ ਓਮ ਨਾਥ ਵਾਸੀ ਸੋਭੂਵਾਲ ਤਹਿਸੀਲ ਬਲਾਚੌਰ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਸਦੇ ਚਾਚੇ ਦਾ ਲੜਕਾ ਦੀਪਕ ਕੁਮਾਰ ਪੁੱਤਰ ਭੋਲਾ ਨਾਥ ਵਾਸੀ ਸੋਭੂਵਾਲ ਜੋ ਕਿ 18 ਜੂਨ ਨੂੰ ਘਰ ਤੋਂ ਨਿੱਜੀ ਫੈਕਟਰੀ ਵਿਖੇ ਆਪਣੀ ਡਿਊਟੀ ਤੇ ਗਿਆ ਸੀ। ਪਰ ਸ਼ਾਮ ਨੂੰ 5.20 ਤੇ ਡਿਊਟੀ ਖਤਮ ਹੋਣ ਤੇ ਉਹ ਘਰ ਆਉਣ ਦੀ ਬਜਾਏ ਆਪਣਾ ਮੋਟਰਸਾਈਕਲ ਕਿਸੇ ਜਾਣਕਾਰ ਨੂੰ ਦੇ ਗਿਆ ਅਤੇ ਆਪ ਪਤਾ ਨਹੀ ਕਿੱਥੇ ਚਲਾ ਗਿਆ।

(U/o 5 Rule 20 CPC)
**In the Court of Ms.Vishavjyoti Civil Judge Jr. Division-2, Sri Anandpur Sahib**
CNR No. PBROA0-000658-2023
Next Date: 17.07.2025
Tarsem Lal Son of Sh. Hem Raj R/o Village Jhaj PS Nurpur Bedi Tehsil Sri Anandpur Sahib Distt. Rupnagar
Versus
Bhajan Singh Son of Sh. Ram Kishan R/o Village Jhaj Tehsil Sri Anandpur Sahib Distt. Rupnagar & Other's
Petition U/s-V, XXXVIII
Notice to: 1. Vijay Kumari Wd/o Jatinder Mohan (3) 2. Satnam Singh Son of Rajinderpal Singh (17) Both R/o Village Jhaj Tehsil Sri Anandpur Sahib Distt. Rupnagar 3. Shingara Singh Son Sh. Swaran Singh (9) R/o Village Gursewal Tehsil Sri Anandpur Sahib Distt Rupnagar
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 17.07.2025 at 10:00 A.M.
For details logon to https://highcourtchd.gov.in/?trs=district_notice&district=Rupnagar
Dated, this day of 20-06-2025
**Sd/- Civil Judge Jr. Division-2, Sri Anandpur Sahib**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਕਰ ਵਿਭਾਗ

ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਪ੍ਰਚੂਨ ਵਿਕਰੀ ਵਿਕਰੇਤਾਵਾਂ (L-2/L-14ਏ) ਲਈ ਲਾਇਸੈਂਸ ਅਲਾਟ ਕਰਨ ਲਈ ਆਮ ਜਨਤਾ ਤੋਂ ਈ-ਟੈਂਡਰ ਮੰਗਵਾਉਣ ਲਈ ਨੋਟਿਸ

1. ਆਮ ਜਨਤਾ ਦੀ ਜਾਣਕਾਰੀ ਲਈ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਆਬਕਾਰੀ ਨੀਤੀ, 2025-26 (1 ਅਪ੍ਰੈਲ, 2025 ਤੋਂ 31 ਮਾਰਚ 2026 ਤੱਕ ਸ਼ੁਰੂ) ਲਈ ਲਾਇਸੈਂਸਿੰਗ ਯੂਨਿਟਾਂ ਦੇ ਰੂਪ ਵਿੱਚ 08 ਪ੍ਰਚੂਨ ਵਿਕਰੀ ਯਾਨੀ L-2/L-14ਏ ਲਾਇਸੈਂਸ ਦੇਣ ਲਈ ਈ-ਟੈਂਡਰ ਮੰਗੇ ਜਾਂਦੇ ਹਨ। ਹਰੇਕ ਲਾਇਸੈਂਸਿੰਗ ਯੂਨਿਟ ਵਿੱਚ ਇੱਕ ਛੱਤ ਹੇਠ L-2/L-14ਏ (ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਕੀਤੀ ਵਿਦੇਸ਼ੀ ਸ਼ਰਾਬ ਅਤੇ ਦੇਸੀ ਸ਼ਰਾਬ) ਸ਼ਾਮਲ ਹੋਣਗੇ।
2. ਪ੍ਰਚੂਨ ਵਿਕਰੀ ਵਾਲੇ ਠੇਕੇ ਸਭ ਤੋਂ ਵੱਧ ਯੋਗ ਬੋਲੀਕਾਰ ਨੂੰ ਅਲਾਟ ਕੀਤੇ ਜਾਣਗੇ, ਜੋ ਲਾਇਸੈਂਸਿੰਗ ਯੂਨਿਟ ਦੀ ਰਿਜ਼ਰਵ ਕੀਮਤ ਦੇ ਬਰਾਬਰ ਜਾਂ ਇਸ ਤੋਂ ਵੱਧ ਬੋਲੀ ਦੇਵੇਗਾ। ਜੇਕਰ ਇੱਕੋ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਇੱਕ ਤੋਂ ਵੱਧ ਬੋਲੀ ਪ੍ਰਾਪਤ ਹੁੰਦੀ ਹੈ, ਤਾਂ ਅਲਾਟਮੈਂਟ ਉਸੇ ਹੀ ਸਭ ਤੋਂ ਵੱਧ ਕੀਮਤ ਦਾ ਹਵਾਲਾ ਦੇਣ ਵਾਲੇ ਬੋਲੀਕਾਰਾਂ ਵਿਚਕਾਰ ਲਾਟ ਦੇ ਡਰਾਅ ਦੁਆਰਾ ਨਿਰਧਾਰਤ ਕੀਤੀ ਜਾਵੇਗੀ।
3. ਸਾਰੇ ਇੱਛੁਕ ਭਾਗੀਦਾਰ ਜਾਣਕਾਰੀ ਲਈ/ ਪ੍ਰਕਿਰਿਆ ਨੂੰ ਜਾਨਣ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline 'ਤੇ ਜਾ ਸਕਦੇ ਹਨ। ਆਬਕਾਰੀ ਨੀਤੀ 2025-26 ਦੇ ਅਨੁਸਾਰ, ਈ-ਟੈਂਡਰਾਂ ਅਤੇ ਭਾਗੀਦਾਰੀ ਫੀਸ ਅਤੇ ਬਿਆਨਾ ਜਮ੍ਹਾਂ ਕਰਵਾਉਣ ਲਈ ਵਿਸਤ੍ਰਿਤ ਪ੍ਰਕਿਰਿਆ, ਵਿਭਾਗ ਦੀ ਅਧਿਕਾਰਤ ਵੈੱਬਸਾਈਟ ਯਾਨੀ www.etdut.gov.in/exciseonline ਦੇ ਨਾਲ-ਨਾਲ ਵਿਭਾਗ ਦੇ ਆਬਕਾਰੀ ਦਫਤਰ ਵਿੱਚ ਉਪਲਬਧ ਹੈ।
4. ਈ-ਬੋਲੀਆਂ ਜਮ੍ਹਾਂ ਕਰਾਉਣ ਲਈ, ਹਰੇਕ ਸੰਭਾਵੀ ਬੋਲੀਕਾਰ ਨੂੰ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਲਾਜ਼ਮੀ ਹੈ।
5. ਲਾਇਸੈਂਸਿੰਗ ਯੂਨਿਟ ਕੋਡ ਦੇ ਇਲਾਕਿਆਂ/ਖੇਤਰਾਂ, ਵਿਕਰੇਤਾਵਾਂ ਦੀ ਆਗਿਆਯੋਗ ਗਿਣਤੀ/ਪ੍ਰਚੂਨ ਵਿਕਰੀ ਆਊਟਲੈਂਟ, ਕੋਟਾ ਅਤੇ ਰਿਜ਼ਰਵ ਕੀਮਤ ਦਾ ਜ਼ਿਕਰ ਕਰਨ ਵਾਲੇ ਨਿਯਮ ਅਤੇ ਸ਼ਰਤਾਂ ਅਤੇ ਵਿਸਤ੍ਰਿਤ ਸੂਚੀ ਨੂੰ ਆਬਕਾਰੀ ਅਤੇ ਕਰ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline ਤੋਂ 'ਜਨਤਕ ਨੋਟਿਸ' ਭਾਗ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।
6. ਸਾਰੇ ਲਾਇਸੈਂਸ ਪੰਜਾਬ ਆਬਕਾਰੀ ਐਕਟ, 1914 (ਜਿਵੇਂ ਕਿ ਯੂ.ਟੀ., ਚੰਡੀਗੜ੍ਹ 'ਤੇ ਲਾਗੂ ਹੁੰਦਾ ਹੈ) ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਅਤੇ ਸਾਲ 2025-26 ਲਈ ਆਬਕਾਰੀ ਨੀਤੀ ਦੇ ਅਧੀਨ ਦਿੱਤੇ ਜਾਣਗੇ। ਸਾਲ 2025-26 ਲਈ ਆਬਕਾਰੀ ਨੀਤੀ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਉਪਲਬਧ ਹੈ।
7.ਈ-ਟੈਂਡਰ https://etenders.chd.nic.in 'ਤੇ 24.06.2025 ਨੂੰ 11:00 ਵਜੇ ਉਪਲਬਧ ਹੋਣਗੇ।

ਸਵੇਰੇ ਅਤੇ ਬੋਲੀਕਾਰ 24.06.2025 (ਸਵੇਰੇ 11:00 ਵਜੇ) ਤੋਂ ਆਪਣੀਆਂ ਬੋਲੀਆਂ ਜਮ੍ਹਾਂ ਕਰਵਾਉਣਾ ਸ਼ੁਰੂ ਕਰ ਸਕਦੇ ਹਨ।
**ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਤਰੀਕਾਂ ਦੀ ਸਮਾਂ-ਸਾਰਣੀ: -**

| | |
|---|---|
| ਬੋਲੀ ਜਮ੍ਹਾ ਕਰਨ ਦੀ ਸ਼ੁਰੂਆਤੀ ਮਿਤੀ ਅਤੇ ਸਮਾਂ | 24 ਜੂਨ 2025 (ਸਵੇਰੇ 11:00 ਵਜੇ) ਤੋਂ |
| ਬੋਲੀ ਜਮ੍ਹਾ ਕਰਨ ਦੀ ਆਖਰੀ ਮਿਤੀ ਅਤੇ ਸਮਾਂ | 26 ਜੂਨ, 2025 ਤੱਕ (ਦੁਪਹਿਰ 01:00 ਵਜੇ ਤੱਕ) |
| ਤਕਨੀਕੀ ਈ-ਬੋਲੀਆਂ ਦੀ ਸ਼ੁਰੂਆਤ | 26 ਜੂਨ, 2025 (ਦੁਪਹਿਰ 02:00 ਵਜੇ ਤੋਂ ਬਾਅਦ) |
| ਵਿੱਤੀ ਈ-ਬੋਲੀਆਂ ਦੀ ਸ਼ੁਰੂਆਤ | 26 ਜੂਨ, 2025 (ਦੁਪਹਿਰ 03:00 ਵਜੇ ਤੋਂ ਬਾਅਦ) ਕਾਨਫਰੰਸ ਹਾਲ, ਆਬਕਾਰੀ ਅਤੇ ਕਰ ਵਿਭਾਗ, ਯੂ.ਟੀ., ਸੈਕਟਰ-17, ਚੰਡੀਗੜ੍ਹ ਵਿਖੇ। |

**ਸਹੀ/- ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ**

## ਜਨਤਕ ਸੂਚਨਾ
## ਚੰਡੀਗੜ੍ਹ ਪ੍ਰਸ਼ਾਸਨ
## ਆਬਕਾਰੀ ਅਤੇ ਟੈਕਸ ਵਿਭਾਗ

**ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਭਾਰਤੀ ਬਣੀ ਵਿਦੇਸ਼ੀ ਸ਼ਰਾਬ, ਆਯਾਤ ਵਿਦੇਸ਼ੀ ਸ਼ਰਾਬ, ਬੀਅਰ, ਵਾਈਨ ਅਤੇ ਦੇਸੀ ਸ਼ਰਾਬ (L-2/L-14ਏ) ਦੇ ਪ੍ਰਚੂਨ ਸ਼ਰਾਬ ਲਾਇਸੈਂਸਾਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਭਾਗੀਦਾਰੀ ਲਈ ਰਜਿਸਟ੍ਰੇਸ਼ਨ ਲਈ ਨੋਟਿਸ।**

ਇਹ ਆਮ ਜਨਤਾ ਦੀ ਜਾਣਕਾਰੀ ਲਈ ਹੈ ਕਿ ਯੂ.ਟੀ., ਚੰਡੀਗੜ੍ਹ ਵਿੱਚ ਸਾਲ 2025-26 ਲਈ ਸ਼ਰਾਬ ਦੇ ਠੇਕਿਆਂ ਦੀ ਅਲਾਟਮੈਂਟ ਲਈ ਈ-ਟੈਂਡਰਿੰਗ ਪ੍ਰਕਿਰਿਆ ਵਿੱਚ ਹਿੱਸਾ ਲੈਣ ਲਈ ਵਿਅਕਤੀਆਂ ਦੀ ਔਨਲਾਈਨ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ 24.06.2025 ਤੋਂ ਸ਼ੁਰੂ ਹੋਵੇਗੀ।

ਸਾਰੇ ਇੱਛੁਕ ਵਿਅਕਤੀ ਪ੍ਰਕਿਰਿਆ ਦੀ ਜਾਣਕਾਰੀ ਲਈ ਵਿਭਾਗ ਦੀ ਅਧਿਕਾਰਤ ਵੈੱਬਸਾਈਟ www.etdut.gov.in/exciseonline 'ਤੇ ਜਾ ਸਕਦੇ ਹਨ ਅਤੇ ਜੋ ਲੋਕ ਈ-ਟੈਂਡਰਿੰਗ ਵਿੱਚ ਹਿੱਸਾ ਲੈਣਾ ਚਾਹੁੰਦੇ ਹਨ ਉਹ https://etenders.chd.nic.in 'ਤੇ ਆਪਣੇ ਆਪ ਨੂੰ ਰਜਿਸਟਰ ਕਰਵਾ ਸਕਦੇ ਹਨ।

ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਸਾਰੇ ਸੰਭਾਵੀ ਬੋਲੀਕਾਰਾਂ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੀ ਈ-ਟੈਂਡਰ ਵੈੱਬਸਾਈਟ https://etenders.chd.nic.in 'ਤੇ ਈ-ਟੈਂਡਰਿੰਗ ਲਈ ਆਪਣੇ ਆਪ ਨੂੰ ਰਜਿਸਟਰ ਕਰਵਾਉਣਾ ਹੋਵੇਗਾ।

ਈ-ਟੈਂਡਰਿੰਗ ਲਈ ਭਾਗੀਦਾਰਾਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਸਹਾਇਕ ਆਬਕਾਰੀ ਅਤੇ ਕਰ ਕਮਿਸ਼ਨਰ, ਯੂ.ਟੀ., ਚੰਡੀਗੜ੍ਹ ਦੇ ਦਫ਼ਤਰ ਵਿੱਚ ਇੱਕ ਹੈਲਪਡੈਸਕ ਵੀ ਸਥਾਪਤ ਕੀਤਾ ਗਿਆ ਹੈ।

**ਸਹੀ/-ਆਬਕਾਰੀ ਅਤੇ ਕਰ ਕਮਿਸ਼ਨਰ,**
**ਕੇਂਦਰ ਸ਼ਾਸਤ ਪ੍ਰਦੇਸ਼, ਚੰਡੀਗੜ੍ਹ।**

## Punjab State Power Corporation Limited
(Regd. Office : PSEB Head Office, The Mall Patiala)
Corporate ID. No. : U40109PB2010SGC033813
(Contact Number : 96461-16020)

ਟੈਂਡਰ ਇਨਕੁਆਇਰੀ ਨੰ. 05/ਕੈਂਟ-ਜਲੰਧਰ/2025-26 ਮਿਤੀ : 25.06.2025

ਵਧੀਕ ਨਿਗਰਾਨ ਇੰਜੀਨੀਅਰ/ਵੰਡ ਕੈਂਟ ਮੰਡਲ, ਪੀ.ਐਸ.ਪੀ.ਸੀ.ਐਲ. ਜਲੰਧਰ ਵੱਲੋਂ ਉਪ-ਮੰਡਲ ਅਫ਼ਸਰ, ਰੂਰਲ ਕੈਂਟ-2, ਜਲੰਧਰ ਸ/ਡ ਲਈ Mahindra Genius / Bolero / Tata-207/408 ਜਾਂ ਇਸ ਦੇ ਬਰਾਬਰ ਦੀ ਕੀਮਤ ਵਿੱਚ ਬਾਹਰਲੇ ਸੋਮਿਆਂ ਤੋਂ ਗੱਡੀ ਕਿਰਾਏ 'ਤੇ ਲੈਣ ਸੰਬੰਧੀ ਠੇਕੇਦਾਰਾਂ ਅਤੇ ਫਰਮਾਂ ਤੋਂ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। DNIT ਅਤੇ ਟੈਂਡਰ ਸਪੈਸੀਫਿਕੇਸ਼ਨਾਂ ਪਾਵਰਕਾਮ ਦੇ ਸੰਚਾਲਣ ਵਧੀਕ ਨਿਗਰਾਨ ਇੰਜੀਨੀਅਰ/ਵੰਡ ਕੈਂਟ ਮੰਡਲ ਤੋਂ ਮਿਤੀ 25/06/2025 12:00 p.m. ਤੋਂ ਬਾਅਦ ਪ੍ਰਾਪਤ ਕੀਤੇ ਜਾ ਸਕਦੇ ਹਨ।
ਟੈਂਡਰ ਡਾਕੂਮੈਂਟ ਜਮ੍ਹਾਂ ਕਰਨ ਦੀ ਆਖ਼ਰੀ ਮਿਤੀ ਅਤੇ ਸਮਾਂ : 11/07/25 12:00 p.m.
**ਨੋਟ** : Corrigendum and addendum ਸਿਰਫ਼ ਆਨਲਾਈਨ ਵੈੱਬਸਾਈਟ https://pspcl.in ਤੇ ਹੀ ਪ੍ਰਕਾਸ਼ਿਤ ਕੀਤਾ ਜਾਵੇਗਾ। **C 434 / 25**
**RO No. PR Advt. No. 1079 / 12 / 2025-26 / 430 / Dated CHD : 23 / 6 / 2025**

## ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ
SMFG IndiaCredit Pragati Ki Nayi Pehchaan

**ਕਾਰਪੋਰੇਟ ਦਫਤਰ** : 10ਵੀਂ ਮੰਜ਼ਿਲ, ਦਫ਼ਤਰ ਨੰ. 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**
**(ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਕ੍ਰੈਡਿਟ ਕੰਪਨੀ ਲਿਮ.)* ਦੇ ਅਧਿਕਾਰਤ ਅਧਿਕਾਰੀ, ਪੰਜੀਕ੍ਰਿਤ ਦਫ਼ਤਰ ਦਾ ਪਤਾ : ਮੇਘ ਟਾਵਰਜ਼, ਤੀਜੀ ਮੰਜ਼ਿਲ, ਪੁਰਾਣਾ ਨੰਬਰ 307, ਨਵਾਂ ਨੰਬਰ 165 ਪੂਨਮੱਲੀ ਹਾਈ ਰੋਡ, ਮਦੁਰਾਵੋਇਲ, ਚੇਨਈ, ਤਾਮਿਲਨਾਡੂ-600095 ਅਤੇ ਕਾਰਪੋਰੇਟ ਦਫ਼ਤਰ 10ਵੀਂ ਮੰਜ਼ਿਲ, ਦਫ਼ਤਰ ਨੰਬਰ 101, 102 ਅਤੇ 103, 2 ਨਾਰਥ ਐਵੇਨਿਊ, ਮੇਕਰ ਮੈਕਸਿਟੀ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051 ਵੱਲੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ **60 ਦਿਨਾਂ** ਦੇ ਅੰਦਰ 07 **ਅਪ੍ਰੈਲ**, 2025 ਨੂੰ ਰੁ. 20,94,305/- (**ਰੁਪਏ ਵੀਹ ਲੱਖ ਚੁਰਾਨਵੇਂ ਹਜ਼ਾਰ ਤਿੰਨ ਸੌ ਪੰਜ ਕੇਵਲ**) ਵਜੋਂ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ **ਕਰਜ਼ ਖਾਤਾ ਨੰਬਰ #213720911097861 ਦੇ ਅਧੀਨ ਕਰਜ਼ਦਾਰ (ਾਂ) 1) ਸ਼ਤਰੂਧਨ ਪੁਰਵੇ 2) ਰੌਸ਼ਨ ਦੇਵੀ** ਨੂੰ ਸੱਦਾ ਦਿੰਦੇ ਹੋਏ ਮਿਤੀ 09 **ਅਪ੍ਰੈਲ**, 2025 ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

(1) ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ 21 **ਜੂਨ ਸਾਲ** 2025 ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ 13 ਦੀ ਉਪ ਧਾਰਾ** (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।

(2) ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰੁ. 20,94,305/- (**ਰੁਪਏ ਵੀਹ ਲੱਖ ਚੁਰਾਨਵੇਂ ਹਜ਼ਾਰ ਤਿੰਨ ਸੌ ਪੰਜ ਕੇਵਲ**) ਦੀ ਰਕਮ ਅਤੇ ਵਿਆਜ ਦੇ ਲਈ **ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।

ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਦੇ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

**ਅਚੱਲ ਸੰਪੱਤੀ ਦੇ ਵੇਰਵੇ : ਸੰਪੱਤੀ ਦੇ ਮਾਲਕ - ਸਤਰਾਹਨ ਪੁਰਵੇ ਸਪੁੱਤਰ ਰਜਿੰਦਰ ਪੁਰਵੇ। ਸੰਪੱਤੀ ਦੇ ਵੇਰਵੇ - ਪਿੰਡ ਗਿਆਸਪੁਰਾ, ਹੱਦਬਸਤ ਨੰ. 261, ਆਬਾਦੀ ਸੁਰਜੀਤ ਨਗਰ ਵਜੋਂ ਜਾਣੂੰ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਸਾਲ 2003-2004 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 43//1-10-44/4-5-6-7-14-15-26-44//3/2-8-9 ਖਾਤਾ ਨੰਬਰ 523/534-526/537 (ਸਾਲ 2008-2009 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 43//1-10-44//4-5-6-7-14-15-26 ਖਾਤਾ ਨੰਬਰ 553/561, 556/564 ਸਫਾ ਨੰ. 1346) ਵਿਚ ਸ਼ਾਮਲ 75 ਵਰਗ ਗਜ਼ ਮਾਪ ਵਾਲੀ ਸੰਪੱਤੀ। ਹੱਦਾਂ : ਪੂਰਬ : ਗੁਆਂਢੀ ਮਾਪ 50', ਪੱਛਮ : ਅਜੀਤ ਸਿੰਘ ਮਾਪ 50', ਉਤਰ : ਗੁਆਂਢੀ ਮਾਪ 13' 6", ਦੱਖਣ : ਗਲੀ 20' ਚੌੜੀ ਮਾਪ 13' 6"।**

ਸਥਾਨ : ਲੁਧਿਆਣਾ
ਮਿਤੀ : 24.06.2025
ਸਹੀ/- ਅਧਿਕਾਰਤ ਅਧਿਕਾਰੀ
ਐਸਐਮਐਫਜੀ ਇੰਡੀਆ ਕ੍ਰੈਡਿਟ ਕੰਪਨੀ ਲਿਮਟਿਡ

ਅਸਾਸੇ ਦੀ ਆਨਲਾਈਨ ਈ-ਨਿਲਾਮੀ ਵਿਕਰੀ

## ਕੋਟਕ ਮਹਿੰਦਰਾ ਬੈਂਕ ਲਿਮ.
kotak Kotak Mahindra Bank Limited

ਪੰਜੀਕ੍ਰਿਤ ਦਫ਼ਤਰ : 27, ਬੀਕੇਸੀ ਸੀ-27, ਜੀ-ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ, ਮਹਾਰਾਸ਼ਟਰ, ਪਿਨ ਕੋਡ - 400051
ਸ਼ਾਖਾ ਦਫਤਰ : ਕੋਟਕ ਮਹਿੰਦਰਾ ਬੈਂਕ ਲਿਮ.- 7ਵੀਂ ਮੰਜ਼ਿਲ, ਪਲਾਟ ਨੰ. 7, ਸੈਕਟਰ 125, ਨੋਇਡਾ, ਨੇੜੇ ਡੈਲ ਕੈਂਪਸ, ਯੂਪੀ-201313

**ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ**

ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 9 (1) ਦੇ ਪ੍ਰਾਵਧਾਨ ਦੇ ਨਾਲ ਪੜ੍ਹੇ ਗਏ ਨਿਯਮ 8(5) ਦੇ ਤਹਿਤ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਲਾਗੂਕਰਨ ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

"SMFG ਇੰਡੀਆ ਹੋਮ ਫਾਈਨੈਂਸ ਕੰਪਨੀ ਲਿਮਟਿਡ (ਇਸ ਤੋਂ ਬਾਅਦ "SMHFC" ਵਜੋਂ ਜਾਣਿਆ ਜਾਂਦਾ ਹੈ) (ਪਹਿਲਾਂ ਫੁੱਲਰਟਨ ਇੰਡੀਆ ਹੋਮ ਫਾਈਨੈਂਸ ਕੰਪਨੀ ਲਿਮਟਿਡ ਵਜੋਂ ਜਾਣਿਆ ਜਾਂਦਾ ਹੈ) ਦੁਆਰਾ ਕੋਟਕ ਮਹਿੰਦਰਾ ਬੈਂਕ ਲਿਮਟਿਡ ਦੇ ਹੱਕ ਵਿੱਚ ਕਰਜ਼ੇ ਦੀ ਨਿਯੁਕਤੀ ਤੋਂ ਬਾਅਦ, SMFG ਇੰਡੀਆ ਹੋਮ ਫਾਈਨੈਂਸ ਕੰਪਨੀ ਲਿਮਟਿਡ (ਇਸ ਤੋਂ ਬਾਅਦ "SMHFC" ਵਜੋਂ ਜਾਣਿਆ ਜਾਂਦਾ ਹੈ) ਦੇ ਅਧਿਕਾਰਤ ਅਧਿਕਾਰੀ ਨੇ 21.06.2024 ਨੂੰ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ/ਚਾਰਜ ਕੀਤੀ ਗਈ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਇਸ ਤੋਂ ਬਾਅਦ ਸੁਰੱਖਿਅਤ ਸੰਪਤੀ ਕਿਹਾ ਜਾਂਦਾ ਹੈ) ਦਾ ਕਬਜ਼ਾ ਲੈ ਲਿਆ ਹੈ।

ਇਸ ਦੁਆਰਾ ਖਾਸ ਤੌਰ 'ਤੇ ਕਰਜ਼ਦਾਰ(ਾਂ) ਅਤੇ ਸਹਿ-ਕਰਜ਼ਦਾਰ(ਾਂ) ਨੂੰ ਅਤੇ ਆਮ ਤੌਰ 'ਤੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਨੇ **ਨਿਮਨ ਵੇਰਵਿਆਂ ਅਨੁਸਾਰ ਸ਼੍ਰੀ ਜਗਸੀਰ ਸਿੰਘ ਅਤੇ ਸ਼੍ਰੀਮਤੀ ਬਿੰਦਰ ਕੌਰ ਦੁਆਰਾ ਪ੍ਰਾਪਤ ਕਰਜ਼ਾ ਖਾਤਾ ਨੰ. 610239511065605 ਅਤੇ 610239211029250**; ਅਧੀਨ ਪ੍ਰਾਪਤ ਕਰਜ਼ੇ ਦੀ ਪੂਰਤੀ ਤੱਕ ਭਾਵੀ ਲਾਗੂ ਵਿਆਜ ਸਮੇਤ 17.06.2025 ਦੇ ਅਨੁਸਾਰ ਬਕਾਇਆ ਰੁ. 19,32,902/- (ਰੁਪਏ ਉਨੀ ਲੱਖ ਬੱਤੀ ਹਜ਼ਾਰ ਨੌਂ ਸੌ ਦੋ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿਥੇ ਹੈ", 'ਜਿਵੇਂ ਹੈ ਜੋ ਹੈ", ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਸਰਫਾਇਸੀ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਈ-ਨਿਲਾਮੀ ਰਾਹੀਂ ਸੁਰੱਖਿਅਤ ਅਸਾਸੇ ਦੀ ਵਿਕਰੀ ਦਾ ਫੈਸਲਾ ਲਿਆ ਹੈ।

| ਬਿਓਰਾ | ਵੇਰਵੇ |
|---|---|
| ਨਿਲਾਮੀ ਦੀ ਮਿਤੀ | 15.07.2025 |
| ਨਿਲਾਮੀ ਦਾ ਸਮਾਂ | ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ, 5 ਮਿੰਟਾਂ ਦੇ ਅਸੀਮਤ ਵਾਧੇ ਸਮੇਤ |
| ਰਾਖਵੀਂ ਕੀਮਤ | ਰੁ. 7,50,000/- (ਰੁ. ਸੱਤ ਲੱਖ ਪੰਜਾਹ ਹਜ਼ਾਰ ਕੇਵਲ) |
| ਬਿਆਨਾ ਰਕਮ ਜਮ੍ਹਾਂ (ਈਐਮਡੀ):- | ਰੁ. 75,000/- (ਰੁ. ਪਚੱਤਰ ਹਜ਼ਾਰ ਕੇਵਲ) |
| ਕੇਵਾਈਸੀ ਨਾਲ ਬਿਆਨਾ ਰਕਮ ਜਮ੍ਹਾਂ ਕਰਨ ਲਈ ਆਖਰੀ ਮਿਤੀ:- | 14.07.2025 ਨੂੰ ਸ਼ਾਮ 06.00 ਵਜੇ ਤੱਕ (ਭਾਰਤੀ ਸਮੇਂ ਅਨੁਸਾਰ) |
| | ਸੁੰਦਰ ਬਸਤੀ, ਪਾਤੜਾਂ ਤਹਿਸੀਲ ਪਾਤੜਾਂ ਅਤੇ ਜ਼ਿਲ੍ਹਾ ਪਟਿਆਲਾ ਦੇ ਖੇਤਰ ਵਿੱਚ ਸਥਿਤ ਸਾਰੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ 0-2 ਮਰਲੇ ਯਾਨੀ 60 ਵਰਗ ਗਜ਼, ਖੇਵਟ/ਖਤੌਨੀ ਨੰਬਰ 155/357, ਖਸਰਾ ਨੰਬਰ 28//4/2/2/2 ਮਿਨ (5-1), ਕਿੱਤਾ 1, ਕੁੱਲ ਰਕਬਾ 5 ਕਨਾਲ 1 ਮਰਲੇ ਵਿੱਚ ਸ਼ਾਮਲ ਹੈ ਜਿਸ ਵਿੱਚੋਂ 0-2 ਮਰਲੇ ਭਾਵ 60 ਵਰਗ ਗਜ਼। ਜਾਇਦਾਦ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਹੱਕਾ ਸਿੰਘ ਵਾਲਾ ਪਾਸਾ 45', ਪੱਛਮ: ਕਪੂਰ ਸਿੰਘ ਵਾਲਾ ਪਾਸਾ 45', ਉੱਤਰ: ਗਲੀ ਵਾਲਾ ਪਾਸਾ 12'। |
| ਜਾਣੂੰ ਦੇਣਦਾਰੀਆਂ | ਕੋਈ ਨਹੀਂ |

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪਤੀ ਨੂੰ ਰੀਡੀਮ ਕਰਨ ਲਈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਐਕਟ ਦੇ ਸੈਕਸ਼ਨ 13 ਦੀ ਉਪ ਧਾਰਾ 8 ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ। ਕਰਜ਼ਦਾਰ ਖਾਸ ਤੌਰ 'ਤੇ ਅਤੇ ਆਮ ਤੌਰ 'ਤੇ ਲੋਕ ਕਿਰਪਾ ਕਰਕੇ ਧਿਆਨ ਦੇਣ ਕਿ ਜੇਕਰ ਨਿਲਾਮੀ ਦੇ ਮਾਮਲੇ ਵਿੱਚ ਇੱਥੇ ਅਨੁਸੂਚਿਤ ਕਿਸੇ ਵੀ ਕਾਰਨ ਕਰਕੇ ਅਸਫਲ ਹੋ ਜਾਂਦਾ ਹੈ ਤਾਂ ਸੁਰੱਖਿਅਤ ਲੈਣਦਾਰ ਪ੍ਰਾਈਵੇਟ ਸੰਧੀ ਦੁਆਰਾ ਵਿਕਰੀ ਦੇ ਜ਼ਰੀਏ ਸੁਰੱਖਿਆ ਹਿੱਤ ਲਾਗੂ ਕਰ ਸਕਦਾ ਹੈ।

ਵਿਕਰੀ ਅਧੀਨ ਸੰਪਤੀਆਂ ਬਾਰੇ ਕਿਸੇ ਸਪੱਸ਼ਟੀਕਰਨ/ਲੋੜ ਦੇ ਮਾਮਲੇ ਵਿੱਚ, ਬੋਲੀਕਾਰ ਸ਼੍ਰੀ ਅਕਸ਼ਿਤ ਸੋਲੰਕੀ (ਮੋਬ ਨੰਬਰ +917302111608) ਬੋਲੀਕਾਰ ਸਪੱਸ਼ਟੀਕਰਨ ਲਈ ਬੈਂਕ ਦੇ ਹੈਲਪਲਾਈਨ ਨੰ. (+91-9152219751) 'ਤੇ ਵੀ ਸੰਪਰਕ ਕਰ ਸਕਦਾ ਹੈ।

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਲਿੰਕ ਨੂੰ ਵੇਖੋ:- HTTPS://WWW.KOTAK.COM/EN/BANK-AUCTIONS.HTML ਬੈਂਕ ਦੀ ਵੈੱਬਸਾਈਟ ਜਿਵੇਂ ਕਿ WWW.KOTAK.COM ਅਤੇ/ਜਾਂ HTTP://BANKAUCTIONS.IN/ 'ਤੇ ਮੁਹੱਈਆ ਕਰਵਾਇਆ ਗਿਆ ਹੈ।

ਮਿਤੀ : 24.06.2025,
ਸਥਾਨ : ਪਟਿਆਲਾ
ਅਧਿਕਾਰਤ ਅਧਿਕਾਰੀ,
ਕੋਟਕ ਮਹਿੰਦਰਾ ਬੈਂਕ ਲਿਮ.

# ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

## ਪੰਜਾਬ ਨੈਸ਼ਨਲ ਬੈਂਕ
pnb ....ਬਿਹਤਰੀ ਲਈ ਸਾਂਝ

ਸਟਰੈਸਡ ਅਸੈਟ ਮੈਨੇਜਮੈਂਟ, ਸੈਕਸ਼ਨ, ਸਰਕਲ ਦਫਤਰ, ਕੰਪਨੀ ਬਾਗ ਸਿਵਲ ਲਾਈਨਜ਼, ਜਲੰਧਰ-14401
Tel No.: 0181-222-4922, Phone No.: 94780 05251, E-Mail- cojalsam@pnb.co.in

**ਕਬਜ਼ਾ ਸੂਚਨਾ**
**[ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (1) ਦੇ ਅਧੀਨ]**
**(ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ(ਾਂ) ਨੂੰ ਸੱਦਾ ਦਿੰਦੇ ਹੋਏ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਧਾਰਾ 2002 ਦੇ ਅਧੀਨ ਅਧੀਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

**ਕਰਜ਼ਦਾਰ** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।

**ਕਰਜ਼ਦਾਰ** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ, ਮਨਫੀ ਵਸੂਲੀ, ਜੇਕਰ ਕੋਈ ਹੈ, ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸੰਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਸਰਫਾਇਸੀ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ/ਮਾਲਕ/ਜ਼ਾਮਨ (ਾਂ)/ ਗਿਰਵੀਕਾਰ(ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਨਿਮਨ ਦਰਸਾਈ ਮਿਤੀ ਅਨੁਸਾਰ ਬਕਾਇਆ ਰਕਮ |
|---|---|---|---|---|
| ਬੀਓ : 660800-ਮਾਡਲ ਟਾਊਨ **ਕਰਜ਼ਦਾਰ : ਸ਼੍ਰੀਮਤੀ ਜਯੋਤੀ ਬਾਲਾ ਪਤਨੀ ਸ਼੍ਰੀ ਕੁਲਦੀਪ ਕੁਮਾਰ (ਕਰਜ਼ਦਾਰ/ ਗਿਰਵੀਕਾਰ) ਅਤੇ ਸ਼੍ਰੀ ਕੁਲਦੀਪ ਕੁਮਾਰ ਪੁੱਤਰ ਸ਼੍ਰੀ ਮਨੋਹਰ ਲਾਲ (ਸਹਿ ਕਰਜ਼ਦਾਰ)** | ਟਾਈਟਲ ਡੀਡ ਨੰਬਰ 2018-19/187/1/3382 ਮਿਤੀ 19/12/2018 ਦੇ ਅਧੀਨ 2.5 ਮਰਲੇ (ਆਕਾਰ 16'x32, ਭਾਵ 512 ਵਰਗ ਫੁੱਟ, (1 ਮਰਲਾ = 207 ਵਰਗ ਫੁੱਟ) ਦੇ ਰਿਹਾਇਸ਼ੀ ਮਕਾਨ ਦਾ ਬਰਾਬਰ ਗਿਰਵੀਨਾਮਾ ਜੋ ਕਿ ਅਬਾਦੀ ਪਿੰਡ ਵਡਾਲਾ, ਗਾਰਡਨ ਕਲੋਨੀ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਖਾਤਾ ਨੰਬਰ 167/181 ਖਸਰਾ ਨੰਬਰ 768/1(8-0), ਹਦਬਸਤ ਨੰਬਰ 281, ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਸ਼ਾਮਲ ਹੈ। ਹੱਦਬੰਦੀ: ਪੂਰਬ: ਹੋਰ, ਪੱਛਮ: ਸੜਕ, ਉੱਤਰ: ਰਾਜ ਕੁਮਾਰ, ਦੱਖਣ: ਹੋਰ; ਗਿਰਵੀਕਾਰ/ਕਰਜ਼ਦਾਰ ਦਾ ਨਾਮ ਅਤੇ ਪਤਾ: ਸ਼੍ਰੀਮਤੀ ਜੋਤੀ ਬਾਲਾ ਪਤਨੀ ਸ਼੍ਰੀ ਕੁਲਦੀਪ ਕੁਮਾਰ (ਕਰਜ਼ਦਾਰ/ਗਿਰਵੀਕਾਰ) ਪਤਾ 1- ਕਾਂਸ਼ੀ ਕਲੋਨੀ, ਗੀਤਾ ਕਲੋਨੀ ਗੇਟ ਦੇ ਸਾਹਮਣੇ, ਕਾਲਾ ਸੰਗੀਆਂ ਰੋਡ ਜਲੰਧਰ, ਪਤਾ 2- ਮਕਾਨ ਨੰ. 517/6, ਈਸ਼ਵਰ ਕਲੋਨੀ, ਘਾਸ ਮੰਡੀ, ਜਲੰਧਰ, 144002 | 10.04.2025 | 20.06.2025 | Rs. 13,88,774.02 (ਰੁ. ਤੇਰਾਂ ਲੱਖ ਅਠਾਸੀ ਹਜ਼ਾਰ ਸੱਤ ਸੌ ਚੁਹੱਤਰ ਅਤੇ ਦੋ ਪੈਸੇ ਕੇਵਲ) ਜਮ੍ਹਾਂ 01.04.2025 ਤੋਂ ਪ੍ਰਭਾਵੀ ਭਾਵੀ ਵਿਆਜ ਅਤੇ ਉਸ 'ਤੇ ਅਚਨਚੇਤੀ ਖਰਚੇ, ਮਨਫੀ ਵਸੂਲੀ, ਜੇਕਰ ਕੋਈ ਹੈ। |

20.06.2025 ਸਥਾਨ : ਜਲੰਧਰ ਅਧਿਕਾਰਤ ਅਧਿਕਾਰੀ

## ਅਦਿਤਯ ਬਿਰਲਾ ਕੈਪੀਟਲ ਲਿਮਟਿਡ
ADITYA BIRLA CAPITAL PROTECTING INVESTING FINANCING ADVISING

**ਪੰਜੀਕ੍ਰਿਤ ਦਫਤਰ** : ਇੰਡੀਅਨ ਰੇਆਨ ਕੰਪਾਊਂਡ, ਵੇਰਾਵਲ, ਗੁਜਰਾਤ-362266
**ਸ਼ਾਖਾ ਦਫ਼ਤਰ** : 12ਵੀਂ ਮੰਜ਼ਿਲ, ਆਰ ਟੈਕ ਪਾਰਕ, ਨਿਰਲੋਨ ਕੰਪਲੈਕਸ, ਨੇੜੇ ਹੱਬ ਮਾਲ, ਗੋਰੇਗਾਓਂ (ਪੂਰਬ), ਮੁੰਬਈ-400 063, ਮਾਹਾਰਾਸ਼ਟਰਾ

**ਈ-ਨਿਲਾਮੀ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 (1) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 15 ਰੋਜ਼ਾ ਨਿਲਾਮੀ ਵਿਕਰੀ ਸੂਚਨਾ**

24.03.2025 ਨੂੰ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ-ਅਹਿਮਾਬਾਦ ਵੱਲੋਂ ਜਾਰੀ ਆਦੇਸ਼ ਵਿਚ ਪੂਰੀ ਤਰ੍ਹਾਂ ਦਰਜ ਰਲੇਵਾਂ ਯੋਜਨਾ ਮਿਤੀ 11.03.2024 ਦੇ ਅਧੀਨ ਆਦਿਤਯ ਬਿਰਲਾ ਫਾਇਨਾਂਸ ਲਿਮ. ਅਤੇ ਆਦਿਤਯ ਬਿਰਲਾ ਕੈਪੀਟਲ ਲਿਮ. ਵਿਚਾਲੇ ਰਲੇਵੇ ਦੇ ਸੰਬੰਧ ਵਿਚ, ਦਰਸਾਈ ਗਿਰਵੀ ਸੰਪੱਤੀ ਦੇ ਸੰਬੰਧ ਵਿਚ ਆਦਿਤਯ ਬਿਰਲਾ ਫਾਇਨਾਸ ਲਿਮ. ਵੱਲੋਂ ਸ਼ੁਰੂ ਕੀਤੀਆਂ ਸਾਰੀਆਂ ਸਰਫਾਇਸੀ ਕਾਰਵਾਈਆਂ ਰਲਾਈ ਗਈ ਕੰਪਨੀ **ਅਦਿਤਯ ਬਿਰਲਾ ਕੈਪੀਟਲ ਲਿਮ**. ਨੂੰ ਤਬਦੀਲ ਕਰ ਦਿੱਤੀਆਂ ਗਈਆਂ ਹਨ।

ਇਸ ਅਨੁਸਾਰ **ਅਦਿਤਯ ਬਿਰਲਾ ਕੈਪੀਟਲ ਲਿਮ./ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ** ਨੇ ਨਿਮਨਲਿਖਤ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਤੋਂ ਅਗਲੇਰੀਆਂ ਫੀਸਾਂ ਅਤੇ ਲਾਗਤ ਸਮੇਤ ਨਿਮਨ ਦਰਸਾਏ ਬਕਾਇਆ ਦੇ ਲਈ ਸੁਰੱਖਿਅਤ ਕਰਜ਼ਦਾਤਾ ਦੇ ਸੁਰੱਖਿਅਤ ਕਰਜ਼ਿਆਂ ਦੀ ਵਸੂਲੀ ਲਈ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ) ਦੀ ਧਾਰਾ 13 (2) ਦੇ ਅਧੀਨ ਜਾਰੀ ਸੂਚਨਾ ਦੀ ਨਿਰੰਤਰਤਾ ਵਿਚ ਨਿਮਨਲਿਖਤ ਸੁਰੱਖਿਅਤ ਅਸਾਸਿਆਂ ਦਾ ਕਬਜ਼ਾ ਲੈ ਲਿਆ ਸੀ। ਇਸ ਦੁਆਰਾ ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ **ਅਦਿਤਯ ਬਿਰਲਾ ਕੈਪੀਟਲ ਲਿਮਟਿਡ** ਵੱਲ ਬਕਾਇਆ ਕਰਜ਼ਿਆਂ ਦੀ ਭਰਪਾਈ ਦੇ ਲਈ ਨਿਮਨ ਲਿਖਤ ਸੰਪੱਤੀ ਦੀ ਈ-ਨਿਲਾਮੀ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਉੱਥੇ ਹੈ"** ਅਧਾਰ 'ਤੇ ਆਯੋਜਿਤ ਕੀਤੀ ਜਾਵੇਗੀ।

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ : 10.07.2025, ਸਵੇਰੇ 11.00 ਵਜੇ ਤੋਂ ਬਾ. ਦੁ. 01.00 ਵਜੇ ਦੇ ਵਿਚਾਲੇ**
**ਕੇਵਾਈਸੀ ਅਤੇ ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ : 09.07.2025**

| ਲ. ਨੰ. | ਕਰਜ਼ਦਾਰਾਂ ਅਤੇ ਸਹਿ-ਕਰਜ਼ਦਾਰਾਂ ਦਾ ਨਾਮ | ਸੰਪੱਤੀਆਂ/ਸੁਰੱਖਿਅਤ ਅਸਾਸਿਆਂ ਦੇ ਵੇਰਵੇ ਅਤੇ ਕਬਜ਼ੇ ਦੀ ਮਿਤੀ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਆਰਪੀ ਦਾ 10%) (ਰੁ. 'ਚ) | ਮੰਗ ਸੂਚਨਾ ਦੀ ਮਿਤੀ ਅਤੇ ਕੁੱਲ ਰਕਮ |
|---|---|---|---|---|---|
| 1 | 1. ਸ਼੍ਰੀ ਪੁਪਿੰਦਰ ਸਿੰਘ, ਪੁੱਤਰ ਸੁਖਵਿੰਦਰ ਸਿੰਘ 2. ਪੁਪਿੰਦਰ ਡੇਅਰੀ, ਰਾਹੀਂ ਇਸ ਦੇ ਪ੍ਰੋਪ. ਪੁਪਿੰਦਰ ਸਿੰਘ 3. ਸ਼੍ਰੀ ਅਜਮੇਰ ਸਿੰਘ ਪੁੱਤਰ ਸੁਖਵਿੰਦਰ ਸਿੰਘ 4. ਸ਼੍ਰੀਮਤੀ ਕੁਲਵਿੰਦਰ ਸਿੰਘ ਪਤਨੀ ਪੁਪਿੰਦਰ ਸਿੰਘ LOAN A/C. NO. : ABFLJALDSB0000133684 | ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ 29 ਮਰਲੇ 62 ਵਰਗ ਫੁੱਟ ਜ਼ਮੀਨ 'ਤੇ ਬਣਾਇਆ, ਸਰਨਾਣਾ, ਜਲੰਧਰ ਵਿਖੇ ਖਸਰਾ ਨੰਬਰ 25//21/3, 25//22/1, 40//1/2, 40//4/1, 40//4/2, 40//7, 40//8/2, 40//9, 40//12/2, 40//13/, 40//14, 40//3, 40//8/1 ਅਤੇ ਹੱਦਬੰਦੀ: ਪੂਰਬ: ਖੇਤੀਬਾੜੀ ਜ਼ਮੀਨ ਸਤਨਾਮ ਸਿੰਘ, ਪੱਛਮੀ ਸੜਕ, ਉੱਤਰ: ਦਿਲਬਾਗ ਸਿੰਘ, ਦੱਖਣ: ਦਿਲਬਾਗ ਸਿੰਘ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ। | Rs. 30,80,000/- (ਰੁ. ਤੀਹ ਲੱਖ ਅੱਸੀ ਹਜ਼ਾਰ ਕੇਵਲ) | Rs. 3,08,000/- (ਰੁ. ਤਿੰਨ ਲੱਖ ਅੱਠ ਹਜ਼ਾਰ ਕੇਵਲ) Rs. 25,000/- (ਰੁ. ਪੱਚੀ ਹਜ਼ਾਰ ਕੇਵਲ) | 15.11.2024 & Rs. 41,73,129.26 (ਰੁ. ਇਕਤਾਲੀ ਲੱਖ ਤਿਹੱਤਰ ਹਜ਼ਾਰ ਇਕ ਸੌ ਉਣੱਤੀ ਅਤੇ ਛੱਬੀ ਪੈਸੇ ਕੇਵਲ) 15.11.2024 ਅਨੁਸਾਰ ਬਕਾਇਆ |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਆਦਿਤਿਆ ਬਿਰਲਾ ਕੈਪੀਟਲ ਲਿਮਟਿਡ / ਸੁਰੱਖਿਅਤ ਲੈਣਦਾਰ ਦੀ ਵੈੱਬਸਾਈਟ **https://abfl.adityabirlacapital** ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। **com/Pages/Individual/Properties-for-Auction-under-SARFAESI-Act.aspx** ਜਾਂ **https://BidDeal.in**

ਸੰਪਰਕ ਨੰਬਰ: ਆਦਿਤਿਆ ਬਿਰਲਾ ਕੈਪੀਟਲ ਲਿਮਟਿਡ, ਅਧਿਕਾਰਤ ਅਧਿਕਾਰੀ - 1) ਸ਼੍ਰੀ ਅਪੂਰਵਾ ਥਾਮਸ ਦੰਥੀ - **apoorva.danthi@adityabirlacapital.com,** ਮੋ. ਨੰ. 9930909725 ਤੁਸੀਂ ਨਜ਼ਦੀਕੀ ਸ਼ਾਖਾ 'ਤੇ ਵੀ ਜਾ ਸਕਦੇ ਹੋ ਜਾਂ ਆਦਿਤਿਆ ਬਿਰਲਾ ਫਾਈਨੈਂਸ ਲਿਮਟਿਡ ਨਾਲ ਸੰਪਰਕ ਕਰ ਸਕਦੇ ਹੋ 2) ਸ਼੍ਰੀ ਜਹਿਰੁਲ ਲਸਕਰ: (**Jahirul.Laskar@adityabirlacapital.com**) ਮੋ. ਨੰ. +91 97060 03075, 3) ਪ੍ਰਨੀਤ ਸਿੰਘ: (**parneet.singh@adityabirlacapital.com**) ਐਮ. ਨੰ. +91 97200 29337, 4) ਸ਼੍ਰੀ ਵੇਦ ਪ੍ਰਕਾਸ਼ ਮਿਸ਼ਰਾ (**vedprakash.mishra@adityabirlacapital.com**) ਮੋਬਾਈਲ। ਨੰ. 9004026790।

ਸਥਾਨ : ਜਲੰਧਰ, ਪੰਜਾਬ
ਮਿਤੀ : 24.06.2025
ਸਹੀ/-ਅਧਿਕਾਰਤ ਅਧਿਕਾਰੀ
ਆਦਿਤਯ ਬਿਰਲਾ ਫਾਇਨਾਂਸ ਲਿਮਟਿਡ

# ਪੰਥ ਰਤਨ ਮਾਸਟਰ ਤਾਰਾ ਸਿੰਘ-ਮਿੱਥ ਜਾਂ ਤੱਥ

**ਗੁਰਚਰਨਜੀਤ ਸਿੰਘ ਲਾਂਬਾ**
**ਨਿਊ ਜਰਸੀ. ਯੂ.ਐਸ.ਏ**

24 ਜੂਨ 1885 ਨੂੰ ਰਾਵਲਪਿੰਡੀ ਦੇ ਨਿੱਕੇ ਜਿਹੇ 'ਗਰਾਂ' ਹਰਿਆਲ ਵਿਚ ਜਨਮੇ ਮਾਸਟਰ ਤਾਰਾ ਸਿੰਘ ਜੀ ਦੇ ਜਨਮ ਦਾ ਇਹ 140ਵਾਂ ਸਾਲ ਹੈ। ਦੇਸ਼ ਅਤੇ ਕੌਮ ਦੀ ਜੋ ਅਦੁੱਤੀ ਖਿਦਮਤ ਮਾਸਟਰ ਤਾਰਾ ਸਿੰਘ ਨੇ ਕੀਤੀ, ਜਾਪਦਾ ਹੈ ਕਿ ਨਾ ਕੇਵਲ ਦੇਸ਼ ਵਲੋਂ ਹੀ ਬਲਕਿ ਸਿੱਖ ਕੌਮ ਵਲੋਂ ਵੀ ਆਪਣੇ ਮਹਾਨ ਆਗੂ ਦੇ ਇਤਿਹਾਸਕ ਰੋਲ ਅਤੇ ਦੇਣ ਨੂੰ ਨਾ ਕੇਵਲ ਭੁਲਾ ਦਿੱਤਾ ਗਿਆ ਹੈ ਬਲਕਿ ਉਹਨਾਂ ਦੀ ਸ਼ਖ਼ਸੀਅਤ ਨਾਲ ਜਾਣ ਬੁਝ ਕੇ ਜਾਂ ਅਣਜਾਣੇ ਵਿਚ ਕਈ ਐਸੇ ਮਿਥਕ ਜੋੜ ਦਿੱਤੇ ਗਏ ਹਨ ਜੋ ਸਹੀ ਨਹੀਂ ਹਨ। ਰਾਜਨੀਤਕ ਧਰਾਤਲ 'ਤੇ ਸਿੱਖ ਕੌਮ ਲਈ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦਾ ਰੁਤਬਾ, ਰੁਆਬ ਤੇ ਰੋਲ ਉਹੀ ਜਾਂ ਉਸ ਤੋਂ ਵੀ ਵੱਧ ਹੈ ਜੋ ਪਾਕਿਸਤਾਨ ਲਈ ਇਸਦੇ ਬਾਬਾ-ਏ-ਕੌਮ ਮੁਹੰਮਦ ਅਲੀ ਜਿਨਾਹ ਅਤੇ ਹਿੰਦੁਸਤਾਨ ਲਈ ਇਸਦੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਹੈ। ਬਾ-ਸ਼ਊਰ ਅਤੇ ਬਾ-ਵਕਾਰ ਕੌਮਾਂ ਆਪਣੇ ਬਜ਼ੁਰਗਾਂ ਦੀ ਯਾਦ ਅਤੇ ਦੇਣ ਨੂੰ ਚੇਤੇ ਰਖਦੀਆਂ ਹਨ ਤੇ ਕਿ ਆਉਣ ਵਾਲੇ ਸਮੇਂ ਲਈ ਪੂਰਨੇ ਪਾ ਕੇ ਜਾਂਦੇ ਹਨ। ਪਾਕਿਸਤਾਨ ਅਤੇ ਹਿੰਦੁਸਤਾਨ ਨੇ ਆਪਣੇ ਰਹਿਬਰਾਂ ਅਤੇ ਆਗੂਆਂ ਨੂੰ ਨਾ ਕੇਵਲ ਬਣਦਾ ਸਨਮਾਨ ਦੇ ਕੇ ਆਪਣਾ ਫ਼ਰਜ਼ ਪੂਰਾ ਕੀਤਾ ਬਲਕਿ ਆਪਣੀ ਕੌਮੀ ਇੱਜ਼ਤ ਵਿਚ ਵੀ ਵਾਧਾ ਕੀਤਾ। ਮਾਸਟਰ ਜੀ ਦੇ ਰੋਲ ਦਾ ਪੱਖਪਾਤ ਰਹਿਤ ਅਤੇ ਇਮਾਨਦਾਰਾਨਾ ਪੰਥ ਪ੍ਰਤੀ ਵਿਸ਼ਲੇਸ਼ਣ ਤਾਂ ਇਹ ਹੈ ਕਿ ਮਾਸਟਰ ਜੀ ਨੇ ਸਿੱਖ ਪੰਥ ਨੇ ਅਹਿਮ ਵਕਤੇ ਦੌਰਾਨ ਇਤਿਹਾਸਕ ਰੋਲ ਅਦਾ ਕੀਤਾ ਜਿਸ ਨਾਲ ਨਾ ਕੇਵਲ ਖਿੱਤੇ ਅਤੇ ਕੌਮ ਦਾ ਇਤਿਹਾਸ ਬਲਕਿ ਉਸਦਾ ਭੂਗੋਲ ਵੀ ਪ੍ਰਭਾਵਤ ਹੋਇਆ। ਦੂਜੇ ਵਿਸ਼ਵ ਯੁੱਧ ਦੇ ਬਾਅਦ ਜਦੋਂ ਅੰਗਰੇਜ਼ ਦੇਸ਼ ਛੱਡ ਕੇ ਜਾ ਰਹੇ ਸਨ, ਉਸ ਸਮੇਂ ਕਾਂਗਰਸ, ਮੁਸਲਿਮ ਲੀਗ ਅਤੇ ਅੰਗਰੇਜ਼ਾਂ ਵਲੋਂ ਦੇਸ਼ ਦੀ ਵੰਡ ਪ੍ਰਵਾਨ ਕਰ ਲੈਣ ਜਾਣ ਦੇ ਬਾਵਜੂਦ ਪੰਜਾਬ ਦੀ ਵੰਡ ਕਰਵਾਉਣੀ ਇਕ ਨਾ-ਮੁਮਕਿਨ ਇਤਿਹਾਸਕ ਕਾਰਨਾਮਾ ਸੀ। ਦੇਸ਼ ਦੀ ਵੰਡ ਸਮੇਂ ਤਿੰਨ ਪ੍ਰਵਾਨਤ ਧਿਰਾਂ ਮੰਨੀਆਂ ਗਈਆਂ ਸਨ, 'ਹਿੰਦੂ ਕਾਂਗਰਸ', 'ਮੁਸਲਿਮ ਲੀਗ' ਅਤੇ 'ਸਿੱਖ ਅਕਾਲੀ ਦਲ'। ਪਹਿਲਾਂ ਇਨਕਾਰ ਫਿਰ ਇਕਰਾਰ। ਰਾਜਾ ਗਾਂਧੀ ਫਾਰਮੂਲੇ ਨੂੰ ਆਖਿਰ ਕਾਂਗਰਸ ਨੇ ਪ੍ਰਵਾਨ ਕਰ ਲਿਆ। ਇਸ ਮੁਤਾਬਕ ਕਾਂਗਰਸ ਅਤੇ ਮੁਸਲਿਮ ਲੀਗ ਭਾਰਤ ਦੀ ਵੰਡ ਲਈ ਰਜ਼ਾਮੰਦ ਹੋ ਗਏ। ਇਸ ਨਾਲ ਤਕਰੀਬਨ ਪੂਰੇ ਦਾ ਪੂਰਾ ਪੰਜਾਬ ਪਾਕਿਸਤਾਨ ਦਾ ਹਿੱਸਾ ਹੋਣਾ ਮੰਨ ਲਿਆ ਗਿਆ। ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਸਰਹੱਦਾਂ ਦਿੱਲੀ ਦੇ ਨੇੜੇ ਮੰਨ ਲਈਆਂ ਗਈਆਂ। ਇਹ ਪੰਜਾਬ ਅਤੇ ਖਾਸ ਕਰ ਕੇ ਸਿੱਖ ਕੌਮ ਲਈ ਬਹੁਤ ਹੀ ਭਿਆਨਕ ਮੰਜ਼ਰ ਸੀ। ਇਸ ਨਾਲ ਹਿੰਦੁਸਤਾਨ ਵਿਚ ਵਸਦੇ ਤਕਰੀਬਨ 85 ਲੱਖ ਸਿੱਖ ਦੋ ਹਿੱਸਿਆਂ ਵਿਚ ਵੰਡੇ ਜਾਣੇ ਸਨ। ਪੰਜਾਹ ਲੱਖ ਦੇ ਕਰੀਬ ਇਸਲਾਮਿਕ ਪਾਕਿਸਤਾਨ ਵਿਚ ਅਤੇ 35 ਲੱਖ ਹਿੰਦੁਸਤਾਨ ਵਿਚ। ਇਸ ਨਾਲ ਦੇਸ਼ ਹੀ ਨਹੀਂ ਬਲਕਿ ਸਿੱਖ ਕੌਮ ਦੋ ਟੋਟੇ ਹੋਣੇ ਸਨ। ਦੇਸ਼ ਦੀ ਵੰਡ ਫਿਰਕਾਦਾਰਾਨਾ ਆਧਾਰ 'ਤੇ ਮੰਨੀ ਗਈ। ਜਿਸ ਪਰਜਾਤੰਤਰ ਜਾਂ ਡੈਮੋਕਰੇਸੀ ਦਾ ਆਧਾਰ ਹੀ ਫਿਰਕੇਦਾਰਾਨਾ ਹੋਏ ਉਸ ਵਿਚ ਧਾਰਮਿਕ ਘੱਟ ਗਿਣਤੀ ਦਾ ਭਵਿੱਖ ਕਿਸ ਅਨੁਮਾਨ ਦਾ ਮੁਥਾਜ਼ ਨਹੀਂ। ਉਸ ਸਮੇਂ ਪੰਜਾਬ ਲਈ ਕੇਵਲ ਕੇਵਲ ਇਕ ਹੀ ਰਾਹ ਦਿੱਤਾ ਗਿਆ ਕਿ ਉਹ ਸਾਰੇ ਦਾ ਸਾਰੇ ਪੰਜਾਬ ਨੂੰ ਪਾਕਿਸਤਾਨ ਦਾ ਹਿੱਸਾ ਮੰਨ ਕੇ ਉਸ ਵਿਚ ਸ਼ਾਮਲ ਹੋ ਜਾਣ ਅਤੇ ਪੰਜਾਬੀਆਂ ਦੇ ਦੋ ਟੁਕੜੇ ਹੋ ਜਾਣ। ਇਸ ਬਿਖੜੇ ਹਾਲਾਤ ਵਿਚ ਪੂਰੇ ਪੰਜਾਬੀਆਂ ਨੇ ਆਪਣਾ ਆਗੂ ਮਾਸਟਰ ਤਾਰਾ ਸਿੰਘ ਨੂੰ ਮੰਨਿਆ। ਸ਼੍ਰੋਮਣੀ ਅਕਾਲੀ ਦਲ ਦਾ ਉਸ ਵੇਲੇ ਦਾ ਸਟੈਂਡ ਸੀ ਕਿ ਜਿਸ ਆਧਾਰ 'ਤੇ ਮੁਸਲਿਮ ਲੀਗ ਨੇ ਭਾਰਤ ਦੀ ਵੰਡ ਮੰਗੀ ਹੈ ਉਸੇ ਆਧਾਰ 'ਤੇ ਪੰਜਾਬ ਨੂੰ ਵੀ ਵੰਡਿਆ ਜਾਏ। ਮੁਸਲਿਮ ਲੀਗ ਨੂੰ ਇਹ ਮਨਜ਼ੂਰ ਨਹੀਂ ਸੀ। ਪਰ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਪੰਜਾਬ ਦੀ ਵੰਡ ਮੰਗੀ ਗਈ ਅਤੇ ਪੂਰੀ ਹੋਈ। ਇਸ ਨਾਲ ਹਿੰਦ-ਪਾਕਿਸਤਾਨ ਦੀਆਂ ਸਰਹੱਦਾਂ ਦਿੱਲੀ ਦੀ ਬਜਾਇ ਲਾਹੌਰ, ਸਿਆਲਕੋਟ, ਕਸੂਰ ਦੇ ਨੇੜੇ ਹੋਈਆਂ। ਪਰ ਭਾਰਤ ਅਤੇ ਭਾਰਤ ਵਾਸੀਆਂ ਨੇ ਇਸ ਦਾ ਜ਼ਿਕਰ ਕਰਨਾ ਵੀ ਮੁਨਾਸਬ ਨਾ ਸਮਝਿਆ ਹੈ। ਅਲਬਤਾ, ਭਾਰਤ ਦੇ ਪਹਿਲੇ ਭਾਰਤੀ ਗਵਰਨਰ ਜਨਰਲ ਚੱਕਰਵਰਤੀ ਰਾਜਾ ਗੋਪਾਲਾਚਾਰੀਆ ਨੇ ਕਿਹਾ ਸੀ ਕਿ ਹਿੰਦੁਸਤਾਨ ਦਾ ਮੌਜੂਦਾ ਨਕਸ਼ਾ ਮਾਸਟਰ ਤਾਰਾ ਸਿੰਘ ਜੀ ਦੀ ਦੇਣ ਹੈ। ਪਰ ਗਿਣੀ ਮਿਥੀ ਅਤੇ ਡੂੰਘੀ ਸਾਜ਼ਿਸ਼ ਅਧੀਨ ਨਾ ਕੇਵਲ ਮਾਸਟਰ ਜੀ ਅਤੇ ਉਹਨਾਂ ਦੀ ਅਗਵਾਈ ਵਿਚ ਸਿੱਖਾਂ ਦੇ ਤਤਕਾਲੀਨ ਰੋਲ ਨੂੰ ਹੀ ਨਕਾਰਿਆ ਅਤੇ ਗੰਧਲਾਇਆ ਗਿਆ ਹੈ ਬਲਕਿ ਉਹਨਾਂ ਬਾਰੇ ਤੱਥ ਹੀਣ ਮਿੱਥ ਵੀ ਸਿਰਜੇ ਅਤੇ ਪਰਚਾਰੇ ਗਏ ਹਨ। ਭਾਰਤ ਅਤੇ ਭਾਰਤੀਆਂ ਵਲੋਂ ਤਾਂ ਮਾਸਟਰ ਜੀ ਦੀ ਦੇਣ ਨੂੰ ਪੂਰੀ ਤਰ੍ਹਾਂ ਹੀ ਅਣਗੌਲਿਆ ਕਰ ਦੇਣਾ ਸਮਝ ਆ ਸਕਦਾ ਹੈ ਪਰ ਸਿੱਖ ਲੀਡਰਸ਼ਿਪ ਵੱਲੋਂ ਇਹੀ ਕਾਰਵਾਈ ਸ਼ਿਬਲੀ ਦੇ ਫੁਲ ਮਾਰਨ ਤੁਲ ਹੈ। ਇਸ ਤੋਂ ਵੱਧ ਤ੍ਰਾਸਦੀ ਹੋਰ ਕੀ ਹੋ ਸਕਦੀ ਹੈ ਕਿ ਦੇਸ਼ ਅਤੇ ਦੇਸ਼ਵਾਸੀਆਂ ਲਈ ਇਤਨਾ ਕੁਝ ਕਰਨ ਵਾਲੇ ਮਾਸਟਰ ਤਾਰਾ ਸਿੰਘ ਜੀ ਦੇ ਨਾਮ 'ਤੇ ਪੱਛਮੀ ਦਿੱਲੀ ਵਿਚ ਬਣੇ ਮਾਸਟਰ ਤਾਰਾ ਸਿੰਘ ਪਾਰਕ ਦਾ ਨਾਮ ਵੀ ਬਦਲ ਦਿੱਤਾ ਗਿਆ। ਉਪਰੰਤ ਮਾਸਟਰ ਜੀ ਦੇ ਬੁਤ ਲਈ ਕੋਈ ਸਰਕਾਰੀ ਥਾਂ ਤਕ ਵੀ ਨਾ ਪ੍ਰਦਾਨ ਕੀਤੀ ਗਈ ਅਤੇ ਇਹ ਬੁਤ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਜ਼ਮੀਨ 'ਤੇ ਲਗਾਉਣਾ ਪਿਆ। 'ਦੋ ਗਜ਼ ਜ਼ਮੀਂ ਭੀ ਨਾ ਮਿਲੀ ਕੂਏ ਯਾਰ ਮੇਂ।' ਮਾਸਟਰ ਤਾਰਾ ਸਿੰਘ ਜੀ 1920 ਤੋਂ ਲੈ ਕੇ 1970 ਤਕ ਦੇ ਪੰਜਾਬ ਦੇ ਇਤਿਹਾਸ ਦੇ ਕੇਂਦਰੀ ਬਿੰਦੂ ਅਤੇ ਸੂਤਰਧਾਰ ਰਹੇ ਹਨ। ਗੁਰਦੁਆਰਾ ਸੁਧਾਰ ਲਹਿਰ, ਸ਼੍ਰੋਮਣੀ ਕਮੇਟੀ ਦੀ ਕਾਇਮੀ, ਦੇਸ਼ ਦੀ ਵੰਡ ਸਮੇਂ ਸਿੱਖ ਕੌਮ ਦੀ ਤੀਸਰੀ ਧਿਰ ਵਜੋਂ ਪ੍ਰਵਾਨਗੀ ਅਤੇ ਬਾਅਦ ਵਿਚ ਪੰਜਾਬੀ ਸੂਬੇ ਦੀ ਜਦੋ-ਜਹਿਦ ਅਤੇ ਆਪਣੇ ਜੀਵਨ ਕਾਲ ਦੀ ਸੰਧਿਆ ਸਮੇਂ 'ਸਿੱਖ ਹੋਮਲੈਂਡ' ਦੀ ਪ੍ਰਾਪਤੀ ਲਈ ਜੂਝਣਾ ਮਾਸਟਰ ਜੀ ਦੀ ਜੁਝਾਰੂ ਬਿਰਤੀ ਅਤੇ ਉਹਨਾਂ ਦੇ ਦ੍ਰਿੜ ਇਰਾਦੇ ਨੂੰ ਦਰਸਾਂਦਾ ਹੈ। ਇਸ ਵਿਚ ਰੰਚਕ ਮਾਤਰ ਵੀ ਅਤਿਕਥਨੀ ਨਹੀਂ ਕਿ ਮਾਸਟਰ ਜੀ ਦੇ ਜੀਵਨ ਕਾਲ ਵਿਚ ਜਿਸ ਕਿਸੇ ਨੇ ਵੀ ਪੰਜਾਬ ਅਤੇ ਪੰਥਕ ਪਿੜ ਵਿਚ ਕੋਈ ਰੁਤਬਾ ਜਾਂ ਪ੍ਰਵਾਨਗੀ ਪ੍ਰਾਪਤ ਕੀਤੀ ਹੈ ਤਾਂ ਉਹ ਮਾਸਟਰ ਜੀ ਦੀ ਵਿਰੋਧਤਾ ਕਰਕੇ ਜਾਂ ਉਹਨਾਂ ਦੀ ਹਮਾਇਤ ਕਰਕੇ ਹੀ ਹਾਸਿਲ ਕੀਤੀ ਹੈ। ਮਾਸਟਰ ਤਾਰਾ ਸਿੰਘ ਨੇ ਪੰਥ ਦੇ ਦਿਲਾਂ 'ਤੇ 50 ਸਾਲ ਰਾਜ ਕੀਤਾ। ਕੋਈ ਵੀ ਧਿਰ ਜਾਂ ਸਰਕਾਰ ਨਾ ਤਾਂ ਮਾਸਟਰ ਜੀ ਨੂੰ ਖਰੀਦ ਹੀ ਸਕੀ ਅਤੇ ਨਾ ਹੀ ਕਦੇ ਉਹਨਾਂ ਨੂੰ ਡਰਾ ਜਾਂ ਦਬਕਾ ਹੀ ਸਕੀ। ਪਰ ਸਿਰਦਾਰ ਕਪੂਰ ਸਿੰਘ ਅਨੁਸਾਰ ਮਾਸਟਰ ਜੀ ਦੇ ਜੀਵਨ ਕਾਲ ਦੇ ਅਖ਼ੀਰਲੇ ਸਮੇਂ ਵਿਚ ਚਾਣਕਿਯਾ ਨੀਤੀ ਦੀਆਂ ਕੁਚਾਲਾਂ ਨਾਲ ਆਪਣਿਆਂ ਰਾਹੀਂ ਹੀ ਮਾਸਟਰ ਜੀ ਨੂੰ ਪੰਥਕ ਪਿੜ ਵਿਚੋਂ ਦਰ-ਬਦਰ ਕੀਤਾ ਗਿਆ। ਅਤੇ ਇਸਦੇ ਨਾਲ ਹੀ ਮਾਸਟਰ ਜੀ ਦੀ ਦੇਣ ਨੂੰ ਅਤੇ ਪੰਥ ਨੂੰ ਆਪਣੇ ਨਿਸ਼ਾਨੇ ਤੋਂ ਭਟਕਾਉਣ ਲਈ ਇਹ ਭੰਡੀ ਪ੍ਰਚਾਰ ਕੀਤਾ ਗਿਆ ਕਿ, ਦੇਸ਼ ਦੀ ਵੰਡ ਸਮੇਂ ਸਿੱਖ ਸਟੇਟ ਜਾਂ ਖਾਲਿਸਤਾਨ ਮਿਲਦਾ ਸੀ ਪਰ ਮਾਸਟਰ ਤਾਰਾ ਸਿੰਘ ਨੇ ਨਹੀਂ ਲਿਆ। 1947 ਵਿਚ ਮਾਸਟਰ ਤਾਰਾ ਸਿੰਘ ਨੇ ਲਾਹੌਰ ਕਿਲੇ 'ਤੇ ਲਗਾ ਪਾਕਿਸਤਾਨ ਦਾ ਝੰਡਾ ਫ਼ਾੜਿਆ ਸੀ। ਡਾਕਟਰ ਅੰਬੇਦਕਰ ਸਿੰਘ ਸਜਣਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਹ ਨਹੀਂ ਹੋਣ ਦਿੱਤਾ।



## ਸਿੱਖ ਸਟੇਟ

ਦੇਸ਼ ਦੀ ਵੰਡ ਸਮੇਂ ਦੀਆਂ ਸਾਰੀਆਂ ਮੀਟਿੰਗਾਂ ਅਤੇ ਗੱਲਬਾਤ ਦੇ ਸਾਰੇ ਦਸਤਾਵੇਜ਼ ਹੁਣ ਮੌਜੂਦ ਹਨ। ਕਿਸੇ ਵੀ ਲਿਖਤ, ਦਸਤਾਵੇਜ਼ ਜਾਂ ਰਿਕਾਰਡ ਵਿਚ ਆਜ਼ਾਦ ਸਿੱਖ ਸਟੇਟ ਜਾਂ ਖਾਲਿਸਤਾਨ ਮਿਲਣ ਜਾਂ ਪੇਸ਼ਕਸ਼ ਦਾ ਕੋਈ ਵੀ ਜ਼ਿਕਰ ਨਹੀਂ ਹੈ। ਦੇਸ਼ ਦੀ ਵੰਡ 'ਤੇ ਗੰਭੀਰਤਾ ਨਾਲ ਖੋਜ ਕਰਨ ਵਾਲੇ ਉੱਘੇ ਇਤਿਹਾਸਕਾਰ ਡਾ. ਕਿਰਪਾਲ ਸਿੰਘ ਜੀ ਮੁਤਾਬਕ ਇਹ ਹਿੰਦੂਆਂ ਵਲੋਂ ਕੀਤਾ ਗਿਆ ਪ੍ਰਾਪੇਗੰਡਾ ਹੈ। ਉਹ ਇਸ ਬਾਰੇ ਦੱਸਦੇ ਹਨ ਕਿ ਸਿੱਖ ਸਟੇਟ ਜਾਂ ਖਾਲਿਸਤਾਨ ਨਹੀਂ ਬਲਕਿ ਪਾਕਿਸਤਾਨ ਦੇ ਕਾਇਦ ਮੁਹੰਮਦ ਅਲੀ ਜਿਨਾਹ ਵਲੋਂ ਸਿੱਖਾਂ ਨੂੰ ਮੁਸਲਿਮ 'ਨੇਸ਼ਨ' ਪਾਕਿਸਤਾਨ ਵਿਚ 'ਸਬ-ਨੇਸ਼ਨ' ਦੀ ਅਧੀਨਗੀ ਵਾਲੇ ਰੁਤਬੇ ਦੀ ਪੇਸ਼ਕਸ਼ ਕੀਤੀ ਗਈ ਸੀ। ਇਹ ਪੇਸ਼ਕਸ਼ ਵੀ ਲਿਖਤੀ ਨਹੀਂ ਬਲਕਿ ਮੂੰਹ ਜ਼ਬਾਨੀ ਸੀ ਅਤੇ ਮਾਸਟਰ ਜੀ ਵਲੋਂ ਇਹ ਪੁਛੇ ਜਾਣ 'ਤੇ ਕਿ ਕੀ ਦਸ ਸਾਲ ਬਾਅਦ ਜੇ ਸਿੱਖ ਇਸ ਮੁਸਲਿਮ ਸਟੇਟ ਤੋਂ ਬਾਹਰ ਆਉਣਾ ਚਾਹੁਣਗੇ ਤਾਂ ਕੀ ਇਸ ਦੀ ਇਜਾਜ਼ਤ ਹੋਏਗੀ। ਜਿਨਾਹ ਦਾ ਸਪੱਸ਼ਟ ਉੱਤਰ ਸੀ, 'ਬਿਲਕੁਲ ਨਹੀਂ'। ਸੋ ਇਹ ਸਿੱਖ ਸਟੇਟ ਜਾਂ ਖਾਲਿਸਤਾਨ ਮਿਲਣ ਅਤੇ ਇਸ ਤੋਂ ਇਨਕਾਰ ਕਰਨ ਦੀ ਗੱਲ ਮਹਿਜ਼ ਸ਼ੋਸ਼ਾ ਅਤੇ ਭੰਡੀ ਪਰਚਾਰ ਹੈ।

## ਪਾਕਿਸਤਾਨ ਦਾ ਝੰਡਾ (ਪਰਚਮ)

## ਫ਼ਾੜਨ ਦੀ ਕਹਾਣੀ

ਇਕ ਹੋਰ ਕਹਾਣੀ ਪ੍ਰਚਾਰਿਤ ਕੀਤੀ ਗਈ ਕਿ 3 ਮਾਰਚ, 1947 ਨੂੰ ਮਾਸਟਰ ਤਾਰਾ ਸਿੰਘ ਨੇ ਲਾਹੌਰ ਅਸੰਬਲੀ 'ਤੇ ਲਗਾ ਪਾਕਿਸਤਾਨ ਦਾ ਝੰਡਾ ਫ਼ਾੜ ਦਿੱਤਾ ਸੀ। ਮਾਰਚ 1947 ਵਿਚ ਜਦੋਂ ਖਿਜ਼ਰ ਹਯਾਤ ਦੀ ਯੂਨੀਅਨਿਸਟ ਵਜ਼ਾਰਤ ਹਾਰ ਗਈ ਅਤੇ ਉਸਦੀ ਬਜਾਇ ਮੁਸਲਿਮ ਲੀਗ ਦੀ ਵਜ਼ਾਰਤ ਬਣਨੀ ਸੀ ਤਾਂ ਉਸ ਵੇਲੇ ਪੰਜਾਬ ਦੀ ਸਾਰੀ ਦੀ ਸਾਰੀ ਹਿੰਦੂ-ਸਿੱਖ ਜਨਤਾ ਅਕਾਲੀ ਦਲ ਅਤੇ ਮਾਸਟਰ ਜੀ ਨੂੰ ਆਪਣਾ ਆਗੂ ਮੰਨ ਚੁਕੀ ਸੀ। ਇਹ ਪੰਥ 'ਤੇ ਇਕ ਗੰਭੀਰ ਸੰਕਟ ਸੀ ਕਿ ਦੇਸ਼ ਦਾ ਬਟਵਾਰਾ ਨਹੀਂ ਬਲਕਿ ਸਿੱਖਾਂ ਦਾ ਬਟਵਾਰਾ ਹੋਣਾ ਸੀ। ਉੱਤਰੀ-ਦੱਖਣੀ ਕੋਰੀਆ, ਪੂਰਬੀ-ਪੱਛਮੀ ਜਰਮਨੀ ਆਦਿ ਦੀ ਤਰਜ਼ 'ਤੇ ਸਿੱਖ ਕੌਮ ਦੇ ਟੁਕੜਿਆਂ ਵਿੱਚ ਵੰਡੀ ਜਾਣੀ ਸੀ। ਅੱਧੀ ਪਾਕਿਸਤਾਨ ਦੇ ਅਧੀਨ ਅਤੇ ਅੱਧੀ ਹਿੰਦੁਸਤਾਨ ਦੇ ਅਧੀਨ। ਸਿੱਖ ਪੰਥ ਲਈ ਇਹ ਇਕ ਲਗਾਤਾਰ ਕਾਇਮ ਰਹਿਣ ਵਾਲਾ ਘੱਲੂਘਾਰਾ ਸਾਬਿਤ ਹੋਣਾ ਸੀ। ਮਾਸਟਰ ਜੀ ਨੇ ਉਸ ਸਮੇਂ ਪੰਜਾਬ ਦੇ ਬਟਵਾਰੇ ਦੀ ਮੰਗ ਕੀਤੀ। ਕੌਮ ਦੇ ਵਾਰਿਦ ਅਤੇ ਸ਼ੇਰ ਦਿਲ ਅਤੇ ਦੂਰਅੰਦੇਸ਼ ਆਗੂ ਮਾਸਟਰ ਤਾਰਾ ਸਿੰਘ ਜੀ ਨੇ ਇਸ ਘੜੀ ਵਿਚ ਲਾਹੌਰ ਅਸੰਬਲੀ ਦੇ ਬਾਹਰ ਮੁਸਲਿਮ ਲੀਗ ਹਜੂਮ ਦੇ ਸਾਹਮਣੇ ਆਪਣੀ 'ਸ੍ਰੀ ਸਾਹਿਬ' ਚੁੱਕ ਕੇ 'ਪਾਕਿਸਤਾਨ ਮੁਰਦਾਬਾਦ' ਦਾ ਨਾਅਰਾ ਮਾਰਿਆ। ਇਸ ਨਾਲ ਹਾਲਾਤ ਨੇ ਐਸਾ ਪਲਟਾ ਖਾਧਾ ਕਿ ਮੁਸਲਿਮ ਲੀਗ ਦੀ ਪੂਰੇ ਪੰਜਾਬ ਨੂੰ ਪਾਕਿਸਤਾਨ ਦਾ ਹਿੱਸਾ ਬਣਾਉਣ ਦਾ ਸੁਫ਼ਨਾ ਚਕਨਾਚੂਰ ਹੋਇਆ ਅਤੇ ਬਾਊਂਡਰੀ ਕਮਿਸ਼ਨ ਦੁਬਾਰਾ ਬਣਿਆ ਅਤੇ ਪੰਜਾਬ ਦਾ ਬਟਵਾਰਾ ਹੋਇਆ।

## ਡਾ. ਅੰਬੇਦਕਰ ਅਤੇ ਸਿੱਖ

ਇਕ ਹੋਰ ਭੰਡੀ ਪਰਚਾਰ ਕੀਤਾ ਜਾਂਦਾ ਹੈ ਕਿ ਉਸ ਸਮੇਂ ਬਾਬਾ ਸਾਹਿਬ ਡਾ. ਅੰਬੇਦਕਰ ਕਰੋੜਾਂ ਅਖੌਤੀ ਅਛੂਤਾਂ ਸਮੇਤ ਸਿੱਖ ਬਣਨਾ ਚਾਹੁੰਦੇ ਸਨ ਪਰ ਮਾਸਟਰ ਜੀ ਨੇ ਇਸ ਵਿਚ ਰੁਕਾਵਟ ਪਾਈ। ਉਸ ਸਮੇਂ ਸ਼੍ਰੋਮਣੀ ਕਮੇਟੀ ਨੇ ਆਪਣੇ ਸਾਰੇ ਫ਼ਰਜ਼ ਅਦਾ ਕਰ ਕੇ ਬੰਬਈ ਵਿਚ ਖਾਲਸਾ ਕਾਲਜ ਬਣਵਾਇਆ, ਭਾਰਤ ਵਿਚ ਕਈ ਥਾਵੇਂ ਅਲੀਗੜ੍ਹ, ਹਾਪੁੜ, ਏਰਨਾਕੁਲਮ ਆਦਿ ਥਾਵਾਂ 'ਤੇ ਸਿੱਖ ਮਿਸ਼ਨ ਕਾਇਮ ਕੀਤੇ। ਇਸ ਬਾਰੇ ਹੁਣ ਸਾਰੇ ਦਸਤਾਵੇਜ਼ ਮੌਜੂਦ ਹਨ। ਇਸ ਵਿਚ ਵੱਡੀ ਰੁਕਾਵਟ ਬਣੀ ਮਹਾਤਮਾ ਗਾਂਧੀ ਦਾ ਇਹ ਕਹਿਣਾ ਕਿ ਜੇ ਅਛੂਤ ਸਿੱਖ ਬਣ ਗਏ ਤਾਂ ਮੈਂ ਮਰਨ ਵਰਤ ਰੱਖ ਲਵਾਂਗਾ। ਮਾਸਟਰ ਤਾਰਾ ਸਿੰਘ ਜੀ ਦੀ ਦੇਣ ਅਤੇ ਪੰਥ ਦੀ ਬੇਲਾਗ ਸੇਵਾ ਅਦੁੱਤੀ ਹੈ। ਦੂਸਰੀ ਆਲਮੀ ਜੰਗ, ਵਿਸ਼ਵ ਯੁਧ ਦੌਰਾਨ 1942 ਵਿਚ ਕਾਂਗਰਸ ਨੇ 'ਦੇਸ਼ ਛੱਡੋ' ਦਾ ਨਾਅਰਾ ਦੇ ਕੇ ਫ਼ੌਜ ਭਰਤੀ ਦੇ ਬਾਈਕਾਟ ਦਾ ਨਾਅਰਾ ਦਿੱਤਾ। ਦੂਰ-ਅੰਦੇਸ਼ ਮਾਸਟਰ ਤਾਰਾ ਸਿੰਘ ਨੇ ਆਉਣ ਵਾਲੇ ਸਮੇਂ ਦੀ ਨਜ਼ਾਕਤ ਵੇਖਦਿਆਂ ਸਿੱਖਾਂ ਨੂੰ ਵੱਧ ਤੋਂ ਵੱਧ ਫ਼ੌਜ ਵਿਚ ਭਰਤੀ ਹੋਣ ਦਾ ਸੰਦੇਸ਼ ਦਿੱਤਾ। ਇਸ ਸਮੇਂ ਵਿਚ ਬੜੀ ਵੱਡੀ ਗਿਣਤੀ ਵਿਚ ਸਿੱਖ ਫ਼ੌਜ ਵਿਚ ਭਰਤੀ ਹੋਏ। ਇਤਿਹਾਸ ਨੇ ਮਾਸਟਰ ਜੀ ਦੀ ਸੂਝ ਅਤੇ ਨਿਰਣੇ ਦੀ ਗਵਾਹੀ ਦਿੱਤੀ ਹੈ ਕਿ 1947 ਵਿਚ ਦੇਸ਼ ਦੀ ਵੰਡ ਸਮੇਂ ਅਤੇ ਬਾਅਦ ਵਿਚ ਵੀ 1947 ਦੇ ਕਬਾਇਲੀ ਹਮਲੇ ਉਪਰੰਤ 1962, 1965 ਅਤੇ 1971 ਦੀ ਜੰਗ ਦੌਰਾਨ ਜੇ ਦੇਸ਼ ਦਾ ਬਚਾਅ ਹੋਇਆ ਹੈ ਤਾਂ ਉਹ 1942 ਵਿਚ ਵੱਡੀ ਗਿਣਤੀ ਵਿੱਚ ਸਿੱਖਾਂ ਦੇ ਭਰਤੀ ਹੋਣ ਕਰਕੇ ਹੀ ਹੋਇਆ ਹੈ। ਡਾਕਟਰ ਕਿਰਪਾਲ ਸਿੰਘ ਇਸ ਬਾਰੇ ਦੱਸਦੇ ਹਨ ਕਿ ਇਸ ਸਮੇਂ ਦੀ ਸਿੱਖਾਂ ਦੀ ਭਰਤੀ ਨੇ ਬਹੁਤ ਵੱਡੀ ਗਿਣਤੀ ਵਿਚ ਸਿੱਖ ਜਨਰਲ ਅਤੇ ਉਚ ਅਧਿਕਾਰੀ ਕੌਮ ਨੂੰ ਦਿੱਤੇ। ਕੀ ਆਸ ਕੀਤੀ ਜਾਏ ਕਿ ਦੇਸ਼ ਅਤੇ ਕੌਮ ਮਾਸਟਰ ਤਾਰਾ ਸਿੰਘ ਪ੍ਰਤੀ ਜਾਣ ਬੁੱਝ ਕੇ ਪਾਏ ਭਰਮ ਭੁਲੇਖਿਆਂ ਨੂੰ ਦੂਰ ਕਰੇਗੀ ਅਤੇ ਪੰਥ ਦੇ ਇਸ ਮਹਾਨ ਜਰਨੈਲ ਦੀ ਦੇਣ ਨੂੰ ਯਾਦ ਰੱਖੇਗੀ?

# ਗੁਰਦੁਆਰਾ ਭਾਈ ਅਦਲੀ ਜਿੱਥੇ ਬਾਬਾ ਬਿਧੀ ਚੰਦ ਦੇ ਜੀਵਨ ਵਿੱਚ ਆਇਆ ਇੱਕ ਮਹੱਤਵਪੂਰਨ ਮੋੜ

**ਰਮੇਸ਼ ਬੱਗਾ ਚੋਹਲਾ**
**9463132719**

ਗੁਰੂ ਨਾਨਕ ਨਾਮ-ਲੇਵਾ ਸੰਗਤ ਦੇ ਮਨ ਵਿੱਚ ਗੁਰਦੁਆਰਾ ਸਾਹਿਬ ਪ੍ਰਤੀ ਬਹੁਤ ਹੀ ਸ਼ਰਧਾ ਅਤੇ ਸਤਿਕਾਰ ਹੈ, ਕਿਉਂਕਿ ਇਨ੍ਹਾਂ ਰਾਹੀਂ ਆਤਮਿਕ ਸੋਝੀ ਦੀ ਪ੍ਰਾਪਤੀ ਦੇ ਨਾਲ-ਨਾਲ ਸਮਾਜਿਕ ਸਾਂਝ ਵੀ ਪੱਕੀ ਹੁੰਦੀ ਹੈ। ਗੁਰੂ ਵਾਕ ਹੈ- 'ਗੁਰੂ ਦੁਆਰੈ ਹੋਇ ਸੋਝੀ ਪਾਇਸੀ'। ਗੁਰਦੁਆਰਾ ਸਾਹਿਬ ਵਿਚ ਨਿਤਨੇਮ ਨਾਲ ਆਉਣ ਵਾਲੀ ਸੰਗਤ ਨੂੰ ਇਹ ਸੋਝੀ (ਗਿਆਨ) ਗੁਰਬਾਣੀ, ਇਤਿਹਾਸ ਅਤੇ ਕਥਾ-ਵਿਚਾਰਾਂ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ, ਜਿਹੜੀ ਮਾਨਵ-ਜੀਵਨ ਦਾ ਲਾਹਾ (ਪ੍ਰਾਣੀ ਤੂੰ ਆਇਆ ਲਾਹਾ ਲੈਣਿ) ਲੈਣ ਦੇ ਸਮਰੱਥ ਬਣਾਉਂਦੀ ਹੈ। ਇਕ ਸਮਰੱਥ ਵਿਅਕਤੀ ਹੀ ਆਪਣੀ ਸਹੀ ਮੰਜ਼ਿਲ (ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ) 'ਤੇ ਪਹੁੰਚ ਸਕਦਾ ਹੈ। ਭਟਕਣ ਦੀਆਂ ਗਲੀਆਂ ਵਿੱਚ ਫਿਰਦੇ ਜੀਵਾਂ ਨੂੰ ਉਨ੍ਹਾਂ ਦੀ ਅਸਲੀ ਮੰਜ਼ਿਲ ਤੱਕ ਪਹੁੰਚਾਉਣ ਵਿੱਚ ਜਿੱਥੇ ਗੁਰਮਤਿ ਗਿਆਨ ਦਾ ਵੱਡਮੁੱਲਾ ਯੋਗਦਾਨ ਰਿਹਾ ਹੈ, ਉੱਥੇ ਇਸ (ਗੁਰਮਤਿ) ਵਿਚਾਰਧਾਰਾ ਨੂੰ ਸਮਰਪਿਤ ਸਿੱਖਾਂ ਦੀ ਵੀ ਅਹਿਮ ਭੂਮਿਕਾ ਰਹੀ ਹੈ। ਇਸ ਤਰ੍ਹਾਂ ਦੀ ਭੂਮਿਕਾ ਨਿਭਾਉਣ ਵਾਲਿਆਂ ਵਿਚ ਹੀ ਸ਼ਾਮਿਲ ਹੈ ਇਤਿਹਾਸਿਕ ਕਸਬਾ ਚੋਹਲਾ ਸਾਹਿਬ ਦੇ ਵਸਨੀਕ ਅਤੇ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਪਿਆਰੇ ਸਿੱਖ ਭਾਈ ਅਦਲੀ ਜੀ ਦਾ ਨਾਮ। ਭਾਈ ਸਾਹਿਬ ਦੀ ਸਾਰਥਿਕ ਭੂਮਿਕਾ ਸਦਕਾ ਹੀ ਇੱਕ ਚੋਰ ਬਿਰਤੀ ਦਾ ਮਾਲਿਕ ਬਾਬਾ ਬਿਧੀ ਚੰਦ ਨਾ ਸਿਰਫ ਚੋਰੀ ਤੋਂ ਹੀ ਤੋਬਾ ਕਰ ਗਿਆ, ਸਗੋਂ ਗੁਰੂ ਘਰ ਨੂੰ ਸਮਰਪਿਤ ਹੋ ਕੇ ਗੁਰੂ ਦਾ ਸੀਨਾ (ਬਿਧੀ ਚੰਦ ਛੀਨਾ ਗੁਰੂ ਕਾ ਸੀਨਾ) ਵੀ ਬਣ ਗਿਆ। ਸਵੇਰੇ ਉਨ੍ਹੇ ਪਿੰਡ ਵਾਲਿਆਂ ਨੇ ਜਦੋਂ ਮੱਝਾਂ ਦੀਆਂ ਖੁਰਲੀਆਂ ਖਾਲੀ ਦੇਖੀਆਂ ਤਾਂ ਉਨ੍ਹਾਂ ਨੇ ਚੋਰ ਦਾ ਖੁਰਾ ਨੱਪ ਲਿਆ। ਜਿਹੜੇ ਰਾਹ ਖੁਰ ਲੱਗੇ ਸਨ, ਪਿੰਡ ਵਾਲੇ ਨੱਪੀ ਜਾ ਰਹੇ ਸਨ। ਦਰਿਆ ਬਿਆਸ ਵਿਚ ਪੈਣ ਕਰਕੇ ਭਾਵੇਂ ਖੁਰਾ-ਖੋਜ ਮਿਲਣ ਵਿਚ ਵਿਘਨ ਪੈ ਗਿਆ, ।ਇਸ ਸਮੇਂ ਦੌਰਾਨ ਮੱਝਾਂ ਦੇ ਮਾਲਕ ਵੀ ਕੁਟੀਆ ਤੱਕ ਪਹੁੰਚ ਗਏ ਅਤੇ ਕਹਿਣ 'ਬਾਬਾ! ਤੇਰੀ ਝੁੱਗੀ ਵਿਚ ਸਾਡਾ ਚੋਰ ਆਇਆ ਹੈ, ਇਸ ਨੂੰ ਬਾਹਰ ਕੱਢ ਦੇ ਅਸੀਂ ਇਸ ਦਾ ਅੱਜ ਹਿਸਾਬ (ਕੁਟਾਪਾ) ਕਰਨਾ ਹੈ।' ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਦਿਆਂ ਸਾਧੂ ਨੇ ਕਿਹਾ -'ਭਲਿਓ ਲੋਕੋ! ਸਾਧ ਕੋਲ ਭਲਾ ਚੋਰ ਦਾ ਕੀ ਕੰਮ? ਤੁਹਾਨੂੰ ਕੋਈ ਭੁਲੇਖਾ ਪਿਆ ਹੈ, ਅੰਦਰ ਆ ਕੇ ਦੇਖ ਲਓ ਇੱਥੇ ਕੋਈ ਚੋਰ ਨਹੀਂ ਹੈ। ਤਸੱਲੀ ਲਈ ਜਦੋਂ ਉਹ ਅੰਦਰ ਆਏ ਤਾਂ ਦੇਖਿਆ ਕਿ ਬਾਬਾ ਬਿਧੀ ਦੇ ਚਿਹਰੇ ਦੀ ਨੁਹਾਰ ਹੀ ਬਦਲ ਚੁੱਕੀ ਸੀ। ਇਹ ਸਭ ਉਸ ਮਹਾਂਪੁਰਖ ਦੀ ਸੰਗਤ ਕਰਕੇ ਹੋਇਆ ਸੀ। ਹੱਥ-ਪੱਲੇ ਕੁੱਝ ਨਾ ਪੈਣ ਤੇ ਜਦੋਂ ਪਿੰਡ ਵਾਲੀ ਦੇ ਲੋਕ ਵਾਪਸੀ ਪਾਉਣ ਲੱਗੇ ਤਾਂ ਸਾਧੂ ਨੇ ਆਵਾਜ਼ ਮਾਰ ਕੇ ਕਿਹਾ-'ਗੁਰਮੁੱਖੋ! ਜਿਸ ਕਾਰਜ ਲਈ ਤੁਸੀਂ ਆਏ ਸੀ ਉਸ ਨੂੰ ਪੂਰਾ ਕਰਕੇ ਜਾਓ। ਤੁਹਾਡੀਆਂ ਮੱਝਾਂ ਉਸ ਛੰਭ ਵਿਚ ਹਨ ਜਾ ਕੇ ਪਛਾਣ ਲਓ। ਪਿੰਡ ਦੇ ਪਤਵੰਤੇ ਜਦੋਂ ਛੰਭ ਕੋਲ ਗਏ ਤਾਂ ਉਨ੍ਹਾਂ ਨੂੰ ਸਾਰੀਆਂ ਮੱਝਾਂ ਭੂਰੀਆਂ ਨਜ਼ਰ ਆਈਆਂ ਕਿਉਂਕਿ ਵਧੇਰੇ ਸਮਾਂ ਚਿੱਕੜ ਵਿਚ ਰਹਿਣ ਕਰਕੇ ਉਨ੍ਹਾਂ ਦਾ ਆਪਣਾ (ਕਾਲਾ) ਰੰਗ ਬਦਲ ਗਿਆ ਸੀ। ਇਸ ਅਦਲ (ਇਨਸਾਫ਼) ਨਾਲ ਚੋਹਲਾ ਸਾਹਿਬ ਦੇ ਇਲਾਕੇ ਵਿਚ ਸਾਧੂ ਦਾ ਨਾਂਅ ਭਾਈ ਅਦਲੀ ਜੀ ਪ੍ਰਚੱਲਿਤ ਹੋ ਗਿਆ ਅਤੇ ਉਸ ਦੀ ਸੋਭਾ ਦੂਣੀ ਹੋ ਗਈ। ਇਸ ਸਥਾਨ 'ਤੇ ਗੁਰਦੁਆਰਾ ਭਾਈ ਅਦਲੀ ਜੀ ਸੁਸ਼ੋਭਿਤ ਹੈ। ਇਸ ਅਦਲ ਤੋਂ ਪ੍ਰਭਾਵਿਤ ਹੋ ਕੇ ਬਾਬਾ ਬਿਧੀ ਚੰਦ ਵੀ ਗੁਰਸਿੱਖਾਂ ਦਾ ਹੋ ਗਿਆ ਅਤੇ ਬਾਕੀ ਦਾ ਸਾਰਾ ਜੀਵਨ ਉਸ ਨੇ ਗੁਰੂ-ਘਰ ਦੇ ਕਾਰਜਾਂ ਲੇਖੇ ਲਾ ਦਿੱਤਾ। ਛੇਵੇਂ ਪਾਤਸ਼ਾਹ ਦੀ ਕਿਰਪਾ ਨਾਲ ਕਈ ਅਸੰਭਵ ਕੰਮ ਵੀ ਉਸ ਨੇ ਕਰ ਦਿਖਾਏ ਅਤੇ ਸਿੱਖ ਇਤਿਹਾਸ ਵਿਚ 'ਭਾਈ ਬਿਧੀ ਚੰਦ ਛੀਨਾ ਗੁਰੂ ਕਾ ਸੀਨਾ' ਅਖਵਾਇਆ।




**pnb** ਪੰਜਾਬ ਨੈਸ਼ਨਲ ਬੈਂਕ ...ਭਰੋਸੇ ਦਾ ਪ੍ਰਤੀਕ !

ਅਸੈਟ ਰਿਕਵਰੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ), ਪਲਾਟ ਨੰ. 10, ਪਹਿਲੀ ਮੰਜ਼ਿਲ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ - 143001

**ਈ-ਨਿਲਾਮੀ ਵਿਕਰੀ ਸੂਚਨਾ**

**ਚੱਲ/ਅਚੱਲ ਜਾਇਦਾਦ/ਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ**

**ਸਰਫੇਸੀ ਐਕਟ 2002 ਦੀ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਵਲੀ 2002 ਦੇ ਨਿਯਮ 6 ਅਤੇ 9 ਦੇ ਨਾਲ ਪੜ੍ਹੇ ਗਏ ਨਿਯਮ 6(2) ਅਤੇ 8(6) ਦੇ ਤਹਿਤ ਆਮ ਜਨਤਾ ਨੂੰ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੀ ਵਿਵਸਥਾ ਦੇ ਨਾਲ ਪੜ੍ਹੇ ਗਏ ਵਿੱਤੀ ਸੰਪਤੀਆਂ ਦੇ ਸੁਰੱਖਿਅਕਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਅਧੀਨ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ। ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਤੌਰ 'ਤੇ ਕਰਜ਼ਦਾਰ (ਆਂ) ਅਤੇ ਗਾਰੰਟਰ (ਆਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਦੱਸੀ ਗਈ ਚੱਲ/ਅਚੱਲ ਜਾਇਦਾਦ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ/ਚਾਰਜ ਕੀਤੀ ਗਈ ਹੈ, ਜਿਸਦਾ ਰਚਨਾਤਮਕ/ਭੌਤਿਕ/ਸੰਕੇਤਕ ਕਬਜ਼ਾ ਲਿਆ ਗਿਆ ਹੈ। ਬੈਂਕ/ਸੁਰੱਖਿਅਤ ਲੈਣਦਾਰ ਦੇ ਅਧਿਕਾਰਤ ਅਧਿਕਾਰੀ ਦੁਆਰਾ, ਹੇਠਾਂ ਦਿੱਤੀ ਸਾਰਣੀ ਵਿੱਚ ਦੱਸੀ ਗਈ ਮਿਤੀ ਨੂੰ ÷ਜਿਵੇਂ ਹੈ ਜਿੱਥੇ ਹੈ÷, "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਹੈ ਉੱਥੇ ਹੈ" ਤੇ ਵੇਚਿਆ ਜਾਵੇਗਾ, ਤਾਂ ਜੋ ਸਬੰਧਤ ਕਰਜ਼ਦਾਰ (ਾਂ)/ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਲੈਣਦਾਰ ਦੇ ਬਕਾਏ ਦੀ ਵਸੂਲੀ ਕੀਤੀ ਜਾ ਸਕੇ। ਰਾਖਵੀਂ ਕੀਮਤ ਅਤੇ ਬਿਆਨਾ ਜਮ੍ਹਾਂ ਰਕਮ ਸਬੰਧਤ ਜਾਇਦਾਦਾਂ ਦੇ ਵਿਰੁੱਧ ਹੇਠਾਂ ਦਿੱਤੀ ਸਾਰਣੀ ਵਿੱਚ ਦੱਸੇ ਅਨੁਸਾਰ ਹੋਵੇਗੀ।

**ਸੁਰੱਖਿਅਤ ਕਰਜ਼ਦਾਰ ਨੂੰ ਜਾਣੂੰ ਦੇਣਦਾਰੀਆਂ ਨਹੀਂ ਹਨ/ਜਾਣੂੰ ਨਹੀਂ ਹਨ।**

**ਲੜੀ ਨੰ. 1 ਤੋਂ 3 ਦੇ ਲਈ ਵਿਕਰੀ 15.07.2025 ਨੂੰ ਅਤੇ ਲੜੀ ਨੰ. 4 ਦੇ ਲਈ 30.07.2025 ਨੂੰ ਸਵੇਰੇ 11.00 ਵਜੇ ਤੋਂ ਸ਼ਾਮ 04.00 ਵਜੇ ਤੱਕ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ**

ਇੱਛੁਕ ਖਰੀਦਦਾਰਾਂ ਨੂੰ ਯੂਜ਼ਰ ਆਈਡੀ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਉਨ੍ਹਾਂ ਕੋਲ ਨਿਲਾਮੀ ਵਿਚ ਭਾਗ ਲੈਣ ਲਈ https://baanknet.com 'ਤੇ ਈ-ਵੈਲੇਟ ਵਿਚ ਘੱਟੋ ਘੱਟ ਬਿਆਨਾ ਰਕਮ ਰਾਸ਼ੀ ਹੋਣੀ ਲਾਜ਼ਮੀ ਹੈ।

ਬੈਂਕ ਅਧਿਕਾਰੀਆਂ ਦੇ ਸੰਪਰਕ ਵੇਰਵੇ ਸ੍ਰੀ ਅਜੇ ਪਾਲ ਸਿੰਘ (ਸੀਨੀਅਰ ਮੈਨੇਜਰ), 9803313208, ਸ੍ਰੀ ਸੁਰੇਂਦਰ ਜਾਂਗਰਾ (ਮੁੱਖ ਪ੍ਰਬੰਧਕ) 9466264524

ਨਿਲਾਮੀ ਪ੍ਰਕਿਰਿਆ, ਪੰਜੀਕਰਨ ਸਥਿਤੀ ਆਦਿ 'ਤੇ ਸਹਾਇਤਾ ਲਈ Baanknet Portal Help Desk No. + 91 8291220220, support.baanknet@psballiance.com

**ਸੁਰੱਖਿਅਤ ਅਸਾਸਿਆਂ ਦੀ ਸੂਚੀ**

| ਲੰ. ਨੰ | ਖਾਤੇ ਦਾ ਨਾਮ | ਸ਼ਾਖਾ ਦਾ ਨਾਮ | ਗਿਰਵੀ ਅਚੱਲ ਸੰਪੱਤੀਆਂ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ੳ) ਸਰਫਾਇਸੀ ਐਕਟ, 2002 ਦੀ ਧਾਰਾ 13 (2) ਅਧੀਨ ਮੰਗ ਸੂਚਨਾ ਦੀ ਮਿਤੀ / ਅ) ਬਕਾਇਆ ਰਕਮ ਦੀ ਮਿਤੀ / ੲ) ਸਰਫਾਇਸੀ ਐਕਟ, 2002 ਦੀ ਧਾਰਾ 13 (4) ਅਧੀਨ ਕਬਜ਼ੇ ਦੀ ਮਿਤੀ / ਸ) ਕਬਜ਼ੇ ਦਾ ਸਰੂਪ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|---|
| 1. | PROPERTY : 1. PROPERTY ID : PUNB818600017<br>PROPERTY : 2. PROPERTY ID : PUNB818600019<br>PROPERTY : 3. PROPERTY ID : PUNB818600020<br>PROPERTY: 4. PROPERTY ID : PUNB818600022<br>PROPERTY: 5. PROPERTY ID : PUNB818600023<br>ਕਰਜ਼ਦਾਰ/ਹਿੱਸੇਦਾਰ: 1. ਮੈਸਰਜ਼ ਐਸ.ਜੀ. ਐਗਰੋ ਫੂਡਜ਼, ਪਤਾ: ਪਿੰਡ: ਧੀਰੇਕੋਟ, ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ- 143115. 2. ਤੇਜਿੰਦਰ ਸਿੰਘ ਜੋਸਨ ਸਪੁੱਤਰ ਸ. ਸੁਖਦੇਵ ਸਿੰਘ ਜੋਸਨ (ਭਾਈਵਾਲ), ਪਤਾ: 311, ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 3. ਤਰਸੇਮ ਕੁਮਾਰ ਨਈਅਰ ਪੁੱਤਰ ਗੋਵਰਦਨ ਦਾਸ (ਸਾਥੀ), ਪਤਾ: 1357, ਵਾਰਡ ਨੰ.5, ਗਲੀ ਮਹਾਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 4. ਗੁਰਦਿਆਲ ਸਿੰਘ ਪੁੱਤਰ ਸ਼ਮਸ਼ੇਰ ਸਿੰਘ (ਭਾਈਵਾਲ), ਪਤਾ: ਮਕਾਨ ਨੰ. 188, ਪਿੰਡ ਏਕਲ ਗੱਡਾ, ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨਤਾਰਨ-143115. 5. ਜਸਪਾਲ ਸਿੰਘ ਪੁੱਤਰ ਨਰਿੰਦਰ ਸਿੰਘ (ਭਾਈਵਾਲ) ਪਤਾ: 5777, ਵਾਰਡ ਨੰ.3, ਮਾਤਾ ਰਾਣੀ ਮੰਦਰ ਰੋਡ ਬੱਸ ਸਟੈਂਡ, ਜੰਡਿਆਲਾ ਗੁਰੂ, ਮੇਹਰਬਾਨਪੁਰਾ, ਅੰਮ੍ਰਿਤਸਰ, ਪੰਜਾਬ-143115. 6. ਸੁਰਜੀਤ ਸਿੰਘ ਪੁੱਤਰ ਹਰਭਜਨ ਸਿੰਘ (ਭਾਈਵਾਲ), ਪਤਾ: 6077/29, ਜੋਤੀਸਰ ਕਲੋਨੀ, ਸਾਹਮਣੇ। ਮਾਰਕੀਟ ਕਮੇਟੀ ਦਫ਼ਤਰ, ਜੀ.ਟੀ. ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 7. ਕੰਵਲਬੀਰ ਸਿੰਘ ਪੁੱਤਰ ਸੁਖਦੇਵ ਸਿੰਘ (ਭਾਈਵਾਲ) ਪਤਾ- ਭੋਰਛੀ ਰਾਜਪੂਤਾਨਾ, ਅੰਮ੍ਰਿਤਸਰ, ਪੰਜਾਬ-143111। ਜ਼ਾਮਨ : 1. ਨਿਸ਼ਾਨ ਸਿੰਘ ਕੰਗ ਪੁੱਤਰ ਬਲਦੇਵ ਸਿੰਘ ਕੰਗ, ਪਤਾ: 2346, ਵਾਰਡ 10, ਪਿੰਡ ਰਈਆ, ਬਾਬਾ ਬਕਾਲਾ, ਅੰਮ੍ਰਿਤਸਰ, ਪੰਜਾਬ-143112. 2. ਸੰਦੀਪ ਨਈਅਰ ਪੁੱਤਰ ਤਰਸੇਮ ਕੁਮਾਰ ਨਈਅਰ, ਪਤਾ: 1357, ਵਾਰਡ ਨੰ: 5, ਗਲੀ ਮਹਿਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 3. ਪਲਵਿੰਦਰ ਸਿੰਘ ਪੁੱਤਰ ਬੇਅੰਤ ਸਿੰਘ, ਪਤਾ: ਮਕਾਨ ਨੰ: 62, ਪਿੰਡ ਭੋਰਛੀ। ਰਾਜਪੂਤਾਨਾ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143111. 4. ਨਰਿੰਦਰ ਸਿੰਘ ਪੁੱਤਰ ਦਰਬਾਰਾ ਸਿੰਘ, ਪਤਾ: 5777, ਮਾਤਾ ਰਾਣੀ ਮੰਦਰ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 5. ਮੁਨੀਸ਼ ਕੁਮਾਰ ਪੁੱਤਰ ਨਿਰੰਜਨ ਦਾਸ, ਪਤਾ: ਮਕਾਨ ਨੰ. 1044, ਰਈਆ, ਤਹਿਸੀਲ ਬਾਬਾ ਬਕਾਲਾ, ਜ਼ਿਲ੍ਹਾ। ਅੰਮ੍ਰਿਤਸਰ-143202.6. ਪਰਵੀਨ ਜੋਤੀ ਸੁਪਤਨੀ ਬਲਰਾਜ ਕੁਮਾਰ, ਪਤਾ: ਮਕਾਨ ਨੰ. 836, ਵਾਰਡ-13, ਗਲੀ ਨਿੱਝਰਾਂ, ਜੰਡਿਆਲਾ ਗੁਰੂ, ਜਿਲਾ। 10. ਲਖਬੀਰ ਸਿੰਘ ਪੁੱਤਰ ਸਵਰਨ ਸਿੰਘ ਪੁੱਤਰ ਨੱਥਾ ਸਿੰਘ, ਪਤਾ: ਗੰਗਾ ਸਿੰਘ ਨਗਰ, ਗਲੀ ਸਾਹਮਣੇ। ਹਰਕ੍ਰਿਸ਼ਨ ਪਬਲਿਕ ਸਕੂਲ, ਤਹਿਸੀਲ ਅਤੇ ਜ਼ਿਲ੍ਹਾ ਤਰਨਤਾਰਨ। 11. ਜਸਪਾਲ ਸਿੰਘ ਪੁੱਤਰ ਰਾਮ ਸਿੰਘ, ਪਤਾ: ਪਿੰਡ ਤੇ ਡਾਕਖਾਨਾ ਮੋਹਕਮਪੁਰਾ, ਤੁੰਗਪਾਈ, ਬਟਾਲਾ ਰੋਡ, ਅੰਮ੍ਰਿਤਸਰ, ਪੰਜਾਬ-143115। 12. ਸੁਖਦੇਵ ਸਿੰਘ ਪੁੱਤਰ ਸੁਦਾਗਰ ਸਿੰਘ (ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ: a) ਤੇਜਿੰਦਰ ਸਿੰਘ ਜੋਸਨ ਪੁੱਤਰ ਸੁਖਦੇਵ ਸਿੰਘ। b) ਬਲਜਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ। c) ਸਰਬਜੀਤ ਸਿੰਘ ਪੁੱਤਰ ਸੁਖਦੇਵ ਸਿੰਘ, ਸਾਰੇ ਨਿਵਾਸੀ ਬਾਬਾ ਨਾਮਦੇਵ ਰੋਡ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115। 13. ਰਮਨ ਕੁਮਾਰ ਸਪੁੱਤਰ ਗੋਵਰਦਨ ਦਾਸ, ਪਤਾ: ਗਲੀ ਮਹਿਲਕਸ਼, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115. 14. ਗੁਰਮੀਤ ਸਿੰਘ ਪੁੱਤਰ ਦਰਬਾਰਾ ਸਿੰਘ, ਭਾਈਵਾਲ ਮੈਸਰਜ਼ ਨਰਿੰਦਰ ਸਿੰਘ ਐਂਡ ਬ੍ਰੋਸ, ਪਤਾ: ਨਵੀਂ ਅਨਾਜ ਮੰਡੀ, ਜੰਡਿਆਲਾ ਗੁਰੂ, ਅੰਮ੍ਰਿਤਸਰ, ਪੰਜਾਬ-143115 | ਜੰਡਿਆਲਾ ਗੁਰੂ | ਜਾਇਦਾਦ: 1. ਸਬ-ਰਜਿਸਟਰਾਰ ਅੰਮ੍ਰਿਤਸਰ-1 ਨਾਲ ਜ਼ਮੀਨ ਅਤੇ ਇਮਾਰਤ (ਰਿਹਾਇਸ਼ੀ ਘਰ) ਜਿਸਦੀ ਮਾਪ 11 ਮਰਲੇ ਹੈ ਜਿਸਦੀ ਖਸਰਾ ਨੰਬਰ 96//26/1 ਮਿਨ, ਖਾਤਾ ਖਤੋਨੀ ੀ ਨੰਬਰ 437/535, ਜਮਾਂਬੰਦੀ 2000-01, ਵਾਕੀਆ ਰਕਬਾ ਜੰਡਿਆਲਾ ਗੁਰੂ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਹੈ। ਇਹ ਦਸਤਾਵੇਜ਼ ਨੰਬਰ 2192, ਕਿਤਾਬ ਨੰਬਰ 1, ਭਾਗ ਨੰਬਰ 9457, ਪੰਨਾ ਨੰਬਰ 72/73 ਮਿਤੀ 08.06.2005 ਰਾਹੀਂ ਸ. ਤੇਜਿੰਦਰ ਸਿੰਘ ਪੁੱਤਰ ਸ. ਸੁਖਦੇਵ ਸਿੰਘ ਦੇ ਨਾਮ 'ਤੇ ਹੈ। | 21.09.2018<br>ਰੁ. 20,84,46,894.74, 01.09.2018 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ<br>26.12.2018<br>ਸੰਕੇਤਕ ਕਬਜ਼ਾ | Rs. 58,00,000/-<br>Rs. 5,80,000/-<br>Rs. 50,000/- |
| | | | ਜਾਇਦਾਦ: 2. ਸਬ-ਰਜਿਸਟਰਾਰ ਅੰਮ੍ਰਿਤਸਰ-1 ਕੋਲ ਦਸਤਾਵੇਜ਼ ਨੰ. 9401, ਬਹੀ ਨੰ. 1, ਜਿਲਦ ਨੰ. 9344, ਸਫਾ ਨੰ. 1417 ਮਿਤੀ 06.01.2005 ਦੇ ਅਧੀਨ ਸ੍ਰ. ਨਰਿੰਦਰ ਸਿੰਘ ਸਪੁੱਤਰ ਸ੍ਰ. ਦਰਬਾਰਾ ਸਿੰਘ ਦੇ ਨਾਮ 'ਤੇ ਦਰਜ ਨਵੀਂ ਅਨਾਜ ਮੰਡੀ, ਜੰਡਿਆਲਾ ਗੁਰੂ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ 10X30 ਫੁੱਟ ਆਕਾਰ ਦੇ ਮਾਪ ਵਾਲੀ ਦੁਕਾਨ/ਬੂਥ ਨੰਬਰ 28 | ਸੰਕੇਤਕ ਕਬਜ਼ਾ | PROPERTY : 2<br>Rs. 13,50,000/-<br>Rs. 1,35,000/-<br>Rs. 20,000/- |
| | | | ਜਾਇਦਾਦ: 3. 8 ਮਰਲੇ ਪੁਰਾਣੀ ਖਾਨਾਸ਼ੁਮਾਰੀ ਨੰ.ਬੀ-1/575 ਅਤੇ ਨਵੀਂ ਖਾਨਸ਼ੁਮਾਰੀ 1357 ਦੀ ਜਾਇਦਾਦ ਜੋ ਕਿ ਅਬਾਦੀ ਜੰਡਿਆਲਾ ਗੁਰੂ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ-1 ਦੇ ਅੰਦਰ ਵਾਕੀਆ ਰਕਬਾ ਵਿਖੇ ਸਥਿਤ ਹੈ, ਸ਼੍ਰੀਮਤੀ ਸ਼ਮਾ ਰਾਣੀ ਪਤਨੀ ਸ਼੍ਰੀ ਤਰਸੇਮ ਕੁਮਾਰ ਦੇ ਨਾਮ 'ਤੇ ਦਸਤਾਵੇਜ਼ ਨੰਬਰ 1451, ਕਿਤਾਬ ਨੰਬਰ 1, ਭਾਗ ਨੰਬਰ 10233 ਪੰਨਾ ਨੰਬਰ 85/86 ਮਿਤੀ 09.05.2008 ਸਬ-ਰਜਿਸਟਰਾਰ ਅੰਮ੍ਰਿਤਸਰ-I ਦੇ ਨਾਲ ਹੈ। | ਸੰਕੇਤਕ ਕਬਜ਼ਾ | PROPERTY : 3<br>Rs. 30,50,000/-<br>Rs. 3,05,000/-<br>Rs. 20,000/- |
| | | | ਜਾਇਦਾਦ: 4. ਦੋ ਪਲਾਟਾਂ ਵਾਲੀ ਜਾਇਦਾਦ ਜਿਸ ਵਿੱਚ ਨਿੱਜੀ ਪਲਾਟ ਨੰਬਰ ਹੈ। 162 ਅਤੇ 163 ਵਾਲਾ ਖਸਰਾ ਨੰ. 53/11, 20 ਮਿੰਟ ਦਾ 277.77 ਵਰਗ ਗਜ਼ ਪਿੰਡ ਖਾਨਕੋਟ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ, ਸ਼੍ਰੀਮਤੀ ਪਰਵੀਨ ਜੋਤੀ ਪਤਨੀ ਸਵਰਗੀ ਸ਼੍ਰੀ ਬਲਰਾਜ ਕੁਮਾਰ ਦੇ ਨਾਮ 'ਤੇ ਦਸਤਾਵੇਜ਼ ਨੰ. 11478, ਕਿਤਾਬ ਨੰ. 1, ਜਿਲਦ ਨੰ. 8489 ਪੰਨਾ ਨੰ. 50/51 ਮਿਤੀ 07.03.2001 ਦੁਆਰਾ ਸਥਿਤ ਹੈ। | ਸੰਕੇਤਕ ਕਬਜ਼ਾ | PROPERTY : 4<br>Rs. 30,00,000/-<br>Rs. 3,00,000/-<br>Rs. 20,000/- |
| 2. | PROPERTY : 1. PROPERTY ID : PUNBUKA9616295<br>PROPERTY : 2. PROPERTY ID : PUNBUKA9616428<br>PROPERTY : 3. PROPERTY ID : PUNB4DA9422025<br>1. ਮੈਸ. ਜੀ. ਐਚ. ਐਗਰੋ ਪ੍ਰੋਡਕਟਸ ਪ੍ਰਾ. ਲਿਮਟਿਡ, ਐਡ. ਪਿੰਡ ਵਡਾਲਾ ਬਿੱਟੇਵੜ, ਰਾਮ ਤੀਰਥ ਰੋਡ, ਅੰਮ੍ਰਿਤਸਰ। 2. ਸ਼. ਅਸ਼ੋਕ ਨਰੂਲਾ ਪੁੱਤਰ ਸ. ਰਾਮ ਨਾਥ, ਪਤਾ.- #1. ਵਾਰਡ-9, ਮੇਘੇ ਵਾਲੀਆ ਵਾਲੀ ਗਲੀ, ਗੁਰੂਹਰਸਹਾਏ, ਜਿਲਾ ਫਿਰੋਜ਼ਪੁਰ। 3. ਸ਼. ਰਵੀ ਨਰੂਲਾ ਪੁੱਤਰ ਸ. ਰਾਮ ਨਾਥ, ਐਡ.- ਬਸਤੀ ਗੁਰੂ ਕਰਮ ਸਿੰਘ, ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ। 4. ਸ਼. ਅਰੁਣ ਨਰੂਲਾ ਪੁੱਤਰ ਸ. ਅਸ਼ੋਕ ਨਰੂਲਾ, ਪਤਾ.-#101, ਮਾਡਲ ਟਾਊਨ, ਗੁਰੂਹਰਸਹਾਏ, ਜ਼ਿਲ੍ਹਾ। ਫਿਰੋਜ਼ਪੁਰ। 5. ਸ਼. ਸੌਰਭ ਨਰੂਲਾ ਪੁੱਤਰ ਸ. ਰਵੀ ਕੁਮਾਰ ਨਰੂਲਾ, ਐਡ.- ਵਾਰਡ ਨੰ. 5, ਬਸਤੀ ਗੁਰੂ ਕਰਮ ਸਿੰਘ, ਗੁਰੂਹਰਸਹਾਏ, ਜਿਲਾ. ਫਿਰੋਜ਼ਪੁਰ। 6. ਸ਼. ਸੁਰਿੰਦਰ ਨਰੂਲਾ, ਪਤਾ.-#102, ਮਾਡਲ ਟਾਊਨ, ਗੁਰੂਹਰਸਹਾਏ, ਜ਼ਿਲ੍ਹਾ ਫਿਰੋਜ਼ਪੁਰ। 7. ਸ਼੍ਰੀਮਤੀ ਸੀਮਾ ਨਰੂਲਾ ਨੇ ਸ਼. ਰਵੀ ਨਰੂਲਾ, ਪਤਾ.- ਬਸਤੀ ਗੁਰੂ ਕਰਮ ਸਿੰਘ, ਗੁਰੂਹਰਸਹਾਏ, ਜਿਲਾ. ਫਿਰੋਜ਼ਪੁਰ। 8. ਸ਼੍ਰੀਮਤੀ ਸੁਦੇਸ਼ ਨਰੂਲਾ ਨੇ ਸ਼. ਅਸ਼ੋਕ ਨਰੂਲਾ, ਪਤਾ.- #101, ਮਾਡਲ ਟਾਊਨ, ਗੁਰੂਹਰਸਹਾਏ, ਜ਼ਿਲ੍ਹਾ। ਫਿਰੋਜ਼ਪੁਰ। 9. ਮੈਸਰਜ਼ ਗੁਰੂਹਰਸਹਾਏ ਫੂਡਜ਼ ਪ੍ਰਾ. ਲਿਮਟਿਡ, ਪਤਾ.- ਫਰੀਦਕੋਟ ਰੋਡ, ਗੁਰੂਹਰਸਹਾਏ, ਜਿਲਾ ਫਿਰੋਜ਼ਪੁਰ-152022। 10. ਸ਼੍ਰੀਮਤੀ ਮੀਨੂੰ ਨਰੂਲਾ ਸੁਪਤਨੀ ਸ੍ਰੀ ਸੁਭਾਸ਼ ਨਰੂਲਾ, ਪਤਾ ਪਲਾਟ ਨੰ. 12, ਬਸਤੀ ਗੁਰੂ ਕਰਮ ਸਿੰਘ, ਗੁਰੂਹਰਸਹਾਏ, ਜਿਲਾ। ਫਿਰੋਜ਼ਪੁਰ। 11. ਸ਼. ਪਵਨ ਕੁਮਾਰ ਪੁੱਤਰ ਸ. ਰਾਮ ਪ੍ਰਕਾਸ਼, ਪਤਾ-#11, ਨਛੱਤਰ ਸਿੰਘ ਵਾਲੀ ਗਲੀ, ਮੋਗਾ-142001, ਜ਼ਿਲ੍ਹਾ ਫਿਰੋਜ਼ਪੁਰ। 12. ਸ਼. ਰਜਿੰਦਰ ਕੁਮਾਰ ਪੁੱਤਰ ਸ. ਚੂਨੀ ਲਾਲ, ਪਤਾ.- #424, ਰਾਮ ਤੀਰਥ ਰੋਡ, ਵਡਾਲਾ ਬਿੱਟੇਵਾੜ, ਅੰਮ੍ਰਿਤਸਰ। | ਅੰਮ੍ਰਿਤਸਰ ਕੈਂਟ | ਜਾਇਦਾਦ: 1. 2 ਕਨਾਲ 7 ਮਰਲੇ ਦੀ ਕੁੱਲ ਜ਼ਮੀਨ ਵਿੱਚੋਂ 20/47 ਹਿੱਸੇ ਵਾਲੀ 1 ਕਨਾਲ ਜ਼ਮੀਨ ਦਾ ਸਾਰਾ ਹਿੱਸਾ ਅਤੇ ਪਾਰਸਲ, ਗੁਰੂਹਰਸਹਾਏ ਸ਼ਮਲੀ, ਤਹਿਸੀਲ- ਜਲਾਲਾਬਾਦ ਜ਼ਿਲ੍ਹਾ ਫਿਰੋਜ਼ਪੁਰ ਦੇ ਖਸਰਾ ਨੰਬਰ ਕਿਲਾ 165 19/1 (2-7) ਵਿੱਚ ਸ਼ਾਮਲ ਹੈ, ਜੋ ਕਿ ਸੰਯੁਕਤ ਸਬ ਰਜਿਸਟਰਾਰ, ਗੁਰੂਹਰਸਹਾਏ, ਫਿਰੋਜ਼ਪੁਰ ਦੇ ਮਾਲ ਰਿਕਾਰਡ ਵਿੱਚ ਮਾਲਕੀ ਡੀਡ ਨੰਬਰ 1793 ਮਿਤੀ 18.10.2006 ਦੁਆਰਾ ਮੈਸਰਜ਼ ਨਰੂਲਾ ਕੰਪਿਊਟਰਾਈਜ਼ਡ ਧਰਮ ਕਾਂਡਾ (ਅਧਿਕਾਰਤ ਹਸਤਾਖਰਕਰਤਾ ਦੁਆਰਾ) ਦੇ ਨਾਮ 'ਤੇ ਦਰਜ ਹੈ। | 13.10.2015<br>ਰੁ. 29,92,69,201.38, 01.10.2015 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ<br>07.01.2016<br>ਸੰਕੇਤਕ ਕਬਜ਼ਾ | PROPERTY: 1<br>Rs. 45,10,000/-<br>Rs. 4,51,000/-<br>Rs. 20,000/- |
| | | | ਜਾਇਦਾਦ: 2. 7 ਮਰਲੇ ਦੀ ਜ਼ਮੀਨ ਦਾ ਸਾਰਾ ਹਿੱਸਾ ਅਤੇ ਪਾਰਸਲ ਜਿਸ ਵਿੱਚ ਮੁਰੱਬਾ ਨੰਬਰ 256 ਕਿਲਾ ਨੰਬਰ -17 (8-0) ਬਕਦਰ (0-7-0) ਖੇਵਟ ਨੰ. ਦਾ 63/1440 ਹਿੱਸਾ ਖੇਵਟ ਨੰ. 48 ਖਟੋਨੀ ਨੰਬਰ- 125 ਗੁਰੂਹਰਸਹਾਏ ਜ਼ਿਲ੍ਹਾ- ਫਿਰੋਜ਼ਪੁਰ ਦੀ 2008-09 ਦੀ ਜਮ ?ਹਾਂਬੰਦੀ ਅਨੁਸਾਰ ਐਚਬੀ ਨੰਬਰ 162, ਸਬ ਰਜਿਸਟਰਾਰ, ਗੁਰੂਹਰਸਹਾਏ, ਫਿਰੋਜ਼ਪੁਰ ਦੇ ਮਾਲ ਰਿਕਾਰਡ ਵਿੱਚ ਰਵੀ ਕੁਮਾਰ ਦੇ ਨਾਮ 'ਤੇ ਟਾਈਟਲ ਡੀਡ ਨੰਬਰ 2881 ਮਿਤੀ 09.12.2011 ਦੁਆਰਾ ਰਜਿਸਟਰਡ। ਪੂਰਬ: ਝੁੱਗੀ ਵਾਲਾ ਪੱਛਮ: ਗਲੀ, ਉੱਤਰ: ਗਲੀ, ਦੱਖਣ: ਸ਼ਮਸ਼ੇਰ ਸਿੰਘ। | ਸੰਕੇਤਕ ਕਬਜ਼ਾ | PROPERTY: 2<br>Rs. 12,00,000/-<br>Rs. 1,20,000/-<br>Rs. 20,000/- |
| | | | ਜਾਇਦਾਦ: 3. 5 ਮਰਲੇ 7 ਸਰਸਾਈ ਦੀ ਸਾਰੀ ਜ਼ਮੀਨ ਦਾ ਹਿੱਸਾ ਅਤੇ ਪਾਰਸਲ ਜਿਸ ਵਿੱਚ ਮੁਰੱਬਾ ਨੰਬਰ 256 ਕਿਲ੍ਹਾ ਨੰਬਰ -16(6-16) ਖੇਵਟ ਨੰਬਰ ਦਾ 104/2448 ਹਿੱਸਾ ਹੈ। ਗੁਰੂਹਰਸਹਾਏ ਜ਼ਿਲ੍ਹਾ-ਫ਼ ?ਰੋਜ਼ਪੁਰ ਦੀ 2008-09 ਦੀ ਜਮ ?ਹਾਂਬੰਦੀ ਅਨੁਸਾਰ 1957/1723, ਰਵੀ ਕੁਮਾਰ ਦੇ ਨਾਮ 'ਤੇ ਟਾਈਟਲ ਡੀਡ ਨੰਬਰ 141 ਮਿਤੀ 11.04.2013 ਅਨੁਸਾਰ ਸਬ ਰਜਿਸਟਰਾਰ, ਗੁਰੂਹਰਸਹਾਏ, ਫਿਰੋਜ਼ਪੁਰ ਦੇ ਮਾਲ ਰਿਕਾਰਡ ਵਿੱਚ ਦਰਜ ਹੈ। ਪੂਰਬ: ਸੁਰਿੰਦਰ, ਪੱਛਮ: ਸਵੈ, ਉੱਤਰ: ਗਲੀ, ਦੱਖਣ: ਪਲਾਟ। | ਭੌਤਿਕ ਕਬਜ਼ਾ | PROPERTY: 3<br>Rs. 8,00,000/-<br>Rs. 80,000/-<br>Rs. 20,000/- |
| 3. | PROPERTY ID : PUNB818601378<br>ਮੈਸਰਜ਼ ਸੋਹੀ ਫਾਰਮਜ਼ ਆਪਣੇ ਭਾਈਵਾਲਾਂ ਦੁਆਰਾ ਸ਼੍ਰੀਮਤੀ ਪਰਮਜੀਤ ਕੌਰ ਸੁਪਤਨੀ ਸ. ਰਸ਼ਪਾਲ ਸਿੰਘ ਅਤੇ ਸ. ਸਲਵਿੰਦਰ ਸਿੰਘ ਪੁੱਤਰ ਸ. ਕਰਮ ਸਿੰਘ, ਪਿੰਡ ਲੋਲਾ, ਦਸਮੇਸ਼ ਨਗਰ, ਅੰਮ੍ਰਿਤਸਰ-143001. ਜ਼ਾਮਨ 1. ਸ਼. ਸਲਵਿੰਦਰ ਸਿੰਘ ਪੁੱਤਰ ਸ. ਕਰਮ ਸਿੰਘ। 2. ਸ਼੍ਰੀਮਤੀ ਪਰਮਜੀਤ ਕੌਰ ਸ. ਰਸ਼ਪਾਲ ਸਿੰਘ 3. ਸ਼੍ਰੀਮਤੀ ਹਰਜਿੰਦਰ ਕੌਰ ਸ. ਸਲਵਿੰਦਰ ਸਿੰਘ। 4. ਸ਼੍ਰੀਮਤੀ ਗੁਰਮੀਤ ਕੌਰ ਵਾਸੀ ਕਰਮ ਸਿੰਘ, ਵਾਸੀ ਪਿੰਡ ਲੋਲਾ, ਦਸਮੇਸ਼ ਨਗਰ, ਅੰਮ੍ਰਿਤਸਰ। | ਰਸੂਲਪੁਰ ਕਲਾਂ ਅੰਮ੍ਰਿਤਸਰ | 24 ਕਨਾਲ 15 ਮਰਲੇ ਦਾ ਬਣਿਆ ਰਿਜ਼ੋਰਟ ਖਸਰਾ ਨੰਬਰ 97//8/1, 97//9/2, 97//12, 97//13/1, 97//13/2, 97//19 ਮਿਨ, ਪਿੰਡ ਲੋਲਾ, ਦਸਮੇਸ਼ ਨਗਰ, ਦਸਮੇਸ਼ ਨਗਰ ਵਿਖੇ ਸਥਿਤ ਹੈ। ਅੰਮ੍ਰਿਤਸਰ ਵਿੱਚ ਚਾਰ ਟਾਈਟਲ ਡੀਡ ਹਨ ਜਿਵੇਂ ਕਿ (i) ਟਾਈਟਲ ਡੀਡ ਨੰਬਰ 816, ਕਿਤਾਬ ਨੰਬਰ 1, ਜਿਲਡ ਨੰਬਰ 501, ਪੰਨਾ ਨੰ. 9396। (ii) ਟਾਈਟਲ ਡੀਡ ਨੰਬਰ 817, ਕਿਤਾਬ ਨੰਬਰ 1, ਜਿਲਡ ਨੰਬਰ 501, ਪੰਨਾ 97100। (iii) ਟਾਈਟਲ ਡੀਡ ਨੰਬਰ 81, ਕਿਤਾਬ ਨੰਬਰ 1, ਜਿਲਡ ਨੰਬਰ 543, ਪੰਨਾ ਨੰ. 9396। (iv) ਟਾਈਟਲ ਡੀਡ ਨੰਬਰ 82, ਕਿਤਾਬ ਨੰਬਰ 1, ਜਿਲਡ ਨੰਬਰ 543, ਪੰਨਾ ਨੰ. 97100, ਸ਼੍ਰੀ ਸਲਵਿੰਦਰ ਸਿੰਘ ਪੁੱਤਰ ਕਰਮ ਸਿੰਘ, ਪਰਮਜੀਤ ਕੌਰ ਪਤਨੀ ਰਸ਼ਪਾਲ ਸਿੰਘ, ਸ਼੍ਰੀਮਤੀ ਹਰਜਿੰਦਰ ਕੌਰ ਪਤਨੀ ਸਲਵਿੰਦਰ ਸਿੰਘ ਅਤੇ ਸ਼੍ਰੀਮਤੀ ਗੁਰਮੀਤ ਕੌਰ ਪਤਨੀ ਸ਼੍ਰੀ ਕਰਮ ਸਿੰਘ ਦੇ ਨਾਮ 'ਤੇ। | 12.05.2021<br>ਰੁ. 36,77,769, 01.04.2021 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ<br>07.01.2022<br>ਸੰਕੇਤਕ ਕਬਜ਼ਾ | Rs. 1,92,43,000/-<br>Rs. 19,24,300/-<br>Rs. 1,00,000/- |
| 4. | PROPERTY ID : PUNB5DA10637669<br>ਮੈਸਰਜ਼ ਸਰਤਾਜ ਸੀਡਜ਼, ਰਜਿ. ਦਫ਼ਤਰ: 15-ਬੀ, ਫੇਜ਼-2, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ। ਫੈਕਟਰੀ ਦਾ ਪਤਾ: ਪਿੰਡ ਨੰਗਲੀ ਸੋਹਲ, ਰਮਦਾਸ, ਅਜਨਾਲਾ, ਅੰਮ੍ਰਿਤਸਰ। ਪ੍ਰੋਪਰਾਈਟਰ: ਸ਼. ਬਲਵਿੰਦਰ ਸਿੰਘ ਰੰਧਾਵਾ ਪੁੱਤਰ ਸ. ਰਣਜੀਤ ਸਿੰਘ ਜ਼ਾਮਨ/ ਗਿਰਵੀਕਾਰ : 1. ਸ਼. ਜਗਜੀਤ ਸਿੰਘ ਪੁੱਤਰ ਸ. ਰਣਧੀਰ ਸਿੰਘ 2. ਸ਼੍ਰੀਮਤੀ ਰਣਜੀਤ ਕੌਰ ਸੁਪਤਨੀ ਸ. ਜਗਜੀਤ ਸਿੰਘ, ਦੋਵੇਂ ਵਾਸੀ 15-ਬੀ, ਫੇਜ਼-2, ਚੰਦ ਐਵੇਨਿਊ, ਫਤਿਹਗੜ੍ਹ ਚੂੜੀਆਂ ਰੋਡ, ਅੰਮ੍ਰਿਤਸਰ। ਜ਼ਾਮਨ: ਸ਼੍ਰੀਮਤੀ ਹਰਮਿੰਦਰਪਾਲ ਕੌਰ ਸ. ਰਣਜੀਤ ਸਿੰਘ, ਪਿੰਡ ਨੰਗਲ ਸੋਹਲ, ਅੰਮ੍ਰਿਤਸਰ-143603. | ਆਈਬੀਬੀ ਅੰਮ੍ਰਿਤਸਰ | ਰਿਹਾਇਸ਼ੀ ਘਰ ਪਲਾਟ ਨੰਬਰ 17-18, ਚਾਂਦ ਐਵੇਨਿਊ, ਐਫਜੀਸੀ ਰੋਡ, ਅੰਮ੍ਰਿਤਸਰ ਵਿਖੇ ਸਥਿਤ, ਆਰਟੀਡੀ ਨੰਬਰ 10507 ਮਿਤੀ 23.12.2009 ਅਤੇ ਆਰਟੀਡੀ ਨੰਬਰ 3910 ਮਿਤੀ 14.06.2007 ਵਾਲਾ, 386.60 ਵਰਗ ਗਜ਼, ਸ਼੍ਰੀਮਤੀ ਰਜਨੀਤ ਕੌਰ ਪਤਨੀ ਸ਼੍ਰੀ ਜਗਜੀਤ ਸਿੰਘ ਅਤੇ ਸ਼੍ਰੀ ਜਗਜੀਤ ਸਿੰਘ ਰੰਧਾਵਾ ਪੁੱਤਰ ਸ਼੍ਰੀ ਰਣਧੀਰ ਸਿੰਘ ਦੇ ਨਾਮ 'ਤੇ। | 19.07.2024<br>ਰੁ.1,24,67,867.87 30.06.2014 ਦੇ ਅਨੁਸਾਰ ਵਿਆਜ ਅਤੇ ਹੋਰ ਫੀਸਾਂ ਸਮੇਤ<br>23.10.2024<br>ਸੰਕੇਤਕ ਕਬਜ਼ਾ | Rs. 1,12,00,000/-<br>Rs. 11,20,000/-<br>Rs. 1,00,000/- |

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਦੇ ਅਧੀਨ ਵਿਧਾਨਕ ਵਿਕਰੀ ਸੂਚਨਾ**

1. ਵਿਕਰੀ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ। 2. ਜਾਇਦਾਦਾਂ ਨੂੰ "ਜਿਵੇਂ ਹੈ ਜਿੱਥੇ ਹੈ" ਦੇ ਆਧਾਰ 'ਤੇ ਅਤੇ "ਜਿਵੇਂ ਹੈ ਜੋ ਹੈ ਦੇ ਆਧਾਰ 'ਤੇ" ਅਤੇ "ਜਿਵੇਂ ਹੈ ਉੱਥੇ ਹੈ ਦੇ ਆਧਾਰ 'ਤੇ" ਵੇਚਿਆ ਜਾ ਰਿਹਾ ਹੈ। 3. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਭ ਤੋਂ ਵਧੀਆ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਜਾਂ ਭੁੱਲ ਲਈ ਜਵਾਬਦੇਹ ਨਹੀਂ ਹੋਵੇਗਾ। 4. ਜਾਇਦਾਦ/ਜ਼ਿੰਮੇਵਾਰੀਆਂ ਉੱਤੇ ਕੋਈ ਵੀ ਬੋਝ ਬੈਂਕ/ਸੁਰੱਖਿਅਤ ਲੈਣਦਾਰ ਨੂੰ ਨਹੀਂ ਪਤਾ ਹੈ। ਅਧਿਕਾਰਤ ਅਧਿਕਾਰੀ ਜਾਂ ਬੈਂਕ ਨਿਲਾਮ ਕੀਤੀਆਂ ਜਾਇਦਾਦਾਂ ਦੇ ਸੰਬੰਧ ਵਿੱਚ ਸਰਕਾਰ ਜਾਂ ਕਿਸੇ ਹੋਰ ਨੂੰ ਕਿਸੇ ਵੀ ਚਾਰਜ, ਲੀਅਨ, ਬੋਝ ਜਾਂ ਕਿਸੇ ਹੋਰ ਬਕਾਏ ਲਈ ਜ਼ਿੰਮੇਵਾਰ ਨਹੀਂ ਹੋਵੇਗਾ। 5. ਇੱਛੁਕ ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਜਾਇਦਾਦ 'ਤੇ ਹੋਣ ਵਾਲੇ ਬੋਝਾਂ ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰੇ ਜਿਸ ਵਿੱਚ ਕਾਨੂੰਨੀ ਦੇਣਦਾਰੀਆਂ ਦੇ ਬਕਾਏ, ਜਾਇਦਾਦ ਟੈਕਸ, ਬਿਜਲੀ ਦੇ ਬਕਾਏ, ਕਿਸੇ ਵੀ ਵਿਭਾਗ ਤੋਂ ਐਨਓਸੀ ਆਦਿ ਸ਼ਾਮਲ ਹਨ। ਬਿਜਲੀ, ਘਰ ਟੈਕਸ ਆਦਿ ਲਈ ਬਕਾਇਆ ਖਰਚੇ/ਬਿੱਲ ਨਿਲਾਮੀ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ। 6. ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਵੇਚੀ ਜਾ ਰਹੀ ਜਾਇਦਾਦ/ਵਸਤੂਆਂ ਦੀ ਤੰਦਰੁਸਤੀ ਜਾਂ ਗੁਣਵੱਤਾ ਜਾਂ ਦੇਣਦਾਰੀ ਦੀ ਗਰੰਟੀ ਨਹੀਂ ਦਿੰਦਾ ਹੈ। 7. ਵਿਕਰੀ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਨਿਲਾਮੀ ਪਲੇਟਫਾਰਮ ਰਾਹੀਂ ਲੜੀ ਨੰ. 1 ਤੋਂ 3 ਦੇ ਲਈ ਵਿਕਰੀ 15.07.2025 ਨੂੰ ਅਤੇ ਲੜੀ ਨੰ. 4 ਦੇ ਲਈ 30.07.2025 ਨੂੰ ਸਵੇਰੇ 11:00 ਵਜੇ ਤੋਂ ਸ਼ਾਮ 04:00 ਵਜੇ ਤੱਕ ਕਾਲਮ ਨੰਬਰ 6 ਵਿੱਚ ਦਿੱਤੇ ਗਏ ਸਮੇਂ ਅਨੁਸਾਰ ਕੀਤੀ ਜਾਵੇਗੀ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://eprocure.gov.in/epublish/app ਅਤੇ www.pnbindia.in ਵੇਖੋ। 8. ਰਿਜ਼ਰਵ ਕੀਮਤ ਤੋਂ ਵੱਧ, ਘੱਟੋ-ਘੱਟ ਇੱਕ ਬੋਲੀ ਦੀ ਰਕਮ ਲਾਜ਼ਮੀ ਹੈ।

ਮਿਤੀ : 23.06.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ


# ਜਦੋਂ ਮੈਂ ਬਾਬਾ ਨਾਨਕ ਦਾ ਬਖ਼ਸ਼ਿਆ ਸਿੱਖੀ ਸਰੂਪ ਗ੍ਰਹਿਣ ਕੀਤਾ

**ਗੁਰਬਚਨ ਸਿੰਘ ਰੁਪਾਲ**
**98887-77324**

ਅਜੇ ਮੈਂ 2 ਸਾਲ ਦਾ ਵੀ ਨਹੀਂ ਸੀ ਹੋਇਆ, ਜਦੋਂ ਮੇਰੇ ਸਿਰ ਤੋਂ ਪਿਤਾ ਦਾ ਹੱਥ ਉੱਠ ਗਿਆ। ਪਿਤਾ ਜੀ ਤੋਂ ਬਾਅਦ ਤਿੰਨ ਪ੍ਰਵਾਰਾਂ 'ਚੋਂ ਕੇਵਲ ਮੈਂ ਵੀ ਇਕਲੌਤਾ ਪੁੱਤਰ ਸੀ। ਮੇਰੇ ਪਿਤਾ ਜੀ ਪਟਿਆਲਾ ਰਿਆਸਤ ਦੇ ਮਹਾਰਾਜਾ ਭੁਪਿੰਦਰ ਸਿੰਘ ਦੇ ਮੋਤੀ ਮਹਿਲ ਵਿਚ ਸਰਕਾਰੀ ਨੌਕਰੀ ਕਰਦੇ ਸਨ। ਮਾਤਾ ਜੀ ਦੱਸਦੇ ਸਨ ਕਿ ਮੇਰੇ ਜਨਮ ਤੋਂ ਪਹਿਲਾਂ ਪਿਤਾ ਜੀ ਦਾ ਤਬਾਦਲਾ ਪਟਿਆਲੇ ਮੋਤੀ ਮਹਿਲ ਤੋਂ ਬੱਸੀ ਪਠਾਣਾਂ ਦੇ ਰਾਜ ਪੱਧਰੀ ਹਾਈ ਸਕੂਲ ਵਿਚ ਬਤੌਰ ਮੈਨੂਅਲ ਟਰੇਨਿੰਗ ਇੰਸਟਰਕਟਰ ਵਜੋਂ ਹੋ ਗਿਆ। ਤਬਾਦਲੇ ਤੋਂ ਕੁੱਝ ਸਮਾਂ ਬਾਅਦ ਅਚਾਨਕ ਮੇਰੇ ਪਿਤਾ ਜੀ ਬਿਮਾਰ ਹੋ ਗਏ ਅਤੇ ਵਾਹ ਜਹਾਨ ਲਾਉਣ ਦੇ ਬਾਵਜੂਦ ਡਾਕਟਰ ਉਨ੍ਹਾਂ ਨੂੰ ਬਚਾਉਣ 'ਚ ਸਫ਼ਲ ਨਹੀਂ ਸਨ ਹੋ ਸਕੇ। ਮੇਰੇ ਮਾਤਾ ਜੀ ਦਸਦੇ ਹੁੰਦੇ ਸਨ, ਕਿ ਜਿਸ ਮਾਸਟਰ ਦਾ ਤਬਾਦਲਾ ਕੀਤਾ ਗਿਆ, ਉਸ ਨੇ ਪਿਤਾ ਜੀ ਨੂੰ ਈਰਖਾ ਵਸ ਬਦਲਾ ਲੈਣ ਲਈ ਉਨ੍ਹਾਂ ਨੂੰ ਕੋਈ ਚੀਜ਼ ਖੁਆ ਦਿੱਤੀ, ਜਿਸ ਕਾਰਨ ਮੇਰੇ ਪਿਤਾ ਜੀ ਦੀ ਸਿਹਤ ਦਿਨ ਦਿਨ ਨਿਘਰਦੀ ਚਲੀ ਗਈ ਤੇ ਆਖ਼ਰ ਉਹ ਇਸ ਨਾਸ਼ਵਾਨ ਸੰਸਾਰ ਨੂੰ ਅਲਵਿਦਾ ਆਖ ਗਏ। ਸਾਡੇ ਪ੍ਰਵਾਰ ਉੱਤੇ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਮੇਰੇ ਦਾਦਾ ਸ੍ਰੀ ਰਾਮ ਲਾਲ ਜੀ ਨੇ ਬਿਰਧ ਅਵਸਥਾ ਵਿਚ ਸਾਡੇ ਪਵਾਰ ਦੀ ਪਰਵਰਿਸ਼ ਕੀਤੀ। ਭਾਵੇਂ ਮੇਰੇ ਪਿਤਾ ਜੀ ਨੇ ਰਿਆਸਤ ਦਾ ਮੁਲਾਜ਼ਮ ਹੋਣ ਵਜੋਂ ਕੇਸ ਵੀ ਰੱਖੇ ਹੋਏ ਸਨ, ਉਹ ਦਸਤਾਰ ਵੀ ਸਜਾਉਂਦੇ ਤੇ ਸਿੱਖ ਅਖਵਾਉਂਦੇ ਸਨ, ਪ੍ਰੰਤੂ ਉਨ੍ਹਾਂ ਦੇ ਚਲਾਣੇ ਮਗਰੋਂ ਹੁਣ ਦਾਦਾ ਜੀ ਸਮੇਤ ਸਾਡਾ ਸਾਰਾ ਪ੍ਰਵਾਰ ਸਨਾਤਨ ਧਰਮ ਦਾ ਪੈਰੋਕਾਰ ਸੀ। ਮੈਨੂੰ ਯਾਦ ਹੈ ਸੰਤ ਰਾਮ ਨਾਈ ਮੇਰੇ ਵਾਲਾਂ ਦੀ ਕਟਿੰਗ ਕਰਨ ਲਈ ਸਾਡੇ ਘਰ ਆਉਂਦਾ ਹੁੰਦਾ ਸੀ। ਉਹ ਮੇਰੇ ਦਾਦਾ ਜੀ ਜਿਨ੍ਹਾਂ ਨੇ ਦਾਹੜੀ ਰੱਖੀ ਹੋਈ ਸੀ, ਦੇ ਨਹੁੰ ਵੀ ਕੱਟਦਾ ਹੁੰਦਾ ਸੀ ਅਤੇ ਵਿਆਹ ਸ਼ਾਦੀ ਦੌਰਾਨ ਕੜਾਹੀ ਚੜ੍ਹਾਉਣ ਤੇ ਵਿਆਹ ਦੀ ਭਾਜੀ ਪਕਾਉਣ ਦਾ ਕੰਮ ਵੀ ਕਰਦਾ ਹੁੰਦਾ ਸੀ। ਇਹ ਵੀ ਦੱਸ ਦੇਵਾਂ ਕਿ ਮੇਰੇ ਮਾਤਾ ਜੀ ਵੀ ਰੋਜ਼ਾਨਾ ਇਸ਼ਨਾਨ ਕਰ ਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਹੁੰਦੇ ਸੀ। ਉਹ ਦਸਦੇ ਹੁੰਦੇ ਸਨ ਕਿ ਸਾਡਾ ਨਾਨਕਾ ਪ੍ਰਵਾਰ ਅੰਮ੍ਰਿਤਧਾਰੀ ਸੀ ਅਤੇ ਮੇਰੇ ਨਾਨੀ ਜੀ ਉਸ ਨੂੰ ਦਸਦੇ ਸਨ, ਕਿ ਉਹ ਗੁਰੂ ਗ੍ਰੰਥ ਸਾਹਿਬ ਤੋਂ ਬਗ਼ੈਰ ਹੋਰ ਕਿਸੇ ਮੱਤ ਵਿਚ ਵਿਸ਼ਵਾਸ ਨਹੀਂ ਸਨ ਕਰਦੇ। ਉਹ ਮੈਨੂੰ ਹਰ ਰੋਜ਼ ਜਪੁਜੀ ਸਾਹਿਬ ਅਤੇ ਸ਼ਾਮ ਨੂੰ ਰਹਿਰਾਸ ਸਾਹਿਬ ਦਾ ਪਾਠ ਕਰਨ ਲਈ ਸਦਾ ਪ੍ਰੇਰਦੇ ਰਹਿੰਦੇ ਸਨ। ਮਾਤਾ ਜੀ ਦੱਸਦੇ ਹੁੰਦੇ ਸਨ ਕਿ ਸਿੰਘ ਸਭਾ ਮੌਕੇ ਮੇਰੇ ਪਿਤਾ ਜੀ ਦੀ ਡਿਊਟੀ ਸਾਈਕਲ ਸਟੈਂਡ 'ਤੇ ਹੁੰਦੀ ਸੀ। ਮਾਤਾ ਜੀ ਸਾਹਿਬਜ਼ਾਦਿਆਂ ਬਾਰੇ ਇਤਿਹਾਸ ਦੀਆਂ ਗੱਲਾਂ ਮੈਨੂੰ ਉਨ੍ਹਾਂ ਦਿਨਾਂ ਵਿਚ ਸੁਣਾਇਆ ਕਰਦੇ ਸਨ, ਕਿ ਕਿੰਝ ਸੂਬਾ ਸਰਹਿੰਦ ਨੇ ਸਾਹਿਬਜ਼ਾਦਿਆਂ ਉਤੇ ਅਸਹਿ ਅਤੇ ਅਕਹਿ ਜ਼ੁਲਮ ਕੀਤੇ। ਉਹ ਦੱਸਦੇ ਹੁੰਦੇ ਸਨ ਕਿ ਜਦੋਂ ਸਭਾ ਦੇ ਦਿਨਾਂ ਵਿਚ ਠੰਢ ਤੋਂ ਬਚਾਉ ਲਈ ਉਸ ਵੇਲੇ ਜੋ ਅਫ਼ਸਰ ਸੇਕਣ ਲਈ ਅੰਗੀਠੀਆਂ ਬਾਲਦੇ ਸਨ, ਤਾਂ ਢਾਡੀ ਸਿੰਘ ਉਨ੍ਹਾਂ ਨੂੰ ਫਿਟਕਾਰਾਂ ਪਾਉਂਦੇ ਹੁੰਦੇ ਸਨ। ਮੈਂ ਉਸ ਵੇਲੇ ਪੰਜਵੀਂ ਵਿਚ ਪੜ੍ਹਦਾ ਸੀ। 11-12 ਸਾਲਾਂ ਦਾ ਹੋਵਾਂਗਾ ਜਦੋਂ ਨਾਨਕਿਆਂ ਤੋਂ ਮੇਰੇ ਮਾਮਾ ਜੀ ਦੇ ਵੱਡੇ ਪੁੱਤਰ ਸਰਵਣ ਸਿੰਘ ਦੇ ਵਿਆਹ ਬਾਰੇ ਚਿੱਠੀ ਸਾਡੇ ਘਰ ਆਈ। ਸ਼ਾਇਦ ਇਹ ਗਰਮੀਆਂ ਦੇ ਦਿਨ ਸਨ। ਉਨ੍ਹਾਂ ਦਿਨਾਂ ਵਿਚ ਬੱਸੀ ਪਠਾਨਾਂ ਤੋਂ ਮਾਲੇਰਕੋਟਲਾ ਨੂੰ ਜਿਹੜੀ ਨਿੱਜੀ ਕੰਪਨੀ ਦੀ ਬੱਸ ਚੱਲਦੀ ਸੀ, ਉਸ ਵਿਚ ਪਾਇਲ ਤਕ ਪੁੱਜ ਕੇ ਉੱਥੋਂ ਪੈਦਲ 6-7 ਮੀਲ ਦਾ ਸਫ਼ਰ ਕਰ ਕੇ ਨਾਨਕੇ ਪਿੰਡ ਚੀਮਾ ਪੁੱਜਦੇ ਹੁੰਦੇ ਸਾਂ। ਵਿਆਹ ਜਾਣ ਦੇ ਚਾਅ ਵਿਚ ਏਨਾ ਕੁ ਸਫ਼ਰ ਬਚਪਨ ਵਿਚ ਤਾਂ ਖੇਡ ਬਰਾਬਰ ਹੁੰਦਾ ਸੀ। ਨਾਨਕੇ ਘਰ ਤੋਂ ਥੋੜ੍ਹੀ ਦੂਰ ਪਿਛਾਂਹ ਹੀ ਘਰ ਵਿਚ ਪਏ ਲੱਡੂ ਜਲੇਬੀਆਂ ਦੀ ਆ ਰਹੀ ਖ਼ੁਸ਼ਬੂ ਮਨ ਨੂੰ ਇਕ ਅਜੀਬ ਚਾਅ ਦੇ ਰਹੀ ਸੀ। ਮੇਰੇ ਨਾਨਕਿਆਂ ਦਾ ਨਾਈ (ਲਾਗੀ) ਸ਼ਿਵ ਜੀ ਹੁੰਦਾ ਸੀ। ਸਾਡੇ ਜਾਣ ਤੋਂ ਅਗਲੇ ਦਿਨ ਹੀ ਹੋਰ ਪ੍ਰਾਹੁਣੇ ਆਉਣੇ ਸ਼ੁਰੂ ਹੋ ਗਏ। ਮੇਰੇ ਮਾਮੇ ਦੇ ਦੋਵੇਂ ਪੁੱਤਰ ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ ਸਕੂਲ ਵਿਚ ਪੜ੍ਹਦੇ ਸਨ। ਉਨ੍ਹਾਂ ਵਲੋਂ ਪਹਿਨੀ ਹੋਈ ਸਕੂਲੀ ਵਰਦੀ ਖਾਕੀ ਨਿੱਕਰ ਤੇ ਕਮੀਜ਼ ਜੋ ਜਾਲੀਦਾਰ ਕਪੜੇ (ਦੋਸੂਤੀ/ਕੇਸਮੈਂਟ) ਤੋਂ ਬਣੀ ਹੁੰਦੀ ਸੀ, ਮੈਨੂੰ ਬਹੁਤ ਭਾਅ ਰਹੀ ਸੀ। ਉਨ੍ਹਾਂ ਦੇ ਰੱਖੇ ਹੋਏ ਕੇਸ ਮੇਰੇ ਮਨ ਵਿਚ ਇਕ ਅਜੀਬ ਖਿੱਚ ਪੈਦਾ ਕਰ ਰਹੇ ਸਨ। ਸਕੂਲੀ ਵਰਦੀ ਉਸ ਦੀ ਤਾਂ ਗੱਲ ਹੀ ਨਾ ਕਰੋ, ਮੈਨੂੰ ਇੰਨੀ ਚੰਗੀ ਲੱਗੀ ਕਿ ਮੈਂ ਹੋਰ ਕੱਪੜੇ ਰੱਦ ਕਰ ਕੇ ਉਹੀ ਵਰਦੀ ਪਹਿਨ ਕੇ ਬਰਾਤ ਵਿਚ ਗਿਆ। ਸਾਡੀ ਬਰਾਤ (ਵਿੱਢ ਵਾਲੇ) ਕਈ ਗੱਡਿਆਂ ਵਿਚ ਸਵਾਰ ਹੋ ਕੇ ਇਸਮਾਈਲਪੁਰ (ਖੰਨਾ ਨੇੜੇ) ਵੱਲ ਰਵਾਨਾ ਹੋਈ। ਛੋਟੇ ਬੱਚੇ ਅਸੀਂ ਸਾਰੇ ਇਕ ਬਜ਼ੁਰਗ ਦੀ ਅਗਵਾਈ ਵਿਚ ਇਕ ਗੱਡੇ ਉੱਤੇ ਸਵਾਰ ਸੀ। ਵਿਆਹ ਵਾਲਾ ਲਾੜਾ ਸਰਵਣ ਸਿੰਘ ਸਿਹਰਾ ਬੰਨ੍ਹੀ ਇਕ ਵਿਸ਼ੇਸ਼ ਰੱਥ ਗੱਡੀ ਵਿਚ ਸਵਾਰ ਸੀ ਜਿਸ ਨੂੰ ਵਧੀਆ ਨਸਲ ਦੇ ਬਲਦ ਜੋੜੇ ਜਾਂਦੇ ਸਨ ਤੇ ਇਸ ਗੱਡਿਆਂ ਦੇ ਪਹੀਆਂ ਤੋਂ ਛੋਟੇ ਪਹੀਆਂ ਵਾਲੀ ਗੱਡੀ ਦੀ ਰਫ਼ਤਾਰ 30 ਕਿਲੋ ਮੀਟਰ ਤਕ ਹੁੰਦੀ ਹੋਵੇਗੀ। ਬਰਾਤ ਉੱਥੇ 3 ਦਿਨ ਰਹੀ। ਲਾਊਡ ਸਪੀਕਰ ਵਾਲੇ ਨੇ ਤਵੇ ਲਾ ਕੇ ਸਾਨੂੰ ਹੀਰ ਦੀਆਂ ਕਲੀਆਂ, ਮਿਰਜ਼ਾ ਜੱਟ, ਸੱਸੀ ਪੁੰਨੂ ਤੇ ਹੋਰ ਗੀਤ ਸੁਣਾ ਕੇ ਸਾਡਾ ਮਨੋਰੰਜਨ ਕੀਤਾ ਜਦਕਿ ਗੱਭਰੂ ਤੇ ਹੋਰ ਵੱਡੀ ਉਮਰ ਦੇ ਬਰਾਤੀ ਦਾਰੂ ਨਾਲ ਅਪਣੀ ਖ਼ੁਸ਼ੀ ਵਿਚ ਵਾਧਾ ਕਰਨ ਵਿਚ ਲੱਗੇ ਰਹੇ। 3 ਦਿਨ ਖ਼ੂਬ ਮਿਠਾਈ ਖਾਧੀ ਅਤੇ ਮੌਜਾਂ ਲੁੱਟੀਆਂ। ਇਨ੍ਹਾਂ ਦਿਨਾਂ ਵਿਚ ਜਿੰਨੇ ਦਿਨ (ਕਰੀਬ ਇਕ ਹਫ਼ਤਾ) ਮੈਂ ਨਾਨਕੇ ਰਿਹਾ, ਇਕ ਅਹਿਮ ਵਿਚਾਰ ਨੇ ਮੇਰੇ ਜੀਵਨ ਵਿਚ ਇਹ ਇਨਕਲਾਬੀ ਵਿਸ਼ਵਾਸ ਪੱਕਾ ਕੀਤਾ ਕਿ ਮੈਂ ਵੀ ਮਾਮਾ ਜੀ ਦੇ ਪੁੱਤਰਾਂ ਵਾਂਗ ਕੇਸ ਰੱਖਾਂਗਾ ਅਤੇ ਅੱਜ ਤੋਂ ਵਾਲ ਨਹੀਂ ਕਟਵਾਵਾਂਗਾ। ਮੇਰੀ ਮਾਮੀ ਜੀ ਨੇ ਕੁੱਝ ਕੁ ਕਪੜੇ ਅਤੇ 5 ਸੇਰ ਭਾਜੀ ਇਕ ਕਪੜੇ ਵਿਚ ਬੰਨ੍ਹ ਕੇ ਮੇਰੀ ਮਾਤਾ ਦੇ ਸਪੁਰਦ ਕਰਦਿਆਂ ਖ਼ੁਸ਼ੀ ਖ਼ੁਸ਼ੀ ਸਾਨੂੰ ਵਿਦਾ ਕੀਤਾ। ਇਥੇ ਆ ਕੇ ਮੈਂ ਅਪਣੀ ਮਾਤਾ ਜੀ ਨੂੰ ਅਪਣੇ ਦ੍ਰਿੜ੍ਹ ਇਰਾਦੇ ਤੋਂ ਜਾਣੂੰ ਕਰਵਾਉਂਦਿਆਂ ਸਾਫ਼ ਕਹਿ ਦਿਤਾ ਕਿ ਮੈਂ ਅੱਜ ਤੋਂ ਕੇਸਾਂ ਨੂੰ ਕੈਂਚੀ ਨਹੀਂ ਲਾਉਣ ਦੇਵਾਂਗਾ। ਮੈਂ ਸਿਹਤ ਪੱਖੋਂ ਬਚਪਨ ਵਿਚ ਕਮਜ਼ੋਰ ਹੀ ਰਿਹਾ ਹਾਂ। ਮੇਰੀ ਮਾਤਾ ਨੇ ਬਹੁਤ ਕਿਹਾ ਬਥੇਰਾ ਜ਼ੋਰ ਲਾਇਆ ਕਿ ਕੇਸ ਰੱਖਣ ਨਾਲ ਤੇਰੀ ਸਿਹਤ ਵਧੇ ਫੁੱਲੇਗੀ ਨਹੀਂ ਤੇ ਹੋਰ ਕਮਜ਼ੋਰ ਹੋ ਜਾਵੇਗੀ, ਪ੍ਰੰਤੂ ਮੈਂ ਅਪਣੀ ਜ਼ਿੱਦ ਉਤੇ ਡਟਿਆ ਰਿਹਾ। ਤੇ ਅੱਜ ਵੀ ਕਾਇਮ ਹਾਂ। ਮਾਤਾ ਜੀ ਨੇ ਬਹੁਤ ਕਿਹਾ, ਸਮਝਾਉਣ ਦੀ ਕੋਸ਼ਿਸ਼ ਕੀਤੀ। ਲਗਭਗ ਕਈ ਮਹੀਨੇ ਕੇਸ ਗੁੰਦਣ ਲਈ ਛੋਟੇ ਹੋਣ ਕਰ ਕੇ ਕੱਸ ਕੇ ਗੁੰਦਣ ਨਾਲ ਸਿਰ ਵੀ ਦੁਖਦਾ ਰਿਹਾ, ਪਰ ਮੈਂ ਅਟੱਲ ਰਿਹਾ। ਇਸ ਦੇ ਨਾਲ ਹੀ ਹਰ ਸਾਲ 'ਸ਼ਹੀਦੀ ਸਿੰਘ ਸਭਾ' ਮੌਕੇ ਲਗਦੇ ਕਿਤਾਬਾਂ ਦੇ ਸਟਾਲ ਤੋਂ ਧਾਰਮਕ ਕਿੱਸੇ, ਕਹਾਣੀਆਂ ਅਤੇ ਹੋਰ ਸਾਹਿਤ ਨੇ ਮੇਰਾ ਬਾਬਾ ਗੁਰੂ ਨਾਨਕ ਜੀ ਦੇ ਸਿੱਖ ਧਰਮ ਵਿਚ ਵਿਸ਼ਵਾਸ ਦ੍ਰਿੜ ਕੀਤਾ ਹੈ। ਮੇਰਾ ਅਕੀਦਾ ਹੈ ਕਿ ਧਰਮ ਕੋਈ ਬੁਰਾ ਨਹੀਂ ਹੁੰਦਾ ਅਤੇ ਜੇਕਰ ਬੁਰਾ ਹੈ ਤਾਂ ਇਹ ਮਨੁੱਖ ਹੀ ਹੈ ਕਿਉਂਕਿ ਹਰ ਮਜ਼ਹਬ ਸਾਨੂੰ ਇਕ ਦੂਜੇ ਨਾਲ ਪਿਆਰ ਮੁਹੱਬਤ ਨਾਲ ਰਹਿਣ ਦਾ ਉਪਦੇਸ਼ ਦਿੰਦਾ ਹੈ। ਇਹ ਵੀ ਸੱਚ ਹੈ ਕਿ ਰੱਬ ਨੇ ਸਾਨੂੰ ਇਸ ਜਹਾਨ ਵਿਚ ਮਨੁੱਖ ਵਜੋਂ ਭੇਜਿਆ ਹੈ। ਸੋ। ਹਿੰਦੂ, ਮੁਸਲਮਾਨ, ਸਿੱਖ, ਬੋਧੀ, ਜੈਨੀ ਅਤੇ ਪਾਰਸੀ ਆਦਿ ਤੋਂ ਪਹਿਲਾਂ ਸਾਨੂੰ ਇਨਸਾਨ ਬਣਨ ਦੀ ਲੋੜ ਹੈ। ਸ਼ਾਇਰ ਨੇ ਵੀ ਕਿਹਾ ਹੈ ÷ਫਰਿਸ਼ਤੇ ਸੇ ਬਿਹਤਰ ਹੈ ਇਨਸਾਨ ਬਣਨਾ, ਮਗਰ ਇਸ ਮੇਂ ਹੋਤੀ ਹੈ ਮਿਹਨਤ ਜ਼ਿਆਦਾ।



# ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਲੁਧਿਆਣਾ ਪੱਛਮੀ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨ 'ਤੇ ਸੰਜੀਵ ਅਰੋੜਾ ਅਤੇ ਸਮੁੱਚੀ ਲੀਡਰਸ਼ਿਪ ਤੇ ਵਲੰਟੀਅਰਾਂ ਨੂੰ ਦਿੱਤੀਆਂ ਵਧਾਈਆਂ



ਫਿਰੋਜ਼ਪੁਰ, 23 ਜੂਨ (ਤਿਵਾੜੀ) : ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਦੀਆਂ ਸੰਜੀਵ ਅਰੋੜਾ ਅਤੇ ਸਮੂਹ ਲੀਡਰਸ਼ਿਪ ਤੇ ਵਲੰਟੀਅਰਾਂ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਡਾਕਟਰ ਅਮਨਦੀਪ ਕੌਰ ਗੋਸਲ (ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ ਹਲਕਾ ਫਿਰੋਜ਼ਪੁਰ ਸ਼ਹਿਰੀ) ਸਮੇਤ ਆਮ ਆਦਮੀ ਪਾਰਟੀ ਦੇ ਵਰਕਰ ਵੱਡੀ ਗਿਣਤੀ ਵਿੱਚ ਮੌਜੂਦ ਸਨ। ਉਨ੍ਹਾਂ ਕਿਹਾ ਕਿ ਵੱਡੀ ਲੀਡ ਨਾਲ ਮਿਲੀ ਇਹ ਜਿੱਤ ਦਰਸਾਉਂਦੀ ਹੈ ਕਿ ਪੰਜਾਬ ਦੇ ਲੋਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕੰਮਾਂ ਤੋਂ ਬੇਹੱਦ ਖੁਸ਼ ਹਨ। ਪੰਜਾਬ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਦਿਨ ਰਾਤ ਬਿਨਾਂ ਭੇਦਭਾਵ ਤੇ ਇਮਾਨਦਾਰੀ ਨਾਲ ਕੰਮ ਕੀਤਾ ਜਾ ਰਿਹਾ ਹੈ।

ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਲੁਧਿਆਣਾ ਵਾਸੀਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਨਾਲ ਕੀਤੇ ਹਰ ਇੱਕ ਵਾਅਦੇ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕਰਨ ਲਈ ਸਰਕਾਰ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਇਸ ਜਿੱਤ ਲਈ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਤੇ ਵਲੰਟੀਅਰ ਵਧਾਈ ਦੇ ਪਾਤਰ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਹਫਤਾਵਾਰੀ ਗੁਰਮਤਿ ਸਿੱਖਿਆ ਕੈਂਪ ਦੀ ਸ਼ੁਰੂਆਤ

ਫਤਹਿਗੜ੍ਹ ਸਾਹਿਬ, 23 ਜੂਨ (ਹਰਪ੍ਰੀਤ ਕੌਰ ਟਿਵਾਣਾ) : ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਦੇ ਵਿਰਾਸਤੀ ਗਿਆਨ ਪ੍ਰਬੰਧ ਕੇਂਦਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਿੱਖਿਆ ਕੈਂਪ (23–28 ਜੂਨ,2025) ਦਾ ਆਯੋਜਨ ਕੀਤਾ ਗਿਆ ਹੈ।ਇਸ ਕੈਂਪ ਵਿਚ ਪੰਜਾਬ ਤੋਂ ਇਲਾਵਾ ਦੇਸ਼ ਦੇ ਵੱਖ–ਵੱਖ ਸੂਬਿਆਂ ਤੋਂ ਬਹੁ–ਗਿਣਤੀ ਵਿਚ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।

ਗੁਰਮਤਿ ਸਿੱਖਿਆ ਕੈਂਪ ਦੀ ਸ਼ੁਰੂਆਤ ਜਪੁਜੀ ਸਾਹਿਬ ਦੇ ਪਾਠ, ਅਰਦਾਸ ਅਤੇ ਹੁਕਮਨਾਮਾ ਸਾਹਿਬ ਨਾਲ ਹੋਈ।ਉਪਰੰਤ ਸ੍ਰੀ ਗੁਰੂ ਗ੍ਰੰਥ ਵਰਲਡ ਯੂਨੀਵਰਸਿਟੀ, ਸ੍ਰੀ ਫਤਹਿਗੜ੍ਹ ਸਾਹਿਬ ਦੇ ਵਾਈਸ–ਚਾਂਸਲਰ ਪ੍ਰੋ. (ਡਾ.) ਪਰਿਤ ਪਾਲ ਸਿੰਘ ਨੇ ਗੁਰਮਤਿ ਸਿੱਖਿਆ ਕੈਂਪ ਬਾਰੇ ਆਪਣੇ ਵਿਚਾਰ ਸਾਂਝੇ ਕਰਦੇ ਕਿਹਾ ਕਿ ਵਿਦਿਆਰਥੀਆਂ ਦਾ ਆਤਮਿਕ ਅਤੇ ਨੈਤਿਕ ਵਿਕਾਸ ਲਈ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਪ੍ਰੇਰਨਾ ਦੇਣੀ ਬਹੁਤ ਜ਼ਰੂਰੀ ਹੈ।



ਇਸ ਮੌਕੇ ਡੀਨ ਅਕਾਦਮਿਕ ਮਾਮਲੇ ਪ੍ਰੋ. (ਡਾ.) ਸੁਖਵਿੰਦਰ ਸਿੰਘ ਬਿਲਿੰਗ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀਠ ਦਾ ਮਨੋਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਅਤੇ ਪ੍ਰਸਾਰ ਕਰਨਾ ਹੈ। ਉਨ੍ਹਾਂ ਆਖਿਆ ਕਿ ਇਸ ਕਾਰਜ ਹਿੱਤ ਅਜਿਹੇ ਕੈਂਪ ਲਗਾਉਣੇ ਬਹੁਤ ਜ਼ਰੂਰੀ ਹਨ। ਇਸ ਕੈਂਪ ਦੇ ਪਹਿਲੇ ਸੈਸ਼ਨ ਦੌਰਾਨ ਡਾ. ਬੀਰ ਬਿਕਰਮ ਸਿੰਘ, ਐਸੋਸ਼ੀਏਟ ਪ੍ਰੋਫੈਸਰ, ਸੈਂਟਰਲ ਯੂਨੀਵਰਸਿਟੀ, ਪਾਂਡੀਚਰੀ ਵਿਦਵਾਨ ਵਕਤਾ ਵਜੋਂ ਸ਼ਾਮਿਲ ਹੋਏ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਅਨੁਸਾਰ ਜੀਵਨ ਜਿਉਣ ਦੀ ਸੇਧ ਦਿੱਤੀ। ਦੂਜੇ ਸੈਸ਼ਨ ਦੌਰਾਨ ਡਾ. ਸਿਕੰਦਰ ਸਿੰਘ, ਡੀਨ ਵਿਦਿਆਰਥੀ ਭਲਾਈ ਅਤੇ ਮੁਖੀ ਪੰਜਾਬੀ ਵਿਭਾਗ ਨੇ ਗੁਰਮੁਖੀ ਲਿਪੀ ਦੇ ਸਰੂਪ ਅਤੇ ਮਹੱਤਵ ਬਾਰੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਆਖਿਆ ਗੁਰਮੁਖੀ ਅੱਖਰਾਂ ਦਾ ਸਿੱਖ ਦੇ ਜੀਵਨ ਵਿਚ ਅਹਿਮ ਮਹੱਤਵ ਹੈ, ਇਨ੍ਹਾਂ ਤੋਂ ਬਿਨਾਂ ਮਨੁੱਖੀ ਸ਼ਖ਼ਸੀਅਤ ਦੀ ਘਾੜਤ ਨਹੀਂ ਘੜੀ ਜਾ ਸਕਦੀ। ਧਰਮ ਅਧਿਐਨ ਵਿਭਾਗ ਦੇ ਮੁਖੀ ਅਤੇ ਕੈਂਪ ਦੇ ਕਨਵੀਨਰ ਡਾ. ਹਰਦੇਵ ਸਿੰਘ ਵੱਲੋਂ ਗੁਰਮਤਿ ਸਿੱਖਿਆ ਕੈਂਪ ਦੀ ਲੋੜ ਅਤੇ ਮਹੱਤਵ ਬਾਰੇ ਚਾਨਣਾ ਪਾਇਆ ਗਿਆ ਅਤੇ ਵਿਦਿਆਰਥੀਆਂ ਅਤੇ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ। ਉਨ੍ਹਾਂ ਦਸਿਆ ਕਿ ਸਿੱਖ ਇਤਿਹਾਸ ਨੂੰ ਸਮਝਣ, ਸਿੱਖ ਵਿਰਸੇ ਨੂੰ ਸੰਭਾਲਣ ਅਤੇ ਪ੍ਰਫੁੱਲਤ ਕਰਨ ਲਈ ਵਿਦਿਆਰਥੀਆਂ ਲਈ ਨਿਤਨੇਮ ਸੰਥਿਆ, ਸਬਦ ਕੀਰਤਨ, ਸਪੋਕਨ ਇੰਗਲਿਸ਼, ਆਈ.ਟੀ., ਗੁਰਮੁਖੀ ਅੱਖਰਕਾਰੀ, ਮੁੱਢਲੀ ਪੰਜਾਬੀ, ਦਸਤਾਰ ਅਤੇ ਦੁਮਾਲਾ ਸਜਾਉਣ, ਅਤੇ ਗਤਕਾ ਆਦਿ ਵਿਸ਼ੇਸ਼ ਹੁਨਰ ਕਲਾਸਾਂ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

# ਕਾਰ ਸਵਾਰ ਤਿੰਨ ਨੌਜਵਾਨ ਕਾਬੂ

ਸ੍ਰੀ ਕੀਰਤਪੁਰ ਸਾਹਿਬ, 23 ਜੂਨ (ਬੀ ਐਸ ਰਾਣਾ): ਪੁਲਿਸ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਿਸ ਪਾਰਟੀ ਵੱਲੋਂ ਇੱਕ ਕਾਰ ਸਵਾਰ ਤਿੰਨ ਨੌਜਵਾਨਾਂ ਨੂੰ ਕਾਬੂ ਕਰਕੇ ਉਹਨਾਂ ਕੋਲੋਂ 220 ਗਰਾਮ ਨਸ਼ੀਲਾ ਪਾਊਡਰ, ਇੱਕ ਪਿਸਟਲ 32 ਬੋਰ, 2 ਜ਼ਿੰਦਾ ਰੌਂਦ ਅਤੇ ਡਰੱਗ ਮਨੀ ਦੇ 10 ਹਜ਼ਾਰ ਰੁਪਏ ਬਰਾਮਦ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ, ਇਹਨਾਂ ਤਿੰਨਾਂ ਨੌਜਵਾਨਾਂ ਦੇ ਖਿਲਾਫ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ 22-61-85 ਐਨਡੀਪੀਐਸ ਐਕਟ ਅਤੇ 25-54-59 ਅਸਲਾ ਐਕਟ ਦੇ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।ਇਸ ਸਬੰਧੀ ਪ੍ਰੈੱਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੇ ਐਸਐਚਓ ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਸ਼ਿਆਂ ਖਿਲਾਫ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਦੇ ਤਹਿਤ ਗੌਰਵ ਯਾਦਵ ਡੀਜੀਪੀ ਪੰਜਾਬ, ਹਰਚਰਨ ਸਿੰਘ ਭੁੱਲਰ ਡੀਆਈਜੀ ਰੋਪੜ ਰੇਂਜ ਅਤੇ ਗੁਲਨੀਤ ਸਿੰਘ ਖੁਰਾਣਾ ਐਸਐਸਪੀ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡੀਐਸਪੀ ਅਜੇ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੀ ਨਿਗਰਾਨੀ ਹੇਠ ਬੀਤੀ ਰਾਤ ਪੁਲਿਸ ਪਾਰਟੀ ਵੱਲੋਂ ਬਾਹਦ ਪਿੰਡ ਬੜਾ ਪਿੰਡ ਬੀਬੀਐਮਬੀ ਨਹਿਰ ਦੇ ਓਵਰ ਬ੍ਰਿਜ ਦੇ ਹੇਠਾਂ ਨਹਿਰ ਦੀ ਪਟੜੀ ਤੋਂ ਇੱਕ ਕਾਰ ਨੰਬਰ ਪੀਬੀ 16 ਐਚ 6773 ਮਾਰਕਾ ਫੋਰਡ ਫਿਗੋ ਰੰਗ ਚਿੱਟਾ ਵਿੱਚੋਂ ਸੁਨੀਲ ਕੁਮਾਰ ਪੁੱਤਰ ਵਿਰਸਾ ਰਾਮ ਵਾਸੀ ਪਿੰਡ ਗੋਚਰ ਥਾਣਾ ਨੂਰਪੁਰ ਬੇਦੀ ਅਤੇ ਮਨਪ੍ਰੀਤ ਸਿੰਘ ਪੁੱਤਰ ਅਜਮੇਰ ਸਿੰਘ ਵਾਸੀ ਨੇੜੇ ਸਿਵਲ ਹਸਪਤਾਲ ਸ੍ਰੀ ਅਨੰਦਪੁਰ ਸਾਹਿਬ ਅਤੇ ਵੈਭਵ ਪੁੱਤਰ ਵਿਨੋਦ ਕੌਸ਼ਲ ਵਾਸੀ ਚੋਈ ਬਾਜ਼ਾਰ ਸ੍ਰੀ ਅਨੰਦਪੁਰ ਸਾਹਿਬ ਨੂੰ ਕਾਬੂ ਕਰਕੇ ਉਹਨਾਂ ਤੋਂ 220 ਗਰਾਮ ਨਸ਼ੀਲਾ ਪਾਊਡਰ, ਡਰੱਗ ਮਨੀ ਦੇ 10 ਹਜ਼ਾਰ ਰੁਪਏ ਅਤੇ ਇੱਕ ਪਿਸਟਲ 32 ਬੋਰ ਸਮੇਤ ਦੋ ਜ਼ਿੰਦਾ ਰੌਂਦ ਬਰਾਮਦ ਕੀਤੇ। ਉਕਤ ਤਿੰਨੇ ਨੌਜਵਾਨਾਂ ਨੂੰ ਮੌਕੇ ਉੱਪਰ ਹੀ ਉਕਤ ਸਮਾਨ ਸਮੇਤ ਗ੍ਰਿਫਤਾਰ ਕਰਕੇ ਇਹਨਾਂ ਦੇ ਖਿਲਾਫ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ ਮੁਕੱਦਮਾ ਨੰਬਰ 66 ਮਿਤੀ 22 ਜੂਨ ਐਨਡੀਪੀਐਸ ਐਕਟ ਅਤੇ ਅਸਲਾ ਐਕਟ ਤਹਿਤ ਦਰਜ ਕਰਕੇ ਅੱਜ ਇਹਨਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕੀਤਾ ਗਿਆ ਅਤੇ ਦੋਸ਼ੀਆਂ ਦਾ ਦੋ ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।ਥਾਣਾ ਮੁਖੀ ਜਤਿਨ ਕਪੂਰ ਨੇ ਦੱਸਿਆ ਕਿ ਸੁਨੀਲ ਕੁਮਾਰ ਦੇ ਖਿਲਾਫ ਪਹਿਲਾ ਵੀ ਐਨਡੀਪੀਐਸ ਐਕਟ ਤਹਿਤ ਅਤੇ ਵੈਭਵ ਦੇ ਖਿਲਾਫ ਪਹਿਲਾਂ ਵੀ ਧਾਰਾ 307 ਆਈਪੀਸੀ ਤਹਿਤ ਮੁਕੱਦਮਾ ਦਰਜ ਹੈ। ਉਹਨਾਂ ਦੱਸਿਆ ਕਿ ਕਾਬੂ ਕੀਤੇ ਨੌਜਵਾਨਾਂ ਪਾਸੋਂ ਡੂੰਘਾਈ ਨਾਲ ਪੁੱਛ ਗਿੱਛ ਕਰਕੇ ਅਗਲੀ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਜਿਸ ਵਿੱਚ ਹੋਰ ਵੀ ਕਈ ਖੁਲਾਸੇ ਹੋਣ ਦੀ ਸੰਭਾਵਨਾ ਹੈ।



# ਸੰਤ ਬਾਬਾ ਸੁੱਚਾ ਸਿੰਘ ਕਿਲ੍ਹਾ ਅਨੰਦਗੜ੍ਹ ਸਾਹਿਬ ਨੇ ਕਬੱਡੀ ਕੈਂਪ ਵਿੱਚ ਲੜਕੀਆਂ ਨੂੰ ਅਸ਼ੀਰਵਾਦ ਦਿੱਤਾ

ਸ੍ਰੀ ਕੀਰਤਪੁਰ ਸਾਹਿਬ, 23 ਜੂਨ (ਬੀ ਐਸ ਰਾਣਾ): ਕੌਮੀ ਚੈਂਪੀਅਨਸ਼ਿਪ ਨੈਸ਼ਨਲ ਸਟਾਈਲ ਕਬੱਡੀ ਅੰਡਰ 18 ਸਾਲ ਲੜਕੀਆਂ ਜੋ ਕਿ ਹਰਿਦੁਆਰ ਵਿਖੇ ਹੋ ਰਹੀ ਹੈ ਦੇ ਲਈ ਕਬੱਡੀ ਐਸੋਸੀਏਸ਼ਨ ਪੰਜਾਬ ਵੱਲੋਂ ਪੰਜਾਬ ਦੀ ਟੀਮ ਦੀ ਚੋਣ ਕਰਨ ਲਈ ਲੜਕੀਆਂ ਦਾ ਕੈਂਪ ਸ੍ਰੀ ਕੀਰਤਪੁਰ ਸਾਹਿਬ ਵਿਖੇ ਚੱਲ ਰਿਹਾ ਹੈ। ਅੱਜ ਇਸ ਕੈਂਪ ਵਿੱਚ ਕਾਰ ਸੇਵਾ ਕਿਲਾ ਅਨੰਦਗੜ੍ਹ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਚਾ ਸਿੰਘ ਜੀ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਉਹਨਾਂ ਨੇ ਖਿਡਾਰਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਦੇ ਹੋਏ ਲੋਈ ਅਤੇ ਸਿਰੋਪਾ ਸਾਹਿਬ ਭੇਟ ਕੀਤਾ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ ਉਨ੍ਹਾਂ ਖਿਡਾਰਨਾਂ ਨੂੰ ਰਿਫਰੈਸ਼ਮੈਂਟ ਵੀ ਪ੍ਰਦਾਨ ਕੀਤੀ।ਇਸ ਮੌਕੇ ਉਨ੍ਹਾਂ ਖਿਡਾਰਨਾਂ ਨੂੰ ਵਧੀਆ ਖੇਡ ਦਾ ਪ੍ਰਦਰਸ਼ਨ ਕਰਨ ਲਈ ਉਤਸਾਹਿਤ ਕੀਤਾ ਅਤੇ ਕੌਮੀ ਚੈਂਪੀਅਨਸ਼ਿਪ ਵਿੱਚ ਜਿੱਤ ਪ੍ਰਾਪਤ ਕਰਕੇ ਆਉਣ ਲਈ ਕਿਹਾ। ਇਸ ਮੌਕੇ ਉਨ੍ਹਾਂ ਦੇ ਨਾਲ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਮੈਨੇਜਰ ਭਾਈ ਸੰਦੀਪ ਸਿੰਘ ਕਲੋਤਾ, ਬਾਬਾ ਪ੍ਰੇਮ ਸਿੰਘ ਭੱਲੜੀ,ਭਾਈ ਬਲਵੀਰ ਸਿੰਘ, ਭਾਈ ਗੁਰਨੈਬ ਸਿੰਘ,ਪ੍ਰਦੀਪ ਸਿੰਘ ਚੰਦਪੁਰ, ਲੈਕਚਰਾਰ ਅਮਰਜੀਤ ਸਿੰਘ ਲਾਡੀ ਤੇ ਕਬੱਡੀ ਕੋਚ ਭੁਪਿੰਦਰ ਸਿੰਘ ਮਿੱਟੂ ਆਦਿ ਹਾਜ਼ਰ ਸਨ।



ਜਿਲ੍ਹਾ ਕਬੱਡੀ ਐਸੋਸੀਏਸ਼ਨ ਰੂਪਨਗਰ ਦੇ ਜਨਰਲ ਸੈਕਟਰੀ ਭੁਪਿੰਦਰ ਸਿੰਘ ਰਾਣਾ ਨੇ ਦੱਸਿਆ ਕਿ ਕੌਮੀ ਚੈਂਪੀਅਨਸ਼ਿਪ ਲਈ ਅੰਡਰ 18 ਸਾਲ ਲੜਕੀਆਂ ਪੰਜਾਬ ਦੀ ਟੀਮ ਜੀ ਚੋਣ ਕਰਨ ਲਈ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਤੋਂ 22 ਖਿਡਾਰਨਾ ਇਸ ਕੈਂਪ ਵਿੱਚ ਭਾਗ ਲੈ ਰਹੀਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਵਿੱਚੋਂ 14 ਖਿਡਾਰਨਾਂ ਦੀ ਨੈਸ਼ਨਲ ਟੀਮ ਲਈ ਚੋਣ ਕੀਤੀ ਜਾਵੇਗੀ ਜੋ ਹਰਿਦੁਆਰ ਵਿਖੇ ਹੋ ਰਹੀ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਭਾਗ ਲੈਣਗੀਆਂ। ਉਹਨਾਂ ਦੱਸਿਆ ਕਿ ਇਹ ਕੈਂਪ ਕਬੱਡੀ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਗੁਰਲਾਲ ਸਿੰਘ ਘਨੌਰ, ਜਰਨਲ ਸੈਕਟਰੀ ਤਜਿੰਦਰ ਸਿੰਘ ਮਿੱਡੂ ਖੇੜਾ ਦੀ ਯੋਗ ਅਗਵਾਈ ਹੇਠ ਚੱਲ ਰਿਹਾ ਹੈ। ਉਹਨਾਂ ਦੱਸਿਆ ਕਿ ਚੁਣੀ ਜਾਣ ਵਾਲੀ ਉਕਤ ਟੀਮ 28 ਜੂਨ ਤੋਂ 1 ਜੁਲਾਈ ਤੱਕ ਹੋਣ ਵਾਲੀ ਨੈਸ਼ਨਲ ਚੈਂਪੀਅਨਸ਼ਿਪ ਦੇ ਵਿੱਚ ਭਾਗ ਲਵੇਗੀ। ਉਹਨਾਂ ਕਿਹਾ ਕਿ ਸਾਨੂੰ ਪੂਰੀ ਆਸ ਹੈ ਕਿ ਇਸ ਵਾਰ ਪੰਜਾਬ ਅੰਡਰ 18 ਸਾਲ ਦੇ ਵਿੱਚ ਗੋਲਡ ਮੈਡਲ ਜਿੱਤ ਕੇ ਵਾਪਸ ਆਵੇਗਾ।

# ਵੀਐਫਐਸ ਈਟੀਐਮ ਭਾਰਤ ਵਿੱਚ ਇਮੀਗ੍ਰੇਸ਼ਨ ਸਲਾਹਕਾਰ ਸੇਵਾਵਾਂ ਪ੍ਰਦਾਨ ਕਰਨ ਲਈ ਰਾਈਡ ਗਰੁੱਪ ਨਾਲ ਭਾਈਵਾਲੀ

ਨਵੀਂ ਦਿੱਲੀ, 23 ਜੂਨ (ਚ.ਨ.ਸ.) : ਵੀਐਫਐਸ ਗਲੋਬਲ ਦੇ ਸਿੱਖਿਆ, ਵਪਾਰ ਅਤੇ ਪ੍ਰਵਾਸ (ਵੀਐਫਐਸ ਈਟੀਐਮ ) ਸੇਵਾਵਾਂ ਵਿਭਾਗ, ਵੀਐਫਐਸ ਗਲੋਬਲ ਗਰੁੱਪ ਦੀ ਇੱਕ ਵਪਾਰਕ ਇਕਾਈ, ਨੇ ਭਾਰਤ ਵਿੱਚ ਇਮੀਗ੍ਰੇਸ਼ਨ ਸਲਾਹਕਾਰ ਸੇਵਾਵਾਂ ਪ੍ਰਦਾਨ ਕਰਨ ਲਈ ਰਾਈਡ ਗਰੁੱਪ ਨਾਲ ਭਾਈਵਾਲੀ ਦਾ ਐਲਾਨ ਕੀਤਾ ਹੈ। ਇਸ ਭਾਈਵਾਲੀ ਰਾਹੀਂ, ਭਾਰਤੀ ਨਿਵਾਸੀਆਂ ਨੂੰ ਨਵੀਂ ਦਿੱਲੀ, ਮੁੰਬਈ, ਅਹਿਮਦਾਬਾਦ, ਚੇਨਈ, ਹੈਦਰਾਬਾਦ ਅਤੇ ਪੁਣੇ ਵਿੱਚ ਵੀਐਫਐਸ ਗਲੋਬਲ ਕੇਂਦਰਾਂ ਵਿੱਚ ਵਿਆਪਕ ਇਮੀਗ੍ਰੇਸ਼ਨ ਸਲਾਹਕਾਰ ਸੇਵਾਵਾਂ ਤੱਕ ਆਸਾਨ ਪਹੁੰਚ ਹੋਵੇਗੀ।ਵੀਐਫਐਸ ਈਟੀਐਮ ਅਤੇ ਰੇਡ ਗਰੁੱਪ ਮਿਲ ਕੇ ਉੱਚ-ਗੁਣਵੱਤਾ ਵਾਲੀਆਂ ਇਮੀਗ੍ਰੇਸ਼ਨ ਸਲਾਹਕਾਰ ਸੇਵਾਵਾਂ ਪ੍ਰਦਾਨ ਕਰਨ ਲਈ ਸਮਰਪਿਤ ਇੱਕ ਸੈਂਟਰ ਆਫ਼ ਐਕਸੀਲੈਂਸ ਸਥਾਪਤ ਕਰਨਗੇ।ਇਹ ਕੇਂਦਰ ਨਵੀਨਤਮ ਜਨਰੇਟਿਵ 19 ਤਕਨਾਲੋਜੀ ਅਤੇ ਮੋਹਰੀ ਕਾਨੂੰਨੀ ਮੁਹਾਰਤ ਨੂੰ ਜੋੜੇਗਾ, ਤਾਂ ਜੋ ਲੋਕਾਂ ਨੂੰ ਗੁੰਝਲਦਾਰ ਮਾਈਗ੍ਰੇਸ਼ਨ ਪ੍ਰਕਿਰਿਆਵਾਂ ਨੂੰ ਨੈਵੀਗੇਟ ਕਰਨ ਅਤੇ ਬਦਲਦੇ ਇਮੀਗ੍ਰੇਸ਼ਨ ਨਿਯਮਾਂ ਦੀ ਪਾਲਣਾ ਕਰਨ ਵਿੱਚ ਮੱਦਦ ਕੀਤੀ ਜਾ ਸਕੇ। ਰਾਈਡਗਰੁੱਪ ਨਾਲ ਸਾਡਾ ਸਹਿਯੋਗ ਸਾਡੇ ਗਾਹਕਾਂ ਨੂੰ ਸ਼ਾਨਦਾਰ ਸੇਵਾ ਪ੍ਰਦਾਨ ਕਰਨ ਲਈ ਸਾਡੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦਾ ਹੈਰੇਡ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਕਰਾਇਦਕਮਲ ਅਯੂਬ ਨੇ ਕਿਹਾ:ਅਸੀਂ ਇਸ ਸਾਂਝੇਦਾਰੀ ਦੇ ਰਣਨੀਤਕ ਮਹੱਤਵ ਨੂੰ ਸਮਝਦੇ ਹਾਂ, ਖਾਸ ਕਰਕੇ ਯੂ.ਐਸ. ਗ੍ਰੀਨ ਕਾਰਡ ਧਾਰਕਾਂ ਲਈ ਬਦਲਦੀਆਂ ਸਥਿਤੀਆਂ ਦੇ ਸੰਦਰਭ ਵਿੱਚ। ਹਾਲ ਹੀ ਵਿੱਚ ਐਲਾਨੀ ਗਈ ਗੋਲਡ ਕਾਰਡ ਪਹਿਲਕਦਮੀ ਨੇ ਅਤਿ-ਅਮੀਰ ਵਿਅਕਤੀਆਂ ਵਿੱਚ ਖਾਸ ਦਿਲਚਸਪੀ ਪੈਦਾ ਕੀਤੀ ਹੈ।

# ਪੰਥ ਦਾ ਰਤਨ-ਮਾਸਟਰ ਤਾਰਾ ਸਿੰਘ ਜੀ

ਰਮੇਸ਼ ਬੱਗਾ ਚੋਹਲਾ
ਮੋ: 9463132719

ਦੁਨੀਆਂ ਵਿੱਚ ਬਹੁਤ ਸਾਰੇ ਅਜਿਹੇ ਲੋਕ ਜਨਮ ਲੈਂਦੇ ਰਹਿੰਦੇ ਹਨ ਜਿਨ੍ਹਾਂ ਦਾ ਜੀਵਨ ਉਨ੍ਹਾਂ ਦੇ ਆਪਣੇ ਆਪ ਤੱਕ ਜਾਂ ਉਨ੍ਹਾਂ ਦੇ ਪਰਿਵਾਰ ਤੱਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ, ਭਾਵ ਉਹ ਜੋ ਕੁੱਝ ਵੀ ਕਰਦੇ ਹਨ ਉਸ ਦਾ ਸੁਖਦਾਈ ਜਾਂ ਦੁੱਖਦਾਈ ਪ੍ਰਭਾਵ, ਉਨ੍ਹਾਂ ਦੇ ਅਤਿ ਨੇੜਲੇ ਘੇਰੇ ਵਿਚ ਹੀ ਸਿਮਟ ਕੇ ਰਹਿ ਜਾਂਦਾ ਹੈ। ਦੂਸਰੇ ਪਾਸੇ ਸੰਸਾਰ ਵਿਚ ਕੁੱਝ ਅਜਿਹੇ ਲੋਕਾਂ ਦੀ ਆਮਦ ਵੀ ਸਮੇਂ-ਸਮੇਂ ਹੁੰਦੀ ਰਹਿੰਦੀ ਹੈ, ਜੋ ਨਾ ਸਿਰਫ ਆਪਣੇ ਆਪ ਲਈ ਹੀ ਜਿਉਂਦੇ ਹਨ, ਸਗੋਂ ਆਪਣੇ ਦੇਸ਼ ਅਤੇ ਸਮਾਜ ਦੇ ਪ੍ਰਤੀ ਵੀ ਕੁਰਬਾਨੀ ਦਾ ਜਜ਼ਬਾ ਰੱਖਦੇ ਹਨ। ਇਸ ਜਜ਼ਬੇ ਕਾਰਨ ਉਹ ਲੋਕਾਈ ਦੇ ਸਦੀਵੀ ਸਤਿਕਾਰ ਦੇ ਪਾਤਰ ਬਣ ਜਾਂਦੇ ਹਨ ਜੋ ਯੁੱਗਾਂ-ਯੁਗਾਂਤਰਾਂ ਤੱਕ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਇਹ ਸਤਿਕਾਰ ਉਨ੍ਹਾਂ ਮਹਾਂਪੁਰਖਾਂ ਦੇ ਇਥੋਂ ਸਰੀਰਕ ਰੂਪ ਵਿਚ ਚਲੇ ਜਾਣ ਤੋਂ ਬਾਅਦ ਵੀ ਉਨ੍ਹਾਂ(ਕੀਤੇ ਕਾਰਜਾਂ ਕਰਕੇ) ਨੂੰ ਲੋਕ ਚੇਤਿਆਂ ਵਿਚ ਵਸਾਈ ਰੱਖਦਾ ਹੈ। ਇਸ ਵਸੇਬੇ ਕਰਕੇ ਹੀ ਉਨ੍ਹਾਂ ਦੀ ਵਿਚਾਰਧਾਰਾ 'ਤੇ ਪਹਿਰਾ ਦੇਣ ਵਾਲੇ ਲੋਕ ਉਨ੍ਹਾਂ ਪ੍ਰਤੀ ਹਰ ਸਾਲ (ਜਨਮ ਦਿਨ/ਬਰਸੀ ਮਨਾ ਕੇ) ਆਪਣਾ ਸਤਿਕਾਰ ਪ੍ਰਗਟ ਕਰਦੇ ਰਹਿੰਦੇ ਹਨ। ਇਹ ਸ਼ਰਧਾਮਈ ਭਾਵਨਾ ਪੰਥ ਰਤਨ ਮਾਸਟਰ ਤਾਰਾ ਸਿੰਘ ਦੇ ਪ੍ਰਤੀ ਵੀ ਹਰ ਸਾਲ ਹੀ ਪ੍ਰਗਟਾਈ ਜਾਂਦੀ ਹੈ।

ਸਰਬਾਂਗੀ ਵਿਅਕਤੀਤੱਵ ਦੇ ਮਾਲਕ ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ 1885 ਈਸਵੀ ਨੂੰ ਅਣਵੰਡੇ ਪੰਜਾਬ ਦੇ ਜ਼ਿਲ੍ਹਾ ਰਾਵਲਪਿੰਡੀ ਵਿਚ ਸਥਿਤ ਪਿੰਡ ਹਰਿਆਲ ਦੇ ਇਕ ਵਸਨੀਕ ਸ੍ਰੀ ਗੋਪੀ ਚੰਦ ਮਲਹੋਤਰਾ ਦੇ ਗ੍ਰਹਿ ਵਿਖੇ ਹੋਇਆ। ਉਨ੍ਹਾਂ ਦਾ ਮੁੱਢਲਾ ਨਾਮ ਨਾਨਕ ਚੰਦ ਸੀ, ਪਰ ਸਿੱਖ ਧਰਮ ਵਿਚ ਅਥਾਹ ਸ਼ਰਧਾ ਅਤੇ ਵਿਸ਼ਵਾਸ ਹੋਣ ਕਾਰਨ ਉਨ੍ਹਾਂ ਨੇ ਸੰਤ ਅਤਰ ਸਿੰਘ ਜੀ ਕੋਲੋਂ ਖੰਡੇ-ਬਾਟੇ ਦਾ ਅੰਮ੍ਰਿਤਪਾਨ ਕਰ ਲਿਆ। ਜਿਸ ਕਰਕੇ ਉਨ੍ਹਾਂ ਦਾ ਨਾਮਕਰਣ ਤਾਰਾ ਸਿੰਘ ਹੋ ਗਿਆ। ਮਾਸਟਰ ਤਾਰਾ ਸਿੰਘ ਨੇ 1907 ਈ. ਵਿਚ ਬੀ,ਏ ਪਾਸ ਕਰ ਲਈ ਅਤੇ ਉਚੇਰੀ ਪੜ੍ਹਾਈ (ਐਮ. ਏ) ਕਰਨ ਲਈ ਸੈਂਟਰਲ ਟਰੇਨਿੰਗ ਕਾਲਜ ਲਾਹੌਰ ਵਿਚ ਦਾਖਲ ਹੋ ਗਏ। ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਹ ਲਾਇਲਪੁਰ ਜ਼ਿਲ੍ਹੇ ਦੇ ਇੱਕ ਖਾਲਸਾ ਹਾਈ ਸਕੂਲ ਵਿਖੇ ਮੁੱਖ ਅਧਿਆਪਕ ਨਿਯੁਕਤ ਹੋ ਗਏ। ਸੇਵਾ ਅਤੇ ਪਰਉਪਕਾਰ ਦੀ ਭਾਵਨਾ ਹੋਣ ਕਰਕੇ ਉਹ ਕੇਵਲ ਪੰਦਰਾਂ ਰੁਪਏ ਮਹੀਨਾ ਵੇਤਨ 'ਤੇ ਹੀ ਕੰਮ ਕਰਦੇ ਰਹੇ। ਘੱਟ ਵੇਤਨ ਲੈਣ ਬਾਵਜੂਦ ਵੀ ਉਹ ਪੂਰੀ ਲਗਨ ਅਤੇ ਮਿਹਨਤ ਨਾਲ ਕੰਮ ਕਰਦੇ ਸਨ। ਉਨ੍ਹਾਂ ਦੀ ਇਸ ਵਿਸ਼ੇਸ਼ ਲਗਨ ਅਤੇ ਮਿਹਨਤ ਸਦਕਾ ਖਾਲਸਾ ਹਾਈ ਸਕੂਲ ਬੇਹਤਰੀਨ ਸਕੂਲਾਂ ਦੀ ਕਤਾਰ ਵਿਚ ਸ਼ਾਮਲ ਹੋ ਗਿਆ। ਸਕੂਲ ਦੀ ਪ੍ਰਸਿੱਧੀ ਦੇ ਨਾਲ-ਨਾਲ ਮਾਸਟਰ ਤਾਰਾ ਸਿੰਘ ਜੀ ਵੀ ਹਰਮਨ ਪਿਆਰੇ (ਵਿਸ਼ੇਸ ਕਰਕੇ ਲਾਇਲਪੁਰ ਦੇ ਇਲਾਕੇ ਵਿਚ) ਹੋਣ ਲੱਗ ਪਏ। ਕੁਝ ਕਾਰਨਾਂ ਕਰਕੇ ਮਾਸਟਰ ਜੀ ਨੂੰ ਇਸ ਸਕੂਲ ਦੀ ਮੁੱਖ-ਅਧਿਆਪਕੀ ਤੋਂ ਤਿਆਗ-ਪੱਤਰ ਦੇਣਾ ਪੈ ਗਿਆ। ਇਸ ਤੋਂ ਬਾਅਦ ਉਹ ਆਪਣੇ ਘਰੇਲੂ ਜ਼ਿਲ੍ਹੇ ਰਾਵਲਪਿੰਡੀ ਦੇ ਕੱਲਰ ਖਾਲਸਾ ਹਾਈ ਸਕੂਲ ਦੇ ਮੁੱਖ ਅਧਿਆਪਕ ਬਣ ਗਏ। ਮਾਸਟਰ ਤਾਰਾ ਸਿੰਘ ਜੀ ਦੀ ਯੋਗ ਅਗਵਾਈ ਹੇਠ ਕੱਲਰ ਸਕੂਲ ਨੇ ਪੰਥ ਨੂੰ ਅਜਿਹੇ ਹੀਰੇ (ਨੇਤਾ) ਦਿੱਤੇ ਜਿਨ੍ਹਾਂ ਨੇ ਦੇਸ਼/ਪੰਥ ਦੀ ਖਾਤਿਰ ਸੇਵਾ ਦੇ ਨਾਲ-ਨਾਲ ਜੀਵਨ ਵੀ ਲੇਖੇ ਲਾ ਦਿੱਤਾ। ਉਸ ਵਕਤ ਮਾਸਟਰ ਜੀ ਦੇ ਨਾਲ ਲਾਲ ਸਿੰਘ ਕਮਲਾ ਅਕਾਲੀ, ਗਿਆਨੀ ਗੁਰਮੁੱਖ ਸਿੰਘ ਮੁਸਾਫ਼ਿਰ,ਗਿਆਨੀ ਹੀਰਾ ਸਿੰਘ ਦਰਦ ਅਤੇ ਮਾਸਟਰ ਸੁਜਾਨ ਸਿੰਘ ਜੀ ਸਰਹਾਲੀ ਵੀ ਕੰਮ ਕਰਦੇ ਸਨ। ਕੁੱਝ ਸਮੇਂ ਬਾਅਦ ਉਨ੍ਹਾਂ ਨੇ ਇਹ ਸਕੂਲ ਵੀ ਛੱਡ ਦਿੱਤਾ ਅਤੇ ਮੁੜ ਲਾਇਲਪੁਰ ਚਲੇ ਗਏ। ਇਥੇ ਉਨ੍ਹਾਂ ਨੇ ਆੜ੍ਹਤ ਦੀ ਦੁਕਾਨ ਖੋਲ੍ਹ ਲਈ ਜੋ ਉਨ੍ਹਾਂ ਦੇ ਸੁਭਾਅ ਨਾਲ ਮੇਲ ਨਾ ਖਾਂਦੀ ਕਰਕੇ ਛੱਡਣੀ ਪੈ ਗਈ। ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਹੋ ਜਾਣ ਕਰਕੇ ਮਾਸਟਰ ਤਾਰਾ ਸਿੰਘ ਜੀ ਅੰਮ੍ਰਿਤਸਰ ਆ ਗਏ ਅਤੇ ਉਸ ਵਕਤ ਦੀ ਚਰਚਿਤ ਅਖ਼ਬਾਰ 'ਅਕਾਲੀ' ਦੇ ਸੰਪਾਦਕ ਬਣ ਗਏ। ਇਸ ਖ਼ੂਨੀ ਸਾਕੇ ਕਾਰਨ ਸਿੱਖ ਭਾਈਚਾਰੇ ਵਿਚ ਗੁੱਸੇ ਦੀ ਅੱਗ ਭੜਕ ਪਈ ਅਤੇ ਸਿੱਖ ਆਗੂਆਂ ਨੇ ਨਿਰਣਾ ਲਿਆ ਕਿ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜ਼ੇ ਤੋਂ ਆਜ਼ਾਦ ਕਰਵਾਉਣਾ ਚਾਹੀਦਾ ਹੈ। . ਪੰਥ ਵਿਚ ਆਈ ਜਾਗ੍ਰਤੀ ਕਾਰਨ ਸਭ ਤੋਂ ਪਹਿਲਾਂ ਚਾਬੀਆਂ ਦਾ ਮੋਰਚਾ ਲਗਾਇਆ ਗਿਆ। ਇਸ ਮੋਰਚੇ ਵਿਚ ਬਾਬਾ ਖੜਕ ਸਿੰਘ ਅਤੇ ਮਾਸਟਰ ਤਾਰਾ ਸਿੰਘ ਜੀ ਨੇ ਅੱਗੇ ਵੱਧ ਕੇ ਗ੍ਰਿਫ਼ਤਾਰੀ ਦਿੱਤੀ। ਇਸ ਮੋਰਚੇ ਦੀ ਜਿੱਤ ਤੋਂ ਬਾਅਦ 'ਗੁਰੂ ਕੇ ਬਾਗ' ਅਤੇ 'ਜੈਤੋਂ' ਦਾ ਮੋਰਚਾ ਲੱਗ ਗਿਆ। ਇਨ੍ਹਾਂ ਮੋਰਚਿਆਂ ਵਿਚ ਸ਼ਾਮਿਲ ਜਥਿਆਂ 'ਤੇ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ ਅਤੇ ਸ਼੍ਰੋਮਣੀ ਕਮੇਟੀ ਨੂੰ ਕਾਨੂੰਨ ਵਿਰੋਧੀ ਕਰਾਰ ਦਿੱਤਾ ਗਿਆ। ਕਮੇਟੀ ਦੇ ਅੰਤ੍ਰਿਗ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਉੱਪਰ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਗ੍ਰਿਫ਼ਤਾਰ ਮੈਂਬਰਾਂ ਵਿਚ ਮਾਸਟਰ ਤਾਰਾ ਸਿੰਘ ਵੀ ਸ਼ਾਮਿਲ ਸਨ। ਦੇਸ਼ ਭਗਤੀ ਦੀ ਭਾਵਨਾ ਪ੍ਰਬਲ ਹੋਣ ਕਰਕੇ ਮਾਸਟਰ ਤਾਰਾ ਸਿੰਘ ਵਿਦੇਸ਼ੀ ਰਾਜ ਤੋਂ ਮੁਕਤੀ ਤਾਂ ਚਾਹੁੰਦੇ ਸਨ ਪਰ ਉਹ ਸਿੱਖ ਹਿੱਤਾਂ ਨੂੰ ਕੁਰਬਾਨ ਨਹੀਂ ਸੀ ਹੋਣ ਦੇਣਾ ਚਾਹੁੰਦੇ। ਉਹ ਅਕਸਰ ਕਿਹਾ ਕਰਦੇ ਸਨ ਕਿ 'ਮੈਂ ਮਰਾਂ, ਪੰਥ ਜੀਵੇ' ਅਤੇ 'ਸਿੱਖੋ ਜੇ ਮੈਂ ਮਾੜਾ ਹਾਂ ਤਾਂ ਮੈਨੂੰ ਮਾਰ ਦਿਉ, ਪੰਥ ਨੂੰ ਨਾ ਮਾਰੋ'। ਆਪਣੇ ਇਨ੍ਹਾਂ ਬੋਲਾਂ ਨੂੰ ਜੀਵਤ ਰੱਖਣ ਲਈ ਉਹ ਹਮੇਸ਼ਾਂ ਹੀ ਸਿੱਖ ਹਿੱਤਾਂ ਲਈ ਲੜਦੇ ਰਹੇ। ਸਿੱਖੀ ਸਿਧਾਤਾਂ (ਵਿਸ਼ੇਸ਼ ਕਰਕੇ ਸਰਬਤ ਦਾ ਭਲਾ ਮੰਗਣ ਵਾਲੇ) ਦੀ ਪਹਿਰੇਦਾਰੀ ਕਰਦਿਆਂ ਮਾਸਟਰ ਤਾਰਾ ਸਿੰਘ ਨੇ ਬਹੁਤ ਸਾਰੀਆਂ ਕੈਦਾਂ ਕੱਟੀਆਂ। ਜਦੋਂ ਵੀ ਦੇਸ਼ ਵਿਚ ਕੋਈ ਲੋਕ ਭਲਾਈ ਦੀ ਲਹਿਰ ਆਰੰਭ ਹੁੰਦੀ ਤਾਂ ਮਾਸਟਰ ਜੀ ਹਮੇਸ਼ਾਂ ਹੀ ਮੂਹਰਲੀਆਂ ਸਫ਼ਾਂ ਵਿਚ ਹੁੰਦੇ। ਇਥੋਂ ਤੱਕ ਕਿ ਮਹਾਤਮਾਂ ਗਾਂਧੀ ਵੱਲੋਂ ਸਮੇਂ-ਸਮੇਂ ਸ਼ੁਰੂ ਕੀਤੀਆਂ ਕਈ ਲਹਿਰਾਂ ਨੂੰ ਵੀ ਉਨ੍ਹਾਂ ਵੱਲੋਂ ਭਰਪੂਰ ਹੁੰਗਾਰਾ ਦਿੱਤਾ ਜਾਂਦਾ ਰਿਹਾ ਹੈ।

ਮਾਸਟਰ ਤਾਰਾ ਸਿੰਘ ਦਾ ਜੀਵਨ ਇੱਕ ਧਰੂ ਤਾਰੇ ਵਰਗਾ ਰਿਹਾ ਹੈ। ਉਨ੍ਹਾਂ ਦਾ ਸ਼ੁਮਾਰ ਕੌਮ ਦੇ ਚੌਣਵੇਂ ਰਾਹ ਦਸੇਰਿਆਂ ਵਿਚ ਕੀਤਾ ਜਾਂਦਾ ਹੈ। ਨਿਧੜਕ ਹੋਣ ਦੇ ਨਾਲ-ਨਾਲ ਉਹ ਨਿਡਰ ਵੀ ਸਨ। ਔਖਿਆਲਿਆਂ ਵਕਤਾਂ ਵਿਚ ਉਹ ਕਦੇ ਡੋਲਦੇ ਨਹੀਂ ਸਨ ਅਤੇ ਤਤਕਾਲ ਨਿਰਣਾ ਲੈ ਲਿਆ ਕਰਦੇ ਸਨ। ਕੋਈ ਵੀ ਪੰਥਕ ਪ੍ਰੋਗਰਾਮ ਅਜਿਹਾ ਨਹੀਂ ਕਿਹਾ ਜਾ ਸਕਦਾ ਜਿਸ ਵਿਚ ਮਾਸਟਰ ਤਾਰਾ ਸਿੰਘ ਦੀ ਅਹਿਮ ਭੂਮਿਕਾ ਨਾ ਰਹੀ ਹੋਵੇ। ਪੰਥ ਲਈ ਮਰ-ਮਿਟਣ ਦੀ ਭਾਵਨਾ ਰੱਖਣ ਵਾਲਾ ਇਹ ਅਨਮੋਲ ਰਤਨ ਆਪਣਾ ਜੀਵਨ ਸਫ਼ਰ ਸਮਾਪਤ ਕਰਕੇ 22 ਨਵੰਬਰ 1967 ਨੂੰ ਕੌਮ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਗਿਆ।


## ਉੱਤਰ ਰੇਲਵੇ

ਟੈਂਡਰ ਨੋਟਿਸ ਨੰਬਰ :- 61255697

ਇਲੈਕਟ੍ਰੋਨਿਕ ਟੈਂਡਰ ਈ-ਪ੍ਰਣਾਲੀ ਦੇ ਅੰਤਰਗਤ ਮਦਾਂ ਦੀ ਆਪੂਰਤੀ ਲਈ ਟੈਂਡਰ ਮੰਗ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ, ਉੱਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਵਾਰਾ ਫਰਮਾਂ ਨੂੰ ਹੇਠਾ ਲਿਖੇ ਮਦਾਂ ਦੇ ਲਈ ਈ-ਟੈਂਡਰਾ ਦੇ ਦੁਵਾਰਾ ਤੋਂ ਮੰਗ ਕੀਤੀ ਜਾਂਦੀ ਹੈ :-

| ਲੜੀ ਨੰਬਰ | ਟੈਂਡਰ ਨੰਬਰ | ਸੰਖੇਪ ਵੇਰਵਾ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|---|
| 1. | 61255697 | ਹਾਈ ਟੇਂਸਾਇਲ ਏ.ਏ.ਆਰ. ਐਚ-ਟਾਇਪ ਟਾਇਟ ਲਾਕ ਕਪਲਰ | 100 ਸੇਟਸ | 14 ਜੁਲਾਈ 2025 |

ਟੈਂਡਰ ਸ਼ਰਤਾਂ: 1. ਪੂਰੀ ਜਾਣਕਾਰੀ IREPS ਵੈੱਬਸਾਈਟ ਯਾਨਿ www.ireps.gov.in ਉਤੇ ਦੇਖੀ ਜਾਂ ਸਕਦੀ ਹੈ। 2. ਮੈਨੂੰਅਲ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ। 1876/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



ਅਸਾਸੇ ਦੀ ਆਨਲਾਈਨ ਈ-ਨਿਲਾਮੀ ਵਿਕਰੀ

## ਕੋਟਕ ਮਹਿੰਦਰਾ ਬੈਂਕ ਲਿਮ.

ਪੰਜੀਕ੍ਰਿਤ ਦਫ਼ਤਰ : 27, ਬੀਕੇਸੀ ਸੀ-27, ਜੀ-ਬਲਾਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਈ), ਮੁੰਬਈ, ਮਹਾਰਾਸ਼ਟਰ, ਪਿਨ ਕੋਡ - 400051
ਸ਼ਾਖਾ ਦਫਤਰ : ਕੋਟਕ ਮਹਿੰਦਰਾ ਬੈਂਕ ਲਿਮ.- ਪਲਾਟ ਨੰ. 7, 7ਵੀਂ ਮੰਜ਼ਿਲ, ਸੈਕਟਰ 125, ਨੋਇਡਾ, ਯੂਪੀ-201313

ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਨੋਟਿਸ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8(5) ਅਤੇ 8(6) ਦੇ ਤਹਿਤ ਵਿੱਤੀ ਸੰਪਤੀਆਂ ਦੇ ਪ੍ਰਤੀਭੂਤੀਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਲਾਗੂਕਰਨ ਦੇ ਤਹਿਤ ਅਚੱਲ ਜਾਇਦਾਦਾਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।

**SMFG** ਇੰਡੀਆ ਹੋਮ ਫਾਈਨਾਂਸ ਕੰਪਨੀ ਲਿਮਟਿਡ (ਇਸ ਤੋਂ ਬਾਅਦ "SMHFC" ਵਜੋਂ ਜਾਣਿਆ ਜਾਂਦਾ ਹੈ) (ਪਹਿਲਾਂ ਫੁੱਲਰਟਨ ਇੰਡੀਆ ਹੋਮ ਫਾਈਨਾਂਸ ਕੰਪਨੀ ਲਿਮਟਿਡ ਵਜੋਂ ਜਾਣਿਆ ਜਾਂਦਾ ਹੈ) ਦੁਆਰਾ ਕੋਟਕ ਮਹਿੰਦਰਾ ਬੈਂਕ ਲਿਮਟਿਡ ਦੇ ਹੱਕ ਵਿੱਚ ਕਰਜ਼ੇ ਦੀ ਨਿਯੁਕਤੀ ਤੋਂ ਬਾਅਦ, **SMFG** ਇੰਡੀਆ ਹੋਮ ਫਾਈਨਾਂਸ ਕੰਪਨੀ ਲਿਮਟਿਡ (ਇਸ ਤੋਂ ਬਾਅਦ "SMHFC" ਵਜੋਂ ਜਾਣਿਆ ਜਾਂਦਾ ਹੈ) ਦੇ ਅਧਿਕਾਰਤ ਅਧਿਕਾਰੀ ਨੇ 28.11.2024 ਨੂੰ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ/ਚਾਰਜ ਕੀਤੀ ਗਈ ਹੇਠਾਂ ਦੱਸੀ ਗਈ ਅਚੱਲ ਜਾਇਦਾਦ (ਇਸ ਤੋਂ ਬਾਅਦ ਸੁਰੱਖਿਅਤ ਸੰਪਤੀ ਕਿਹਾ ਜਾਂਦਾ ਹੈ) ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਇਸ ਦੁਆਰਾ ਖਾਸ ਤੌਰ 'ਤੇ ਕਰਜ਼ਦਾਰ(ਾਂ) ਅਤੇ ਸਹਿ-ਕਰਜ਼ਦਾਰ(ਾਂ) ਨੂੰ ਅਤੇ ਆਮ ਤੌਰ 'ਤੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਬੈਂਕ ਨੇ ਨਿਮਨ ਵੇਰਵਿਆਂ ਅਨੁਸਾਰ ਸ੍ਰੀ ਗੁਰਸੇਵਕ ਸਿੰਘ ਅਤੇ ਸ੍ਰੀਮਤੀ ਵੀਰਪਾਲ ਕੌਰ ਦੁਆਰਾ ਪ੍ਰਾਪਤ ਕਰਜ਼ਾ ਖਾਤਾ ਨੰ. 610139211201815 ; ਅਧੀਨ ਪ੍ਰਾਪਤ ਕਰਜ਼ੇ ਦੀ ਪੂਰਤੀ ਤੱਕ ਭਾਵੀ ਲਾਗੂ ਵਿਆਜ ਸਮੇਤ 21.05.2025 ਦੇ ਅਨੁਸਾਰ ਬਕਾਇਆ ਰੁ. 42,36,458/- (ਰੁਪਏ ਬਿਆਲੀ ਲੱਖ ਛੱਤੀ ਹਜ਼ਾਰ ਚਾਰ ਸੌ ਅਠਵੰਜਾ ਕੇਵਲ) ਦੀ ਵਸੂਲੀ ਲਈ "ਜਿਵੇਂ ਹੈ ਜਿਥੇ ਹੈ", 'ਜਿਵੇਂ ਹੈ ਜੋ ਹੈ", ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਸਰਫਾਇਸੀ ਐਕਟ, 2002 ਦੀਆਂ ਵਿਵਸਥਾਵਾਂ ਅਧੀਨ ਈ-ਨਿਲਾਮੀ ਰਾਹੀਂ ਸੁਰੱਖਿਅਤ ਅਸਾਸੇ ਦੀ ਵਿਕਰੀ ਦਾ ਫੈਸਲਾ ਲਿਆ ਹੈ।

| ਬਿਓਰਾ | ਵੇਰਵੇ |
|---|---|
| ਨਿਲਾਮੀ ਦੀ ਮਿਤੀ | 29.07.2025 |
| ਨਿਲਾਮੀ ਦਾ ਸਮਾਂ | ਦੁਪਹਿਰ 12.00 ਵਜੇ ਤੋਂ ਬਾ.ਦੁ. 01.00 ਵਜੇ ਦੇ ਵਿਚਾਲੇ, 5 ਮਿੰਟਾਂ ਦੇ ਅਸੀਮਤ ਵਾਧੇ ਸਮੇਤ |
| ਰਾਖਵੀਂ ਕੀਮਤ | ਰੁ. 17,00,000/- (ਰੁ. ਸਤਾਰਾਂ ਲੱਖ ਕੇਵਲ) |
| ਬਿਆਨਾ ਰਕਮ ਜਮ੍ਹਾਂ (ਈਐਮਡੀ):- | ਰੁ. 1,70,000/- (ਰੁ. ਇਕ ਲੱਖ ਸੱਤਰ ਹਜ਼ਾਰ ਕੇਵਲ) |
| ਕੇਵਾਈਸੀ ਨਾਲ ਬਿਆਨਾ ਰਕਮ ਜਮ੍ਹਾਂ ਕਰਨ ਲਈ ਆਖਰੀ ਮਿਤੀ:- | 28.07.2025 ਨੂੰ ਸ਼ਾਮ 06.00 ਵਜੇ ਤੱਕ (ਭਾਰਤੀ ਸਮੇਂ ਅਨੁਸਾਰ) |
| | ਦਸ਼ਮੇਸ਼ ਨਗਰ ਗਲੀ ਨੰ. 4ਬੀ ਮੁਕਤਸਰ-2 ਹੱਦਬਸਤ ਨੰ. 54, ਤਹਿਸੀਲ ਅਤੇ ਜ਼ਿਲ੍ਹਾ ਮੁਕਤਸਰ ਵਿਖੇ ਖੇਵਟ ਨੰਬਰ 1653 ਖਤੌਨੀ ਨੰ. 2995 ਖਸਰਾ ਨੰ. 1486 (22-15) ਵਿਚ ਸ਼ਾਮਲ 22 ਕਨਾਲ, 15 ਮਰਲੇ ਦੇ 1/91 ਹਿੱਸੇ ਵਜੋਂ 5 ਮਰਲੇ ਮਾਪ ਵਾਲੇ ਇੱਕ ਮਕਾਨ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। |
| ਜਾਣੂੰ ਦੇਣਦਾਰੀਆਂ | ਕੋਈ ਨਹੀਂ |

ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਸੰਪੱਤੀ ਨੂੰ ਰੀਡੀਮ ਕਰਨ ਲਈ, ਉਪਲਬਧ ਸਮੇਂ ਦੇ ਸਬੰਧ ਵਿੱਚ, ਐਕਟ ਦੇ ਸੈਕਸ਼ਨ 13 ਦੀ ਉਪ ਧਾਰਾ 8 ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ। ਕਰਜ਼ਦਾਰ ਖਾਸ ਤੌਰ 'ਤੇ ਅਤੇ ਆਮ ਤੌਰ 'ਤੇ ਲੋਕ ਕਿਰਪਾ ਕਰਕੇ ਧਿਆਨ ਦੇਣ ਕਿ ਜੇਕਰ ਨਿਲਾਮੀ ਦੇ ਮਾਮਲੇ ਵਿੱਚ ਇੱਥੇ ਅਨੁਸੂਚਿਤ ਕਿਸੇ ਵੀ ਕਾਰਨ ਕਰਕੇ ਅਸਫ਼ਲ ਹੋ ਜਾਂਦਾ ਹੈ ਤਾਂ ਸੁਰੱਖਿਅਤ ਲੈਣਦਾਰ ਪ੍ਰਾਈਵੇਟ ਸੰਧੀ ਦੁਆਰਾ ਵਿਕਰੀ ਦੇ ਜ਼ਰੀਏ ਸੁਰੱਖਿਆ ਹਿੱਤ ਲਾਗੂ ਕਰ ਸਕਦਾ ਹੈ।

ਵਿਕਰੀ ਅਧੀਨ ਸੰਪਤੀਆਂ ਬਾਰੇ ਕਿਸੇ ਸਪੱਸ਼ਟੀਕਰਨ/ਲੋੜ ਦੇ ਮਾਮਲੇ ਵਿੱਚ, ਬੋਲੀਕਾਰ ਸ੍ਰੀ ਅਕਸ਼ਿਤ ਸੋਲੰਕੀ (ਮੋਬ ਨੰਬਰ +917302111608) ਬੋਲੀਕਾਰ ਸਪੱਸ਼ਟੀਕਰਨ ਲਈ ਬੈਂਕ ਦੇ ਹੈਲਪਲਾਈਨ ਨੰ. (+91-9152219751) 'ਤੇ ਵੀ ਸੰਪਰਕ ਕਰ ਸਕਦਾ ਹੈ।

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ ਲਿੰਕ ਨੂੰ ਵੇਖੋ:- HTTPS://WWW.KOTAK.COM/EN/BANK-AUCTIONS.HTML ਬੈਂਕ ਦੀ ਵੈੱਬਸਾਈਟ ਜਿਵੇਂ ਕਿ WWW.KOTAK.COM ਅਤੇ/ਜਾਂ HTTP://BANKAUCTIONS.IN/ 'ਤੇ ਮੁਹੱਈਆ ਕਰਵਾਇਆ ਗਿਆ ਹੈ।

ਮਿਤੀ : 24.06.2025, ਸਥਾਨ : ਮੁਕਤਸਰ    ਅਧਿਕਾਰਤ ਅਧਿਕਾਰੀ, ਕੋਟਕ ਮਹਿੰਦਰਾ ਬੈਂਕ ਲਿਮ.



SBI    ਮੁੱਖ ਸ਼ਾਖਾ ਪਟਿਆਲਾ ਗੇਟ ਸੰਗਰੂਰ (01759)

## ਕਬਜ਼ਾ ਸੂਚਨਾ [ਨਿਯਮ 8(1)] (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ, ਮੁੱਖ ਸ਼ਾਖਾ ਪਟਿਆਲਾ ਗੇਟ ਸੰਗਰੂਰ** (01759) ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਐਕਟ ਨੰ. 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰਾਂ **ਨੂੰ ਮੰਗ ਸੂਚਨਾ** ਜਾਰੀ ਕੀਤੀ ਸੀ।

ਕਰਜ਼ਦਾਰਾਂ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ/ਜ਼ਾਮਨਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਵਸੂਲ ਹੋਈ ਰਕਮ, ਜੇਕਰ ਕੋਈ ਹੈ, ਮਨਫੀ ਕਰਕੇ ਹੋਰ ਫੀਸਾਂ/ਖਰਚਿਆਂ, ਲਾਗਤਾਂ ਸਮੇਤ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀ ਵਿਵਸਥਾ ਵੱਲ ਦੁਆਇਆ ਜਾਂਦਾ ਹੈ।**

| ਖਾਤਾ, ਕਰਜ਼ਦਾਰਾਂ ਅਤੇ ਜ਼ਾਮਨਾਂ ਦਾ ਨਾਮ | ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਵਸੂਲੀਯੋਗ ਰਕਮ |
|---|---|---|---|---|
| ਕਰਜ਼ਦਾਰ : ਸ੍ਰੀ ਸਤੀਸ਼ ਕੁਮਾਰ ਸਪੁੱਤਰ ਰਾਜ ਕੁਮਾਰ ਮਕਾਨ ਨੰ. 917-ਏ, ਗਲੀ ਨੰ. 3, ਥਲਾਸ ਬਾਗ ਕਲੋਨੀ, ਨਾਭਾ ਗੇਟ ਸੰਗਰੂਰ, ਪੰਜਾਬ - 148001 | ਥਲੇਸ਼ ਬਾਗ ਕਲੋਨੀ ਦੇ ਅੰਦਰ, ਸੰਗਰੂਰ ਵਿਖੇ ਸਥਿਤ ਕੁੱਲ 10 ਮਰਲੇ ਮਾਪ ਵਾਲੀ ਜ਼ਮੀਨ ਦੇ 154/300 ਹਿੱਸੇ ਭਾਵ 5.2/15 ਮਰਲੇ ਦੇ ਖਸਰਾ ਨੰ. 462/1/0-10 ਦੇ ਸਬੰਧ ਵਿਚ ਖਾਤਾ ਨੰ. 720/1014 ਦੇ ਅਧੀਨ 5.2/15 ਮਰਲੇ (ਸਾਈਟ 'ਤੇ 154 ਵਰਗ ਗਜ਼) ਮਾਪ ਵਾਲੀ ਜ਼ਮੀਨ/ਪਲਾਟ ਦੀ ਨਿਆਂਸੰਗਤ ਗਿਰਵੀ ਅਤੇ ਇਸ ਦੀ ਹੱਦਬੰਦੀ ਨਿਮਨ ਅਨੁਸਾਰ ਹੈ : ਪੂਰਬ : ਗਲੀ 27'-0", ਪੱਛਮ : ਕਸਤੂਰੀ ਲਾਲ 27'-2", ਉੱਤਰ : ਖਾਲੀ ਪਲਾਟ 50'-6", ਦੱਖਣ : ਦਲਵਿੰਦਰ ਸਿੰਘ 52'-0", ਰਾਜ ਕੁਮਾਰ ਸਪੁੱਤਰ ਸ੍ਰੀ ਪਰਸਿੰਨਾ ਰਾਮ ਦੇ ਨਾਮ 'ਤੇ ਦਰਜ ਵਿਕਰੀ ਡੀਡ ਨੰਬਰ 2012 ਮਿਤੀ 17.09.2007 ਦੇ ਅਨੁਸਾਰ। | 17.03.2025 | 20.06.2025 | ਰੁ. 2,21,575/- (ਰੁਪਏ ਦੋ ਲੱਖ ਇੱਕੀ ਹਜ਼ਾਰ ਪੰਜ ਸੌ ਪਝੱਤਰ ਕੇਵਲ) ਸਹਿਮਤ ਦਰ 'ਤੇ 17.03.2025 ਦੇ ਅਨੁਸਾਰ ਅਤੇ ਇਸ 'ਤੇ ਹੋਰ ਖਰਚੇ ਅਤੇ ਲਾਗੂ ਫੀਸਾਂ। |

ਮਿਤੀ : 24.06.2025    ਸਥਾਨ : ਸੰਗਰੂਰ    ਅਧਿਕਾਰਤ ਅਧਿਕਾਰੀ



pnb    ਈ-ਨਿਲਾਮੀ/ ਵਿਕਰੀ ਸੂਚਨਾ    **ਪੰਜਾਬ ਨੈਸ਼ਨਲ ਬੈਂਕ** ...ਭਰੋਸੇ ਦਾ ਪ੍ਰਤੀਕ !    ਈ-ਨਿਲਾਮੀ/ ਵਿਕਰੀ ਸੂਚਨਾ

ਸਟਰੈਸਡ ਅਸੇਟ ਮੈਨੇਜਮੈਂਟ, ਸੈਕਸ਼ਨ, ਸਰਕਲ ਦਫਤਰ, ਕੰਪਨੀ ਬਾਗ ਸਿਵਲ ਲਾਈਨਜ਼, ਜਲੰਧਰ-14401
Tel No.: 0181-222-4922, Phone No.: 94780-05251, E-Mail- cojalsam@pnb.co.in

ਈ-ਨਿਲਾਮੀ ਦੀ ਮਿਤੀ : 15.07.2025 (ਵਿਕਰੀ ਕੇਵਲ ਈ-ਨਿਲਾਮੀ ਦੁਆਰਾ)

**ਸਰਫਾਇਸੀ ਐਕਟ ਦੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 6 ਅਤੇ 9 ਨਾਲ ਪੜ੍ਹੇ ਜਾਣ ਵਾਲੇ ਨਿਯਮ 6(2) ਅਤੇ 8(6) ਦੇ ਅਧੀਨ ਆਮ ਜਨਤਾ ਲਈ ਵਿਧਾਨਕ ਵਿਕਰੀ ਸੂਚਨਾ ਚੱਲ/ਅਚੱਲ ਸੰਪੱਤੀ/ਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ**

1. ਵਿਕਰੀ ਵੈਬਸਾਈਟ https://baanknet.com 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ ਕੀਤੀ ਜਾਵੇਗੀ।
2. ਬਿਆਨਾ ਰਕਮ ਅਤੇ ਕੇਵਾਈਸੀ ਪੋਰਟਲ https://baanknet.com ਰਾਹੀਂ ਆਨਲਾਈਨ ਕੀਤੇ ਜਾਣਗੇ।

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 (6) ਦੇ ਨਾਲ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਤਹਿਤ ਅਚੱਲ ਸੰਪਤੀਆਂ ਦੀ ਵਿਕਰੀ ਲਈ ਈ-ਨਿਲਾਮੀ ਵਿਕਰੀ ਨੋਟਿਸ।**

ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ **ਸੁਰੱਖਿਅਤ ਕਰਜ਼ਦਾਤਾ** ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ **ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਬੈਂਕ**/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ **ਨਿਮਨ ਸਾਰਣੀ ਵਿਚ ਦਰਸਾਈ ਮਿਤੀ ਨੂੰ** *"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"* 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ।

| ਲੜੀ ਨੰ. | ਸ਼ਾਖਾ ਦਾ ਨਾਮ / ਖਾਤੇ ਦੇ ਕਰਜ਼ਦਾਰ/ਜ਼ਾਮਨ ਦਾ ਨਾਮ ਅਤੇ ਪਤਾ | ਅਚੱਲ ਸੰਪੱਤੀਆਂ ਦੀ ਗਿਰਵੀ ਦੇ ਵੇਰਵੇ/ਮਾਲਕ ਦਾ ਨਾਮ (ਸੰਪੱਤੀ/ਆਂ ਦੇ ਗਿਰਵੀਕਾਰ) | ਮੰਗ ਸੂਚਨਾ ਦੀ ਮਿਤੀ / ਕਬਜ਼ਾ ਮਿਤੀ / ਕਬਜ਼ੇ ਦੀ ਕਿਸਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਨਿਲਾਮੀ ਦੀ ਮਿਤੀ/ਸਮਾਂ / ਸੁਰੱਖਿਅਤ ਕਰਜ਼ਦਾਤਾ ਨੂੰ ਜਾਣੂੰ ਦੇਣਦਾਰੀਆਂ | ਬਕਾਇਆ ਰਕਮ |
|---|---|---|---|---|---|---|
| 1. | 035800-ਨਕੋਦਰ ਮੇਨ ਜਲੰਧਰ / ਮੈਸ. ਘੁੰਮਣ ਰਿਕਾਰਡਜ਼ | ਵਿਕਰੀ ਡੀਡ ਨੰਬਰ 3588 ਮਿਤੀ 17.02.2011 ਸ੍ਰੀ ਜੋਗਿੰਦਰ ਸਿੰਘ ਪੁੱਤਰ ਸ੍ਰੀ ਮਹਿੰਗਾ ਸਿੰਘ ਦੇ ਨਾਮ 'ਤੇ ਵਪਾਰਕ ਦੁਕਾਨ ਜਾਇਦਾਦ ਦਾ ਬਰਾਬਰ ਗਿਰਵੀਨਾਮਾ 0 ਮਰਲਾ 4 ਵਰਗ (121 ਵਰਗ ਫੁੱਟ) 1 ਕਨਾਲ-0 ਮਰਲੇ ਮੀਟਰ ਜ਼ਮੀਨ ਦਾ 4/180 ਹਿੱਸਾ ਹੈ ਜੋ ਕਿ ਖ/ਖ ਨੰਬਰ 2596/2995 ਖਸਰਾ ਨੰਬਰ 187//2/1/2 (1-0), ਰਹਿਮਾਨਪੁਰਾ, ਮਹਿਤਪੁਰ ਰੋਡ, ਰੇਲਵੇ ਸਟੇਸ਼ਨ ਦੇ ਨੇੜੇ, ਜੇਪੀ ਸਟੂਡੀਓ ਦੇ ਸਾਹਮਣੇ, ਜਲੰਧਰ ਵਿਖੇ ਸਥਿਤ ਹੈ। | 20.04.2022 / 30.07.2022 / ਭੌਤਿਕ ਕਬਜ਼ਾ | Rs. 6,50,000/- / Rs. 65,000/- / Rs. 20,000/- | 15.07.2025 at 11:00 AM to 04:00 PM / ਕੋਈ ਨਹੀਂ/ਜਾਣੂੰ ਨਹੀਂ | Rs.4,52,275.00 +ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 31.03.2022 ਤੋਂ ਭਾਵੀ ਵਿਆਜ |
| 2. | 511710-ਏਪੀਜੇ ਸਕੂਲ ਜਲੰਧਰ / ਮੈਸ. ਨਰੂਲਾ ਟ੍ਰੇਡਿੰਗ ਕਾਰਪੋਰੇਸ਼ਨ | ਟਾਈਟਲ ਡੀਡ ਨੰਬਰ 4135 ਮਿਤੀ 20.09.2010 ਅਨੁਸਾਰ ਸ੍ਰੀ ਨਿਤੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਪਰਵੀਨ ਕੁਮਾਰ ਨਰੂਲਾ ਦੇ ਨਾਮ 'ਤੇ ਮਕਾਨ ਨੰ. ਡਬਲਯੂ.ਐਲ. 227-ਏ ਦੇ 4 ਹਿੱਸਿਆਂ ਦਾ ਬਰਾਬਰ ਗਿਰਵੀਨਾਮਾ ਜੋ ਕਿ ਆਬਾਦੀ ਬਸਤੀ ਗੁਜ਼ਾਨ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ। ਹੱਦਬੰਦੀ : ਪੂਰਬ : ਦੁਕਾਨ ਪੂਰਨ ਚੰਦ ਅਤੇ ਬਾਜ਼ਾਰ, ਪੱਛਮ ਵੱਲ: ਗਲੀ, ਉੱਤਰ ਵੱਲ: ਕਮਲੇਸ਼ ਰਾਣੀ, ਦੱਖਣ ਵੱਲ: ਬਲਵੰਤ ਸਿੰਘ | 21.02.2023 / 06.03.2024 / ਭੌਤਿਕ ਕਬਜ਼ਾ | Rs. 9,00,000/- / Rs. 90,000/- / Rs. 20,000/- | 15.07.2025 at 11:00 AM to 04:00 PM / ਕੋਈ ਨਹੀਂ/ਜਾਣੂੰ ਨਹੀਂ | Rs. 7,74,013.75 +ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 20.02.2023 ਤੋਂ ਭਾਵੀ ਵਿਆਜ |
| 3. | 056100-ਆਦਮਪੁਰ ਜਲੰਧਰ / ਸ੍ਰੀ ਪ੍ਰੇਮ ਨਾਥ ਪੁੱਤਰ ਸ੍ਰੀ ਗੁਰਦਿੱਤਾ ਮੱਲ | ਸ੍ਰੀ ਪ੍ਰੇਮ ਨਾਥ ਪੁੱਤਰ ਸ੍ਰੀ ਗੁਰਦਿੱਤਾ ਮੱਲ ਦੇ ਨਾਮ 'ਤੇ ਦਰਜ ਵਿਕਰੀ ਡੀਡ ਨੰਬਰ 1511 ਮਿਤੀ 18.05.2011 ਦੇ ਅਧੀਨ ਪੰਜੀਕ੍ਰਿਤ ਪਿੰਡ ਚੰਦਪੁਰ, ਡਾਕਖਾਨਾ ਸਲਾਲਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ 7 ਮਰਲੇ ਮਾਪ ਵਾਲੇ ਰਿਹਾਇਸ਼ੀ ਮਕਾਨ ਦੀ ਨਿਆਂਸੰਗਤ ਗਿਰਵੀ। | 18.05.2021 / 21.04.2022 / ਭੌਤਿਕ ਕਬਜ਼ਾ | Rs. 14,20,000/- / Rs. 1,42,000/- / Rs. 20,000/- | 15.07.2025 at 11:00 AM to 04:00 PM / ਕੋਈ ਨਹੀਂ/ਜਾਣੂੰ ਨਹੀਂ | Rs. 6,38,150.00 +ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 17.05.2021 ਤੋਂ ਭਾਵੀ ਵਿਆਜ |
| 4. | 691600-ਆਦਮਪੁਰ ਜਲੰਧਰ / ਸ੍ਰੀ ਸੰਜੇ ਕੁਮਾਰ ਪੁੱਤਰ ਸ੍ਰੀ. ਸ੍ਰੀ ਰਾਮ | ਟਾਈਟਲ ਡੀਡ ਨੰਬਰ 2020-21/186/1/680 ਮਿਤੀ 17-06-2020 ਸ੍ਰੀਮਤੀ ਨੀਰਜ ਪਤਨੀ ਸ੍ਰੀ ਸੰਜੇ ਕੁਮਾਰ ਦੇ ਨਾਮ 'ਤੇ ਦਰਜ ਸਾਲ 2013-2014 ਲਈ ਜਮ੍ਹਾਂਬੰਦੀ ਅਨੁਸਾਰ 05 ਮਰਲੇ 265 ਵਰਗ ਫੁੱਟ (ਆਕਾਰ 25'x 65' ਭਾਵ 1625 ਵਰਗ ਫੁੱਟ, 1 ਮਰਲਾ = 272 ਵਰਗ ਫੁੱਟ) ਪਲਾਟ ਨੰਬਰ 67 ਦਾ ਬਰਾਬਰ ਗਿਰਵੀਨਾਮਾ, ਜੋ ਕਿ ਖਾਤਾ ਨੰਬਰ 1767/2038, ਖਸਰਾ ਨੰਬਰ 69//16/2, 17/1, 24, 25/1, 92//4/1, 4/3, 5/1 ਵਿੱਚ ਸ਼ਾਮਲ ਹੈ, ਜਮਸ਼ੇਰ-ਐਲ (ਸਟੇਸ਼ਨ ਕਲੋਨੀ), ਤਹਿ. ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ। ਹੱਦਬੰਦੀ: ਪੂਰਬ : - ਪਲਾਟ ਹੋਰ, ਪੱਛਮ ਵੱਲ: - ਹੋਰ, ਉੱਤਰ ਵੱਲ: - ਹੋਰ, ਦੱਖਣ ਵੱਲ: - ਸੜਕ 22' | 12.11.2021 / 23.01.2024 / ਭੌਤਿਕ ਕਬਜ਼ਾ | Rs. 8,60,000/- / Rs. 86,000/- / Rs. 20,000/- | 15.07.2025 at 11:00 AM to 04:00 PM / ਕੋਈ ਨਹੀਂ/ਜਾਣੂੰ ਨਹੀਂ | Rs 9,85,828.66/- +ਪੂਰਨ ਭੁਗਤਾਨ ਹੋਣ ਤੱਕ ਲਾਗਤਾਂ ਅਤੇ ਫੀਸਾਂ ਸਮੇਤ 31.03.2025 ਤੋਂ ਭਾਵੀ ਵਿਆਜ |

**ਨਿਯਮ ਅਤੇ ਸ਼ਰਤਾਂ :-**

ਵਿਕਰੀ, ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਤ ਹੋਵੇਗੀ।
1. ਸੰਪੱਤੀਆਂ **'ਜਿਵੇਂ ਹੈ ਜਿਥੇ ਹੈ ਆਧਾਰ', 'ਜਿਵੇਂ ਹੈ ਜੋ ਹੈ ਆਧਾਰ' ਅਤੇ "ਜੋ ਵੀ ਉਥੇ ਹੈ ਆਧਾਰ"** 'ਤੇ ਵੇਚੀਆਂ ਜਾ ਰਹੀਆਂ ਹਨ। 2. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 3. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 15.07.2025 ਨੂੰ **ਸਵੇਰੇ** 11.00 **ਵਜੇ** ਕੀਤੀ ਜਾਵੇਗੀ।

**ਵਿਕਰੀ ਦੇ ਵਿਸਤ੍ਰਿਤ ਨਿਯਮ ਅਤੇ ਸ਼ਰਤਾਂ ਲਈ, ਕਿਰਪਾ ਕਰਕੇ HTTPS://BAANKNET.COM ਅਤੇ WWW.PNBINDIA.IN ਵੇਖੋ।**

ਮਿਤੀ : 24.06.2025    ਸਥਾਨ : ਜਲੰਧਰ    ਅਧਿਕਾਰਤ ਅਧਿਕਾਰੀ

# ਤਿੰਨ ਰੋਜ਼ਾ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫ਼ਰੰਸ ਸੰਪੰਨ

## ☛ ਪੰਜਾਬੀ ਭਾਸ਼ਾ ਦੀਆਂ ਰਗਾਂ ਵਿੱਚ ਰੂਹਾਨੀਅਤ: ਡਾ. ਦਲਬੀਰ ਸਿੰਘ ਕਥੂਰੀਆ
## ☛ ਮਾਪੇ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਨਾਲ ਜੋੜਨ: ਅੰਮ੍ਰਿਤਪਾਲ ਸਿੰਘ









ਟੋਰਾਂਟੋ, 23 ਜੂਨ (ਚ.ਨ.ਸ.) : ਪੰਜਾਬੀ ਭਾਸ਼ਾ, ਸਹਿਤ ਤੇ ਸੱਭਿਆਚਾਰ ਨੂੰ ਮਜ਼ਬੂਤ ਕਰਨ ਦੇ ਮਕਸਦ ਨਾਲ ਵਿਸ਼ਵ ਪੰਜਾਬੀ ਸਭਾ ਟਰਾਂਟੋ (ਕੈਨੇਡਾ) ਵਿੱਚ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਦੀ ਅਗਵਾਈ ਵਿੱਚ ਕਰਵਾਈ ਗਈ ਤਿੰਨ ਰੋਜ਼ਾ ਛੇਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਪੰਜਾਬੀ ਭਾਸ਼ਾ ਦੇ ਉਥਾਨ ਦਾ ਪ੍ਰਣ ਲੈਂਦਿਆਂ ਸੰਪੰਨ ਹੋਈ। ਪਹਿਲੇ ਦਿਨ ਦੀ ਸ਼ੁਰੂਆਤ ਦੌਰਾਨ ਬੋਲਦਿਆਂ ਡਾ ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਪੰਜਾਬੀ ਭਾਸ਼ਾ ਸਿਰਫ ਇੱਕ ਭਾਸ਼ਾ ਹੀ ਨਹੀਂ ਬਲਕਿ ਇਹ ਮੁਹੱਬਤ, ਭਾਈਚਾਰਕ ਸਾਂਝ ਅਤੇ ਦੁਨੀਆਂ ਦੇ ਰਿਸ਼ਤਿਆਂ ਨੂੰ ਜੋੜਕੇ ਰੱਖਣ ਵਾਲੀ ਭਾਸ਼ਾ ਹੈ। ਡਾ.ਕਥੂਰੀਆ ਨੇ ਕਿਹਾ ਕਿ ਪੰਜਾਬੀ ਭਾਸ਼ਾ ਦੀਆਂ ਜੜ੍ਹਾਂ ਵਿੱਚ, ਰਗਾਂ ਵਿੱਚ, ਇਸਦੇ ਸੀਨੇ ਵਿੱਚ, ਇਸਦੀ ਧੜਕਣ ਵਿੱਚ ਰੂਹਾਨੀਅਤ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਜਦੋਂ ਦੁਨੀਆਂ ਦੇ ਮੁਲਕ ਆਪਸੀ ਖਿੱਚੋਤਾਣ ਅਤੇ ਆਪਣੀ ਚੌਧਰ ਕਾਇਮ ਰੱਖਣ ਲਈ ਸੰਘਰਸ਼ ਕਰ ਰਹੇ ਹਨ ਉਸ ਸਮੇਂ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੀ ਭੂਮਿਕਾ ਅਤੇ ਯੋਗਦਾਨ ਵਧ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਨਵੀਂ ਪੀੜ੍ਹੀ ਪੰਜਾਬੀ ਬੋਲੀ ਤੋਂ ਦੂਰ ਹੁੰਦੀ ਜਾ ਰਹੀ ਹੈ,ਡਾ. ਕਥੂਰੀਆ ਨੇ ਜ਼ੋਰ ਦੇ ਕੇ ਕਿਹਾ ਕਿ ਨਵੀਂ ਪੀੜ੍ਹੀ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਲਈ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਕਾਰਵਾਈਆਂ ਜਾਣੀਆਂ ਸਮੇਂ ਦੀ ਲੋੜ ਹੈ। ਉਨ੍ਹਾਂ ਨੇ ਵੱਖ ਵੱਖ ਦੇਸ਼ਾਂ ਤੋਂ ਆਏ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਕਿਹਾ। ਇਸ ਸਮੇਂ ਸ਼੍ਰੋਮਣੀ ਪੰਜਾਬੀ ਲੇਖਕ ਡਾ.ਵਰਿਆਮ ਸਿੰਘ ਸੰਧੂ, ਡਾ.ਗੁਰਬਖ਼ਸ਼ ਸਿੰਘ ਭੰਡਾਲ, ਡਾ.ਜਗੀਰ ਸਿੰਘ ਨੂਰ ਸ਼ਾਇਰ ਸੁਰਿੰਦਰਪ੍ਰੀਤ , ਡਾ. ਰਾਜਵਿੰਦਰ ਕੌਰ, ਡਾ. ਨਰਿੰਦਰਜੀਤ ਕੌਰ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਡੀਨ ਡਾ.ਜਸਪਾਲ ਕੌਰ ਕੰਗ, ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਚਾਂਸਲਰ ਡਾ.ਗੁਰਲਾਭ ਸਿੰਘ, ਡਾ.ਪ੍ਰਗਟ ਸਿੰਘ ਬੱਗਾ, ਡਾ.ਇੰਦਰਜੀਤ ਸਿੰਘ ਬੱਲ, ਡਾ.ਬਲਵਿੰਦਰ ਸਿੰਘ ਧਾਲੀਵਾਲ ਸਿੰਘ , ਅਮਰਜੀਤ ਸਿੰਘ ਕਾਉਂਕੇ, ਰੂਪ ਕਾਹਲੋਂ ਨੇ ਆਪਣੀਆਂ ਤਕਰੀਰਾਂ ਰਾਹੀਂ ਜਿੱਥੇ ਪੰਜਾਬੀ ਮਾਂ ਬੋਲੀ ਦੇ ਉਥਾਨ ਦੀ ਗੱਲ ਕੀਤੀ ਉਥੇ ਹੀ ਇਹ ਗੱਲ ਵੀ ਉੱਭਰ ਕੇ ਸਾਹਮਣੇ ਆਈ ਕਿ ਮਸ਼ੀਨੀ ਬੁੱਧੀਮਤਾ ਮਨੁੱਖ ਦੇ ਕੰਮਾਂ ਕਾਰਾਂ ਵਿੱਚ ਸਹਾਇਕ ਹੈ ਪਰ ਮਨੁੱਖ ਦੀ ਬੁੱਧੀ ਦੀ ਥਾਂ ਨਹੀਂ ਲੈ ਸਕਦੀ। ਫ਼ਿਰ ਮਸ਼ੀਨੀ ਬੁੱਧੀਮਤਾ ਪੰਜਾਬੀ ਮਾਂ ਬੋਲੀ ਨੂੰ ਪ੍ਰਭਾਵਿਤ ਕਰ ਸਕਦੀ ਹੈ ਸਾਨੂੰ ਇਨ੍ਹਾਂ ਚੁਣੌਤੀਆਂ ਤੋਂ ਸਾਵਧਾਨ ਰਹਿਣ ਦੀ ਲੋੜ ਹੈ। ਪਹਿਲੇ ਸੈਸ਼ਨ ਵਿੱਚ ਬੋਲਦਿਆਂ ਚੜ੍ਹਦੀਕਲਾ ਟਾਈਮ ਟੀਵੀ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਇਸ ਤਰ੍ਹਾਂ ਦੀਆਂ ਕਾਨਫਰੰਸਾਂ ਵਿੱਚ ਲਿਆਉਣਾ ਚਾਹੀਦਾ ਤਾਂ ਜੋ ਉਹ ਆਪਣੀ ਮਾਂ ਬੋਲੀ ਨਾਲ ਜੁੜੇ ਰਹਿਣ ਅਤੇ ਪੰਜਾਬੀ ਭਾਸ਼ਾ ਦੀ ਵਿਲਖਣਤਾ ਨੂੰ ਸਮਝਣ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਪੰਜਾਬੀ ਭਾਸ਼ਾ ਬੜੀਆਂ ਚੁਣੌਤੀਆਂ ਵਿਚੋਂ ਗੁਜ਼ਰ ਰਹੀ ਹੈ ਕਿਉਂਕਿ ਅਸੀਂ ਵਪਾਰਕ ਭਾਸ਼ਾ ਅੰਗਰੇਜ਼ੀ ਤੋਂ ਪ੍ਰਭਾਵਿਤ ਹੋ ਰਹੇ ਹਾਂ। ਸ.ਦਰਦੀ ਨੇ ਕਿਹਾ ਕਿ ਇਸ ਸਮੇਂ ਮਾਪਿਆਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ। ਇਸ ਮੌਕੇ ਦਮਨਪ੍ਰੀਤ ਕੌਰ ਨੇ ਵੀ ਮਾਂ ਬੋਲੀ ਨੂੰ ਸਮਰਪਿਤ ਪਰਚਾ ਪੜ੍ਹਿਆ ਜੋ ਕਾਨਫਰੰਸ ਵਿੱਚ ਵਿੱਚ ਸਭ ਤੋਂ ਛੋਟੀ ਉਮਰ ਦੀ ਬੁਲਾਰਾ ਸੀ। ਦਮਨਪ੍ਰੀਤ ਦੀ ਪੇਸ਼ਕਾਰੀ ਨੇ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸਭ ਨੇ ਪ੍ਰਣ ਲਿਆ ਕਿ ਉਹ ਵੀ ਆਪਣੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨਗੇ। ਕਾਨਫਰੰਸ ਵਿੱਚ ਸ਼ਾਇਰ ਸੁਰਿੰਦਰਪ੍ਰੀਤ ਘਣੀਆ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਨੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਫਰੰਟ ਤੋਂ ਜੋ ਸਰਗਰਮੀਆਂ ਪੰਜਾਬੀ ਭਾਸ਼ਾ, ਸਹਿਤ ਤੇ ਸੱਭਿਆਚਾਰ ਦੇ ਵਿਕਾਸ ਲਈ ਕੀਤੀਆਂ ਜਾ ਰਹੀਆਂ ਹਨ ਦੇ ਹਵਾਲੇ ਨਾਲ ਕਿਹਾ ਕਿ ਪੰਜਾਬ ਵਿੱਚ ਪੰਜਾਬ ਸਰਕਾਰ ਵੱਲੋਂ ਜੋ ਭਾਸ਼ਾ ਐਕਟ 1967ਬਣਾਇਆ ਗਿਆ ਤੇ ਉਸ ਤੋਂ ਬਾਅਦ ਭਾਸ਼ਾ ਸੋਧ ਐਕਟ 2008 ਬਾਰੇ ਕਿਹਾ ਕਿ ਇਹ ਐਕਟ ਪੂਰੀ ਤਰ੍ਹਾਂ ਲਾਗੂ ਨਹੀਂ ਹਨ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇੱਕ ਭਾਸ਼ਾ ਟ੍ਰਿਬਿਊਨਲ ਤਿਆਰ ਕੀਤਾ ਜਾਵੇ ਜਿੱਥੇ ਕੋਈ ਵੀ ਵਿਅਕਤੀ ਕੋਈ ਸ਼ਿਕਾਇਤ ਜਾਂ ਸੁਝਾਅ ਦੇ ਸਕੇ। ਉਨ੍ਹਾਂ ਕਿਹਾ ਜਿੰਨ੍ਹਾ ਚਿਰ ਪੰਜਾਬੀ ਪਰਿਵਾਰ, ਰੁਜ਼ਗਾਰ,ਬਾਜ਼ਾਰ ਅਤੇ ਅਦਾਲਤਾਂ ਦੀ ਭਾਸ਼ਾ ਨਹੀਂ ਬਣਦੀ ਅਤੇ ਵਿੱਦਿਅਕ ਅਦਾਰਿਆਂ ਵਿੱਚ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੀ ਓਨੀ ਦੇਰ ਤੱਕ ਪੰਜਾਬੀ ਭਾਸ਼ਾ ਦਾ ਵਿਕਾਸ ਨਹੀਂ ਹੋ ਸਕਦਾ। ਉਨ੍ਹਾਂ ਅੱਗੇ ਕਿਹਾ ਕਿ ਸਿੱਖਿਆ ਨੀਤੀ 2020 ਵਿੱਚ ਪੰਜਾਬੀ ਭਾਸ਼ਾ ਲਈ ਖਤਰੇ ਮੰਡਰਾ ਰਹੇ ਹਨ ਇਸ ਤੋਂ ਵੀ ਸਾਨੂੰ ਸਾਵਧਾਨ ਹੋਣ ਦੀ ਲੋੜ ਹੈ। ਇਸ ਸਮੇਂ ਡਾ. ਵਰਿਆਮ ਸੰਧੂ ਨੇ ਕਿਹਾ ਕਿ ਸਾਨੂੰ ਪੰਜਾਬੀ ਭਾਸ਼ਾ ਨੂੰ ਵਿਸ਼ਵ ਪੱਧਰ ਦੀ ਭਾਸ਼ਾ ਬਣਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਸ ਸਮੇਂ ਮਾਤਾ ਸਾਹਿਬ ਕੌਰ ਕਾਲਜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਿੰਸੀਪਲ ਰਾਜਵਿੰਦਰ ਕੌਰ ਨੇ ਅੱਜ ਕੱਲ੍ਹ ਦੇ ਪਹਿਰਾਵੇ ਦੀ ਗੱਲ ਕਰਦਿਆਂ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਪੰਜਾਬੀ ਪਹਿਰਾਵੇ ਨਾਲ ਜੋੜਨਾ ਚਾਹੀਦਾ ਹੈ ਅਤੇ ਉਸ ਤਰ੍ਹਾਂ ਦੇ ਕੱਪੜੇ ਨਹੀਂ ਪਹਿਨਣੇ ਚਾਹੀਦੇ ਜਿਸ ਨਾਲ ਨੰਗੇਜ਼ ਵਧੇ। ਉਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਬਚਾਉਣ ਲਈ ਯਤਨ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਖ਼ਾਲਸਾ ਕਾਲਜ (ਲੜਕੀਆਂ) ਦੇ ਪ੍ਰੋ. ਨਰਿੰਦਰਜੀਤ ਕੌਰ ਨੇ ਵੀ ਆਪਣੀ ਤਕਰੀਰ ਰੱਖੀ ਅਤੇ ਪੰਜਾਬੀ ਭਾਸ਼ਾ ਨੂੰ ਵਿਆਕਰਣ ਦੇ ਨਿਯਮਾਂ ਅਨੁਸਾਰ ਪੜ੍ਹਾਉਣ ਲਈ ਜ਼ੋਰ ਦਿੱਤਾ ਅਤੇ ਕਿਹਾ ਕਿ ਸਾਨੂੰ ਪੰਜਾਬੀ ਦਾ ਸਹੀ ਉਚਾਰਣ ਬੱਚਿਆਂ ਨੂੰ ਸਿਖਾਉਣਾ ਚਾਹੀਦਾ ਹੈ। ਇਸ ਮੌਕੇ ਉੱਘੇ ਲੇਖ਼ਕ ਪ੍ਰਿੰਸੀਪਲ ਸਰਵਣ ਸਿੰਘ, ਸਾਬਕਾ ਵਿਧਾਇਕ ਅਤੇ ਸੀਨੀਅਰ ਪੱਤਰਕਾਰ ਕੰਵਰ ਸੰਧੂ, ਬਿੱਟੂ ਸੰਧੂ, ਜਸਵਿੰਦਰ ਸਿੰਘ ਰੁਪਾਲ, ਪੂਰਨ ਸਿੰਘ ਪਾਂਧੀ, ਰਾਜਵੰਤ ਕੌਰ ਸੰਧੂ, ਡਾ.ਜਗੀਰ ਸਿੰਘ ਨੂਰ, ਕੰਵਲਜੀਤ ਸਿੰਘ ਲੱਕੀ, ਦਲਬੀਰ ਸਿੰਘ ਰਿਆੜ, ਪਾਕਿਸਤਾਨੀ ਲੇਖਕਾ ਤਾਹਿਰਾ ਸਰਾ, ਲੋਕ ਗਾਇਕ ਹਸਨੈਣ ਅਕਬਰ, ਕਵਿੱਤਰੀ ਸੁਰਜੀਤ ਕੌਰ, ਪ੍ਰੋ.ਕੁਲਜੀਤ ਕੌਰ, ਡਾ., ਨਵਜੋਤ ਕੌਰ,ਸ.ਗਿਆਨ ਸਿੰਘ ਕੰਗ, ਪ੍ਰਾਈਮ ਏਸ਼ੀਆ ਚੈਨਲ ਦੇ ਪੱਤਰਕਾਰ ਜਸਵਿੰਦਰ ਸਿੰਘ ਬਿੱਟਾ ਅਤੇ ਮਿਸ ਹੀਰ ਕਮਲ, ਨੇ ਹਾਜ਼ਰੀ ਲਗਵਾਈ। ਸਟੇਜ ਸਕੱਤਰ ਦੀ ਭੂਮਿਕਾ ਪ੍ਰੋ.ਜਗੀਰ ਸਿੰਘ ਕਾਹਲੋਂ , ਡਾ . ਗੁਰਪ੍ਰੀਤ ਕੌਰ ਅਤੇ ਡਾ ਅਮਰਦੀਪ ਬਿੰਦਰਾ ਨੇ ਬਾਖ਼ੂਬੀ ਨਿਭਾਈ .ਇਸ ਸਮੇਂ ਰੰਗ ਕੈਨੇਡਾ ਦੇ ਨਾਟਕ ਖੇਡਿਆ ਗਿਆ ਜਿਸ ਵਿੱਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਗਈ ਕਿ ਕੈਨੇਡਾ ਆ ਕੇ ਕਿਹੜੀਆਂ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਾਨਫਰੰਸ ਵਿੱਚ ਪੰਜਾਬੀ ਅਤੇ ਉਰਦੂ ਦੇ ਸ਼ਾਇਰਾਂ ਜੋ ਦੋਵਾਂ ਪੰਜਾਬਾਂ ਤੋਂ ਸਨ ਨੇ ਆਪਣੀ ਸ਼ਾਇਰੀ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਦੌਰਾਨ ਬੱਚਿਆਂ ਦਾ ਵੀ ਇੱਕ ਵਿਸ਼ੇਸ ਪ੍ਰੋਗਰਾਮ ਪੇਸ਼ ਕੀਤਾ ਗਿਆ, ਬੱਚਿਆਂ ਨੇ ਗੁਰਬਾਣੀ ਗਾਇਨ ਕਰਕੇ ਵਾਹ ਵਾਹ ਖੱਟੀ। ਇਸ ਕਾਨਫਰੰਸ ਦੇ ਅਖੀਰਲੇ ਦਿਨ ਦੇਸ਼ਾਂ ਵਿਦੇਸ਼ਾਂ ਤੋਂ ਆਏ ਬੁਲਾਰਿਆਂ ਨੂੰ ਵਿਸ਼ੇਸ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਪ੍ਰਮਾਣ ਪੱਤਰ ਅਤੇ ਸਨਮਾਨ ਪੱਤਰ ਸ. ਦਲਬੀਰ ਸਿੰਘ ਕਥੂਰੀਆ ਦੇ ਪਿਤਾ ਸ. ਸ਼ਬੇਗ ਸਿੰਘ ਕਥੂਰੀਆ ਵੱਲੋਂ ਤਕਸੀਮ ਕੀਤੇ ਗਏ। ਸਾਰੇ ਬੁਲਾਰਿਆਂ ਅਤੇ ਪਤਵੰਤੇ ਸੱਜਣਾਂ ਨੇ ਆਪਣੀਆਂ ਤਕਰੀਰਾਂ ਵਿੱਚ ਪਰਮਾਤਮਾ ਅੱਗੇ ਦੁਆ ਕੀਤੀ ਕਿ ਡਾ. ਕਥੂਰੀਆ ਪੰਜਾਬੀ ਭਾਸ਼ਾ ਲਈ ਆਪਣੇ ਮਨ ਵਿੱਚ ਪੰਜਾਬੀ ਮਾਂ ਬੋਲੀ ਲਈ ਜੋ ਦਰਦ ਲੈ ਕੇ ਪੰਜਾਬੀ ਭਾਸ਼ਾ ਦੇ ਉਥਾਨ ਲਈ ਉਨ੍ਹਾਂ ਨੇ ਜੋ ਬੀੜਾ ਚੁੱਕਿਆ ਹੈ ਉਸ ਉਹ ਸਫਲ ਹੋਣ। ਬੁਲਾਰਿਆਂ ਨੇ ਇਸ ਸਾਰੇ ਉੱਦਮ ਲਈ ਡਾ. ਕਥੂਰੀਆ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਇੱਕ ਸ਼ਲਾਘਾਯੋਗ ਉਪਰਾਲਾ ਹੈ।

# ਸਥਿਰਤਾ ਹੁਣ ਇੱਕ ਨਾਅਰਾ ਨਹੀਂ, ਸਗੋਂ ਇੱਕ ਜ਼ਰੂਰਤ ਹੈ : ਮੁਰਮੂ




ਨਵੀਂ ਦਿੱਲੀ, 23 ਜੂਨ (ਅੰਮ੍ਰਿਤਪਾਲ ਸਿੰਘ) : ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਸੋਮਵਾਰ ਨੂੰ ਕਿਹਾ ਕਿ ਸਥਿਰਤਾ ਹੁਣ ਇੱਕ ਨਾਅਰਾ ਨਹੀਂ ਸਗੋਂ ਇੱਕ ਜ਼ਰੂਰਤ ਹੈ। ਰਾਸ਼ਟਰਪਤੀ ਨੇ ਇਹ ਗੱਲ ਰਾਸ਼ਟਰੀ ਰਾਜਧਾਨੀ ਵਿੱਚ ਇੰਸਟੀਚਿਊਟ ਆਫ਼ ਕਾਸਟ ਅਕਾਊਂਟੈਂਟਸ ਆਫ਼ ਇੰਡੀਆ ਦੇ 12ਵੇਂ ਰਾਸ਼ਟਰੀ ਵਿਦਿਆਰਥੀ ਕਨਵੋਕੇਸ਼ਨ 2025 ਵਿੱਚ ਕਹੀ।ਜਲਵਾਯੂ ਪਰਿਵਰਤਨ ਦੇ ਸੰਕਟ ਦਾ ਹਵਾਲਾ ਦਿੰਦੇ ਹੋਏ, ਮੁਰਮੂ ਨੇ ਕਿਹਾ, ਸਥਿਰਤਾ ਹੁਣ ਇੱਕ ਨਾਅਰਾ ਨਹੀਂ ਹੈ, ਸਗੋਂ ਇਹ ਇੱਕ ਜ਼ਰੂਰਤ ਬਣ ਗਈ ਹੈ।ਉਨ੍ਹਾਂ ਨੇ ਇਹ ਵੀ ਕਿਹਾ ਕਿ ਹੁਣ ਉਹ ਸਮਾਂ ਨਹੀਂ ਹੈ ਜਦੋਂ ਕਾਰਪੋਰੇਟ ਸੰਗਠਨ ਸਿਰਫ਼ ਮੁਨਾਫ਼ਾ ਕਮਾਉਣ ਦੇ ਉਦੇਸ਼ ਨਾਲ ਕੰਮ ਕਰਦੇ ਹਨ, ਸਗੋਂ ਹੁਣ ਉਨ੍ਹਾਂ ਨੂੰ ਵਾਤਾਵਰਣ ਸੰਬੰਧੀ ਲਾਗਤਾਂ ਨੂੰ ਧਿਆਨ ਵਿੱਚ ਰੱਖਣਾ ਪਵੇਗਾ।ਮੁਰਮੂ ਨੇ ਕਿਹਾ, ਇਸ ਵਿੱਚ, ਤੁਸੀਂ (ਲਾਗਤ ਲੇਖਾਕਾਰ) ਆਪਣੇ ਹੁਨਰ ਨਾਲ ਗ੍ਰਹਿ ਦੇ ਭਵਿੱਖ ਵਿੱਚ ਵੱਡਾ ਫ਼ਰਕ ਲਿਆ ਸਕਦੇ ਹੋ।ਉਨ੍ਹਾਂ ਨੇ ਕਿਹਾ ਕਿ ਲੇਖਾਕਾਰੀ ਅਤੇ ਜਵਾਬਦੇਹੀ ਦਾ ਡੂੰਘਾ ਸਬੰਧ ਹੈ।ਇਸ ਸਮਾਗਮ ਵਿੱਚ, ਕਾਰਪੋਰੇਟ ਮਾਮਲਿਆਂ ਦੀ ਸਕੱਤਰ ਦੀਪਤੀ ਗੌੜ ਮੁਖਰਜੀ ਨੇ ਲਾਗਤ ਅਤੇ ਪ੍ਰਬੰਧਨ ਲੇਖਾਕਾਰਾਂ ਨੂੰ ਤਕਨਾਲੋਜੀ, ਨਵੀਨਤਾ ਅਤੇ ਜਲਦੀ ਅਪਣਾਉਣ ਦੀ ਅਪੀਲ ਕੀਤੀ।ਉਨ੍ਹਾਂ ਕਿਹਾ ਕਿ ਦੇਸ਼ ਨੂੰ 30,000 ਅਮਰੀਕੀ ਡਾਲਰ ਦੀ ਅਰਥਵਿਵਸਥਾ ਬਣਾਉਣ ਦੀ ਯਾਤਰਾ ਵਿੱਚ ਲਾਗਤ ਅਤੇ ਪ੍ਰਬੰਧਨ ਲੇਖਾਕਾਰਾਂ ਦੀ ਮਹੱਤਵਪੂਰਨ ਭੂਮਿਕਾ ਹੈ।

# ਬੈਂਕ ਆਫ਼ ਬੜੌਦਾ ਦੀ ਨੂਰ ਮਹਿਲ ਸ਼ਾਖਾ ਦਾ ਉਦਘਾਟਨ

ਲੁਧਿਆਣਾ, 23 ਜੂਨ (ਚ.ਨ.ਸ.) : ਬੈਂਕ ਆਫ਼ ਬੜੌਦਾ ਨੇ ਆਪਣੀ ਨਵੀਂ ਸ਼ਾਖਾ ਨੂਰਮਹਿਲ, ਜਲੰਧਰ ਦਾ ਉਦਘਾਟਨ ਲੁਧਿਆਣਾ ਜ਼ੋਨ ਦੇ ਜਨਰਲ ਮੈਨੇਜਰ ਅਤੇ ਜ਼ੋਨਲ ਹੈੱਡ ਸ੍ਰੀ ਹਰਦੀਪ ਸਿੰਘ ਦੇ ਹੱਥੋਂ ਕੀਤਾ। ਇਸ ਮੌਕੇ 'ਤੇ ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਦੇ ਪਰਮ ਪੂਜਯ ਸਵਾਮੀ ਪ੍ਰਭੂ ਰਾਮਾਨੰਦ ਜੀ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਜ਼ੋਨਲ ਹੈੱਡ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਸ ਸ਼ਾਖਾ ਦੇ ਖੁੱਲ੍ਹਣ ਨਾਲ, ਨੂਰਮਹਿਲ ਦੇ ਆਲੇ-ਦੁਆਲੇ ਦੇ ਵਸਨੀਕਾਂ ਨੂੰ ਵੱਖ-ਵੱਖ ਬੈਂਕਿੰਗ ਸੇਵਾਵਾਂ ਦਾ ਲਾਭ ਮਿਲੇਗਾ। ਇਹ ਨਵੀਂ ਸ਼ਾਖਾ ਗਾਹਕਾਂ ਨੂੰ ਵੱਖ-ਵੱਖ



ਬੈਂਕਿੰਗ ਉਤਪਾਦ ਅਤੇ ਸੇਵਾਵਾਂ ਪ੍ਰਦਾਨ ਕਰੇਗੀ, ਜਿਸ ਵਿੱਚ ਬੱਚਤ ਖਾਤੇ, ਚਾਲੂ ਖਾਤੇ, ਕਰਜ਼ੇ, ਕ੍ਰੈਡਿਟ ਕਾਰਡ ਅਤੇ ਔਨਲਾਈਨ ਬੈਂਕਿੰਗ ਸੇਵਾਵਾਂ ਸ਼ਾਮਲ ਹਨ। ਡਿਪਟੀ ਜਨਰਲ ਮੈਨੇਜਰ ਬਿਜ਼ਨਸ ਡਿਵੈਲਪਮੈਂਟ ਸ੍ਰੀ ਰਮਨ ਕੁਮਾਰ ਨੇ ਹਾਜ਼ਰ ਲੋਕਾਂ ਨੂੰ ਬੈਂਕ ਵਿੱਚ ਸ਼ਾਮਲ ਹੋਣ ਅਤੇ ਸਾਨੂੰ ਸੇਵਾ ਕਰਨ ਦਾ ਵੱਧ ਤੋਂ ਵੱਧ ਮੌਕਾ ਦੇਣ ਦੀ ਅਪੀਲ ਕੀਤੀ।ਜਲੰਧਰ ਖੇਤਰ ਦੇ ਖੇਤਰੀ ਮੁਖੀ ਸ੍ਰੀ ਜਤਿੰਦਰ ਕੁਮਾਰ ਸਿੰਘ ਨੇ ਕਿਹਾ, ਸਾਨੂੰ ਜਲੰਧਰ ਜ਼ਿਲ੍ਹੇ ਵਿੱਚ ਆਪਣੀ ਨਵੀਂ ਸ਼ਾਖਾ ਦਾ ਉਦਘਾਟਨ ਕਰਕੇ ਖੁਸ਼ੀ ਹੋ ਰਹੀ ਹੈ।

ਸਾਨੂੰ ਵਿਸ਼ਵਾਸ ਹੈ ਕਿ ਇਹ ਸ਼ਾਖਾ ਸਾਡੇ ਗਾਹਕਾਂ ਨੂੰ ਸ਼ਾਨਦਾਰ ਬੈਂਕਿੰਗ ਸੇਵਾਵਾਂ ਪ੍ਰਦਾਨ ਕਰੇਗੀ ਅਤੇ ਉਨ੍ਹਾਂ ਦੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰੇਗੀ।ਇਸ ਮੌਕੇ ਡਿਪਟੀ ਰੀਜਨਲ ਹੈੱਡ ਸ੍ਰੀ ਰਾਜੇਸ਼, ਬ੍ਰਾਂਚ ਹੈੱਡ ਸ੍ਰੀ ਜਗਪ੍ਰੀਤ ਸਿੰਘ ਭੱਲਾ ਅਤੇ ਇਲਾਕੇ ਦੇ ਹੋਰ ਪਤਵੰਤੇ ਹਾਜ਼ਰ ਸਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮੁੱਚੇ ਵਿਸ਼ਵ ਨੂੰ ਸ਼ਾਂਤੀ ਤੇ ਸਦਭਾਵਨਾ ਨਾਲ ਜੀਵਨ ਜੀਊਣ ਦਾ ਸੰਦੇਸ਼ ਦੇ ਰਹੇ ਹਨ: ਜੌਹਲ

ਲੁਧਿਆਣਾ, 23 ਜੂਨ: ਅੱਜ ਜਦੋਂ ਦੁਨੀਆਂ ਦੇ ਸਾਰੇ ਦੇਸ਼ ਤੀਜੀ ਸੰਸਾਰ ਜੰਗ ਦੀ ਕਗਾਰ 'ਤੇ ਖੜੇ ਵਿਖਾਈ ਦੇ ਰਹੇ ਹਨ। ਇਸ ਸਬੰਧ ਵਿੱਚ ਅੱਜ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਜਿਥੇ ਮਨੁੱਖ ਨੂੰ ਜੀਵਨ-ਜਾਂਚ ਦਾ ਸੰਦੇਸ਼ ਦੇ ਰਹੀ ਹੈ। ਵਿਸ਼ਵ ਦੀ ਸ਼ਾਂਤੀ ਲਈ ਸਦਭਾਵਨਾ ਤੇ ਪਿਆਰ ਨਾਲ ਜੀਵਨ ਬਸਰ ਕਰਦਿਆਂ ਪਾਵਨ ਬਾਣੀ ਵਿਸ਼ਵ ਦੀ ਇਕਲੌਤੀ ਆਸ ਵਜੋਂ ਵੱਡੀ ਗੱਲਵਕੜੀ ਤੇ ਪ੍ਰੇਮ ਦੀਆਂ ਪੱਕੀਆਂ ਤੇ ਪੀਡੀਆਂ ਗੰਢਾਂ ਪਾ ਕੇ ਸਰਬੱਤ ਦੇ ਭਲੇ ਲਈ ਮੂਹਰੀ ਰੋਲ ਨਿਭਾ ਰਹੀ ਹੈ। ਇਹ ਵਿਚਾਰ ਗੁਰਦੁਆਰਾ ਸ੍ਰੀ ਗੁਰੂ ਹਰ ਰਾਇ ਸਾਹਿਬ ਵੈਸਟ-ਬਰੋਮਿਚ ਬਰਮਿੰਘਮ-ਯੂ.ਕੇ.-ਵਿਖੇ ਬਾਬਾ ਬਿਸ਼ਨ ਸਿੰਘ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੀ 31ਵੀਂ ਸਾਲਾਨਾ ਯਾਦ ਵਿੱਚ ਹੋ ਰਹੇ ਗੁਰਮਤਿ ਸਮਾਗਮ



ਦੌਰਾਨ ਵੱਡੀ ਗਿਣਤੀ ਸ਼ਾਮਲ ਸੰਗਤ ਨੂੰ ਸੰਬੋਧਨ ਕਰਦਿਆਂ ਪ੍ਰਸਿੱਧ ਸਿੱਖ ਚਿੰਤਕ ਤੇ ਪੰਥਕ ਬੁਲਾਰੇ ਭਗਵਾਨ ਸਿੰਘ ਜੌਹਲ ਨੇ ਪ੍ਰਗਟ ਕੀਤੇ। ਇਸ ਮੌਕੇ 'ਤੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਦਇਆ ਸਿੰਘ ਅਤੇ ਸਮੁੱਚੇ ਪ੍ਰਬੰਧਕਾਂ ਨੇ ਸ.ਜੌਹਲ ਨੂੰ ਉਚੇਚੇ ਤੌਰ 'ਤੇ ਸਨਮਾਨਤ ਵੀ ਕੀਤਾ। ਸਮਾਗਮ ਤੋਂ ਉਪਰੰਤ ਭਾਈ ਦਇਆ ਸਿੰਘ ਨੇ ਅੱਜ ਦੇ ਗੁਰਮਤਿ ਸਮਾਗਮ ਸ਼ਾਮਲ ਸਮੁੱਚੀ ਸੰਗਤ ਦਾ ਧੰਨਵਾਦ ਕਰਦਿਆਂ ਤਰਨਾ ਦਲ ਬਾਬਾ ਬਕਾਲਾ ਸਾਹਿਬ ਦੇ ਲੰਮਾ ਸਮਾਂ ਮੁੱਖੀ ਰਹੇ ਬਾਬਾ ਬਿਸ਼ਨ ਸਿੰਘ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਸੇਵਾ ਤੇ ਸਿਮਰਨ ਵਿੱਚ ਪ੍ਰਪੱਕ ਹੋਣ ਲਈ ਬੇਨਤੀ ਵੀ ਕੀਤੀ।

# 'ਵਿੰਗਜ਼ ਟੂ ਅਵਰ ਹੋਪਸ' ਸੰਗ੍ਰਹਿ ਵਿਕਸਤ ਭਾਰਤ ਦੇ ਨਿਰਮਾਣ ਲਈ ਮਾਰਗਦਰਸ਼ਕ ਸਾਬਤ ਹੋਵੇਗਾ: ਰਾਜਨਾਥ ਸਿੰਘ

ਨਵੀਂ ਦਿੱਲੀ, 23 ਜੂਨ (ਅੰਮ੍ਰਿਤਪਾਲ ਸਿੰਘ) : ਰੱਖਿਆ ਮੰਤਰੀ ਸ਼੍ਰੀ ਰਾਜਨਾਥ ਸਿੰਘ ਨੇ 23 ਜੂਨ 2025 ਨੂੰ ਰਾਸ਼ਟਰਪਤੀ ਸ਼੍ਰੀਮਤੀ ਦ੍ਰੌਪਦੀ ਮੁਰਮੂ ਦੇ 51 ਭਾਸ਼ਣਾਂ ਦਾ ਸੰਗ੍ਰਹਿ ਹਿੰਦੀ ਅਤੇ ਅੰਗਰੇਜ਼ੀ ਵਿੱਚ ਵਿੰਗਜ਼ ਟੂ ਅਵਰ ਹੋਪਸ (ਭਾਗ-99) ਸਿਰਲੇਖ ਨਾਲ ਜਾਰੀ ਕੀਤਾ। ਇਸ ਦੇ ਨਾਲ, ਇਸਦਾ ਈ-ਸੰਸਕਰਣ ਵੀ ਜਾਰੀ ਕੀਤਾ ਗਿਆ। ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਸੂਚਨਾ ਅਤੇ ਪ੍ਰਸਾਰਣ ਰਾਜ ਮੰਤਰੀ ਸ਼੍ਰੀ ਐਲ. ਮੁਰੂਗਨ ਵੀ ਰਾਸ਼ਟਰਪਤੀ ਭਵਨ, ਨਵੀਂ ਦਿੱਲੀ ਵਿਖੇ ਹੋਏ ਇਸ ਸਮਾਗਮ ਵਿੱਚ ਮੌਜੂਦ ਸਨ। ਇਹ ਕਿਤਾਬ ਰਾਸ਼ਟਰਪਤੀ ਦੇ ਦੂਜੇ ਕਾਰਜਕਾਲ (ਅਗਸਤ 2023 - ਜੁਲਾਈ 2024) ਦੌਰਾਨ ਉਨ੍ਹਾਂ ਦੇ ਦ੍ਰਿਸ਼ਟੀਕੋਣ, ਦਰਸ਼ਨ ਅਤੇ ਤਰਜੀਹਾਂ ਨੂੰ ਉਜਾਗਰ ਕਰਦੀ ਹੈ।ਆਪਣੇ ਸੰਬੋਧਨ ਵਿੱਚ, ਰੱਖਿਆ ਮੰਤਰੀ ਨੇ ਰਾਸ਼ਟਰ ਨੂੰ ਸੰਬੋਧਨ ਤੋਂ ਲੈ ਕੇ



ਯੂਨੀਵਰਸਿਟੀਆਂ ਵਿੱਚ ਨਵੀਨਤਾ, ਦੇਸ਼ ਦੇ ਵਿਕਾਸ ਵਿੱਚ ਔਰਤਾਂ ਦੇ ਯੋਗਦਾਨ, ਸਮਾਨਤਾ ਅਤੇ ਸੱਭਿਆਚਾਰਕ ਵਿਰਾਸਤ ਤੱਕ ਉਨ੍ਹਾਂ ਦੇ ਭਾਸ਼ਣਾਂ ਦੇ ਸੰਗ੍ਰਹਿ ਨੂੰ 2047 ਤੱਕ ਭਾਰਤ ਨੂੰ ਇੱਕ ਵਿਕਸਤ ਰਾਸ਼ਟਰ ਬਣਾਉਣ ਦੇ ਸਰਕਾਰ ਦੇ ਦ੍ਰਿਸ਼ਟੀਕੋਣ ਦਾ ਸਾਰ ਦੱਸਿਆ। ਇਹ ਕਿਤਾਬ ਸਾਡੀ ਸ਼ਾਨਦਾਰ ਵਿਰਾਸਤ ਨੂੰ ਸੁਰੱਖਿਅਤ ਰੱਖਦੇ ਹੋਏ ਪ੍ਰਗਤੀਸ਼ੀਲ ਵਿਚਾਰਾਂ ਨਾਲ ਇੱਕ ਵਿਕਸਤ ਭਾਰਤ ਦੇ ਨਿਰਮਾਣ ਲਈ ਇੱਕ ਮਾਰਗਦਰਸ਼ਕ ਰੌਸ਼ਨੀ ਬਣੇਗੀ।ਸ੍ਰੀ ਰਾਜਨਾਥ ਸਿੰਘ ਨੇ ਰਾਸ਼ਟਰਪਤੀ ਸ਼੍ਰੀਮਤੀ ਨੂੰ ਦੱਸਿਆ ਕਿ ਦ੍ਰੌਪਦੀ ਮੁਰਮੂ ਨੂੰ ਭਾਰਤ ਵਿੱਚ ਔਰਤਾਂ ਦੀ ਅਗਵਾਈ ਵਾਲੇ ਵਿਕਾਸ ਦੀ ਸਭ ਤੋਂ ਵਧੀਆ ਉਦਾਹਰਣ ਦੱਸਿਆ।ਇਸ ਮੌਕੇ 'ਤੇ ਆਪਣੇ ਸੰਬੋਧਨ ਵਿੱਚ, ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਨੇ 'ਵਿੰਗਜ਼ ਟੂ ਅਵਰ ਹੋਪਸ (ਭਾਗ-99)' ਨੂੰ ਦੇਸ਼ ਦੇ ਪਹਿਲੇ ਨਾਗਰਿਕ ਦੇ ਦ੍ਰਿਸ਼ਟੀਕੋਣ ਤੋਂ ਸਮਕਾਲੀ ਮੁੱਦਿਆਂ ਨੂੰ ਸਮਝਣ ਦਾ ਇੱਕ ਮਾਧਿਅਮ ਦੱਸਿਆ ਅਤੇ ਉਮੀਦ ਪ੍ਰਗਟਾਈ ਕਿ ਇਹ ਕਿਤਾਬ ਰਾਸ਼ਟਰਪਤੀ ਦੇ ਲੋਕ ਭਲਾਈ ਵਿਚਾਰਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਏਗੀ।ਸ੍ਰੀ ਪ੍ਰਭਾਤ, ਵਧੀਕ ਸਕੱਤਰ, ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਅਤੇ ਸ੍ਰੀ ਭੂਪੇਂਦਰ ਕੈਂਥੋਲਾ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਪ੍ਰਕਾਸ਼ਨ ਵਿਭਾਗ, ਸਮੇਤ ਹੋਰ ਸੀਨੀਅਰ ਅਧਿਕਾਰੀ ਇਸ ਮੌਕੇ ਮੌਜੂਦ ਸਨ।

# ਸ਼ਾਸਨ ਨੂੰ ਲੋਕਾਂ ਦੀਆਂ ਜ਼ਰੂਰਤਾਂ 'ਤੇ ਕੇਂਦ੍ਰਿਤ ਹੋਣਾ ਚਾਹੀਦਾ : ਓਮ ਬਿਰਲਾ

ਨਵੀਂ ਦਿੱਲੀ/ਮੁੰਬਈ, 23 ਜੂਨ (ਅੰਮ੍ਰਿਤਪਾਲ ਸਿੰਘ) : ਲੋਕ ਸਭਾ ਸਪੀਕਰ, ਸ਼੍ਰੀ ਓਮ ਬਿਰਲਾ ਨੇ ਅੱਜ ਤਕਨਾਲੋਜੀ, ਸਿਖਲਾਈ ਅਤੇ ਲੋਕ-ਕੇਂਦ੍ਰਿਤ ਸ਼ਾਸਨ ਰਾਹੀਂ ਵਿੱਤੀ ਨਿਗਰਾਨੀ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਜਨਤਕ ਖਰਚ ਵਿੱਚ ਵਧੇਰੇ ਪਾਰਦਰਸ਼ਤਾ, ਜਵਾਬਦੇਹੀ ਅਤੇ ਕੁਸ਼ਲਤਾ ਨੂੰ ਯਕੀਨੀ ਬਣਾਉਣ ਵਿੱਚ ਵਿੱਤੀ ਅਨੁਸ਼ਾਸਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ, ਸ਼੍ਰੀ ਬਿਰਲਾ ਨੇ ਜ਼ੋਰ ਦੇ ਕੇ ਕਿਹਾ ਕਿ ਸ਼ਾਸਨ ਨੂੰ ਲੋਕਾਂ ਦੀਆਂ ਜ਼ਰੂਰਤਾਂ ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵਿੱਤੀ ਨਿਗਰਾਨੀ ਵਿਧੀਆਂ ਨਾ ਸਿਰਫ਼ ਪ੍ਰਭਾਵਸ਼ਾਲੀ ਹੋਣ, ਸਗੋਂ ਲੋਕਾਂ ਦੀਆਂ ਚਿੰਤਾਵਾਂ ਪ੍ਰਤੀ ਸੰਮਲਿਤ ਅਤੇ ਜਵਾਬਦੇਹ ਵੀ ਹੋਣ। ਉਨ੍ਹਾਂ ਕਿਹਾ ਕਿ



ਜਨਤਕ ਖਰਚ ਦੇ ਮੁੱਖ ਮੰਤਰ ਕੁਸ਼ਲਤਾ, ਪਾਰਦਰਸ਼ਤਾ ਅਤੇ ਵਿੱਤੀ ਅਨੁਸ਼ਾਸਨ ਹਨ। ਸ਼੍ਰੀ ਬਿਰਲਾ ਨੇ ਇਹ ਟਿੱਪਣੀਆਂ ਅੱਜ ਮਹਾਰਾਸ਼ਟਰ ਵਿਧਾਨ ਭਵਨ, ਮੁੰਬਈ ਵਿਖੇ ਸੰਸਦ ਅਤੇ ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ ਵਿਧਾਨ ਸਭਾਵਾਂ ਦੀਆਂ ਅਨੁਮਾਨ ਕਮੇਟੀਆਂ ਦੇ ਚੇਅਰਮੈਨਾਂ ਦੇ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਕਰਦੇ ਹੋਏ ਕੀਤੀਆਂ। ਇਹ ਸੰਮੇਲਨ ਭਾਰਤ ਦੀ ਸੰਸਦ ਦੀ ਅਨੁਮਾਨ ਕਮੇਟੀ ਦੇ 75 ਸਾਲ ਪੂਰੇ ਹੋਣ ਦੇ ਮੌਕੇ ਤੇ ਆਯੋਜਿਤ ਕੀਤਾ ਜਾ ਰਿਹਾ ਹੈ।ਇਸ ਮੌਕੇ ਤੇ ਬੋਲਦਿਆਂ, ਸ਼੍ਰੀ ਬਿਰਲਾ ਨੇ ਕਿਹਾ ਕਿ ਅਨੁਮਾਨ ਕਮੇਟੀ ਦੇ 75 ਸਾਲ ਪੂਰੇ ਹੋਣ ਦੀ ਯਾਦ ਵਿੱਚ ਇਹ ਕਾਨਫਰੰਸ ਨਾ ਸਿਰਫ਼ ਇਸਦੀਆਂ ਪ੍ਰਾਪਤੀਆਂ ਦਾ ਪ੍ਰਮਾਣ ਹੈ, ਸਗੋਂ ਵਿੱਤੀ ਅਨੁਸ਼ਾਸਨ, ਪ੍ਰਸ਼ਾਸਕੀ ਕੁਸ਼ਲਤਾ ਅਤੇ ਪ੍ਰਣਾਲੀਗਤ ਸੁਧਾਰਾਂ ਰਾਹੀਂ ਲੋਕਤੰਤਰੀ ਕਦਰਾਂ-ਕੀਮਤਾਂ ਦੀ ਰੱਖਿਆ ਵਿੱਚ ਇਸਦੀ ਉੱਭਰ ਰਹੀ ਭੂਮਿਕਾ ਦਾ ਪ੍ਰਤੀਬਿੰਬ ਵੀ ਹੈ। ਇਸ ਮੌਕੇ ਤੇ, ਸ਼੍ਰੀ ਬਿਰਲਾ ਨੇ ਭਾਰਤੀ ਸੰਸਦ ਦੀ ਅਨੁਮਾਨ ਕਮੇਟੀ ਦੀ 75ਵੀਂ ਵਰ੍ਹੇਗੰਢ ਦੀ ਯਾਦ ਵਿੱਚ ਇੱਕ ਸਮਾਰਕ ਵੀ ਜਾਰੀ ਕੀਤਾ।ਮਹਾਰਾਸ਼ਟਰ ਦੇ ਮੁੱਖ ਮੰਤਰੀ, ਸ਼੍ਰੀ ਦੇਵੇਂਦਰ ਫੜਨਵੀਸ; ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ, ਸ਼੍ਰੀ ਏਕਨਾਥ ਸ਼ਿੰਦੇ ਅਤੇ ਸ਼੍ਰੀ ਅਜੀਤ ਪਵਾਰ; ਮਹਾਰਾਸ਼ਟਰ ਵਿਧਾਨ ਪ੍ਰੀਸ਼ਦ ਦੇ ਚੇਅਰਮੈਨ, ਸ਼੍ਰੀ ਰਾਮ ਸ਼ਿੰਦੇ; ਮਹਾਰਾਸ਼ਟਰ ਵਿਧਾਨ ਸਭਾ ਦੇ ਸਪੀਕਰ, ਸ਼੍ਰੀ ਰਾਹੁਲ ਨਾਰਵੇਕਰ; ਅਤੇ ਭਾਰਤੀ ਸੰਸਦ ਦੀ ਅਨੁਮਾਨ ਕਮੇਟੀ ਦੇ ਚੇਅਰਮੈਨ, ਸ਼੍ਰੀ ਸੰਜੇ ਜੈਸਵਾਲ ਨੇ ਇਸ ਮੌਕੇ ਤੇ ਵਿਸ਼ੇਸ਼ ਇਕੱਠ ਨੂੰ ਸੰਬੋਧਨ ਕੀਤਾ।



ਪੰਜ ਪਿਆਰੇ,ਸਲੇਮ ਦੇ ਦਸਮੇਸ਼ ਦਰਬਾਰ ਸਿੱਖ ਮੰਦਿਰ ਤੋਂ ਰਵਾਨਾ ਹੋਣ ਵਾਲੀ ਸਾਲਾਨਾ ਸਲੇਮ ਸਿੱਖ ਡੇਅ ਪਰੇਡ ਵਿੱਚ ਸ਼ਾਮਲ ਹੁੰਦੇ ਹੋਏ।



ਸਾਲਾਨਾ ਸਲੇਮ ਸਿੱਖ ਡੇਅ ਪਰੇਡ ਸਲੇਮ ਦੇ ਦਸਮੇਸ਼ ਦਰਬਾਰ ਸਿੱਖ ਮੰਦਿਰ ਤੋਂ ਰਵਾਨਾ ਹੋਈ।



ਦੁਨੀਆਂ ਭਰ ਦੇ ਸਿੱਖ ਦਿਵਸ ਲਈ ਸਲੇਮ ਦੇ ਦਸਮੇਸ਼ ਦਰਬਾਰ ਸਿੱਖ ਮੰਦਿਰ ਵਿੱਚ ਲੰਗਰ ਲਈ ਇਕੱਠੇ ਹੁੰਦੇ ਹਨ।



ਸਲੇਮ ਦੇ ਦਸਮੇਸ਼ ਦਰਬਾਰ ਸਿੱਖ ਮੰਦਿਰ ਵਿੱਚ ਸਾਲਾਨਾ ਸਲੇਮ ਸਿੱਖ ਡੇਅ ਪਰੇਡ ਤੋਂ ਪਹਿਲਾਂ ਟੀਮ ਸੰਗਤਾਂ ਨੂੰ ਗੰਨੇ ਦਾ ਰਸ, ਸੰਤਰੇ ਦਾ ਰਸ ਅਤੇ ਕੌਫੀ ਪਰੋਸਦੀ ਹੋਈ।

# ਐਸ.ਬੀ.ਆਈ. ਪ੍ਰਸ਼ਾਸਕੀ ਦਫ਼ਤਰ ਵੱਲੋਂ ਬੈਂਕ ਦੀ ਪਲੈਟੀਨਮ ਜੁਬਲੀ ਨੂੰ ਸਮਰਪਿਤ ਖ਼ੂਨਦਾਨ ਕੈਂਪ

ਲੁਧਿਆਣਾ, 23 ਜੂਨ (ਚ.ਨ.ਸ.) : ਸਟੇਟ ਬੈਂਕ ਆਫ਼ ਇੰਡੀਆ ਦੇ ਚੱਲ ਰਹੇ ਪਲੈਟੀਨਮ ਜੁਬਲੀ ਜਸ਼ਨਾਂ ਦੇ ਵਿਚ ਸਟਾਫ ਡਿਸਪੈਂਸਰੀ, ਪ੍ਰਸ਼ਾਸਕੀ ਦਫ਼ਤਰ, ਲੁਧਿਆਣਾ ਵਿਖੇ ਇੱਕ ਖ਼ੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ, ਇਸ ਵਿੱਚ ਵੱਖ-ਵੱਖ ਦਫ਼ਤਰਾਂ ਅਤੇ ਸ਼ਾਖਾਵਾਂ ਦੇ ਕਰਮਚਾਰੀਆਂ ਨੇ ਹਿੱਸਾ ਲਿਆ। ਸਮਾਗਮ ਦਾ ਉਦਘਾਟਨ ਮੁਨੀਸ਼ ਕੁਮਾਰ ਗੁਪਤਾ, ਖੇਤਰੀ ਪ੍ਰਬੰਧਕ, ਆਰਬੀਓ 1 ਅਤੇ ਰਾਕੇਸ਼ ਚੌਧਰੀ, ਖੇਤਰੀ ਪ੍ਰਬੰਧਕ, ਆਰਬੀਓ 2 ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਭਾਗੀਦਾਰਾਂ ਦੀ ਨੇਕ ਭਾਵਨਾ ਦੀ ਸ਼ਲਾਘਾ ਕੀਤੀ ਅਤੇ ਜਾਨਾਂ ਬਚਾਉਣ ਵਿੱਚ




ਖ਼ੂਨਦਾਨ ਦੀ ਮਹੱਤਤਾ ਤੇ ਜ਼ੋਰ ਦਿੱਤਾ। ਕੈਂਪ ਦੌਰਾਨ 150 ਯੂਨਿਟ ਤੋਂ ਵੱਧ ਖ਼ੂਨਦਾਨੀਆਂ ਨੇ ਖ਼ੂਨ ਦਿੱਤਾ। ਮੁੱਖ ਪ੍ਰਬੰਧਕ ਐਚਆਰ ਨੇਹਾ ਸ਼ਰਮਾ ਦੁਆਰਾ ਧੰਨਵਾਦ ਦੇ ਮਤੇ ਨਾਲ ਹੋਇਆ, ਜਿਨ੍ਹਾਂ ਨੇ ਪ੍ਰਬੰਧਕ ਟੀਮ, ਵਲੰਟੀਅਰਾਂ ਅਤੇ ਮੈਡੀਕਲ ਸਟਾਫ ਦੇ ਸਮੂਹਿਕ ਯਤਨਾਂ ਦੀ ਸ਼ਲਾਘਾ ਕੀਤੀ। ਮੁੱਖ ਪ੍ਰਬੰਧਕ ਐਚ.ਆਰ. ਨੇਹਾ ਸ਼ਰਮਾ ਨੇ ਪ੍ਰਬੰਧਕ ਟੀਮ, ਵਲੰਟੀਅਰਾਂ ਅਤੇ ਮੈਡੀਕਲ ਸਟਾਫ ਦਾ ਧੰਨਵਾਦ ਕੀਤਾ। ਖ਼ੂਨ ਦਾਨੀਆਂ ਨੂੰ ਸਰਟੀਫਿਕੇਟ ਅਤੇ ਰਿਫਰੈਸ਼ਮੈਂਟ ਵੰਡਿਆ ਗਿਆ।

# ਨੀਟ ਦੇ ਟਾਪਰ ਕੇਸ਼ਵ ਮਿੱਤਲ ਦਾ ਬਰਨਾਲਾ ਸਪੋਰਟਸ ਐਂਡ ਸੋਸ਼ਲ ਵਰਕਰ ਕਲੱਬ ਵੱਲੋਂ ਸਨਮਾਨ



ਤਪਾ ਮੰਡੀ, 23 ਜੂਨ (ਭੂਸ਼ਨ ਘੜੈਲਾ): ਨੀਟ ਦੇ ਆਏ ਨਤੀਜੇ ਵਿੱਚ ਪੰਜਾਬ ਦੇ ਟੋਪਰ ਕੇਸ਼ਵ ਮਿੱਤਲ ਦਾ ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ ਵੱਲੋਂ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਆਸ਼ੂ ਭੂਤ ਦੇ ਸਹਿਯੋਗ ਨਾਲ ਉਹਨਾਂ ਦੇ ਸਥਿਤ ਤਪਾ ਦਫ਼ਤਰ ਵਿਖੇ ਵਿਸ਼ੇਸ਼ ਸਨਮਾਨ ਕਰਦਿਆਂ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਕਲੱਬ ਦੇ ਪ੍ਰਧਾਨ ਵਿਨੋਦ ਸ਼ਰਮਾ ,ਰਾਮਪਾਲ ਸਿੰਗਲਾ ,ਹਰੀਸ਼ ਬਾਂਸਲ ,ਵਿਮਲ ਸ਼ਰਮਾ ਅਤੇ ਰਾਜਵਿੰਦਰ ਪਟਵਾਰੀ ਨੇ ਸਾਂਝੇ ਤੌਰ 'ਤੇ ਕਿਹਾ ਕਿ ਸ਼ਹਿਰ ਦੇ ਡਾਕਟਰ ਪ੍ਰਮੋਦ ਮਿੱਤਲ ਦੇ ਹੋਣਹਾਰ ਸਪੁੱਤਰ ਕੇਸ਼ਵ ਮਿੱਤਲ ਨੇ ਨੈਸ਼ਨਲ ਪੱਧਰ 'ਤੇ ਸੱਤਵਾਂ ਰੈਂਕ ਅਤੇ ਪੰਜਾਬ ਵਿੱਚੋਂ ਪਹਿਲਾ ਸਥਾਨ ਨੀਟ ਵਿੱਚੋਂ ਹਾਸਿਲ ਕਰਦਿਆਂ ਜ਼ਿਲ੍ਹਾ ਬਰਨਾਲਾ ਹੀ ਨਹੀਂ ਸਗੋਂ ਪੂਰੇ ਪੰਜਾਬ ਦਾ ਨਾਮ ਰੋਸ਼ਨ ਕੀਤਾ ਹੈ, ਇਸ ਲਈ ਉਹਨਾਂ ਦਾ ਸਮੂਹ ਪਰਿਵਾਰ ਵਧਾਈ ਦਾ ਹੱਕਦਾਰ ਹੈ। ਉਹਨਾਂ ਕਿਹਾ ਕਿ ਛੋਟੀ ਉਮਰ ਦੇ ਵਿੱਚ ਹੀ ਵੱਡੀ ਉਪਲਬਧੀ ਹਾਸਿਲ ਕਰਨਾ ਕਿਸੇ ਕਿਸੇ ਦੇ ਹਿੱਸੇ ਆਉਂਦੀ ਹੈ, ਜੋ ਕਿ ਕੇਸ਼ਵ ਮਿੱਤਲ ਨੇ ਕਰ ਵਿਖਾਇਆ ਹੈ। ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਭੂਤ ਨੇ ਕੇਸ਼ਵ ਮਿੱਤਲ ਅਤੇ ਸਮੂਹ ਪਰਿਵਾਰ ਨੂੰ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦਾ ਮੂੰਹ ਮਿੱਠਾ ਕਰਵਾਉਂਦੇ ਹੋਏ ਕਿਹਾ ਕਿ ਤਪਾ ਸ਼ਹਿਰ ਦੇ ਕੇਸ਼ਵ ਮਿੱਤਲ ਨੇ ਬਹੁਤ ਵੱਡੀ ਉਪਲੱਬਧੀ ਹਾਸਲ ਕੀਤੀ ਹੈ ਜੋ ਕਿ ਸਾਡੇ ਲਈ ਬਹੁਤ ਹੀ ਵੱਡੇ ਮਾਣ ਦੀ ਗੱਲ ਹੈ । ਉਹਨਾਂ ਕਿਹਾ ਕਿ ਕੇਸ਼ਵ ਮਿੱਤਲ ਹੋਰ ਵਿਦਿਆਰਥੀਆਂ ਲਈ ਵੀ ਪ੍ਰੇਰਨਾ ਸਰੋਤ ਸਾਬਤ ਹੋਵੇਗਾ। ਕੇਸ਼ਵ ਮਿੱਤਲ ਦੇ ਪਿਤਾ ਡਾਕਟਰ ਪ੍ਰਮੋਦ ਮਿੱਤਲ ਵੱਲੋਂ ਬਰਨਾਲਾ ਸਪੋਰਟਸ ਐਂਡ ਸੋਸ਼ਲ ਵੈਲਫੇਅਰ ਕਲੱਬ ਅਤੇ ਆਸ਼ੂ ਭੂਤ ਦਾ ਮਾਣ ਸਨਮਾਨ ਦੇਣ ਤੇ ਧੰਨਵਾਦ ਕੀਤਾ। ਇਸ ਮੌਕੇ ਦੀਪਕ ਗਰਗ ,ਰਾਹੁਲ ਮਹਿਤਾ ,ਸੁਖਪਾਲ ਸ਼ਰਮਾ ਅਤੇ ਹੋਰ ਹਾਜ਼ਰ ਸਨ।

# ਭਲਕੇ ਜ਼ਿਲ੍ਹਾ ਰੋਜ਼ਗਾਰ ਦਫ਼ਤਰ ਬਰਨਾਲਾ ਵਿਖੇ ਲਗਾਇਆ ਜਾ ਰਿਹੈ ਪਲੇਸਮੈਂਟ ਕੈਂਪ

ਬਰਨਾਲਾ, 23 ਜੂਨ (ਹਿਮਾਂਸ਼ੂ ਗਰਗ): ਡਿਪਟੀ ਕਮਿਸ਼ਨਰ, ਬਰਨਾਲਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਬਰਨਾਲਾ ਦੇ ਬੇਰੋਜ਼ਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਹਿਤ ਜ਼ਿਲ੍ਹਾ ਰੋਗਜ਼ਾਰ ਅਤੇ ਕਾਰੋਬਾਰ ਬਿਊਰੋ ਬਰਨਾਲਾ ਵੱਲੋਂ ਪਾਰਕ ਹੁੰਡਈ, ਰੰਧਾਵਾ ਸਕਿਉਰਿਟੀ ਸਰਵਿਸਜ਼ ਅਤੇ ਨਿਊ ਮੋਡ ਐਗਰੀਕਲਚਰ ਵਰਕ ਕੰਪਨੀ ਨਾਲ ਤਾਲਮੇਲ ਕਰਕੇ 25 (ਦਿਨ ਬੁੱਧਵਾਰ) ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਜ਼ਿਲ੍ਹਾ ਰੋਜ਼ਗਾਰ ਦਫ਼ਤਰ, ਦੂਸਰੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਬਰਨਾਲਾ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਅਫ਼ਸਰ ਰਵਨੀਤ ਕੌਰ ਨੇ ਦੱਸਿਆ ਕਿ ਪਾਰਕ ਹੁੰਡਈ ਵੱਲੋਂ ਪੇਂਟਰ, ਅਡਵਾਈਜ਼ਰ, ਬਾਡੀਸ਼ਾਪ ਮੈਨੇਜਰ, ਵਰਕਸ਼ਾਪ ਮੈਨੇਜਰ ਅਤੇ ਸੇਲਜ਼ਮੈਨ (ਸਿਰਫ ਲੜਕੇ) ਦੀਆਂ ਅਸਾਮੀਆਂ ਹਨ, ਜਿਸ ਲਈ ਵਿਦਿਆਕ ਯੋਗਤਾ ਗਰੇਜੂਏਸ਼ਨ, ਆਈ. ਟੀ. ਆਈ, ਡਿਪਲੋਮਾ ਇੰਨ ਮਕੈਨਿਕਲ ਇੰਜੀਨੀਅਰ ਉਮਰ ਹੱਦ 18 ਤੋਂ 40 ਸਾਲ ਹੋਣੀ ਚਾਹੀਦੀ ਹੈ। ਇਨ੍ਹਾਂ ਦੀ ਇੰਟਰਵਿਊ ਲਈ ਜਾਵੇਗੀ। ਇਸ ਤੋਂ ਇਲਾਵਾ ਰੰਧਾਵਾ ਸਕਿਉਰਿਟੀ ਸਰਵਿਸਜ਼ ਵੱਲੋਂ ਸੁਪਰਵਾਈਜਰ, ਸਕਿਓਰਟੀ ਗਾਰਡ (ਲੜਕੇ ਲੜਕੀਆਂ ਦੋਵੇ), ਪੈਕੇਜਿੰਗ ਦੀ ਅਸਾਮੀ ਜਿਸ ਦੀ ਵਿਦਿਅਕ ਯੋਗਤਾ ਦਸਵੀਂ, ਬਾਰਵੀਂ, ਉਮਰ ਹੱਦ 20 ਤੋਂ 50 ਸਾਲ ਹੋਣੀ ਚਾਹੀਦੀ ਹੈ, ਨਿਊ ਮੋਡ ਐਗਰੀਕਲਚਰ ਵਰਕ ਕੰਪਨੀ ਵੱਲੋਂ ਸੀ.ਐਨ.ਸੀ ਓਪਰੇਟਰ, ਸੀ.ਐਨ.ਸੀ ਪ੍ਰੋਗਰਾਮਰ, ਫਿਟਰ, ਵੈਲਡਰ, ਹੈਲਪਰ, ਕੰਪਿਊਟਰ ਓਪਰੇਟਰ ਦੀ ਅਸਾਮੀ (ਸਿਰਫ ਲੜਕੇ) ਜਿਸ ਦੀ ਵਿਦਿਅਕ ਯੋਗਤਾ ਆਈ.ਟੀ.ਆਈ, ਬਾਰਵੀਂ, ਗਰੈਜੁਏਸ਼ਨ, ਉਮਰ ਹੱਦ 18 ਤੋਂ 35 ਸਾਲ ਹੋਣੀ ਚਾਹੀਦੀ ਹੈ। ਇਨ੍ਹਾਂ ਦੀ ਇੰਟਰਵਿਊ ਲਈ ਜਾਵੇਗੀ।

# ਸਟੇਟ ਫੁਟਬਾਲ ਟੂਰਨਾਮੈਂਟ 'ਚ ਭਾਗ ਲੈਣ ਲਈ ਲੜਕੀਆਂ ਦੇ ਟ੍ਰਾਇਲ ਲੈ ਕੇ ਕੀਤੀ ਚੋਣ ਜ਼ਿਲ੍ਹਾ ਖੇਡ ਅਫ਼ਸਰ ਉਮੇਸ਼ਵਰੀ ਸ਼ਰਮਾ ਨੇ ਲੜਕੀਆਂ ਨੂੰ ਕੀਤਾ ਉਤਸ਼ਾਹਿਤ



ਬਰਨਾਲਾ, 23 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਜ਼ਿਲ੍ਹਾ ਫੁੱਟਬਾਲ ਐਸੋਸੀਏਸ਼ਨ (ਡੀ.ਐੱਫ.ਏ.) ਵੱਲੋਂ ਅੱਜ ਬਾਬਾ ਕਾਲਾ ਮਹਿਰ ਸਟੇਡੀਅਮ ਵਿਖੇ ਸਟੇਟ ਗਰਲਜ਼ ਫੁੱਟਬਾਲ ਚੈਂਪੀਅਨਸ਼ਿਪ (ਪੀ.ਐੱਫ.ਏ) ਜੋ ਕਿ ਕਪੂਰਥਲਾ ਵਿਖੇ ਜੁਲਾਈ ਦੇ ਪਹਿਲੇ ਹਫ਼ਤੇ ਸ਼ੁਰੂ ਹੋਣ ਜਾ ਰਹੀ ਹੈ, ਚ' ਬਰਨਾਲਾ ਜ਼ਿਲ੍ਹੇ ਵੱਲੋਂ ਭਾਗ ਲੈਣ ਲਈ ਲੜਕੀਆਂ ਦੇ ਟਰਾਇਲ ਲਏ ਗਏ,ਇਸ ਸਬੰਧੀ ਡੀ. ਐੱਫ. ਏ. ਦੇ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਬੱਲੀ ਤੇ ਜ਼ਿਲ੍ਹਾ ਸਕੱਤਰ ਰੁਪਇੰਦਰ ਬਾਜਵਾ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਵੱਖ-ਵੱਖ ਪਿੰਡਾਂ ਚੋਂ' ਕੁੱਲ 40 ਲੜਕੀਆਂ ਨੇ ਟਰਾਇਲ ਚ' ਭਾਗ ਲਿਆ, ਜਿਸ ਵਿੱਚੋਂ 30 ਲੜਕੀਆਂ ਦੀ ਤਿਆਰੀ ਕੈਂਪ ਲਈ ਚੋਣ ਹੋਈ ਹੈ, ਜਿਸ ਵਿੱਚੋਂ 22 ਲੜਕੀਆਂ ਬਰਨਾਲਾ ਜ਼ਿਲ੍ਹੇ ਵੱਲੋਂ ਚੈਂਪੀਅਨਸ਼ਿਪ ਚ' ਭਾਗ ਲੈਣਗੀਆਂ, ਜਿਨ੍ਹਾਂ ਦੀ ਤਿਆਰੀ ਪ੍ਰਧਾਨ ਬਲਜਿੰਦਰ ਬੱਲੀ ਦੀ ਅਗਵਾਈ ਹੇਠ ਕਰਵਾਈ ਜਾਵੇਗੀ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰ ਜ਼ਿਲ੍ਹਾ ਖੇਡ ਅਫ਼ਸਰ ਮੈਡਮ ਉਮੇਸ਼ਵਰੀ ਸ਼ਰਮਾ ਨੇ ਟਰਾਇਲ ਦੇਣ ਪਹੁੰਚੀਆਂ ਲੜਕੀਆਂ ਨੂੰ ਉਤਸ਼ਾਹਿਤ ਕਰਦਿਆਂ ਖਿਡਾਰੀਆਂ, ਗਰਾਊਂਡ ਤੇ ਫੁੱਟਬਾਲ ਸਬੰਧੀ ਹਰ ਤਰ੍ਹਾਂ ਦਾ ਸਹਿਯੋਗ ਕਰਨ ਦਾ ਵਾਅਦਾ ਕੀਤਾ । ਜ਼ਿਕਰਯੋਗ ਹੈ ਕਿ ਡੀ ਐੱਸ ਓ ਮੈਡਮ ਨੇ ਫੁੱਟਬਾਲ ਗਰਾਊਂਡ ਬਣਾਉਣ 'ਤੇ ਘਾਹ ਆਦਿ ਲਗਵਾਉਣ ਸਬੰਧੀ ਡੀ. ਐੱਫ. ਏ. ਨੂੰ ਵੱਡਾ ਸਹਿਯੋਗ ਕੀਤਾ ਸੀ। ਇਸ ਮੌਕੇ ਡੀ. ਐੱਫ. ਏ. ਦੇ ਮੈਂਬਰ ਅਸ਼ੋਕ ਕੁਮਾਰ, ਅਤਿੰਦਰਪਾਲ ਬਾਗੜੀ, ਅਮਨਦੀਪ ਮਾਣਕ, ਕੇਵਲ ਸਿੰਘ, ਕੋਚ ਮਨਦੀਪ ਸਿੰਘ, ਜਰਨੈਲ ਸਿੰਘ, ਸਵਰਨ ਸਿੰਘ, ਵਰਿੰਦਰ ਜਿੰਦਲ, ਗੁਰਨਿੰਦਰ ਸਿੰਘ ਬੂਟਾ ਆਦਿ 'ਤੇ ਫੁੱਟਬਾਲ ਖਿਡਾਰਨਾਂ ਹਾਜ਼ਰ ਸਨ।

# ਪ੍ਰਸ਼ਾਸਨ ਦੀਆਂ ਅੱਖਾਂ ਵਿੱਚ ਘੱਟਾ ਪਾ ਕੇ ਚੱਲ ਰਹੀ ਹੈ ਰਿਹਾਇਸ਼ੀ ਖੇਤਰ ਵਿੱਚ ਨਾਜਾਇਜ਼ ਫਾਈਬਰ ਫੈਕਟਰੀ

ਭਦੌੜ, 23 ਜੂਨ (ਸੁਖਵਿੰਦਰ ਪਲਾਹਾ): ਭਦੌੜ ਦੇ ਬਰਨਾਲਾ ਰੋਡ 'ਤੇ ਪਿਛਲੇ ਲੰਬੇ ਸਮੇਂ ਤੋਂ ਇੱਕ ਅਵੈਧ ਚੱਲ ਰਹੀ ਬੱਸਾਂ ਦੀਆਂ ਸੀਟਾਂ ਬਣਾਉਣ ਵਾਲੀ ਫੈਕਟਰੀ ਦਾ ਮਾਮਲਾ ਭਖਦਾ ਜਾ ਰਿਹਾ ਇਸ ਫੈਕਟਰੀ ਦੇ ਨੇੜੇ ਰਹਿ ਰਹਿ ਰਹੇ ਬਿਕਰਮਜੀਤ ਸ਼ਰਮਾ, ਸੁਰਿੰਦਰ ਸਿੰਘ, ਗੁਰਦੀਪ ਸਿੰਘ, ਪੂਰਨ ਸਿੰਘ, ਪ੍ਰਭ ਦਿਆਲ ਸਿੰਘ, ਬਚਿੱਤਰ ਸਿੰਘ, ਕੌਰ ਸਿੰਘ ਅਤੇ ਜਗਰਾਜ ਸਿੰਘ , ਨੇ ਕਿਹਾ ਕਿ ਇਹ ਫੈਕਟਰੀ ਸਰਕਾਰ ਦੇ ਨਿਯਮਾਂ ਦੇ ਖਿਲਾਫ ਬਿਨਾਂ ਮਨਜ਼ੂਰੀ ਤੋਂ ਸਰੇਆਮ ਚੱਲ ਰਹੀ ਹੈ, ਪ੍ਰੰਤੂ ਪ੍ਰਸ਼ਾਸਨ ਦਾ ਇਸ ਵੱਲ ਬਿਲਕੁਲ ਵੀ ਧਿਆਨ ਨਹੀਂ ਹੈ ਉਹਨਾਂ ਕਿਹਾ ਕਿ ਇਸ ਫੈਕਟਰੀ ਵਿੱਚ ਪਹਿਲਾਂ ਤਾਂ ਸਿਰਫ ਬੱਸਾਂ ਵਿੱਚ ਲੱਗਣ ਵਾਲੀਆਂ ਸੀਟਾਂ ਦੇ ਲੋਹੇ ਹੀ ਦੇ ਫਰੇਮ ਹੀ ਬਣਦੇ ਸਨ ਪਰੰਤੂ ਫੈਕਟਰੀ ਮਾਲਕ ਨੇ ਬਹੁਤ ਹੀ ਚਲਾਕੀ ਦੇ ਨਾਲ ਲੋਹੇ ਦੇ ਫਰੇਮ ਬਣਾਉਣ ਤੋਂ ਬਾਅਦ ਇਥੇ ਹੌਲੀ ਹੌਲੀ ਫਾਈਬਰ ਦੀਆਂ ਸੀਟਾਂ ਬਣਾਉਣੀਆਂ ਸ਼ੁਰੂ ਕਰ ਦਿੱਤੀ ਹੈ ਅਤੇ ਇਸ ਫਾਈਬਰ ਦੀ ਰਹਿੰਦ ਖੂੰਹਦ ਨੂੰ ਫੈਕਟਰੀ ਮਾਲਕ ਫੈਕਟਰੀ ਤੋਂ ਬਾਹਰ ਕੱਢ ਕੇ ਅੱਗ ਲਗਾ ਰਹੇ ਹਨ ਜਿਸ ਦਾ ਜ਼ਹਰੀਲਾ ਧੂਆਂ ਲੋਕਾਂ ਲਈ ਪਰੇਸ਼ਾਨੀ ਦਾ ਸਬੱਬ ਬਣਿਆ ਹੋਇਆ ਹੈ ਅਤੇ ਸਾਡਾ ਇੱਥੇ ਰਹਿਣਾ ਦੁੱਭਰ ਹੋਇਆ ਪਿਆ ਹੈ। ਉਹਨਾਂ ਕਿਹਾ ਕਿ ਇਸ ਸਬੰਧੀ ਥਾਣਾ ਭਦੌੜ ਵਿਖੇ ਇੱਕ ਦਰਖਾਸਤ ਦਿੱਤੀ ਗਈ ਹੈ, ਜਿਸ ਤੋਂ ਬਾਅਦ ਫਿਲਹਾਲ ਫੈਕਟਰੀ ਮਾਲਕ ਵੱਲੋਂ ਦੁਬਾਰਾ ਅੱਗ ਤਾਂ ਨਹੀਂ ਲਗਾਈ ਗਈ ਪ੍ਰੰਤੂ ਅਵੈਧ ਫੈਕਟਰੀ ਉਸੇ ਤਰ੍ਹਾਂ ਹੀ ਚੱਲ ਰਹੀ ਹੈ ਅਤੇ ਫੈਕਟਰੀ ਮਾਲਕ ਸਰੇਆਮ ਫੈਕਟਰੀ ਦੇ ਨੇੜੇ ਰਹਿ ਰਹੇ ਲੋਕਾਂ ਦੇ ਘਰੀਂ ਜਾ ਕੇ ਧਮਕੀਆਂ ਦੇ ਰਿਹਾ ਹੈ। ਉਹਨਾਂ ਅੱਗੇ ਕਿਹਾ ਕਿ ਜੇਕਰ ਫੈਕਟਰੀ ਦੇ ਨੇੜੇ ਰਹਿ ਰਹੇ ਕਿਸੇ ਵੀ ਵਿਅਕਤੀ ਦਾ ਕੋਈ ਵੀ ਜਾਨੀ ਜਾਂ ਮਾਲੀ ਨੁਕਸਾਨ ਹੁੰਦਾ ਹੈ ਤਾਂ ਇਸ ਦੀ ਜਿੰਮੇਵਾਰੀ ਫੈਕਟਰੀ ਮਾਲਕ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਸਮੇਂ ਇਕੱਠੇ ਹੋਏ ਹੋਰ ਲੋਕਾਂ ਨੇ ਕਿਹਾ ਕਿ ਪ੍ਰਸ਼ਾਸਨ ਬਿਲਕੁਲ ਅੱਖਾਂ ਮੀਟੀ ਬੈਠਾ ਹੈ ਲੋਕਾਂ ਦੀ ਸਿਹਤ ਵੱਲ ਬਿਲਕੁਲ ਵੀ ਧਿਆਨ ਨਹੀਂ ਦੇ ਰਿਹਾ। ਉਹਨਾਂ ਕਿਹਾ ਕਿ ਫੈਕਟਰੀ ਲਗਾਉਣ ਤੋਂ ਪਹਿਲਾਂ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਫਾਇਰ ਸੇਫਟੀ ਸਮੇਤ ਹੋਰ ਵੀ ਕਈ ਲਾਇਸੈਂਸ ਲੈਣੇ ਜਰੂਰੀ ਹੁੰਦੇ ਪਰ ਇਸ ਫੈਕਟਰੀ ਮਾਲਕ ਕੋਲ ਕੋਈ ਵੀ ਲਾਈਸੰਸ ਨਹੀਂ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਜੇਕਰ ਇਸ ਫੈਕਟਰੀ ਮਾਲਕ ਨੇ ਅਜੇ ਤੱਕ ਕੋਈ ਵੀ ਲਾਇਸੈਂਸ ਜਾਂ ਸਰਟੀਫਿਕੇਟ ਨਹੀਂ ਲਿਆ ਤਾਂ ਸ਼ਰੇਆਮ ਇਹ ਫੈਕਟਰੀ ਚੱਲ ਕਿਵੇਂ ਰਹੀ ਹੈ। ਉਹਨਾਂ ਅੱਗੇ ਕਿਹਾ ਕਿ ਇਸ ਸਬੰਧੀ ਲਿਖਤੀ ਸ਼ਿਕਾਇਤ ਥਾਣਾ ਭਦੌੜ ਅਤੇ ਮਾਨਯੋਗ ਐਡੀਸ਼ਨਲ ਡਿਪਟੀ ਕਮਿਸ਼ਨਰ ਬਰਨਾਲਾ ਨੂੰ ਵੀ ਦੇ ਦਿੱਤੀ ਗਈ ਹੈ। ਕੀ ਕਹਿਣਾ ਹੈ ਥਾਣਾ ਭਦੌੜ ਦੇ ਐਸ ਐਚ ਓ ਦਾ:-ਇਸ ਸਬੰਧੀ ਜਦੋਂ ਥਾਣਾ ਭਦੌੜ ਦੇ ਐਸ ਐਚ ਓ ਗੁਰਵਿੰਦਰ ਸਿੰਘ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਮਾਮਲੇ ਸਬੰਧੀ ਉਹਨਾਂ ਕੋਲ ਸ਼ਿਕਾਇਤ ਆਈ ਸੀ ਅਤੇ ਦੋਨਾਂ ਧਿਰਾਂ ਨੂੰ ਬੁਲਾ ਕੇ ਫੈਕਟਰੀ ਮਾਲਕ ਕੋਲੋਂ ਇਸ ਫੈਕਟਰੀ ਦੀਆਂ ਮਨਜ਼ੂਰੀਆਂ ਅਤੇ ਸਰਟੀਫਿਕੇਟ ਮੰਗੇ ਗਏ ਹਨ ਅਤੇ ਕਾਗਜ਼ ਆਉਣ ਤੇ ਹੀ, ਜੋ ਵੀ ਕਾਰਵਾਈ ਹੋਵੇਗੀ ਕਾਨੂੰਨ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ ਅਤੇ ਇਸ ਦੀ ਰਿਪੋਰਟ ਸਬੰਧਿਤ ਵਿਭਾਗਾਂ ਅਤੇ ਉੱਚ ਅਧਿਕਾਰੀਆਂ ਨੂੰ ਭੇਜ ਦਿੱਤੀ ਜਾਵੇਗੀ। ਕੀ ਕਹਿਣਾ ਹੈ ਪ੍ਰਦੂਸ਼ਣ ਬੋਰਡ ਵਿਭਾਗ ਦੇ ਐਕਸੀਅਨ ਦਾ:-



ਇਸ ਸਬੰਧੀ ਜਦੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਵਿਭਾਗ ਦੇ ਖੇਤਰੀ ਦਫਤਰ ਦੇ ਐਕਸੀਅਨ ਵਿੱਕੀ ਬਾਂਸਲ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਹ ਮਾਮਲਾ ਅਜੇ ਸਾਡੇ ਧਿਆਨ ਵਿੱਚ ਨਹੀਂ ਆਇਆ ਅਤੇ ਜਦੋਂ ਕੋਈ ਵੀ ਸ਼ਿਕਾਇਤ ਜਾਂ ਫੋਟੋ ਸਾਡੇ ਕੋਲ ਆਵੇਗੀ ਕਾਨੂੰਨ ਅਨੁਸਾਰ ਸ਼ਾਸਤ ਤੋਂ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਕੀ ਕਹਿਣਾ ਹੈ ਏਡੀਸੀ ਮੈਡਮ ਅਨੂਪਰਿਤਾ ਜੌਹਲ ਦਾ:-ਜਦੋਂ ਇਸ ਮਾਮਲੇ ਸਬੰਧੀ ਜਿਲ੍ਹਾ ਬਰਨਾਲਾ ਦੇ ਏਡੀਸੀ ਮੈਡਮ ਅਨੂਪਰਿਤਾ ਜੌਹਲ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਮਾਮਲੇ ਸਬੰਧੀ ਅਰਜੀ ਉਹਨਾਂ ਕੋਲ ਪਹੁੰਚ ਗਈ ਹੈ ਅਤੇ ਉਹਨਾਂ ਵੱਲੋਂ ਐਸਡੀਐਮ ਨੂੰ ਮਾਰਕ ਕਰ ਦਿੱਤੀ ਹੈ ਅਤੇ ਜਿਸ ਵੀ ਆਧਾਰ ਤੇ ਰਿਪੋਰਟ ਆਵੇਗੀ ਉਸ ਅਨੁਸਾਰ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਬਾਬਾ ਬੰਸੀ ਵਾਲਿਆਂ ਦੀ ਚੌਥੀ ਬਰਸੀ 'ਤੇ ਧਾਰਮਿਕ ਸਮਾਗਮ ਕਰਵਾਇਆ

ਤਪਾ ਮੰਡੀ, 23 ਜੂਨ (ਭੂਸ਼ਨ ਘੜੈਲਾ);ਸਥਾਨਕ ਬਾਬਾ ਬੰਸੀ ਵਾਲਾ ਸੇਵਾ ਸੰਮਤੀ ਵੱਲੋਂ ਸ਼੍ਰੀ ਗੀਤਾ ਭਵਨ ਵਿਖੇ ਬਾਬਾ ਬੰਸੀ ਵਾਲੇ ਦੀ ਚੌਥੀ ਬਰਸੀ ਮੌਕੇ ਸ੍ਰੀ ਅਖੰਡ ਰਾਮਾਇਣ ਪਾਠ ਦੇ ਭੋਗ ਪਾਏ ਗਏ ਤੇ ਭੰਡਾਰਾ ਅਤੁੱਟ ਵਰਤਾਇਆ ਗਿਆ। ਸਮਾਗਮ ਵਿੱਚ ਸੰਤ ਬਾਬਾ ਭਗਵਾਨ ਦਾਸ, ਸੰਤ ਬਾਬਾ ਈਸਰ ਦਾਸ, ਸੰਤ ਰਾਜਗਿਰ,ਸੰਤ ਜੈ ਮੁਨੀ ਜੀ ਤੇ ਹੋਰ ਸਾਧੂ ਮਹਾਤਮਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਵਾਸੀਆਂ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਸਵਾਮੀ ਰਾਮ ਤੀਰਥ ਹਰਿਦੁਆਰ ਵਾਲੇ (ਡੇਰਾ ਪਿੰਡ ਚੀਮਾ ਵਾਲਿਆ ਨੇ ਰਸ ਭਿੰਨਾ ਸਤਸੰਗ ਕਰਕੇ ਪੰਡਾਲ ਵਿੱਚ ਸੈਂਕੜਿਆਂ ਦੀ ਗਿਣਤੀ ਵਿੱਚ ਬੈਠੀ ਸੰਗਤ ਨੂੰ ਨਿਹਾਲ ਕੀਤਾ । ਇਸ ਮੌਕੇ ਪ੍ਰਬੰਧਕਾਂ ਨੇ ਕਿਹਾ ਕਿ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਾਬਾ ਬੰਸੀ ਵਾਲੇ ਸੇਵਾ ਸੰਮਤੀ ਵੱਲੋਂ ਬਾਬਾ ਬੰਸੀ ਵਾਲਿਆਂ ਦੀ ਹਰ ਸਾਲ ਬਰਸੀ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਜਾਂਦੀ ਹੈ ਕਿਉਂਕਿ ਬਾਬਾ ਬੰਸੀ ਵਾਲਿਆ ਵੱਲੋਂ ਹਰਿਦੁਆਰ ਨੇੜੇ ਉਹਨਾਂ ਦੇ ਅਸਥਾਨ ਤੇ ਹਰ ਵਰ੍ਹੇ ਕਾਵੜੀਆਂ ਲਈ ਲੰਗਰ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸ ਦੇ ਸਬੰਧ ਵਿੱਚ ਕਾਵੜੀਏ ਉਸ ਸਥਾਨ 'ਤੇ ਪਹੁੰਚ ਕੇ ਸਲਾਨਾ ਲੰਗਰ ਦਾ ਪ੍ਰਬੰਧ ਕਰਦੇ ਹਨ। ਸਮਾਗਮ ਦੇ ਅੰਤ ਵਿੱਚ ਸੰਗਤਾਂ ਲਈ ਅਤੁੱਟ ਲੰਗਰ ਵਰਤਾਇਆ ਗਿਆ। ਪ੍ਰਬੰਧਕਾਂ ਵੱਲੋਂ ਸਮਾਗਮ ਵਿੱਚ ਪਹੁੰਚੀਆਂ ਸੰਗਤਾਂ ਅਤੇ ਮਹਾਂਪੁਰਸ਼ਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਅਸ਼ਵਨੀ ਕੁਮਾਰ ਆਸ਼ੂ ਭੂਤ, ਤਰਲੋਚਨ ਬਾਂਸਲ ,ਕੌਂਸਲਰ ਧਰਮਪਾਲ ਸ਼ਰਮਾ,ਮੰਗੂ ਮੌੜ ,ਸੰਜੀਵ ਉਗੋਕੇ, ਭੂਸ਼ਨ ਘੜੈਲਾ,ਮਦਨ ਲਾਲ ਭੱਟਾਂ,ਭਿੰਦੀ ਮੌੜ, ਲਵਲੀ ਮਹਿਰਾਜ ਵਾਲਾ, ਮਹਿੰਦਰ ਕੁਮਾਰ ਪ੍ਰੇਮੀ,ਮਹਿੰਦਰ ਸਿੰਘ ਮਹਿਰਾ, ਭੂਸ਼ਨ ਕੁਮਾਰ ਬਾਂਸਲ,ਮੱਖਣ ਮਾਰਵਾੜੀ, ਅਸ਼ੋਕ ਘੜੈਲਾ, ਰਿੰਕੂ ਮੌੜ, ਪ੍ਰਵੀਨ ਸ਼ਾਂਤ, ਸੁਨੀਲ ਕੁਮਾਰ ਤਾਜੋ ਵਾਲਾ, ਪ੍ਰਵੀਨ ਕੁਮਾਰ ਬਾਸਲ, ਰੂਬੀ ਗਰਗ, ਅਸ਼ੋਕ ਸਹਿਣਾ,ਇੰਦਰ ਸੈਨ,ਰਾਜ ਕੁਮਾਰ ਪੱਖੋਂ ਤੋਂ ਇਲਾਵਾ ਬਾਬਾ ਬੰਸੀ ਵਾਲਾ ਸੇਵਾ ਸੰਮਤੀ ਦੇ ਮੈਂਬਰ ਭਗਵਾਨ ਦਾਸ ਭੋਲਾ ਬਾਂਸਲ ਢਿੱਲਵਾਂ, ਕੇਵਲ ਕ੍ਰਿਸ਼ਨ ਮਿੱਤਲ,ਮੰਗੂ,ਓਮ ਪ੍ਰਕਾਸ਼,ਡਾ ਵਿੱਕੀ,ਟਿੰਕੂ ਮਿੱਤਲ, ਗੀਤਾ ਭਵਨ ਦੇ ਪੁਜਾਰੀ ਕਾਲਾ ਰਾਮ ਵੇਦ ਪਾਠੀ ਅਤੇ ਵੱਡੀ ਗਿਣਤੀ ਵਿੱਚ ਬੀਬੀਆਂ ਅਤੇ ਹੋਰ ਧਾਰਮਿਕ ਸੰਸਥਾਵਾਂ ਦੇ ਆਗੂ ਤੇ ਸ਼ਹਿਰੀ ਹਾਜ਼ਰ ਸਨ।



# ਕੁਦਰਤ-ਮਾਨਵ ਕੇਂਦਰਿਤ ਲੋਕ ਲਹਿਰ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ, ਇਲਾਕਾ ਕਮੇਟੀ ਸ਼ੇਰਪੁਰ ਦੀ ਸਾਂਝੀ ਮੀਟਿੰਗ



ਬਰਨਾਲਾ, 23 ਜੂਨ (ਅਮਨਦੀਪ ਸਿੰਘ): ਸਥਾਨਕ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਵਿਖੇ ਕਨਵੀਨਰ ਸੰਦੀਪ ਸਿੰਘ ਗਰੇਵਾਲ ਦੀ ਪ੍ਰਧਾਨਗੀ ਹੇਠ ਹੋਈ। ਆਪਣੀ ਸਾਂਝੀ ਮੀਟਿੰਗ ਵਿੱਚ ਇਸਰਾਇਲ-ਈਰਾਨ ਯੁੱਧ ਨੂੰ ਵਿਸ਼ਵ ਸ਼ਾਂਤੀ ਲਈ ਗੰਭੀਰ ਖ਼ਤਰਾ ਦੱਸਦਿਆਂ ਗਹਿਰੀ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਦੁਨੀਆਂ ਦੇ ਸਾਹਮਣੇ ਵਿਸ਼ਵ ਸ਼ਾਂਤੀ, ਵਾਤਾਵਰਨ ਨੂੰ ਬਚਾਉਣਾ ਅਤੇ ਨਿਆਂਪੂਰਨ ਸਮਾਜ ਦੀ ਉਸਾਰੀ ਤਿੰਨ ਵੱਡੇ ਮੁੱਦੇ ਹਨ। ਦੋਵਾਂ ਜਥੇਬੰਦੀਆਂ ਨੇ ਇਸਰਾਇਲ ਵੱਲੋਂ ਈਰਾਨ ਦੇ ਸਿਵਲ ਪਰਮਾਣੂ ਅੱਡਿਆਂ 'ਤੇ ਹਮਲੇ ਦੀ ਜ਼ੋਰਦਾਰ ਨਿਖੇਧੀ ਕੀਤੀ। ਇਸਰਾਇਲ ਨੂੰ ਆਪਣੀ ਆਤਮ ਸੁਰੱਖਿਆ ਦੇ ਬਹਾਨੇ ਕਿਸੇ ਵੀ ਦੇਸ਼ ਉੱਤੇ ਹਮਲਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ। ਇਹ ਕਾਰਵਾਈ ਅੰਤਰਰਾਸ਼ਟਰੀ ਕਾਨੂੰਨਾਂ ਦੀ ਘੋਰ ਉਲੰਘਣਾ ਹੈ। ਈਰਾਨ ਨੇ ਪਹਿਲਾਂ ਹੀ ਐਲਾਨ ਕੀਤਾ ਹੋਇਆ ਹੈ ਕਿ ਉਹ ਕੋਈ ਵੀ ਪਰਮਾਣੂ ਹਥਿਆਰ ਨਹੀਂ ਬਣਾਵੇਗਾ, ਉਸਦਾ ਮਕਸਦ ਸਿਰਫ਼ ਪਰਮਾਣੂ ਊਰਜਾ ਨੂੰ ਬਿਜਲੀ ਬਣਾਉਣ ਅਤੇ ਹੋਰ ਸ਼ਾਂਤੀਪੂਰਵਕ ਕੰਮਾਂ ਲਈ ਵਰਤਣਾ ਹੈ। ਇਸ ਕਰਕੇ ਹੀ ਉਸ ਨੇ ਪਰਮਾਣੂ ਅਪਸਾਰ ਸੰਧੀ (ਐਨ.ਪੀ.ਟੀ.) 'ਤੇ ਵੀ ਦਸਤਖ਼ਤ ਕੀਤੇ ਹੋਏ ਹਨ, ਜਿਸ ਕਰਕੇ ਉਸਦੇ ਪਰਮਾਣੂ ਅੱਡਿਆਂ ਦੀ ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈ.ਏ.ਈ.ਏ.) ਦੇ ਮਾਹਰਾਂ ਵੱਲੋਂ ਲਗਾਤਾਰ ਜਾਂਚ ਪੜਤਾਲ ਕੀਤੀ ਜਾਂਦੀ ਹੈ। ਇਸਰਾਇਲ, ਜਿਸ ਕੋਲ ਖੁਦ ਪਰਮਾਣੂ ਹਥਿਆਰ ਹਨ ਅਤੇ ਅਤੇ ਜੋ ਪਰਮਾਣੂ ਅਪਸਾਰ ਸੰਧੀ ਦਾ ਮੈਂਬਰ ਵੀ ਨਹੀਂ, ਉਸਨੂੰ ਕੋਈ ਇਖ਼ਲਾਕੀ ਹੱਕ ਨਹੀਂ ਕਿ ਉਹ ਈਰਾਨ 'ਤੇ ਇਹ ਮਨਘੜਤ ਇਲਜ਼ਾਮ ਲਗਾ ਕੇ ਹਮਲਾ ਕਰੇ ਕਿ ਈਰਾਨ ਪਰਮਾਣੂ ਹਥਿਆਰ ਬਣਾ ਰਿਹਾ ਹੈ ਅਤੇ ਉੱਥੋਂ ਦੇ ਪਰਮਾਣੂ ਵਿਗਿਆਨੀਆਂ, ਫ਼ੌਜੀ ਅਤੇ ਸਿਵਲ ਅਫ਼ਸਰਾਂ ਅਤੇ ਆਮ ਲੋਕਾਂ 'ਤੇ ਬੰਬ ਸੁੱਟ ਕੇ ਉਹਨਾਂ ਦਾ ਕਤਲ ਕਰੇ। ਮੀਟਿੰਗ ਨੇ ਅਮਰੀਕੀ ਸਰਕਾਰ, ਖ਼ਾਸ ਕਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟ$ਰੰਪ ਦੀ ਦੋਗਲੀ ਨੀਤੀ ਦੀ ਨਿੰਦਿਆ ਕਰਦਿਆਂ ਕਿਹਾ ਕਿ ਅਮਰੀਕਾ ਇੱਕ ਪਾਸੇ ਆਪਣੇ-ਆਪ ਨੂੰ ਦੁਨੀਆਂ ਦੀ ਜਮਹੂਰੀਅਤ ਦਾ ਰਖਵਾਲਾ ਹੋਣ ਦਾ ਦਾਅਵਾ ਕਰਦਾ ਹੈ, ਅਤੇ ਦੂਜੇ ਪਾਸੇ ਮੱਧ-ਪੂਰਬ ਵਿੱਚ ਆਪਣੇ ਮੋਹਰੇ ਇਸਰਾਇਲ ਦੀ ਗੁੰਡਾਗਰਦੀ ਦੀ ਪਿੱਠ ਥਾਪੜ ਰਿਹਾ ਹੈ ਅਤੇ ਉਸਦੀ ਹਰ ਕਿਸਮ ਦੀ ਫ਼ੌਜੀ ਮੱਦਦ ਕਰਕੇ ਜਿੱਥੇ ਪੂਰੇ ਮੱਧ-ਪੂਰਬ ਵਿੱਚ ਅਸ਼ਾਂਤੀ ਫ਼ੈਲਾ ਰਿਹਾ ਹੈ, ਉੱਥੇ ਵਿਸ਼ਵ ਸ਼ਾਂਤੀ ਲਈ ਵੀ ਵੱਡਾ ਖ਼ਤਰਾ ਬਣਦਾ ਜਾ ਰਿਹਾ ਹੈ। ਇਹ ਅਮਰੀਕੀ ਮਹਾਸ਼ਕਤੀਵਾਦ ਹੀ ਹੈ, ਜਿਸ ਨੇ ਮੱਧ-ਪੂਰਬ ਵਿੱਚ ਸਭ ਤੋਂ ਵੱਧ ਫ਼ੌਜੀ ਅੱਡੇ ਕਾਇਮ ਕੀਤੇ ਹੋਏ ਹਨ, ਜਿਹਨਾਂ ਵਿੱਚ ਅਮਰੀਕਾ ਦੇ 40 ਹਜ਼ਾਰ ਤੋਂ ਵੱਧ ਫ਼ੌਜੀ ਸਰਗਰਮ ਹਨ। ਦਰਅਸਲ ਅਮਰੀਕਾ ਅਤੇ ਉਸਦਾ ਮੋਹਰਾ ਇਸਰਾਇਲ ਈਰਾਨ ਵਿੱਚ ਸੱਤਾ ਦਾ ਤਖਤਾਪਲਟ ਕਰਵਾ ਕੇ ਉੱਥੇ ਆਪਣੇ ਪਸੰਦ ਦੀ ਸਰਕਾਰ ਸਥਾਪਿਤ ਕਰਨਾ ਚਾਹੁੰਦੇ ਹਨ, ਜੋ ਉਹਨਾਂ ਦੇ ਇਸ਼ਾਰਿਆਂ 'ਤੇ ਨੱਚੇ, ਕਿਉਂਕਿ ਈਰਾਨ ਦੀ ਮੌਜੂਦਾ ਸੱਤਾਧਾਰੀ ਧਿਰ ਅਮਰੀਕਾ ਦੀ ਈਨ ਮੰਨਣ ਲਈ ਤਿਆਰ ਨਹੀਂ। ਇਸੇ ਪ੍ਰਕਾਰ ਦੀ ਨੀਤੀ ਦੇ ਤਹਿਤ ਹੀ ਇਸਰਾਇਲ ਨੇ ਗਾਜ਼ਾ ਪੱਟੀ ਵਿੱਚ ਨਿਹੱਥੇ ਫ਼ਲਸਤੀਨੀਆਂ ਤੇ ਹਮਲਾ ਕਰਕੇ ਹੁਣ ਤੱਕ 50 ਹਜ਼ਾਰ ਤੋਂ ਵੱਧ ਲੋਕਾਂ ਨੂੰ ਮਾਰ ਦਿੱਤਾ ਹੈ ਅਤੇ ਗਾਜ਼ਾ ਦੀ ਪੱਟੀ ਨੂੰ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਹੈ, ਪਰ ਇਸਦੇ ਬਾਵਜੂਦ ਅਮਰੀਕਾ ਅਤੇ ਉਸਦੇ ਮੋਹਰੇ ਇਸਰਾਇਲ ਨੂੰ ਗਾਜ਼ਾ ਵਿੱਚ ਸੱਤਾਧਾਰੀ ਧਿਰ ਹਮਾਸ ਦਾ ਤਖ਼ਤਾ ਪਲਟਣ ਵਿੱਚ ਕਾਮਯਾਬੀ ਨਹੀਂ ਮਿਲੀ। ਮੀਟਿੰਗ ਨੇ ਮਹਿਸੂਸ ਕੀਤਾ ਕਿ ਦੁਨੀਆ ਦੀਆਂ ਵੱਡੀਆਂ ਤਾਕਤਾਂ, ਖ਼ਾਸ ਕਰਕੇ ਅਮਰੀਕਾ ਅਤੇ ਰੂਸ, ਆਪਣੀਆਂ ਜੰਗੀ ਨੀਤੀਆਂ ਕਾਰਨ ਦੁਨੀਆ ਵਿੱਚ ਯੁੱਧ ਦਾ ਮਾਹੌਲ ਪੈਦਾ ਕਰਕੇ ਆਪਣੇ ਜੰਗੀ ਸਾਜ਼ੋ-ਸਮਾਨ ਵੇਚਣ 'ਤੇ ਤੁਲੀਆਂ ਹੋਈਆਂ ਹਨ। ਇਸ ਕਰਕੇ ਹਥਿਆਰਾਂ ਦੇ ਇਹਨਾਂ ਵਪਾਰੀਆਂ ਤੋਂ ਜੰਗਾਂ ਰੋਕਣ ਦੀ ਆਸ ਕਰਨ ਬੇਮਾਅਨਾ ਹੋਵੇਗਾ। ਮੀਟਿੰਗ ਨੇ ਆਸ ਪ੍ਰਗਟ ਕੀਤੀ ਕਿ ਇਸ ਜੰਗ ਨੂੰ ਖ਼ਤਮ ਕਰਾਉਣ ਲਈ ਦੁਨੀਆ ਦੇ ਲੋਕ ਹੀ ਇੱਕ ਵੱਡੀ ਤਾਕਤ ਬਣ ਸਕਦੇ ਹਨ, ਜੋ ਕੁਦਰਤ-ਪੱਖੀ ਅਤੇ ਮਨੁੱਖ-ਪੱਖੀ ਏਜੰਡੇ ਉੱਪਰ ਵਾਤਾਵਰਨ ਬਚਾਉਣ, ਵਿਸ਼ਵ ਸ਼ਾਂਤੀ ਕਾਇਮ ਕਰਨ ਅਤੇ ਇੱਕ ਨਿਆਂਪੂਰਨ ਸਮਾਜਿਕ ਵਿਵਸਥਾ ਸਥਾਪਿਤ ਕਰਨ ਲਈ ਇੱਕ ਮਜ਼ਬੂਤ ਲੋਕ ਲਹਿਰ ਖੜ੍ਹੀ ਕਰਨ। ਅਜਿਹਾ ਕਰਕੇ ਹੀ ਅਸੀਂ ਕੁਦਰਤ-ਪੱਖੀ ਅਤੇ ਮਾਨਵਤਾ-ਪੱਖੀ ਕੰਮ ਕਰਨ ਲਈ ਅੱਗੇ ਵਧ ਸਕਦੇ ਹਾਂ। ਇਸ ਬਾਬਤ ਕੁਦਰਤ-ਮਾਨਵ ਕੇਂਦਰਿਤ ਲੋਕ ਲਹਿਰ, ਪੰਜਾਬ ਅਤੇ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ, ਪੰਜਾਬ ਵੱਲੋਂ ਜੁਲਾਈ ਮਹੀਨੇ ਵਿੱਚ ਲਹਿਰਾ ਗਾਗਾ, ਫ਼ਾਜ਼ਿਲਕਾ, ਨਾਭਾ, ਮਾਨਸਾ ਅਤੇ ਸ਼ੇਰਪੁਰ ਵਿਖੇ ਸੈਮੀਨਾਰ ਕੀਤੇ ਜਾਣਗੇ।

ਇਸ ਮੌਕੇ ਹਰਗੋਬਿੰਦ ਸ਼ੇਰਪੁਰ, ਅਮਰਜੀਤ ਸਿੰਘ ਜੱਸੀ, ਰਣਜੀਤ ਸਿੰਘ ਕਾਲਾ ਬੂਲਾ, ਕਰਮਿੰਦਰ ਸਿੰਘ ਹੇੜੀਕੇ, ਗੁਰਮੇਲ ਸਿੰਘ ਮੇਘ, ਕੇਸਰ ਸਿੰਘ ਗਰੇਵਾਲ, ਹਰਨੇਕ ਸਿੰਘ ਖੇੜੀ ਕਲਾਂ, ਬੰਤ ਸਿੰਘ ਰੰਗੀਆਂ, ਦਰਸ਼ਨ ਸਿੰਘ ਚਾਂਗਲੀ, ਬਹਾਦਰ ਸਿੰਘ ਚੌਧਰੀ, ਬਲਦੇਵ ਸਿੰਘ ਘਨੌਰੀ ਖੁਰਦ, ਗੁਰਸੰਗਤ ਸਿੰਘ, ਚਿਤਰੰਜਨ ਸਿੰਘ, ਆਦਿ ਹਾਜ਼ਰ ਸਨ।

# ਘਰ 'ਚ ਚਿੜੀਆਂ ਵੱਲੋਂ ਆਲ੍ਹਣਾ ਪਾਏ ਜਾਣ 'ਤੇ ਮਨਾਈ ਖ਼ੁਸ਼ੀ

ਬਰਨਾਲਾ, 23 ਜੂਨ (ਸੁਖਵਿੰਦਰ ਸਿੰਘ ਭੰਡਾਰੀ): ਮਨੁੱਖ ਅਤੇ ਕੁਦਰਤ ਦਾ ਮੁੱਢ ਕਦੀਮੀ ਦਾ ਰਿਸ਼ਤਾ ਰਿਹਾ ਹੈ। ਵਧ ਰਹੀ ਆਬਾਦੀ ਅਤੇ ਵਿਗਿਆਨਿਕ ਤਰੱਕੀ ਨੇ ਮਨੁੱਖ ਦਾ ਰਿਸ਼ਤਾ ਕੁਦਰਤ ਨਾਲੋਂ ਤੋੜ ਦਿੱਤਾ ਹੈ। ਪ੍ਰੰਤੂ ਫਿਰ ਵੀ ਸਵੇਰ ਸਮੇਂ ਪੰਛੀਆਂ ਖਾਸ ਕਰਕੇ ਕਰਕੇ ਚਿੜ੍ਹੀਆਂ ਦੀਆਂ ਆਵਾਜ਼ਾਂ ਮਨੁੱਖ ਦੇ ਮਨ ਨੂੰ ਸਕੂਨ ਦਿੰਦੀਆਂ ਹਨ। ਅਜਿਹਾ ਹੀ ਨਜ਼ਾਰਾ ਸਮਾਜ ਸੇਵੀ ਸੁਖਵਿੰਦਰ ਸਿੰਘ ਭੰਡਾਰੀ ਦੇ ਘਰ ਦੇਖਣ ਨੂੰ ਮਿਲਿਆ ਹੈ। ਲੰਬਾ ਸਮਾਂ ਜੱਦੋ ਜਹਿਦ ਕਰਨ ਤੋਂ ਬਾਅਦ ਜਦੋਂ ਘਰੇਲੂ ਚਿੜ੍ਹੀਆਂ ਨੇ ਸੁਖਵਿੰਦਰ ਸਿੰਘ ਭੰਡਾਰੀ ਦੀ ਕੋਠੀ ਕ੍ਰਿਸ਼ਨਾ ਗਲੀ ਕੇ ਸੀ ਰੋਡ ਬਰਨਾਲਾ ਵਿਖੇ ਆਪਣਾ ਆਲ੍ਹਣਾ ਪਾਇਆ ਤਾਂ ਪਰਿਵਾਰਿਕ ਮੈਂਬਰਾਂ ਤੇ ਵਾਤਾਵਰਣ ਪ੍ਰੇਮੀਆਂ ਨੂੰ ਬਹੁਤ ਜ਼ਿਆਦਾ ਖੁਸ਼ੀ ਹੋਈ। ਉਨ੍ਹਾਂ ਬਰਫ਼ੀ ਵੰਡ ਕੇ ਲੋਕਾਂ ਨਾਲ ਖੁਸ਼ੀ ਸਾਂਝੀ ਕੀਤੀ । ਇਸ ਸੰਬੰਧੀ ਸੁਖਵਿੰਦਰ ਸਿੰਘ ਭੰਡਾਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਨ੍ਹਾਂ ਦੀ ਤੀਬਰ ਇੱਛਾ ਸੀ ਕਿ ਘਰੇਲੂ ਚਿੜੀਆਂ ਉਨ੍ਹਾਂ ਦੇ ਘਰ ਰੈਣ ਵਸੇਰਾ ਕਰਨ। ਉਨ੍ਹਾਂ ਲੱਕੜ ਦੇ ਆਲ੍ਹਣੇ ਲਗਵਾਏ ਤਾਂ ਲਗਭਗ ਪੰਜ ਸਾਲ ਤੱਕ ਕਿਸੇ ਚਿੜੀ ਨੇ ਕੋਈ ਆਲ੍ਹਣਾ ਨਹੀਂ ਪਾਇਆ। ਉਨ੍ਹਾਂ ਹਰਿਆਵਲ ਪੈਦਾ ਕਰਨ ਲਈ ਦੋ ਦਰਖ਼ਤ ਆਪਣੇ ਘਰ ਦੇ ਦਰਵਾਜੇ ਕੋਲ ਗਲੀ 'ਚ ਲਗਾ ਦਿੱਤੇ । ਜਿਨ੍ਹਾਂ 'ਤੇ ਘਰੇਲੂ ਚਿੜ੍ਹੀਆਂ ਨੇ ਆਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਪੋਰਚ 'ਚ ਲਗਾਏ ਹੋਏ ਆਲ੍ਹਣਿਆਂ 'ਚ ਆਪਣਾ ਰੈਣ ਵਸੇਰਾ ਬਣਾਇਆ। ਸਵੇਰ ਸਮੇਂ ਤਾਂ ਕਈ ਵਾਰ ਚਿੜ੍ਹੀਆਂ ਪੋਰਚ 'ਚ ਆ ਕੇ ਬੈਠ ਜਾਂਦੀਆਂ ਹਨ । ਉਨ੍ਹਾਂ ਲਈ ਪਾਣੀ ਅਤੇ ਦਾਣਿਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੈਨੂੰ ਇਹ ਪ੍ਰੇਰਨਾ ਵਾਤਾਵਰਨ ਪ੍ਰੇਮੀ ਰਾਜੇਸ਼ ਭੁਟਾਨੀ ਅਤੇ ਵਸਾਵਾ ਸਿੰਘ ਨਗਰ ਕੌਂਸਲਰ ਹੰਡਿਆਇਆ ਤੋਂ ਮਿਲੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੀ ਚਿੜ੍ਹੀਆਂ ਨੂੰ ਆਪਣੇ ਪਰਿਵਾਰ ਦਾ ਮੈਂਬਰ ਬਣਾਉਣ ਲਈ ਹਰਿਆ ਭਰਿਆ ਵਾਤਾਵਰਣ ਪੈਦਾ ਕਰਨ। ਇਸ ਮੌਕੇ ਪਿਆਰਾ ਲਾਲ ਰਾਏਸਰ ਵਾਲੇ, ਨੀਰਜ ਬਾਲਾ ਦਾਨੀਆ, ਮਹਿੰਦਰ ਪਾਲ ਗਰਗ, ਪ੍ਰਿੰਸੀਪਲ ਰਾਕੇਸ਼ ਗਰਗ, ਬਬੀਤਾ ਜਿੰਦਲ, ਰਾਕੇਸ਼ ਜਿੰਦਲ, ਮੋਨਿਕਾ ਗਰਗ, ਗੁਰਮੀਤ ਸਿੰਘ ਮੀਮਸਾ, ਅਵਤਾਰ ਸਿੰਘ ਲੀਲਾ, ਰਾਜੇਸ਼ ਭੂਟਾਨੀ, ਸੋਮਾ ਭੰਡਾਰੀ, ਕੇਵਲ ਕ੍ਰਿਸ਼ਨ ਗਰਗ, ਸੁਦਰਸ਼ਨ ਗਰਗ ਧੌਲਾ, ਜਸਵਿੰਦਰ ਜਟਾਣਾ ਆਦਿ ਹਾਜ਼ਰ ਸਨ।




# ਮਹਾਰਾਜਾ ਰਣਜੀਤ ਸਿੰਘ ਕਾਲਜ ਮਲੋਟ ਦੀ ਵਿਦਿਆਰਥਣ ਸਮੀਕਸ਼ਾ ਬਿਸ਼ਨੋਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਟਾਪਰ ਸੂਚੀ ਵਿੱਚ ਸ਼ਾਮਲ



ਮਲੋਟ, 23 ਜੂਨ ( ਅਮਨਦੀਪ ਸਿੰਘ ਮਹਿਰਾ) : ਇਲਾਕੇ ਦੀ ਨਾਮਵਰ ਸਹਿ ਵਿੱਦਿਅਕ ਸੰਸਥਾ ਮਹਾਰਾਜਾ ਰਣਜੀਤ ਸਿੰਘ ਕਾਲਜ ਮਲੋਟ ਦੀ ਵਿਦਿਆਰਥਣ ਸਮੀਕਸ਼ਾ ਬਿਸ਼ਨੋਈ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੁਆਰਾ ਐਲਾਨੇ ਗਏ ਐਮ ਏ ਅਰਥ ਸ਼ਾਸਤਰ ਦੇ ਨਤੀਜਿਆਂ ਵਿੱਚ ਟਾਪਰ ਸੂਚੀ ਵਿੱਚ ਸ਼ਾਮਲ ਹੋ ਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਜ਼ਿਕਰਯੋਗ ਹੈ ਕਿ ਸਮੀਕਸ਼ਾ ਬਿਸ਼ਨੋਈ ਨੇ 400 ਅੰਕਾਂ ਵਿੱਚੋਂ 341 ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਟਾਪਰ ਸੂਚੀ ਵਿੱਚ ਪੰਜਵਾਂ ਸਥਾਨ ਹਾਸਲ ਕੀਤਾ । ਅਰਥਸ਼ਾਸਤਰ ਵਿਭਾਗ ਦੇ ਮੁਖੀ ਪ੍ਰੋਫੈਸਰ ਗੁਰਜੀਤ ਸਿੰਘ ਨੇ ਦੱਸਿਆ ਕਿ ਐਮ ਏ ਅਰਥ ਸ਼ਾਸਤਰ ਦੇ ਵਿਦਿਆਰਥੀ ਸੰਚਿਤ ਨੇ ਯੂ ਜੀ ਸੀ ਦੇ ਨਤੀਜਿਆਂ ਵਿੱਚ ਲੈਕਚਰਾਰਸ਼ਿਪ ਪ੍ਰਾਪਤ ਕਰਕੇ ਇਲਾਕੇ ਵਿੱਚ ਕਾਲਜ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਡਾ. ਰਜਿੰਦਰ ਸਿੰਘ ਸੇਖੋਂ ਨੇ ਕਿਹਾ ਇਹ ਪ੍ਰਾਪਤੀਆਂ ਸਮੂਹ ਅਧਿਆਪਕ ਸਾਹਿਬਾਨ ਦੀ ਸਖ਼ਤ ਮਿਹਨਤ ਅਤੇ ਲਗਨ ਦਾ ਸਿੱਟਾ ਹੈ ਜੋ ਵਿਦਿਆਰਥੀਆਂ ਦੀ ਹਰ ਸੰਭਵ ਮਦਦ ਕਰਨ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਡਾ. ਸੇਖੋਂ ਨੇ ਕਿਹਾ ਕਿ ਸਾਡੇ ਵਿਦਿਆਰਥੀ ਅਲੱਗ ਅਲੱਗ ਖੇਤਰਾਂ ਵਿੱਚ ਮਾਣਮੱਤੀਆਂ ਪ੍ਰਾਪਤੀਆਂ ਕਰ ਰਹੇ ਹਨ ਜੋ ਕਾਲਜ ਅਤੇ ਸਮੁੱਚੇ ਇਲਾਕੇ ਲਈ ਮਾਣ ਵਾਲੀ ਗੱਲ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਇਹਨਾਂ ਵਿਦਿਆਰਥੀਆਂ ਵਿੱਚ ਕਿਰਨਦੀਪ ਕੌਰ, ਬੌਬੀ ਸਿੰਘ, ਰਿਆ ਅਤੇ ਕਾਜਲ ਪੰਜਾਬ ਪੁਲਿਸ ਵਿੱਚ, ਵਾਸੂ ਨਾਰਕੋਟਿਕ ਸੈੱਲ ਵਿੱਚ, ਪੁਲਕਿਤ ਮਿੱਤਲ ਬੈਂਕ ਵਿੱਚ, ਰਣਜੀਤ ਸਿੰਘ, ਸੁਖਦੀਪ ਕੌਰ, ਵਰਿੰਦਰ ਕੌਰ ਪੰਜਾਬ ਸਕੂਲ ਸਿੱਖਿਆ ਬੋਰਡ, ਮਨਪ੍ਰੀਤ ਕੌਰ ਜਵਾਹਰ ਨਵੋਦਿਆ ਵਿਦਿਆਲਿਆ ਸਕੂਲ ਵਿੱਚ ਅਧਿਆਪਕ, ਜੋਬਨਮੀਤ ਸਿੰਘ ਦੀ ਭਾਰਤ ਦੀ ਮਸ਼ਹੂਰ ਕੰਪਨੀ ਵਿਪਰੋ ਵਿੱਚ ਚੋਣ ਹੋਈ ਹੈ। ਕਾਲਜ ਦੀ ਵਿਦਿਆਰਥਣ ਅਤੇ ਭਾਰਤ ਦੀ ਰੋਲਿੰਗ ਸਕੇਟਿੰਗ ਟੀਮ ਦੀ ਖਿਡਾਰਨ ਅਮਨਦੀਪ ਕੌਰ ਦੀ ਇਨਕਮ ਟੈਕਸ ਵਿਭਾਗ ਵਿੱਚ ਚੋਣ ਹੋਈ ਹੈ । ਵਿਦਿਆਰਥੀਆਂ ਦੀਆਂ ਇਹਨਾਂ ਪ੍ਰਾਪਤੀਆਂ 'ਤੇ ਕਾਲਜ ਮਨੈਂਜਮੈਂਟ ਦੇ ਚੇਅਰਮੈਨ ਮਨਦੀਪ ਸਿੰਘ ਬਰਾੜ, ਜਨਰਲ ਸਕੱਤਰ ਲਖਵਿੰਦਰ ਸਿੰਘ ਰੋਹੀਵਾਲਾ, ਸਕੱਤਰ ਪਿਰਤਪਾਲ ਸਿੰਘ ਗਿੱਲ, ਖਜ਼ਾਨਚੀ ਦਲਜਿੰਦਰ ਸਿੰਘ ਬਿੱਲਾ ਸੰਧੂ, ਸਕੱਤਰ ਮਨਜਿੰਦਰ ਸਿੰਘ ਢਿੱਲੋਂ ਨੇ ਵਧਾਈ ਦਿੰਦਿਆਂ ਭਵਿੱਖ ਵਿੱਚ ਅਜਿਹੀਆਂ ਪ੍ਰਾਪਤੀਆਂ ਪ੍ਰਾਪਤ ਕਰਨ ਲਈ ਉਤਸ਼ਾਹਿਤ ਕੀਤਾ ਅਤੇ ਸਮੂਹ ਅਧਿਆਪਕ ਸਾਹਿਬਾਨ ਨੂੰ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਲਈ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਪੁਲਿਸ ਨੇ ਸਾਂਝ ਕੇਂਦਰ ਮਲੋਟ ਵਿਖੇ ਵੱਖ-ਵੱਖ ਵਿਸ਼ਿਆਂ 'ਤੇ ਸੈਮੀਨਾਰ ਕਰਵਾਏ




ਮਲੋਟ, 23 ਜੂਨ ( ਅਮਨਦੀਪ ਸਿੰਘ ਮਹਿਰਾ): ਸਪੈਸ਼ਲ ਡਾਇਰੈਕਟਰ ਜਨਰਲ ਪੁਲਿਸ ਕੈਡ ਪੰਜਾਬ ਸੀਨੀਅਰ ਕਪਤਾਨ ਪੁਲਿਸ ਸ੍ਰੀ ਮੁਕਤਸਰ ਸਾਹਿਬ ਡਾ. ਅਖਿਲ ਚੌਧਰੀ ਦੇ ਦਿਸ਼ਾ ਨਿਰਦੇਸ਼ ਅਨੁਸਾਰ "ਯੁੱਧ ਨਸ਼ਿਆ ਵਿਰੁੱਧ"ਪ੍ਰੋਗਰਾਮ ਤਹਿਤ ਉਪ ਕਪਤਾਨ ਪੁਲਿਸ ਮਲੋਟ ਇਕਬਾਲ ਸਿੰਘ ਸੰਧੂ ਅਤੇ ਸਾਂਝ ਕੇਂਦਰ ਸਬ ਡਵੀਜਨ ਮਲੋਟ ਵੱਲੋ ਦਫਤਰ ਉਪ ਕਪਤਾਨ ਪੁਲਿਸ ਮਲੋਟ ਵਿਖੇ ਸੈਮੀਨਾਰ ਕਰਵਾਇਆ ਗਿਆ, ਇਸ ਸੈਮੀਨਾਰ ਵਿੱਚ ਪਬਲਿਕ ਨੂੰ ਨਸ਼ੇ ਦੇ ਮਾੜੇ ਪ੍ਰਭਾਵਾ ਬਾਰੇ, ਬਾਲ ਵਿਆਹਾ ਦੀ ਰੋਕਥਾਮ ਬਾਰੇ, ਸਾਈਬਰ ਕਰਾਈਮ, ਸਾਂਝ ਸੇਵਾਵਾ ਅਤੇ ਪੁਲਿਸ ਹੈਲਪਲਾਈਨ ਨੰਬਰਾ ਬਾਰੇ ਜਾਗਰੂਕ ਕੀਤਾ ਗਿਆ। ਇਸ ਸੈਮੀਨਾਰ ਵਿੱਚ ਡੀਐਸ ਪੀ ਸਾਹਿਬ ਵੱਲੋਂ ਪਬਲਿਕ ਨੂੰ ਨਸ਼ਿਆਂ ਦੇ ਖਿਲਾਫ ਅਤੇ ਸਾਈਬਰ ਕ੍ਰਾਈਮ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਅਮਨਪ੍ਰੀਤ ਸਿੰਘ ਅਤੇ ਸੀਨੀਅਰ ਸਿਪਾਹੀ ਸੁਖਪਾਲ ਸਿੰਘ ਵੱਲੋਂ ਪਬਲਿਕ ਨੂੰ ਬਾਲ ਵਿਆਹ ਖਿਲਾਫ ਅਤੇ ਸਾਂਝ ਸੇਵਾਵਾ ਬਾਰੇ ਜਾਗਰੂਕ ਕੀਤਾ ਗਿਆ। ਹੌਲਦਾਰ ਸਾਜਨਦੀਪ ਸਿੰਘ ਰੀਡਰ ਡੀਐਸਪੀ ਮਲੋਟ ਵੱਲੋਂ ਵੀ ਪਬਲਿਕ ਨੂੰ ਪੁਲਿਸ ਹੈਲਪਲਾਈਨ ਨੰਬਰਾਂ ਬਾਰੇ ਜਾਗਰੂਕ ਕੀਤਾ ਗਿਆ।

# ਲੁਧਿਆਣਾ ਪੱਛਮੀ 'ਚ 'ਆਪ' ਦੀ ਇਤਿਹਾਸਕ ਜਿੱਤ 'ਤੇ ਵੋਟਰਾਂ ਦਾ ਧੰਨਵਾਦ : ਡਾ. ਗੁਨਿੰਦਰਜੀਤ ਸਿੰਘ ਜਵੰਧਾ



ਸੰਗਰੂਰ, 23 ਜੂਨ (ਹਰਕੰਵਲ ਸਿੰਘ ਹੈਪੀ): ਆਮ ਆਦਮੀ ਪਾਰਟੀ ਨੂੰ ਲੁਧਿਆਣਾ ਪੱਛਮੀ ਤੋਂ ਮਿਲੀ ਇਤਿਹਾਸਕ ਜਿੱਤ 'ਤੇ ਡਾ. ਗੁਨਿੰਦਰਜੀਤ ਸਿੰਘ ਜਵੰਧਾ ਨੇ ਵੋਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ । ਉਨ੍ਹਾਂ ਇਸ ਮੌਕੇ ਕਿਹਾ ਕਿ ਇਹ ਜਿੱਤ ਸਿਰਫ ਇੱਕ ਉਮੀਦਵਾਰ ਦੀ ਨਹੀਂ, ਸਗੋਂ "ਕੰਮ ਦੀ ਰਾਜਨੀਤੀ"ਦੀ ਜਿੱਤ ਹੈ।

ਇਸ ਮੌਕੇ ਗੱਲਬਾਤ ਕਰਦਿਆਂ ਡਾ. ਜਵੰਧਾ ਨੇ ਕਿਹਾ, "ਸੰਜੀਵ ਅਰੋੜਾ ਜੀ ਲਈ ਲੋਕਾਂ ਨੇ ਜੋ ਭਰੋਸਾ ਦਿਖਾਇਆ ਹੈ, ਉਹ ਸਾਡੀ ਨੀਤੀਆਂ ਤੇ ਲੋਕ-ਕੇਂਦਰਤ ਕੰਮਾਂ ਦਾ ਪਰਿਣਾਮ ਹੈ ,ਜਿਸ ਨਾਲ ਇਹ ਸਾਫ਼ ਹੁੰਦਾ ਹੈ ਕਿ ਲੋਕ ਹੁਣ ਝੂਠੇ ਵਾਅਦਿਆਂ ਵਾਲੀ ਨਹੀਂ, ਹਕੀਕਤੀ ਵਿਕਾਸ ਨਾਲ ਜੁੜੀ ਰਾਜਨੀਤੀ ਨੂੰ ਆਪਣਾ ਰਹੇ ਹਨ।"ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਦੇ ਹਰ ਹਿੱਸੇ ਵਿਚ ਵਿਕਾਸ ਦੇ ਨਵੇਂ ਅਧਿਆਇ ਲਿਖੇ ਜਾਣਗੇ ਅਤੇ ਹਰ ਵਰਗ ਦੀ ਆਵਾਜ਼ ਸਰਕਾਰ ਤੱਕ ਪਹੁੰਚਾਈ ਜਾਵੇਗੀ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋਇਆ ਹੈ। ਉਨ੍ਹਾਂ ਦੀ ਸਾਫ਼ ਨੀਅਤ, ਕੜੀ ਮਿਹਨਤ ਅਤੇ ਲੋਕਾਂ ਲਈ ਲਗਨ ਨੇ ਪਾਰਟੀ ਨੂੰ ਹਰ ਵਰਗ ਵਿੱਚ ਮਜ਼ਬੂਤ ਕੀਤਾ ਹੈ। ਪੰਜਾਬ ਦੇ ਲੋਕਾਂ ਨੇ ਭਰੋਸਾ ਕੀਤਾ ਹੈ ਕਿ ਇਹ ਸਰਕਾਰ ਉਹਨਾਂ ਲਈ ਕੰਮ ਕਰ ਰਹੀ ਹੈ, ਨਾ ਕਿ ਵੋਟਾਂ ਲਈ ਨਾਟਕ।

ਡਾ. ਜਵੰਧਾ ਨੇ ਗੁਜਰਾਤ ਵਿਚ ਜਿਮਨੀ ਚੋਣਾਂ ਦੌਰਾਨ 'ਆਪ' ਪਾਰਟੀ ਦੇ ਉਮੀਦਵਾਰ ਇਟਾਲੀਆ ਗੋਪਾਲ ਜੀ ਦੀ ਹੋਈ ਸ਼ਾਨਦਾਰ ਜਿੱਤ 'ਤੇ ਵੀ ਖੁਸ਼ੀ ਪ੍ਰਗਟਾਈ ਅਤੇ ਉਨ੍ਹਾਂ ਨੂੰ ਬਹੁਤ-ਬਹੁਤ ਵਧਾਈ ਦਿੱਤੀ।

ਅੰਤ ਵਿੱਚ, ਡਾ. ਜਵੰਧਾ ਨੇ ਸਾਰਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਇਹ ਮੱਤਦਾਨ ਸਿਰਫ ਇੱਕ ਜਿੱਤ ਨਹੀਂ, ਸਗੋਂ ਨਵੀਂ ਰਾਜਨੀਤਿਕ ਦਿਸ਼ਾ ਦੀ ਸ਼ੁਰੂਆਤ ਹੈ।

# ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਬਲਾਕ ਦਿੜ੍ਹਬਾ ਦੇ ਆਗੂ ਪੁਲਿਸ ਚੌਕੀ ਇੰਚਾਰਜ ਨੂੰ ਮਿਲੇ

ਦਿੜ੍ਹਬਾ ਮੰਡੀ, 23 ਜੂਨ (ਸੁਖਵਿੰਦਰ ਸਿੰਘ ਵਿਰਕ):ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਇਕਾਈ ਦੇ ਆਗੂ ਪੁਲਿਸ ਚੌਕੀਂ ਇੰਚਾਰਜ ਮਹਿਲਾਂ ਨੂੰ ਮਿਲੇ। ਕਿਸਾਨ ਆਗੂ ਹਰਜੀਤ ਸਿੰਘ ਅਤੇ ਅਮਨਦੀਪ ਸਿੰਘ ਮਹਿਲਾਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੁਲਿਸ ਚੌਕੀ ਮਹਿਲਾਂ ਵੱਲੋਂ ਪਰਾਲੀ ਦੇ ਪਾਏ ਝੂਠੇ ਪਰਚਿਆਂ ਲਈ ਕਿਸਾਨਾਂ ਦੀਆਂ ਗਿਰਫ਼ਤਾਰੀਆਂ ਕਰਨ ਸਬੰਧੀ ਕਿਸਾਨਾਂ ਦੇ ਘਰਾਂ ਵਿੱਚ ਪੁਲਿਸ ਵੱਲੋਂ ਛਾਪੇ ਮਾਰੇ ਜਾ ਰਹੇ ਹਨ ਪਰਾਲੀ ਨੂੰ ਅੱਗ ਲਾਉਣਾ ਕਿਸਾਨਾਂ ਦਾ ਸ਼ੌਕ ਨਹੀਂ ਮਜਬੂਰੀ ਹੈ,ਕਿਸਾਨ ਤਾਂ ਝੋਨੇ ਦੀ ਫਸਲ ਪੈਦਾ ਕਰਕੇ ਦੇਸ਼ ਦੇ ਅੰਨ ਭੰਡਾਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ ਸਰਕਾਰ ਪਰਾਲੀ ਦਾ ਕੋਈ ਠੋਸ ਪ੍ਰਬੰਧ ਨਹੀਂ ਕਰ ਸਕੀ ਅਤੇ ਕਿਸਾਨਾਂ 'ਤੇ ਪਰਚੇ ਪਾ ਕੇ ਡਰਾਇਆ ਧਮਕਾਇਆ ਜਾ ਰਿਹਾ ਹੈ ਕਿਸਾਨ ਤਾਂ ਸਾਰੀਆਂ ਫਸਲਾਂ 'ਤੇ ਐਮ ਐਸ ਪੀ ਦੀ ਕਾਨੂੰਨੀ ਗਰੰਟੀ ਮੰਗ ਰਹੇ ਹਨ ਤਾਂ ਕਿ ਝੋਨੇ ਦੀ ਫਸਲ ਤੋਂ ਖਹਿੜਾ ਛੁਡਾਇਆ ਜਾ ਸਕੇ। ਇਸ ਸੰਬੰਧ ਵਿੱਚ ਚੌਕੀ ਇੰਚਾਰਜ ਮਹਿਲਾਂ ਚੌਕ ਨੂੰ ਵਫ਼ਦ ਮਿਲਿਆ ਇਸ ਮੌਕੇ ਕਿਸਾਨਾਂ ਨੇ ਪ੍ਰਸ਼ਾਸਨ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਜੇਕਰ ਕਿਸਾਨਾਂ ਨੂੰ ਇਸੇ ਤਰ੍ਹਾਂ ਤੰਗ ਪਰੇਸ਼ਾਨ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੁਲਿਸ ਚੌਕੀ ਮਹਿਲਾਂ ਦਾ ਘਿਰਾਓ ਕੀਤਾ ਜਾਵੇਗਾ। ਵਫ਼ਦ ਵਿੱਚ ਹਾਜ਼ਰ ਸਾਥੀ ਜਗਜੀਤ ਸਿੰਘ ਸੇਖੋਂ, ਜਗਦੀਪ ਸਿੰਘ ਘੁਮਾਣ,ਚਮਕੌਰ ਸਿੰਘ ਘੁਮਾਣ,ਗੁਰਜੰਟ ਸਿੰਘ ਖਰਾ,ਸੁਖਬੀਰ ਸਿੰਘ ਝੱਲੀ,ਗੁਰਸੇਵਕ ਸਿੰਘ ਸੋਹੀ,ਧਰਮ ਸਿੰਘ ਖਰਾ,ਕਰਨੈਲ ਦਾਸ ਬਾਵਾ, ਬਿੰਦਰ ਸਿੰਘ ਦੁਲਟ,ਗੁਰਮੇਲ ਸਿੰਘ ਚਹਿਲ,ਜੱਗਾ ਸਿੰਘ ਮਾਨ ਤੋਂ ਇਲਾਵਾ ਹੋਰ ਵੀ ਕਿਸਾਨ ਹਾਜ਼ਰ ਸਨ।

# ਬਿਨਾਂ ਲਾਈਸੈਂਸ ਤੋਂ ਡਾਕਟਰੀ ਦੁਕਾਨ ਚਲਾਉਣ ਵਾਲੇ ਤੋਂ ਲੱਖਾਂ ਦੀਆਂ ਦਵਾਈਆਂ ਫੜੀਆਂ

ਤਪਾ ਮੰਡੀ 23 ਜੂਨ (ਭੂਸ਼ਨ ਘੜੈਲਾ): ਪੰਜਾਬ ਸਰਕਾਰ ਅਤੇ ਡੀਜੀਪੀ ਗੌਰਬ ਯਾਦਵ ਵੱਲੋਂ ਯੁੱਧ ਨਸ਼ਿਆਂ ਦੇ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਬਰਨਾਲਾ ਦੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਅਤੇ ਜ਼ਿਲ੍ਹਾ ਬਰਨਾਲਾ ਦੇ ਐਸ ਐਸ ਪੀ ਮੁੰਹਮਦ ਸਰਫਰਾਜ ਆਲਮ ਦੀਆ ਹਦਾਇਤ ਅਨੁਸਾਰ ਤਪਾ ਪੁਲਿਸ ਸਬ ਇੰਸਪੈਕਟਰ ਸਰੀਫ ਖਾਨ ਨੇ ਜ਼ਿਲ੍ਹਾ ਬਰਨਾਲਾ ਦੀ ਡਰੱਗ ਕੰਟਰੋਲਰ ਇੰਸਪੈਕਟਰ ਪ੍ਰਨੀਤ ਕੌਰ ਦੀ ਅਗਵਾਈ ਹੇਠ ਪਿੰਡ ਢਿੱਲਵਾਂ ਵਿਖੇ ਬਿਨਾਂ ਲਾਈਸੈਂਸ ਤੋਂ ਚੱਲ ਰਹੀ ਮੈਡੀਕਲ ਵਿੱਚੋਂ ਬਿਨਾਂ ਬਿੱਲਾਂ ਤੋਂ ਮੈਡੀਕਲ ਦਵਾਈਆਂ ਫੜੀਆਂ ਗਈਆਂ। ਸਰੀਫ ਖਾਨ ਨੇ ਕਿਹਾ ਕਿ ਸਾਨੂੰ ਇਸ ਮੈਡੀਕਲ ਬਾਰੇ ਪਤਾ ਲੱਗਿਆ ਸੀ ਕਿ ਬਿਨਾ ਲਾਈਸੈਂਸ ਤੋਂ ਮੈਡੀਕਲ ਦੁਕਾਨ ਚੱਲ ਰਹੀ ਹੈ ਜਿੱਥੇ ਕਿ ਨਸ਼ਿਆਂ ਵਰਗੀਆਂ ਗੋਲੀਆਂ ਵੇਚੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਜ਼ਿਲ੍ਹਾ ਡਰੱਗ ਕੰਟਰੋਲਰ ਇੰਸਪੈਕਟਰ ਵੱਲੋਂ ਕੁਝ ਦਵਾਈਆਂ ਦੇ ਸੈਂਪਲ ਭਰੇ ਗਏ ਹਨ ਜੋ ਕਿ ਉਸ ਪੂਰੀ ਸੈਂਪਲ ਦੀ ਰਿਪੋਰਟ ਅਨੁਸਾਰ ਬਿਨਾਂ ਲਾਈਸੈਂਸ ਤੋਂ ਮੈਡੀਕਲ ਦੁਕਾਨ ਚਲਾਉਣ ਵਾਲੇ ਦੇ ਵਿਰੁੱਧ ਕਾਰਵਾਈ ਹੋਵੇਗੀ। ਮੌਕੇ ਕੁਝ ਨਸ਼ੀਲੀਆਂ ਦਵਾਈਆਂ ਫੜੀਆਂ ਗਈਆਂ ਹਨ ਜਿਨ੍ਹਾਂ ਦੇ ਅਧਾਰ ਅਨੁਸਾਰ ਮੈਡੀਕਲ ਦੁਕਾਨ ਚਲਾਉਣ ਵਾਲੇ ਦੇ ਵਿਰੁੱਧ ਕਾਰਵਾਈ ਕੀਤੀ ਜਾ ਰਹੀ ਹੈ।

## ਠੰਡੇ ਮਿੱਠੇ ਜਲ ਦੀ ਛਬੀਲ ਲਗਾਈ



ਮੌੜ ਮੰਡੀ 23 ਜੂਨ (ਭੋਲਾ ਸਿੰਘ ਮਾਨ) : ਮੌੜ ਮੰਡੀ ਦੇ ਸ਼੍ਰ$ਗੀ ਬਾਲਾ ਜੀ ਮੰਦਿਰ ਗਨੇਸ਼ ਕਾਲੌਨੀ ਵਿਖੇ ਸਮਾਜ ਸੇਵਕਾਂ ਵਲੋ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸਮਾਜਸੇਵੀਆਂ ਨੇ ਗਰਮੀ ਤੋਂ ਰਾਹਤ ਦਿਵਾਉਣ ਲਈ ਰਾਹਗੀਰਾਂ ਨੂੰ ਠੰਡਾ ਮਿੱਠਾ ਜਲ ਪਿਲਾਇਆ। ਇਸ ਮੌਕੇ ਮੰਦਿਰ ਦੇ ਪੁਜਾਰੀ ਗੁਰਮੇਲ ਸ਼ਰਮਾ ਨੇ ਕਿਹਾ ਕਿ ਠੰਡੇ ਮਿੱਠੇ ਜਲ ਦੀ ਛਬੀਲ ਲਗਾਉਣ ਨਾਲ ਆਪਸੀ ਭਾਈਚਾਰਕ ਸਾਂਝ ਵੱਧਦੀ ਹੈ ਅਤੇ ਲੋਕਾਂ ਚ ਸਮਾਜ ਸੇਵਾ ਕਰਨ ਦੀ ਭਾਵਨਾ ਵਿਕਸਿਤ ਹੁੰਦੀ ਹੈ। ਧਾਰਮਿਕ ਗ੍ਰੰਥਾ ਵਿੱਚ ਵੀ ਵਰਨਣ ਆਉਂਦਾ ਹੈ ਕਿ ਜਲ ਪਿਲਾਉਣ ਦੀ ਸੇਵਾ ਤੋ ਸਭ ਤੋਂ ਉੱਤਮ ਸੇਵਾ ਹੈ। ਇਸ ਲਈ ਹਰ ਇੱਕ ਮਨੁੱਖ ਨੂੰ ਵੱਧ ਚੜ੍ਹ ਕੇ ਮਨੁੱਖਤਾ ਅਤੇ ਵਾਤਾਵਰਣ ਦੀ ਸੇਵਾ ਸੰਭਾਲ ਕਰਨੀ ਚਾਹੀਦੀ ਹੈ।ਇਸ ਮੌਕੇ ਯੋਗੇਸ਼ ਸ਼ਰਮਾ, ਚੇਤਨ ਸ਼ਰਮਾ, ਪ੍ਰਵੀਨ ਬਾਲਾ, ਗੀਤਾ ਰਾਣੀ, ਦੀਪਿਕਾ ਗੋਇਲ, ਇਸ਼ੂ ਗੋਇਲ, ਸੁਮਨ ਗੋਇਲ, ਨਿਰਮਲਾ ਰਾਣੀ, ਨਿਰਮਲਾ ਗੋਇਲ, ਪ੍ਰਵੀਨ ਗੋਇਲ, ਸੁਨੇਹਾ ਸ਼ਰਮਾ, ਨਿਰਭੈ ਸਿੰਘ, ਮਾਤਾ ਮੂਰਤੀ ਦੇਵੀ ਆਦਿ ਨੇ ਵਿਸ਼ੇਸ਼ ਸਹਿਯੋਗ ਦਿਤਾ।

## ਹਾਈ-ਪ੍ਰੋਫਾਈਲ ਚੋਰ 48 ਘੰਟਿਆਂ ਅੰਦਰ ਪੁਲਿਸ ਨੇ ਕੀਤਾ ਕਾਬੂ, ਚੋਰੀ ਕੀਤਾ 20 ਤੋਲੇ ਸੋਨਾ ਬਰਾਮਦ



ਬਠਿੰਡਾ, 23 ਜੂਨ (ਦੀਪਕ ਸ਼ਰਮਾ):ਸ਼ਹਿਰ ਦੇ ਪੌਸ਼ ਇਲਾਕੇ ਮਾਡਲ ਟਾਊਨ ਫੇਜ਼-1 ਵਿਖੇ ਇੱਕ ਕੋਠੀ ਵਿੱਚ ਹੋਈ ਚੋਰੀ ਦੀ ਵੱਡੀ ਵਾਰਦਾਤ ਨੂੰ ਬਠਿੰਡਾ ਪੁਲਿਸ ਨੇ ਸਿਰਫ਼ 48 ਘੰਟਿਆਂ ਦੇ ਅੰਦਰ ਸੁਲਝਾ ਲਿਆ ਹੈ।ਇਸ ਹਾਈ-ਪ੍ਰੋਫਾਈਲ ਮਾਮਲੇ ਵਿੱਚ ਪੁਲਿਸ ਨੇ ਇੱਕ ਸ਼ਾਤਿਰ ਚੋਰ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਸ ਦੀ ਪਛਾਣ ਦੰਗਾ ਪੀੜਤ ਕਲੋਨੀ ਨਿਵਾਸੀ ਸੰਜੂ ਵਜੋਂ ਹੋਈ ਹੈ। ਸੰਜੂ 'ਤੇ ਪਹਿਲਾਂ ਵੀ ਚੋਰੀ ਦੇ ਚਾਰ-ਪੰਜ ਮਾਮਲੇ ਦਰਜ ਹਨ, ਜੋ ਉਸਦੇ ਅਪਰਾਧਿਕ ਪਿਛੋਕੜ ਨੂੰ ਦਰਸਾਉਂਦੇ ਹਨ। ਪੁਲਿਸ ਨੇ ਮੁਲਜਮ ਕੋਲੋਂ ਚੋਰੀ ਕੀਤਾ ਗਿਆ ਲਗਭਗ 20 ਤੋਲੇ ਸੋਨਾ ਅਤੇ ਹੋਰ ਕੀਮਤੀ ਸਾਮਾਨ ਬਰਾਮਦ ਕਰ ਲਿਆ ਹੈ। ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਡੀਐਸਪੀ ਮਨਜੀਤ ਸਿੰਘ ਨੇ ਦੱਸਿਆ ਹੈ ਕਿ 19-20 ਜੂਨ ਦੀ ਰਾਤ ਨੂੰ ਮਾਡਲ ਟਾਊਨ ਸਥਿਤ ਕੋਠੀ ਨੰਬਰ 1295 ਤੋਂ ਅਣਪਛਾਤੇ ਚੋਰ ਲਗਭਗ 20 ਤੋਲੇ ਦੇ ਸੋਨੇ ਦੇ ਗਹਿਣੇ ਅਤੇ ਹੋਰ ਕੀਮਤੀ ਸਾਮਾਨ ਚੋਰੀ ਕਰ ਲੈ ਗਏ ਸਨ। ਇਸ ਸਬੰਧ ਵਿੱਚ ਕੋਠੀ ਮਾਲਕ ਸੁਨੀਲ ਕੁਮਾਰ ਗੁਪਤਾ ਦੀ ਸ਼ਿਕਾਇਤ 'ਤੇ ਅਣਪਛਾਤੇ ਵਿਅਕਤੀਆਂ ਖ਼ ?ਲਾਫ਼ ਮਾਮਲਾ ਦਰਜ ਕੀਤਾ ਗਿਆ ਸੀ।ਡੀਐਸਪੀ ਨੇ ਅੱਗੇ ਦੱਸਿਆ ਕਿ ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਐਸਐਚਓ ਸਿਵਲ ਲਾਈਨ ਹਰਜੋਤ ਸਿੰਘ ਦੀ ਅਗਵਾਈ ਵਿੱਚ ਇੱਕ ਟੀਮ ਦਾ ਗਠਨ ਕੀਤਾ ਗਿਆ ਸੀ। ਟੀਮ ਨੇ ਵੱਖ-ਵੱਖ ਪਹਿਲੂਆਂ 'ਤੇ ਡੂੰਘੀ ਜਾਂਚ ਕਰਦੇ ਹੋਏ ਤਕਨੀਕੀ ਅਤੇ ਮਨੁੱਖੀ ਸੋਰਸਾਂ ਤੋਂ ਮਿਲੀਆਂ ਸੂਚਨਾਵਾਂ ਦੇ ਆਧਾਰ 'ਤੇ ਉਕਤ ਸੰਜੂ ਨਾਮਕ ਨੌਜਵਾਨ ਦਾ ਪਤਾ ਲਗਾਇਆ 'ਤੇ ਉਸ ਉੱਪਰ ਸ਼ਿਕੰਜਾ ਕੱਸਿਆ। ਡੀਐਸਪੀ ਅਨੁਸਾਰ ਪੁਲਿਸ ਨੇ ਉਕਤ ਨੌਜਵਾਨ ਨੂੰ ਉਦੋਂ ਫੜਿਆ ਜਦੋਂ ਉਹ ਬੋਹਾ ਵਿੱਚ ਇੱਕ ਕਾਰ ਵਿੱਚ ਚੋਰੀ ਕੀਤੇ ਗਏ ਸੋਨੇ ਦੇ ਗਹਿਣੇ ਵੇਚਣ ਦੀ ਫਿਰਾਕ ਵਿੱਚ ਘੁੰਮ ਰਿਹਾ ਸੀ। ਪੁਲਿਸ ਨੇ ਉਸਨੂੰ ਕਾਰ ਸਮੇਤ ਦਬੋਚ ਲਿਆ ਅਤੇ ਉਸਦੇ ਕੋਲੋਂ ਚੋਰੀ ਕੀਤੇ ਗਏ ਸੋਨੇ ਦੇ ਗਹਿਣੇ ਤੇ ਹੋਰ ਸਾਮਾਨ ਬਰਾਮਦ ਕਰ ਲਿਆ। ਪੁਲਿਸ ਅਧਿਕਾਰੀ ਨੇ ਦੱਸਿਆ ਹੈ ਕਿ ਕਥਿਤ ਦੋਸ਼ੀ ਨੂੰ ਅਦਾਲਤ ਪੇਸ਼ ਕਰਕੇ ਰਿਮਾਂਡ ਹਾਸਲ ਕੀਤਾ ਜਾਵੇਗਾ ਤਾਂ ਕਿ ਪਤਾ ਲਗਾਇਆ ਜਾ ਸਕੇ ਉਹ ਹੁਣ ਤੱਕ ਕਿੰਨੀਆਂ ਵਾਰਦਾਤਾਂ ਨੂੰ ਅੰਜਾਮ ਦੇ ਚੁੱਕਾ ਹੈ। ਇਸ ਤੋਂ ਇਲਾਵਾ ਇਸ ਚੋਰੀ ਦੀ ਵਾਰਦਾਤ ਵਿੱਚ ਸ਼ਾਮਲ ਹੋਰ ਸ਼ੱਕੀ ਵਿਅਕਤੀਆਂ ਬਾਰੇ ਪੁੱਛਗਿੱਛ ਕੀਤੀ ਜਾ ਸਕੇ ਅਤੇ ਚੋਰਾ ਦੇ ਇਸ ਪੂਰੇ ਨੈੱਟਵਰਕ ਦਾ ਭੰਡਾਫੋੜ ਕੀਤਾ ਜਾ ਸਕੇ। ਪੁਲਿਸ ਨੇ ਇਹ ਵੀ ਸਪੱਸ਼ਟ ਕੀਤਾ ਕਿ ਸ਼ਹਿਰ ਵਿੱਚ ਚੋਰੀ ਅਤੇ ਹੋਰ ਅਪਰਾਧਿਕ ਗਤੀਵਿਧੀਆਂ ਨੂੰ ਰੋਕਣ ਲਈ ਸਖ਼ਤ ਕਦਮ ਚੁੱਕੇ ਜਾ ਰਹੇ ਹਨ।

## ਮੌੜ ਮੰਡੀ ਤੋਂ ਸ਼੍ਰੀ ਸੰਗਮੇਸ਼ਵਰ ਮਹਾਦੇਵ ਮੰਦਰਅਰੁਣਾਏ ਲਈ 134ਵੀਂ ਬੱਸ ਯਾਤਰਾ




ਮੌੜ ਮੰਡੀ, 23 ਜੂਨ (ਭੋਲਾ ਸਿੰਘ ਮਾਨ): ਸ਼੍ਰੀ ਸੰਗਮੇਸ਼ਵਰ ਮਹਾਦੇਵ ਸੇਵਾ ਮੰਡਲ, ਮੌੜ ਵੱਲੋਂ ਸ਼ਰਧਾਲੂਆਂ ਨੂੰ ਸ਼੍ਰੀ ਸੰਗਮੇਸ਼ਵਰ ਮਹਾਦੇਵ ਮੰਦਰ, ਅਰੁਣਾਏ ਦੇ ਦਰਸ਼ਨ ਕਰਵਾਉਣ ਲਈ 134 ਵੀਂ ਬੱਸ ਯਾਤਰਾ ਰਵਾਨਾ ਹੋਈ। ਇਸ ਬੱਸ ਯਾਤਰਾ ਨੂੰ ਸੰਜੇ ਸ਼ਾਸਤਰੀ ਜੀ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸੇਵਾ ਮੰਡਲ ਦੇ ਪ੍ਰਧਾਨ ਬੱਬੂ ਜਿੰਦਲ ਅਤੇ ਸਕੱਤਰ ਰਾਕੀ ਸਿੰਗਲਾ ਨੇ ਦੱਸਿਆ ਕਿ ਯਾਤਰਾ ਦੌਰਾਨ ਸ਼ਰਧਾਲੂ ਸੀਤਾਸਰ ਮੰਦਰ (ਸੁਨਾਮ), ਕਾਲੀ ਮਾਤਾ ਮੰਦਰ (ਪਟਿਆਲਾ) ਵਿਖੇ ਵੀ ਦਰਸ਼ਨ ਕਰਨਗੇ।ਇਸ ਮੌਕੇ ਬਿੰਦਰ ਸਿੰਘ, ਨੀਤਿਸ ਵਧਵਾ, ਗੁਨੀਤ ਸਿੰਘ, ਬੱਬੂ ਸ਼ਰਮਾ, ਅੰਕੁਸ਼ ਬੰਸਲ, ਰਜਨੀਸ਼, ਰਾਜੀਵ ਫਾਰਮਾਸਿਸਟ, ਰਾਜੂ, ਸੁਮਿਤ, ਪ੍ਰੇਮ, ਗੌਰਵ, ਸੋਮਨਾਥ, ਵਿਸ਼ਾਲ ਨਾਰੰਗ, ਸੋਨੂ ਅਰੋੜਾ, ਸੁਰਿੰਦਰ ਮਹਿਤਾ ਆਦਿ ਤੋ ਇਲਾਵਾ ਭਾਰੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ।

## ਜ਼ਿੰਦਗੀ 'ਚ ਕੁੱਝ ਬਣ ਕੇ ਦਿਖਾਉਣ ਲਈ ਠਾਣੀ ਸੋਚ ਲਾਜ਼ਮੀ ਕਾਮਯਾਬੀ ਵੱਲ ਲੈ ਕੇ ਜਾਂਦੀ ਹੈ : ਡੀ.ਸੀ.



ਮਾਨਸਾ, 23 ਜੂਨ: (ਵਿਰੇਂਦਰਪਾਲ ਮੰਤਰੋ) :ਜ਼ਿੰਦਗੀ 'ਚ ਕੁੱਝ ਬਣ ਕੇ ਦਿਖਾਉਣ ਲਈ ਠਾਣੀ ਸੋਚ ਲਾਜ਼ਮੀ ਕਾਮਯਾਬੀ ਵੱਲ ਲੈ ਕੇ ਜਾਂਦੀ ਹੈ।ਅਸੀਂ ਜ਼ਿੰਦਗੀ ਵਿਚ ਜੋ ਬਣਨ ਲਈ ਸੋਚਦੇ ਹਾਂ ਉਸ ਲਈ ਆਪਣੇ ਆਪ ਰਾਹ ਖੁੱਲ੍ਹਦੇ ਨੇ, ਆਪਣੇ ਆਪ ਤੁਹਾਡੇ ਆਲੇ ਦੁਆਲੇ ਓਹੋ ਜਿਹਾ ਮਾਹੌਲ ਬਣਦਾ ਹੈ ਅਤੇ ਆਪ ਮੁਹਾਰੇ ਹੀ ਤੁਹਾਡੀ ਮੰਜ਼ਿਲ੍ਹਾ ਲਈ ਪੌੜੀਆਂ ਬਣ ਕੇ ਲੋਕ ਤੁਹਾਨੂੰ ਮਿਲ ਜਾਂਦੇ ਨੇ, ਬਸ ਗੱਲ ਹੈ ਕਿਸੇ ਟੀਚੇ ਦੀ ਪ੍ਰਾਪਤੀ ਲਈ ਠਾਣ ਲੈਣ ਦੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਡਿਪਟੀ ਕਮਿਸ਼ਨਰ ਸ੍ਰ. ਕੁਲਵੰਤ ਸਿੰਘ, ਆਈ.ਏ.ਐੱਸ. ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਅੱਠਵੀਂ, ਦਸਵੀਂ ਅਤੇ ਬਾਰ੍ਹਵੀਂ ਕਲਾਸ ਵਿਚ ਮੈਰਿਟ 'ਚ ਆਏ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਮੌਕੇ ਕੀਤਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁਸ਼ਕਿਲਾਂ, ਔਕੜਾਂ, ਤਕਲੀਫ਼ਾਂ ਹਰ ਖੇਤਰ ਵਿਚ ਆਉਂਦੀਆਂ ਨੇ, ਜੋ ਕਿ ਜ਼ਿੰਦਗੀ ਦਾ ਹਿੱਸਾ ਨੇ। ਅਜ਼ਿਹੀਆਂ ਜਾਂ ਟੀਚਿਆਂ ਦੀ ਪ੍ਰਾਪਤੀ ਤੋਂ ਬਾਅਦ ਵੀ ਔਕੜਾਂ, ਮੁਸ਼ਕਿਲਾਂ ਆਉਂਦੀਆਂ ਨੇ ਪਰ ਉਨ੍ਹਾਂ ਨੂੰ ਹੱਲ ਕਰਕੇ ਅੱਗੇ ਕਿਵੇਂ ਵਧਣਾ ਹੈ ਇਹੋ ਸਿੱਖਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੈਰਿਟ 'ਚ ਆਉਣ ਵਾਲਾ ਹਰ ਵਿਦਿਆਰਥੀ ਅੱਗੇ ਹੋ ਮਿਹਨਤ ਕਰੇ ਜੋ ਉਹ ਬਣਨਾ ਚਾਹੁੰਦੇ ਨੇ ਉਸ ਦੀ ਪੜ੍ਹਾਈ ਕਰਨ, ਉਸ ਦੇ ਲਈ ਤਜ਼ਰਬੇ ਹਾਸਲ ਕਰਨ ਅਤੇ ਮਨ ਵਿਚ ਧਾਰ ਲੈਣ ਕਿ ਉਸ ਖੇਤਰ ਵਿਚ ਕਾਮਯਾਬ ਹੋ ਕੇ ਹੀ ਰਹਿਣਾ ਹੈ, ਤਾਂ ਤੁਹਾਨੂੰ ਕਾਮਯਾਬ ਹੋਣ 'ਚ ਕੋਈ ਨਹੀਂ ਰੋਕ ਸਕਦਾ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜਿੱਥੇ ਵਿਦਿਆਰਥੀਆਂ ਨਾਲ ਆਪਣੇ ਆਈ.ਏ.ਐੱਸ. ਬਣਨ ਤੱਕ ਦੇ ਸਫ਼ਰ ਬਾਰੇ ਤਜ਼ਰਬੇ ਸਾਂਝੇ ਕੀਤੇ ਉੱਥੇ ਹੀ ਵਿਦਿਆਰਥੀਆਂ ਪਾਸੋਂ ਉਨ੍ਹਾਂ ਦੀ ਰੁਚੀ, ਭਵਿੱਖ ਲਈ ਉਨ੍ਹਾਂ ਟੀਚਿਆਂ ਬਾਰੇ ਜਾਣਿਆ ਅਤੇ ਉਨ੍ਹਾਂ ਦੀ ਦਿਲਚਸਪੀ ਵਾਲੇ ਖੇਤਰਾਂ ਬਾਰੇ ਆਪਣੇ ਸੁਝਾਅ ਦਿੱਤੇ।ਜ਼ਿਲ੍ਹਾ ਸਿੱਖਿਆ ਅਫ਼ਸਰ (ਸ:ਸਿ) ਭੁਪਿੰਦਰ ਕੌਰ ਨੇ ਵਿਦਿਆਰਥੀਆਂ ਦੀ ਹੌਂਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਮਿਹਨਤ ਹੀ ਹਰ ਟੀਚੇ ਦੀ ਪ੍ਰਾਪਤੀ ਦੀ ਕੁੰਜੀ ਹੈ। ਉਨ੍ਹਾਂ ਕਿਹਾ ਕਿ ਸਾਰੇ ਵਿਦਿਆਰਥੀ ਇਸੇ ਤਰ੍ਹਾਂ ਮਿਹਨਤ ਕਰਕੇ ਆਪਣੇ ਭਵਿੱਖ ਨੂੰ ਸੁਨਹਿਰਾ ਬਣਾਉਣ ਲਈ ਸਿਰਤੋੜ ਯਤਨ ਕਰਨ ਤਾਂ ਕਾਮਯਾਬੀ ਜ਼ਰੂਰ ਉਨ੍ਹਾਂ ਦੇ ਕਦਮ ਚੁੰਮੇਗੀ ਇਸ ਉਪਰੰਤ ਡਿਪਟੀ ਕਮਿਸ਼ਨਰ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸਪੀਕਰ ਪੰਜਾਬ ਵਿਧਾਨ ਸਭਾ ਵੱਲੋਂ ਹਸਤਾਖ਼ਰ ਕੀਤੇ ਪ੍ਰਸ਼ੰਸਾ ਪੱਤਰ ਸੌਂਪੇ।ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਭੋਗਲ ਤੋਂ ਇਲਾਵਾ ਮੈਰਿਟ 'ਚ ਆਏ ਵਿਦਿਆਰਥੀਆਂ ਦੇ ਮਾਪੇ ਅਤੇ ਅਧਿਆਪਕ ਸਾਹਿਬਾਨ ਮੌਜੂਦ ਸਨ।

## ਗੁਰਪ੍ਰੀਤ ਕੰਬੋਜ ਨੂੰ ਕਰੀਮਪੁਰੀ ਨੇ ਕਰਵਾਈ ਪਾਰਟੀ ਜੁਆਇਨ



ਖਨੌਰੀ, 23 ਜੂਨ (ਓਮਪ੍ਰਕਾਸ਼ ਮੁਖਲ): ਬਹੁਜਨ ਸਮਾਜ ਪਾਰਟੀ ਲਹਿਰਾ ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਖਨੌਰੀ ਸ਼ਹਿਰ ਦੇ ਨੌਜਵਾਨ ਆਗੂ ਗੁਰਪ੍ਰੀਤ ਸਿੰਘ ਕੰਬੋਜ ਵੱਲੋਂ ਬਸਪਾ ਦੀ ਲੋਕ ਸਭਾ ਪੱਧਰੀ ਪੰਜਾਬ ਸੰਭਾਲੋ ਰੈਲੀ ਵਿੱਚ ਆਪਣੇ ਸਾਥੀਆਂ ਸਮੇਤ ਪੰਜਾਬ ਦੇ ਬਸਪਾ ਸੂਬਾ ਪ੍ਰਧਾਨ ਸ. ਅਵਤਾਰ ਸਿੰਘ ਕਰੀਮਪੁਰੀ ਜੀ ਵੱਲੋਂ ਸਰੋਪੇ ਪਾ ਕੇ ਬਸਪਾ ਵਿੱਚ ਸ਼ਮੂਲੀਅਤ ਕਰਵਾਈ ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਕੋਆਰਡੀਨੇਟਰ ਅਤੇ ਹਲਕਾ ਇੰਚਾਰਜ ਇੰਜੀ ਅਮਨ ਥੇਹ ਨੇ ਦੱਸਿਆ ਕਿ ਇਸ ਸਭ ਦਾ ਸਿਹਰਾ ਖਨੌਰੀ ਦੇ ਸ਼ਹਿਰੀ ਪ੍ਰਧਾਨ ਗੁਲਾਬ ਛਾਛੀਆ ਦੇ ਸਿਰ ਜਾਂਦਾ ਹੈ ਜੋ ਲਗਾਤਾਰ ਸ਼ਹਿਰ ਅੰਦਰ ਪਾਰਟੀ ਦਾ ਪ੍ਰਚਾਰ ਕਰ ਰਹੇ ਹਨ, ਜਿਸ ਨਾਲ ਸ਼ਹਿਰ ਨਿਵਾਸੀ ਪ੍ਰਭਾਵਿਤ ਹੋ ਕੇ ਪਾਰਟੀ ਜੁਆਇਨ ਕਰ ਰਹੇ ਹਨ । ਪਾਰਟੀ ਜੁਆਇਨ ਕਰਨ ਤੋਂ ਬਾਅਦ ਗੁਰਪ੍ਰੀਤ ਕੰਬੋਜ ਨੇ ਦੱਸਿਆ ਕੇ ਉਹ ਬਸਪਾ ਵੱਲੋਂ ਰਹੀਆ ਸਰਕਾਰਾਂ ਦੌਰਾਨ ਸਰਵ ਸਮਾਜ ਦੇ ਕੀਤੇ ਭਲੇ ਤੋਂ ਪ੍ਰਭਾਵਿਤ ਹੋਈਆ ਹਨ । ਓਨਾ ਆਖਿਆ ਕੇ ਸਿਰਫ ਬਸਪਾ ਨੇ ਹੀ ਪੰਜਾਬ ਅੰਦਰ 1998 ਦੌਰਾਨ ਓਬੀਸੀ ਮੁੱਖ ਮੰਤਰੀ ਉਮੀਦਵਾਰ ਸ੍ਰੀ.ਡੀ ਸਿੰਘ ਕੰਬੋਜ ਨੂੰ ਐਲਾਨਿਆ ਸੀ । ਬਸਪਾ ਅੰਦਰ ਸਰਵ ਧਰਮ ,ਮਜਿਹਬ ਦੇ ਲੋਕਾਂ ਨੂੰ ਬਣਦਾ ਮਾਨ ਸਨਮਾਨ ਮਿਲਦਾ ਹੈ । ਜਿਸ ਤੋਂ ਪ੍ਰਭਾਵਿਤ ਹੋ ਤੇ ਓਹ ਪਾਰਟੀ ਵਿੱਚ ਸ਼ਾਮਿਲ ਹੋਏ ਹਨ ਅਤੇ ਅਖਿਆ ਕੇ ਉਹ ਦਿਨ ਰਾਤ ਪਾਰਟੀ ਦਾ ਕੰਮ ਕਰਨਗੇ ਦੇ ਪਾਰਟੀ ਦੀ ਲੋਕ ਪੱਖੀ ਨੀਤੀਆਂ ਦਾ ਪ੍ਰਚਾਰ ਕਰਨਗੇ। ਇਸ ਸਮੇਂ ਓਨਾਂ ਨਾਲ ਹਲਕਾ ਲਹਿਰਾ ਪ੍ਰਧਾਨ ਡਾ ਰਾਜਕੁਮਾਰ, ਡਾ. ਜੋਗਿੰਦਰ ਅਨਦਾਨਾ, ਭੂਰਾ ਲਹਿਲ, ਵਿੱਕੀ ਖਨੌਰੀ, ਵਿਕਰਮ ਗੁਲਾੜੀ, ਰਾਜੇਸ਼, ਜਸਵੰਤ ਚੋਹਾਨ, ਪ੍ਰਵੀਨ ਬਨਾਰਸੀ, ਸਾਹਿਬ ਛਾਛੀਆ, ਆਦਿ ਆਗੂ ਹਾਜਰ ਸਨ।

## ਜ਼ਿਮਨੀ ਚੋਣਾਂ 'ਚ 'ਆਪ' ਦੀ ਲੋਕਤੰਤਰ ਤੇ ਇਮਾਨਦਾਰੀ ਦੀ ਜਿੱਤ :ਬਲਕਾਰ ਸਿੱਧੂ




ਭਗਤਾ ਭਾਈ ਕਾ, 23 ਜੂਨ (ਸਵਰਨ ਸਿੰਘ ਭਗਤਾ):ਪੰਜਾਬ ਅਤੇ ਗੁਜਰਾਤ ਦੀਆਂ ਤਾਜ਼ਾ ਜ਼ਿਮਣੀ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਸ਼ਾਨਦਾਰ ਜਿੱਤ ਨੂੰ ਲੋਕਤੰਤਰ ਅਤੇ ਵਿਕਾਸ ਦੀ ਜਿੱਤ ਕਰਾਰ ਦਿੰਦਿਆਂ ਰਾਮਪੁਰਾ ਫੂਲ ਹਲਕੇ ਦੇ ਵਿਧਾਇਕ ਬਲਕਾਰ ਸਿੱਧੂ ਨੇ ਪਾਰਟੀ ਵਰਕਰਾਂ, ਹਮਦਰਦਾਂ ਅਤੇ ਸਾਥੀਆਂ ਨੂੰ ਵਧਾਈ ਦਿੱਤੀ।ਵਿਧਾਇਕ ਬਲਕਾਰ ਸਿੱਧੂ ਨੇ ਕਿਹਾ ਕਿ ਇਹ ਜਿੱਤ ਸਿਰਫ਼ ਇੱਕ ਪਾਰਟੀ ਦੀ ਨਹੀਂ, ਸਗੋਂ ਲੋਕਾਂ ਦੇ ਭਰੋਸੇ ਅਤੇ ਉਮੀਦਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੇ ਇਕ ਵਾਰ ਫਿਰ ਆਮ ਆਦਮੀ ਪਾਰਟੀ ਦੀ ਨੀਤੀਆਂ, ਸਾਫ਼ ਸੂਥਰੇ ਸ਼ਾਸਨ ਅਤੇ ਜ਼ਮੀਨੀ ਪੱਧਰ 'ਤੇ ਕੀਤੇ ਕਾਰਜਾਂ 'ਤੇ ਮੋਹਰ ਲਾਈ ਹੈ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਿੱਖਿਆ, ਸਿਹਤ, ਖੇਤੀ ਅਤੇ ਨੌਜਵਾਨਾਂ ਲਈ ਰੋਜ਼ਗਾਰ ਦੀਆਂ ਸਕੀਮਾਂ ਨੇ ਜ਼ਮੀਨੀ ਹਕੀਕਤ ਵਿੱਚ ਬਦਲਾਅ ਲਿਆ ਹੈ, ਜਿਸ ਕਰਕੇ ਲੋਕਾਂ ਨੇ ਆਮ ਆਦਮੀ ਪਾਰਟੀ ਤੇ ਆਪਣੇ ਭਰੋਸੇ ਨੂੰ ਹੋਰ ਮਜ਼ਬੂਤ ਕੀਤਾ ਹੈ।ਬਲਕਾਰ ਸਿੱਧੂ ਨੇ ਇਹ ਵੀ ਉਚਾਰਨ ਕੀਤਾ ਕਿ ਗੁਜਰਾਤ ਵਰਗੇ ਰਾਜ ਵਿੱਚ ਜਿੱਥੇ ਰਵਾਇਤੀ ਤਾਕਤਾਂ ਦਾ ਦੌਰ ਰਿਹਾ ਹੈ, ਉਥੇ ਆਮ ਆਦਮੀ ਪਾਰਟੀ ਦੀ ਜਿੱਤ ਇਕ ਨਵੀਂ ਰਾਜਨੀਤਿਕ ਲਹਿਰ ਦੀ ਸ਼ੁਰੂਆਤ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜੇ ਸਾਬਤ ਕਰਦੇ ਹਨ ਕਿ ਲੋਕ ਹੁਣ ਬਦਲਾਅ ਚਾਹੁੰਦੇ ਹਨ — ਇਕ ਐਸਾ ਬਦਲਾਅ ਜੋ ਇਮਾਨਦਾਰੀ, ਲੋਕ-ਕੇਂਦਰੀ ਨੀਤੀਆਂ ਅਤੇ ਵਿਕਾਸ ਉੱਤੇ ਆਧਾਰਿਤ ਹੋਵੇ।ਉਨ੍ਹਾਂ ਨੇ ਕਿਹਾ, ਇਹ ਜਿੱਤ ਸਾਨੂੰ ਹੋਰ ਜ਼ਿੰਮੇਵਾਰੀ ਨਾਲ ਕੰਮ ਕਰਨ ਦੀ ਪ੍ਰੇਰਨਾ ਦਿੰਦੀ ਹੈ।ਅਸੀਂ ਲੋਕਾਂ ਦੀ ਸੇਵਾ ਲਈ ਸਦਾ ਤਤਪਰ ਰਹਾਂਗੇ ਅਤੇ ਪੰਜਾਬ ਨੂੰ ਨਵੀਂ ਉਚਾਈਆਂ ਤੱਕ ਲੈ ਜਾਵਾਂਗੇ।

## ਫਤਿਹ ਗਰੁੱਪ ਖਨੌਰੀ ਨੇ ਤੀਜਾ ਸ਼ਾਨਦਾਰ ਕ੍ਰਿਕਟ ਕੱਪ ਟੂਰਨਾਮੈਂਟ ਕਰਵਾਇਆ



ਖਨੌਰੀ 23 ਜੂਨ (ਓਮਪ੍ਰਕਾਸ਼ ਮੁਖਲ) ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਫਤਿਹ ਗਰੁੱਪ ਖਨੌਰੀ ਵਲੋਂ ਤੀਜਾ ਸ਼ਾਨਦਾਰ ਕ੍ਰਿਕਟ ਕੱਪ ਟੂਰਨਾਮੈਂਟ ਮਿਤੀ 20, 21, 22 ਜੂਨ ਨੂੰ ਕਰਵਾਇਆ ਗਿਆ। ਜਿਸ ਵਿਚ ਪੰਜਾਬ ਅਤੇ ਹਰਿਆਣਾ ਤੋਂ ਆਈਆਂ ਟੀਮਾਂ ਨੇ ਹਿੱਸਾ ਲਿਆ। ਜਿਨ੍ਹਾਂ ਵਿਚੋਂ ਹੇਮੂ ਮਾਜਰਾ ਪਿੰਡ ਦੀ ਟੀਮ ਨੇ ਪਹਿਲਾ ਅਤੇ ਪਿੰਡ ਝੀਲ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ । ਇਸ ਖੇਡ ਵਿਚ ਰਣਜੀਤ ਸਿੰਘ ਨੰਬਰਦਾਰ ਨੇ ਮੁੱਖ ਮਹਿਮਾਨ ਵਜੋਂ ਹਾਜਰੀ ਭਰੀ, ਇਸ ਮੌਕੇ ਗਰੁੱਪ ਆਗੂ ਸੱਤਵੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕਰਕੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਾਡਾ ਫਤਿਹ ਗਰੁੱਪ ਇਸ ਤਰ੍ਹਾਂ ਦੇ ਚੰਗੇ ਕਾਰਜਾਂ ਲਈ ਹਮੇਸ਼ਾ ਅੱਗੇ ਰਹਿੰਦਾ ਹੈ ਅਤੇ ਅੱਗੇ ਵੀ ਅਜਿਹੇ ਉਪਰਾਲਿਆਂ ਨਾਲ ਇਸੇ ਤਰ੍ਹਾਂ ਹੀ ਨੌਜਵਾਨਾਂ ਨੂੰ ਹਮੇਸ਼ਾ ਖੇਡਾਂ ਨਾਲ ਜੋੜ ਕੇ ਰੱਖਿਆ ਜਾਵੇਗਾ ।ਇਸ ਮੌਕੇ ਫਤਿਹ ਗਰੁੱਪ ਦੇ ਪ੍ਰਧਾਨ ਰਾਜੇਸ਼ ਕੁਮਾਰ, ਸਤਵੀਰ ਸਿੰਘ, ਅਰੁਣ ਰਾਜਪੂਤ, ਮੀਤਾ, ਅਭੀ ਖੰਨਾ, ਰਵੀ ਸੈਣੀ, ਅਸ਼ੋਕ, ਸਤਿਨਾਮ ਸਿੰਘ, ਸ਼ੰਕਰ ਆਦਿ ਹਾਜਰ ਸਨ।

## ਨਸ਼ੀਲੇ ਪਦਾਰਥਾਂ ਸਮੇਤ 9 ਗ੍ਰਿਫਤਾਰ

ਬਠਿੰਡਾ, 23 ਜੂਨ (ਦੀਪਕ ਸ਼ਰਮਾ):ਜ਼ਿਲ੍ਹਾ ਪੁਲਿਸ ਨੇ ਵੱਖ-ਵੱਖ ਥਾਵਾਂ ਤੋਂ 9 ਵਿਅਕਤੀਆਂ ਨੂੰ ਨਸ਼ੀਲੇ ਪਦਾਰਥਾਂ ਸਮੇਤ ਗ੍ਰਿਫਤਾਰ ਕਰਕੇ ਵੱਖ ਵੱਖ ਥਾਣਿਆਂ ਵਿੱਚ ਕੇਸ ਦਰਜ ਕੀਤਾ ਹੈ, ਜਦੋਂਕਿ ਇਕ ਵਿਅਕਤੀ ਨੂੰ ਨਸ਼ਾ ਕਰਦਿਆਂ ਫੜਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕੋਤਵਾਲੀ ਪੁਲਿਸ ਨੇ ਦਾਣਾ ਮੰਡੀ ਨੇੜਿਓਂ ਜ਼ਿੰਦਰ ਸਿੰਘ ਵਾਸੀ ਬਲਰਾਜ ਨਗਰ ਨੂੰ 6 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ। ਇਸ ਤਰ੍ਹਾਂ ਹੀ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਅਨੂਪ ਨਗਰ ਵਿੱਚ ਛਾਪੇਮਾਰੀ ਕਰਦਿਆਂ ਮਲਕੀਤ ਸਿੰਘ ਵਾਸੀ ਕ੍ਰਿਸ਼ਨਾ ਕਲੋਨੀ ਨੂੰ 75 ਪਾਬੰਦੀਸ਼ੁਦਾ ਕੈਪਸੂਲਾਂ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਥਰਮਲ ਬਠਿੰਡਾ ਦੀ ਪੁਲਿਸ ਨੇ ਮਲੋਟ ਰੋਡ 'ਤੇ ਇਕ ਮੋਟਰਸਾਈਕਲ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਚਾਲਕ ਕੋਲੋਂ 80 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਪਾਰਟੀ ਨੇ ਮੁਲਜਮ ਨੂੰ ਮੌਕੇ 'ਤੇ ਕਾਬੂ ਕਰ ਲਿਆ, ਜਿਸ ਦੀ ਪਛਾਣ ਜਸਵੀਰ ਸਿੰਘ ਵਾਸੀ ਗੁਰੂ ਨਾਨਕ ਨਗਰ ਬਠਿੰਡਾ ਵਜੋਂ ਹੋਈ ਹੈ। ਕਥਿਤ ਦੋਸ਼ੀ ਖਿਲਾਫ ਇਸ ਤੋਂ ਪਹਿਲਾਂ ਵੀ ਪੋਸਕੋ ਐਕਟ ਦੇ ਅਧੀਨ ਕੇਸ ਦਰਜ ਹੈ।

## ਮੋਦੀ ਸਰਕਾਰ ਨੇ 11 ਸਾਲਾਂ 'ਚ ਲੋਕਾਂ ਨੂੰ ਵੱਡੀ ਰਾਹਤ : ਆਕਲੀਆ



ਭੁੱਚੋ ਮੰਡੀ/ ਨਥਾਣਾ, 23 ਜੂਨ ਦੀ (ਹਰਬੰਸ ਸਿੰਘ ਭੋਲਾ ) : ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੇ ਹਲਕਾ ਇੰਚਾਰਜ ਬਲਦੇਵ ਆਕਲੀਆਂ ਨੇ ਭੁੱਚੋ ਮੰਡੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕਿਹਾ ਕਿ ਭੁੱਚੋ ਦੇ ਮੰਡਲ ਮਹਿਮਾ ਸਰਜਾ ਦੇ ਸਮੂਹ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਵਰਕਰ ਸਾਹਿਬਾਨ ਦੀ ਇਕ ਮੀਟਿੰਗ ਲਖਵੀਰ ਸਿੰਘ ਕਾਲਾ ਦੇ ਗ੍ਰਹਿ ਵਿਖੇ ਕੀਤੀ ਗਈ ।ਇਸ ਮੀਟਿੰਗ ਵਿੱਚ ਮੋਦੀ ਸਰਕਾਰ ਦੇ 11 ਸਾਲਾਂ ਦੇ ਕਾਰਜ ਕਾਲ ਦੌਰਾਨ ਹੋਏ ਵਿਕਾਸ ਕਾਰਜਾਂ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਬਲਦੇਵ ਸਿੰਘ ਆਕਲੀਆ ਨੇ ਕਿਹਾ ਕਿ ਅੱਜ ਮੋਦੀ ਸਰਕਾਰ ਨੂੰ ਹੋਂਦ ਵਿੱਚ ਆਇਆ 11 ਸਾਲ ਹੋ ਗਏ ਹਨ। ਇਹਨੂੰ 11 ਸਾਲਾਂ ਦੇ ਦੌਰਾਨ ਮੋਦੀ ਸਰਕਾਰ ਨੇ ਲੋਕਾਂ ਨੂੰ ਬਹੁਤ ਸਾਰੀਆਂ ਸਹੂਲਤਾਂ ਜਿਵੇਂ ਕਿ ਪੰਜ ਲੱਖ ਰੁਪਏ ਤੱਕ ਦੇ ਮੁਫਤ ਇਲਾਜ ਲਈ ਆਯੂਸ਼ਮਾਨ ਕਾਰਡ, 70 ਸਾਲ ਦੇ ਬਜ਼ੁਰਗਾਂ ਦੇ ਮੁਫਤ ਇਲਾਜ ਲਈ ਆਯੁਸ਼ਮਾਨ ਕਾਰਡ, ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਤਹਿਤ ਲੋੜਵੰਦ ਲੋਕਾਂ ਨੂੰ ਮੁਫਤ ਅਨਾਜ ਦੇਣਾ, ਪ੍ਰਧਾਨ ਮੰਤਰੀ ਆਵਾਸ ਯੋਜਨਾ ਤਹਿਤ ਘਰ ਬਣਾ ਕੇ ਦੇਣਾ , ਬੇਰੁਜ਼ਗਾਰ ਨੌਜਵਾਨਾਂ ਲਈ ਮੁਦਰਾ ਯੋਜਨਾ, ਪ੍ਰਧਾਨ ਮੰਤਰੀ ਸਮਰਿਧੀ ਯੋਜਨਾ ਤਹਿਤ ਬਿਨਾਂ ਜਮਾਨਤ ਤੋਂ ਕਰਜਾ, ਪ੍ਰਧਾਨ ਮੰਤਰੀ ਕਿਸਾਨ ਸਮ੍ਰਿਧੀ ਯੋਜਨਾ, ਔਰਤਾਂ ਨੂੰ ਮੁਫਤ ਗੈਸ ਸਲੰਡਰ ਦੇਣਾ, ਸ਼ੌਸ਼ ਮੁਕਤ ਭਾਰਤ ਯੋਜਨਾ ਤਹਿਤ ਪਖਾਨੇ ਬਣਾ ਕੇ ਦੇਣਾ ਅਤੇ ਲੱਖਪਤੀ ਦੀਦੀ ਯੋਜਨਾ ਤਹਿਤ ਔਰਤਾਂ ਦਾ ਸਨਮਾਨ ਕਰਨਾ,ਹੁਨਰਮੰਦ ਨੌਜਵਾਨਾਂ ਨੂੰ ਵਿਸ਼ਵਕਰਮਾ ਯੋਜਨਾ ਤਹਿਤ ਆਰਥਿਕ ਸਹਾਇਤਾ ਦੇਣਾ ਸਮੇਤ ਹੋਰ ਬਹੁਤ ਸਾਰੀਆਂ ਯੋਜਨਾਵਾਂ ਬਣਾ ਕੇ ਲੋਕਾਂ ਨੂੰ ਅੱਗੇ ਵਧਣ ਦਾ ਮੌਕਾ ਦਿੱਤਾ। ਇਸ ਮੌਕੇ ਮੰਡਲ ਪ੍ਰਧਾਨ ਗੁਰਪ੍ਰੀਤ ਸਿੰਘ ਮਹਿਮਾ ਸਵਾਈ, ਬਿਕਰ ਸਿੰਘ ਕੋਠੇ ਨਾਥੀਆਣਾ,ਲਖਵੰਤ ਸਿੰਘ ਗੰਗਾ,ਪਾਲਾ ਅਬਲੂ, ਕਾਲਾ ਬਲਾਹੜ ਮਹਿਮਾ, ਗੁਰਲਾਲ ਸਿੰਘ ਗੰਗਾ, ਗਿਆਨ ਚੰਦ ਮਹਿਮਾ ਸਰਕਾਰੀ, ਭੁਪਿੰਦਰ ਸਿੰਘ ਦਾਨ ਸਿੰਘ ਵਾਲਾ, ਜਸਵੀਰ ਸਿੰਘ ਮੰਜਿਲ, ਗੁਰਪਿਆਰ ਸਿੰਘ ਪੰਚਾਇਤ ਮੈਂਬਰ, ਰਾਜਵਿੰਦਰ ਸਿੰਘ ਪੰਚਾਇਤ ਮੈਂਬਰ,ਹਰਪ੍ਰੀਤ ਸਿੰਘ ਸਮੇਤ ਹੋਰ ਬਹੁਤ ਸਾਰੇ ਵਰਕਰ ਅਤੇ ਆਗੂ ਹਾਜ਼ਰ ਸਨ।

## ਲੁਧਿਆਣਾ ਦੇ ਲੋਕਾਂ ਨੇ ਆਪ ਸਰਕਾਰ ਦੌਰਾਨ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ 'ਤੇ ਲਾਈ ਮੋਹਰ : ਡਾ. ਬਲਜੀਤ ਕੌਰ



ਮਲੋਟ/ਸ੍ਰੀ ਮੁਕਤਸਰ ਸਾਹਿਬ, 23 ਜੂਨ (ਐਚ ਐਸ ਕਪੂਰ):ਕੈਬਨਿਟ ਮੰਤਰੀ ਪੰਜਾਬ ਡਾ. ਬਲਜੀਤ ਕੌਰ ਨੇ ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੌਰਾਨ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਹੱਕ ਵਿੱਚ ਆਏ ਨਤੀਜਿਆਂ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਨ੍ਹਾਂ ਨਤੀਜਿਆਂ 'ਤੇ ਤਸੱਲੀ ਪ੍ਰਗਟ ਕਰਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਲੁਧਿਆਣਾ ਦੇ ਲੋਕਾਂ ਨੇ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੌਰਾਨ ਚੱਲ ਰਹੇ ਵਿਕਾਸ ਦੇ ਕੰਮਾਂ 'ਤੇ ਮੋਹਰ ਲਾਈ ਹੈ ਅਤੇ ਉਨ੍ਹਾਂ ਲੁਧਿਆਣਾ ਵਾਸੀਆਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਵਿਕਾਸ ਦੀ ਸਹੀ ਲੀਹ ਚੁਣਨ 'ਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਪ੍ਰੈਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਹ ਲੁਧਿਆਣਾ ਵਾਸੀਆਂ ਵਾਸੀਆਂ ਦਾ ਧੰਨਵਾਦ ਕਰਦੇ ਹਨ ਜਿਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਭਰੋਸਾ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਸਾਰੀ ਟੀਮ ਭਾਵੇਂ ਉਹ ਕੈਬਨਿਟ ਮੰਤਰੀ, ਐਮ.ਐਲ.ਏ. ਜਾਂ ਵਰਕਰ ਦੇ ਤੌਰ 'ਤੇ ਕੰਮ ਕਰ ਰਹੀ ਉਸਨੂੰ ਲੋਕ ਪਸੰਦ ਕਰ ਰਹੇ ਹਨ ਅਤੇ ਇਸਦਾ ਸਬੂਤ ਪੰਜਾਬ ਅਤੇ ਗੁਜਰਾਤ ਵਿੱਚ ਦੋਵੇ ਸੀਟਾਂ ਦੀ ਜਿੱਤ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਂਦੇ ਹੀ ਜਿਹੜੇ ਪਿਛਲੇ ਸਾਲਾਂ ਤੋਂ ਲੋਕਾਂ ਦੇ ਬਕਾਇਆ ਕੰਮ ਜਾਂ ਕੋਈ ਹੋਰ ਵਿਕਾਸ ਦੇ ਕੰਮ ਜੋ ਬਕਾਇਆ ਪਏ ਸਨ, ਉਨ੍ਹਾਂ ਕੰਮਾਂ ਵਿੱਚ ਤੇਜ਼ੀ ਆਈ ਹੈ ਅਤੇ ਹੁਣ ਲੋਕਾਂ ਨੂੰ ਆਪਣੇ ਕੰਮ ਕਰਵਾਉਣ ਲਈ ਦਫ਼ਤਰਾਂ ਵਿੱਚ ਖੱਜਲ ਖੁਆਰੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਅਤੇ ਹੁਣ ਬਿਨ੍ਹਾਂ ਕਿਸੇ ਦੇਰੀ ਤੋਂ ਲੋਕਾਂ ਦੇ ਕੰਮ ਹੋ ਰਹੇ ਹਨ। ਸ੍ਰੀ ਅਰਵਿੰਦ ਕੇਜਰੀਵਾਲ ਅਤੇ ਸ. ਭਗਵੰਤ ਸਿੰਘ ਮਾਨ ਵੱਲੋਂ ਜੋ ਲੋਕਾਂ ਤੱਕ ਪਹੁੰਚ ਕੀਤੀ ਜਾ ਰਹੀ, ਉਨ੍ਹਾਂ ਨੂੰ ਲੋਕਾਂ ਵੱਲੋਂ ਪਸੰਦ ਕੀਤਾ ਜਾ ਰਿਹਾ ਹੈ।ਉਨ੍ਹਾਂ ਵਿਰੋਧੀ ਧਿਰਾਂ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਭਾਵੇਂ ਜਿੰਨੀਆਂ ਮਰਜੀ ਮਨਘੜਤ ਗੱਲਾਂ ਜਾ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਸਨ, ਉਨ੍ਹਾਂ ਨੂੰ ਲੋਕਾਂ ਨੇ ਨਕਾਰਿਆ ਹੈ ਅਤੇ ਲੋਕਾਂ ਦੀ ਗੱਲ ਸੁਣਨ ਵਾਲਿਆਂ ਦਾ ਅਤੇ ਲੋਕਾਂ ਦੇ ਨਾਲ ਖੜ੍ਹਨ ਵਾਲਿਆਂ ਦਾ ਉਨ੍ਹਾਂ ਨੇ ਸਾਥ ਦਿੱਤਾ ਹੈ ਤੇ ਇਹ ਬਹੁਤ ਵੱਡੀ ਜਿੱਤ ਆਮ ਆਦਮੀ ਪਾਰਟੀ ਦੀ ਹੋਈ ਹੈ ਅਤੇ ਵਿਕਾਸ ਦੇ ਕੰਮਾਂ ਦੀ ਹੋਈ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵੇ ਸੂਬਿਆਂ ਵਿੱਚ ਹੋਈ ਜਿੱਤ ਨਾਲ ਇਹ ਸਾਫ਼ ਦਿਖਾਈ ਦੇ ਰਿਹਾ ਹੈ ਕਿ ਲੋਕਾਂ ਦਾ ਰੁਝਾਨ ਹੁਣ ਸਿਰਫ਼ ਸਾਡੇ ਵੱਲ ਹੈ ਅਤੇ ਆਉਣ ਵਾਲੀਆਂ 2027 ਦੀਆਂ ਚੋਣਾਂ ਦੌਰਾਨ ਉਹ ਫਿਰ ਜਿੱਤ ਹਾਸਲ ਕਰਨਗੇ ਅਤੇ ਮੁੜ ਤੋਂ ਸੂਬੇ ਵਿੱਚ ਸਰਕਾਰ ਬਣਾਉਣਗੇ।

## ਲੁਧਿਆਣਾ ਜਿਮਨੀ ਚੋਣ ਦੀ ਜਿੱਤ ਨੇ ਭਗਵੰਤ ਮਾਨ ਦੀਆਂ ਨੀਤੀਆਂ ਨੂੰ ਦਿੱਤਾ ਸਾਥ - ਭਸੌੜ

### ਗੁਜਰਾਤ ਦੇ ਲੋਕਾਂ ਨੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਹੰਕਾਰ ਨੂੰ ਠੋਕਰ ਮਾਰੀ



ਧੂਰੀ, 23 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) – ਲੁਧਿਆਣਾ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਇਤਿਹਾਸਕ ਜਿੱਤ ਨੇ ਪੰਜਾਬ ਦੀ ਰਾਜਨੀਤੀ ਵਿੱਚ ਨਵੀਂ ਲਹਿਰ ਜਗਾ ਦਿੱਤੀ ਹੈ।ਇਸ ਜਿੱਤ ਤੇ ਵਕਫ਼ ਬੋਰਡ ਪੰਜਾਬ ਦੇ ਮੈਂਬਰ ਡਾ. ਅਨਵਰ ਭਸੌੜ ਨੇ ਖੁਸ਼ੀ ਜਤਾਉਂਦੇ ਹੋਏ ਕਿਹਾ ਕਿ ਇਹ ਸਿੱਧਾ ਸਬੂਤ ਹੈ ਕਿ ਪੰਜਾਬ ਅਤੇ ਖਾਸ ਕਰਕੇ ਲੁਧਿਆਣਾ ਦੇ ਲੋਕਾਂ ਨੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀਆਂ ਲੋਕ-ਕੇਂਦਰੀ ਨੀਤੀਆਂ ਤੇ ਪੂਰਾ ਭਰੋਸਾ ਜਤਾਇਆ ਹੈ । ਇਸ ਮੌਕੇ ਡਾ. ਅਨਵਰ ਭਸੌੜ ਦੀ ਅਗਵਾਈ ਹੇਠ ਸਥਾਨਕ ਬੱਸ ਸਟੈਂਡ ਵਿਖੇ ਲੱਡੂ ਵੀ ਵੰਡੇ ਗਏ।ਡਾ. ਭਸੌੜ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਿਛਲੇ ਕੁਝ ਸਾਲਾਂ ਵਿੱਚ ਜੋ ਵਿਕਾਸਕਾਰੀ ਕੰਮ ਕੀਤੇ ਹਨ, ਉਹ ਲੋਕਾਂ ਦੇ ਦਿਲਾਂ 'ਚ ਆਪਣੀ ਠੰਮ ਬਣਾਉਣ ਵਿੱਚ ਕਾਮਯਾਬ ਰਹੇ ਹਨ। ਵਿਦਿਆ, ਸਿਹਤ, ਬਿਜਲੀ, ਪਾਣੀ ਤੇ ਨੌਕਰੀਆਂ ਦੇ ਮੈਦਾਨ ਵਿੱਚ ਹੋ ਰਹੇ ਸੁਧਾਰਾਂ ਨੇ ਲੋਕਾਂ ਨੂੰ ਸਰਕਾਰ ਵੱਲ ਖਿੱਚਿਆ ਹੈ। ਉਨ੍ਹਾਂ ਨੇ ਕਿਹਾ ਕਿ ਲੁਧਿਆਣਾ ਜਿੱਤ ਸਿਰਫ਼ ਇਕ ਸੀਟ ਨਹੀਂ, ਸਗੋਂ ਇਹ 2027 ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਪੇਸ਼ਬੰਨੀ ਹੈ। ਲੋਕਾਂ ਨੇ ਇਹ ਸਾਫ਼ ਸੰਕੇਤ ਦੇ ਦਿੱਤਾ ਹੈ ਕਿ ਉਹ ਆਮ ਆਦਮੀ ਪਾਰਟੀ ਨੂੰ ਹੀ ਆਪਣੀ ਭਵਿੱਖ ਦੀ ਸਰਕਾਰ ਦੇ ਰੂਪ ਵਿੱਚ ਵੇਖ ਰਹੇ ਹਨ।ਡਾ. ਭਸੌੜ ਨੇ ਕਿਹਾ, ਲੁਧਿਆਣਾ ਜਿੱਤ ਕੇ ਲੋਕਾਂ ਨੇ ਦੱਸ ਦਿੱਤਾ ਕਿ ਝੂਠ, ਭਰਮ ਤੇ ਦੁਰਪ੍ਰਚਾਰ ਦੀ ਰਾਜਨੀਤੀ ਹੁਣ ਚੱਲਣ ਵਾਲੀ ਨਹੀਂ। ਲੋਕ ਸੱਚ ਦੀ ਸਿਆਸਤ, ਸਾਫ਼ ਸੁਥਰੇ ਚਿਹਰਿਆਂ ਅਤੇ ਕੰਮ ਵਾਲੀ ਸਰਕਾਰ ਚਾਹੁੰਦੇ ਹਨ।ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਪੰਜਾਬ ਨੂੰ ਨਵੇਂ ਵਿਕਾਸ ਪਟਰੀ 'ਤੇ ਲਿਆਉਣ ਲਈ ਦਿਨ-ਰਾਤ ਇਕ ਕਰ ਦਿੱਤਾ ਹੈ। ਪੰਜਾਬ 'ਚ ਪਹਿਲੀ ਵਾਰ ਲੋਕਾਂ ਨੂੰ ਮੁਫ਼ਤ ਸਿਹਤ ਸਹੂਲਤਾਂ, 24 ਘੰਟੇ ਬਿਜਲੀ ਤੇ ਸਕੂਲਾਂ ਦੀ ਸੰਵਾਰ ਮਿਲ ਰਹੀ ਹੈ। ਉਨ੍ਹਾਂ ਅਖੀਰ 'ਚ ਕਿਹਾ ਕਿ 2027 ਚ ਆਮ ਆਦਮੀ ਪਾਰਟੀ ਫਿਰ ਪੰਜਾਬ ਚ ਹੂੰਝਾਂ ਫੇਰ ਜਿੱਤ ਹਾਸਲ ਕਰੇਗੀ ਤੇ ਇਹ ਜਿੱਤ ਉਸ ਦਿਸ਼ਾ ਵਿੱਚ ਪਹਿਲਾ ਕਦਮ ਹੈ। ਗੁਜਰਾਤ ਦੇ ਲੋਕਾਂ ਨੇ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਦੇ ਹੰਕਾਰ ਨੂੰ ਚੁਣਾਵਾਂ ਵਿੱਚ ਠੋਕਰ ਮਾਰੀ ਹੈ। ਇਹ ਨਤੀਜੇ ਲੋਕਤੰਤਰ ਦੀ ਜਿੱਤ ਹਨ ਜੋ ਹਕ ਸਚ ਲਈ ਆਵਾਜ਼ ਚੁੱਕਦੇ ਹਨ ਅਤੇ ਆਖਦੇ ਹਨ ਕਿ ਲੋਕ ਸਭ ਤੋਂ ਵੱਡੀ ਤਾਕਤ ਹਨ।

## ਐਮ.ਐਲ.ਏ ਭਰਾਜ ਨੇ ਜਿਮਨੀ ਚੋਣਾਂ ਜਿੱਤਣ ਦੀ ਖੁਸ਼ੀ ਚ ਵੰਡੇ ਲੱਡੂ



ਭਵਾਨੀਗੜ੍ਹ, 23 ਜੂਨ ( ਅਮਨਦੀਪ ਸਿੰਘ ਮਾਝਾ ) : ਅੱਜ ਜਿਮਨੀ ਚੋਣਾਂ ਦੇ ਆਏ ਨਤੀਜਿਆਂ ਵਿਚ ਆਪ ਪਾਰਟੀ ਵਲੋਂ ਵਿਧਾਨ ਸਭਾ ਹਲਕਾ ਲੁਧਿਆਣਾ ਅਤੇ ਗੁਜਰਾਤ ਵਿਚੋਂ ਜਿੱਤ ਦੀ ਖੁਸ਼ੀ ਵਿੱਚ ਨਗਰ ਕੌਂਸਲ ਦਫ਼ਤਰ ਭਵਾਨੀਗੜ੍ਹ ਵਿਖੇ ਵਿਧਾਇਕ ਨਰਿੰਦਰ ਕੌਰ ਭਰਾਜ ਵੱਲੋਂ ਪਾਰਟੀ ਵਰਕਰਾਂ ਨਾਲ ਮਿਲਕੇ ਲੱਡੂ ਵੰਡੇ ਗਏ। ਇਸ ਮੌਕੇ ਵਿਧਾਇਕ ਭਰਾਜ ਨੇ ਕਿਹਾ ਕਿ ਲੁਧਿਆਣਾ ਵਿਖੇ ਆਪ ਉਮੀਦਵਾਰ ਸੰਜੀਵ ਅਰੋੜਾ ਦੀ ਜਿੱਤ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਦੌਰਾਨ ਕੀਤੇ ਵਿਕਾਸ ਕਾਰਜਾਂ ਅਤੇ ਫੈਸਲਿਆਂ ਦੇ ਹੱਕ ਵਿੱਚ ਫਤਵਾ ਦਿੱਤਾ ਹੈ। ਉਨ੍ਹਾਂ ਗੁਜਰਾਤ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਜਰਾਤ ਦੇ ਵਿਸਵਾਦਾਰ ਵਿਧਾਨ ਸਭਾ ਹਲਕੇ ਤੋਂ ਪਾਰਟੀ ਦੇ ਉਮੀਦਵਾਰ ਗੋਪਾਲ ਇਟਾਲੀਆ ਦੀ ਜਿੱਤ ਨੂੰ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਦੀ ਨੀਤੀਆਂ ਦੀ ਜਿੱਤ ਕਰਾਰ ਦਿੱਤਾ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਨਰਿੰਦਰ ਸਿੰਘ ਔਜਲਾ, ਟਰੱਕ ਯੂਨੀਅਨ ਦੇ ਪ੍ਰਧਾਨ ਜਤਿੰਦਰ ਸਿੰਘ ਵਿੱਕੀ ਬਾਜਵਾ, ਸ਼ਿੰਦਰਪਾਲ ਕੌਰ, ਬਿੱਕਰ ਸਿੰਘ ਸਰਪੰਚ ਭੱਟੀਵਾਲ ਕਲਾਂ, ਵਿੱਕੀ ਕਲੇਰ, ਜੱਗੀ ਨੰਦਗੜ੍ਹ, ਦੀਪ ਪੰਨਵਾਂ, ਬਿੰਦਰ ਖਹਿਰਾ ਆਦਿ ਹਾਜ਼ਰ ਸਨ।

## ਮਾਵਾਂ ਤੇ ਬੱਚਿਆਂ ਦੀ ਸਿਹਤ ਸੁਰੱਖਿਆ ਲਈ ਸਿਹਤ ਵਿਭਾਗ ਦਾ ਵੱਡਾ ਕਦਮ: ਖ਼ਤਰਨਾਕ ਗਰਭ ਅਵਸਥਾਵਾਂ ਦੀ ਪਛਾਣ ਲਈ ਵਿਸ਼ੇਸ਼ ਕੈਂਪ



ਬਠਿੰਡਾ, 23 ਜੂਨ (ਦੀਪਕ ਸ਼ਰਮਾ)ਸਿਹਤ ਵਿਭਾਗ ਜੱਚਾ-ਬੱਚਾ ਦੀ ਦੇਖਭਾਲ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹੈ। ਇਸੇ ਲੜੀ ਤਹਿਤ ਬਠਿੰਡਾ ਦੇ ਸ਼ਹੀਦ ਭਾਈ ਮਨੀ ਸਿੰਘ ਸਰਕਾਰੀ ਹਸਪਤਾਲ ਵਿੱਚ ਸਥਿਤ ਜੱਚਾ-ਬੱਚਾ ਹਸਪਤਾਲ ਵਿਖੇ ਗਰਭਵਤੀ ਔਰਤਾਂ ਦੀ ਸਿਹਤ ਜਾਂਚ ਲਈ ਇੱਕ ਵਿਸ਼ੇਸ਼ ਕੈਂਪ ਲਗਾਇਆ ਗਿਆ, ਜਿਸ ਦਾ ਮੁੱਖ ਉਦੇਸ਼ ਮਾਂ ਅਤੇ ਨਵਜੰਮੇ ਬੱਚੇ ਦੀ ਮੌਤ ਦਰ ਨੂੰ ਘਟਾਉਣਾ ਹੈ। ਇਸ ਕੈਂਪ ਵਿੱਚ ਖ਼ਤਰੇ ਦੇ ਚਿੰਨ੍ਹਾਂ ਵਾਲੀਆਂ ਗਰਭਵਤੀ ਔਰਤਾਂ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਤਾਂ ਜੋ ਸਮੇਂ ਸਿਰ ਉਨ੍ਹਾਂ ਦੀ ਸਿਹਤ ਨੂੰ ਯਕੀਨੀ ਬਣਾਇਆ ਜਾ ਸਕੇ। ਇਹ ਸਿਹਤ ਵਿਭਾਗ ਵੱਲੋਂ ਜੱਚਾ-ਬੱਚਾ ਦੀ ਸਿਹਤ ਸੁਰੱਖਿਆ ਲਈ ਕੀਤੀ ਜਾ ਰਹੀ ਇੱਕ ਅਹਿਮ ਪਹਿਲ ਹੈ।ਜਾਣਕਾਰੀ ਅਨੁਸਾਰ ਸਿਵਲ ਸਰਜਨ ਬਠਿੰਡਾ ਡਾ. ਰਮਨਦੀਪ ਸਿੰਗਲਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡਾ. ਸੁਖਜਿੰਦਰ ਸਿੰਘ ਗਿੱਲ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਦੀ ਅਗਵਾਈ ਹੇਠ ਅੱਜ ਜੱਚਾ-ਬੱਚਾ ਹਸਪਤਾਲ ਬਠਿੰਡਾ ਵਿਖੇ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਮੁਹਿੰਮ ਤਹਿਤ ਖਤਰੇ ਦੇ ਚਿੰਨ੍ਹ ਵਾਲੀਆਂ ਗਰਭਵਤੀ ਮਾਵਾਂ ਲਈ ਵਿਸ਼ੇਸ਼ ਕੈਂਪ ਲਗਾਇਆ ਗਿਆ। ਇਸ ਸਬੰਧੀ ਡਾ. ਸੁਖਜਿੰਦਰ ਸਿੰਘ ਗਿੱਲ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਨੇ ਦੱਸਿਆ ਕਿ ਸਿਹਤ ਵਿਭਾਗ ਗਰਭਵਤੀ ਮਾਵਾਂ ਅਤੇ ਛੋਟੇ ਬੱਚਿਆਂ ਦੀ ਮੌਤ ਦਰ ਨੂੰ ਕੰਟਰੋਲ ਕਰਨ ਲਈ ਯਤਨਸ਼ੀਲ ਹੈ ਅਤੇ ਹਰ ਗਰਭਵਤੀ ਔਰਤ ਦਾ ਜਣੇਪਾ ਸੁਰੱਖਿਅਤ ਕਰਨ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਇਸ ਲਈ ਜ਼ਿਲ੍ਹੇ ਦੇ ਸਾਰੇ ਸਰਕਾਰੀ ਹਸਪਤਾਲਾਂ ਅਤੇ ਕਮਿਊਨਿਟੀ ਸਿਹਤ ਕੇਂਦਰਾਂ ਵਿੱਚ ਮੁਫਤ ਸਿਹਤ ਜਾਂਚ ਕੈਂਪਾਂ ਦਾ ਆਯੋਜਨ ਕੀਤਾ ਜਾਂਦਾ ਹੈ। ਇਸ ਪ੍ਰੋਗਰਾਮ ਤਹਿਤ ਸਮੂਹ ਸੀਐਚਸੀ ਅਤੇ ਐਸਡੀਐਚ ਆਦਿ ਵਿੱਚ ਕੈਂਪ ਲਗਾਏ ਜਾਂਦੇ ਹਨ।ਇਸ ਮੌਕੇ ਐਲਐਚਵੀ ਗੁਰਜਿੰਦਰ ਕੌਰ ਅਤੇ ਕੌਂਸਲਰ ਚਰਨਪਾਲ ਕੌਰ ਨੇ ਦੱਸਿਆ ਕਿ ਹਾਈ ਰਿਸਕ ਗਰਭਵਤੀਆਂ ਲਈ ਹਰੇਕ ਮਹੀਨੇ ਦੀ 9 ਅਤੇ 23 ਤਰੀਕ ਨੂੰ ਪ੍ਰਧਾਨ ਮੰਤਰੀ ਸੁਰੱਖਿਅਤ ਮਾਤ੍ਰਿਤਵ ਮੁਹਿੰਮ ਤਹਿਤ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਵਿਸ਼ੇਸ਼ ਕੈਂਪ ਲਗਾਏ ਜਾਂਦੇ ਹਨ। ਇਸ ਦੌਰਾਨ ਗਰਭਵਤੀ ਔਰਤਾਂ ਖਾਸ ਕਰਕੇ ਖਤਰੇ ਦੇ ਚਿੰਨ੍ਹਾਂ ਵਾਲੀਆਂ ਗਰਭਵਤੀ ਔਰਤਾਂ ਦਾ ਬਲੱਡ ਪ੍ਰੈਸ਼ਰ, ਆਇਰਨ, ਕੈਲਸ਼ੀਅਮ ਦੀ ਜਾਂਚ ਕੀਤੀ ਜਾਂਦੀ ਹੈ ਅਤੇ ਸਮੇਂ ਸਿਰ ਡਾਕਟਰੀ ਜਾਂਚ ਕਰਾਉਣ ਦੀ ਸਲਾਹ ਦਿੱਤੀ ਜਾਂਦੀ ਹੈ। ਹਰ ਇੱਕ ਗਰਭਵਤੀ ਔਰਤ ਨੂੰ ਗਰਭ ਦੌਰਾਨ ਘੱਟੋ-ਘੱਟ 4 ਵਾਰ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ। ਜੇਕਰ ਗਰਭਵਤੀ ਔਰਤ ਦੇ ਗਰਭ ਦੌਰਾਨ ਸਮੇਂ-ਸਮੇਂ ਸਿਰ ਜਾਂਚ ਹੁੰਦੀ ਰਹੇ ਤਾਂ ਉਸ ਦਾ ਜਣੇਪਾ ਸੁਰੱਖਿਅਤ ਅਤੇ ਸੌਖਾ ਹੋ ਜਾਂਦਾ ਹੈ ਅਤੇ ਅਗੇਤੇ ਪ੍ਰਬੰਧ ਕਰ ਲਏ ਜਾਂਦੇ ਹਨ। ਉਨ੍ਹਾਂ ਮਾਵਾਂ ਨੂੰ ਜਾਗਰੂਕ ਮਾਂ ਬਣਨ ਦਾ ਸੱਦਾ ਦਿੱਤਾ। ਉਨ੍ਹਾਂ ਨੂੰ ਗਰਭ ਦੌਰਾਨ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਸੰਤੁਲਿਤ ਖੁਰਾਕ ਖਾਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਬਾਜ਼ਾਰੂ ਖਾਣ-ਪੀਣ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਮਾਂ ਆਪਣੀ ਸਿਹਤ ਪ੍ਰਤੀ ਜਾਗਰੂਕ ਹੋਵੇਗੀ ਤਾਂ ਹੀ ਉਹ ਇੱਕ ਤੰਦਰੁਸਤ ਬੱਚੇ ਨੂੰ ਜਨਮ ਦੇਵੇਗੀ। ਇਸ ਲਈ ਮਾਵਾਂ ਵਾਸਤੇ ਸਿਹਤ ਸਿੱਖਿਆ ਵੱਲ ਧਿਆਨ ਦੇਣਾ ਸਮੇਂ ਦੀ ਮੁੱਖ ਲੋੜ ਹੈ ਤਾਂ ਕਿ ਗਰਭ ਦੌਰਾਨ ਹੋਣ ਵਾਲੀਆਂ ਮੁਸ਼ਕਿਲਾਂ ਤੋਂ ਬਚਿਆ ਜਾ ਸਕੇ। ਕੈਂਪ ਦੌਰਾਨ ਗਰਭਵਤੀ ਔਰਤਾਂ ਨੂੰ ਰਿਫਰੈਸ਼ਮੈਂਟ ਵੀ ਦਿੱਤੀ ਗਈ। ਇਸ ਮੌਕੇ ਆਸ਼ਾ ਵਰਕਰ ਅਤੇ ਏਐਨਐਮ ਵੀ ਹਾਜ਼ਰ ਸਨ।

## ਤੀਜਾ ਅੰਤਰ ਰਾਸ਼ਟਰੀ ਸਿੱਖਿਆ ਸੰਮੇਲਨ ਮਲੇਸ਼ੀਆ ਸਫਲਤਾ ਪੂਰਵਕ ਸੰਪੰਨ




ਭਵਾਨੀਗੜ੍ਹ, 23 ਜੂਨ (ਅਮਨਦੀਪ ਸਿੰਘ ਮਾਝਾ) : ਆਪਣਾ ਪੰਜਾਬ ਫਾਊਂਡੇਸ਼ਨ ਅਤੇ ਫੈਪ ਵੱਲੋਂ ਅੰਤਰ ਰਾਸ਼ਟਰੀ ਸਿੱਖਿਆ ਸੰਮੇਲਨਾਂ ਦੀ ਲੜੀ ਵਜੋਂ ਤੀਜਾ ਸੰਮੇਲਨ ਮਲੇਸ਼ੀਆ ਦੇ ਸ਼ਹਿਰ ਕੁਆਲਾਲੰਪੁਰ ਵਿਖੇ ਸਫਲਤਾਪੂਰਵਕ ਸੰਪੰਨ ਹੋਇਆ। ਜਾਣਕਾਰੀ ਦਿੰਦੇ ਹੋਏ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਸੰਮੇਲਨ ਵਿਚ ਭਾਰਤ ਅਤੇ ਬਾਹਰਲੇ ਦੇਸ਼ਾਂ ਤੋਂ ਆਏ 75 ਡੈਲੀਗੇਟਾਂ ਨੇ ਕੁਆਲਾਲੰਪੁਰ ਵਿਖੇ ਹੋਏ ਇਸ ਸੰਮੇਲਨ ਵਿੱਚ ਭਾਗ ਲਿਆ। ਸੰਮੇਲਨ ਦੇ ਸ਼ੁਰੂਆਤ ਵਿੱਚ ਆਪਣਾ ਪੰਜਾਬ ਫਾਊਂਡੇਸ਼ਨ ਦੇ ਡਾਇਰੈਕਟਰ ਡਾਲੀ ਸਿੰਘ ਨੇ ਸਭ ਨੂੰ ਜੀ ਆਇਆਂ ਨੂੰ ਕਿਹਾ ਅਤੇ ਕਾਨਫਰੰਸ ਦੇ ਵਿਸ਼ੇ ਉੱਪਰ ਚਾਨਣਾ ਪਾਇਆ। ਡਾ. ਜਗਜੀਤ ਸਿੰਘ ਧੂਰੀ ਇਸ ਸੰਮੇਲਨ ਦੇ ਮੁੱਖ ਬੁਲਾਰੇ ਸਨ ਜਿਹਨਾਂ ਨੇ ਸੰਮੇਲਨ ਦੇ ਵਿਸ਼ੇ ਐਜੂਪਰਿਨਿਓਰਲ ਈਕੋਸਿਸਟਮ—ਫਿਊਚਰ ਪਰੂਫਿੰਗ ਦ ਐਜੂਕੇਸ਼ਨ ਦੇ ਸਬੰਧ ਵਿੱਚ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਡਾ. ਐਚ.ਐਸ. ਧਾਲੀਵਾਲ ਨੇ ਸਕਿੱਲ ਐਜੂਕੇਸ਼ਨ ਉੱਪਰ ਜ਼ੋਰ ਦਿੱਤਾ।

## ਜ਼ਿਮਨੀ ਚੋਣ ਦੀ ਜਿੱਤ 27 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਮੁੜ ਸੱਤਾ ਵਿਚ ਆਉਣ ਦੇ ਸੰਕੇਤ: ਜਗਦੀਸ਼



ਧਾਰੀਵਾਲ 23 ਜੂਨ (ਅਸ਼ੋਕ ਕੁਮਾਰ) ਲੁਧਿਆਣਾ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਦੀ ਹੋਈ ਜਿੱਤ ਤੇ ਆਮ ਆਦਮੀ ਪਾਰਟੀ ਦੇ ਆਗੂ ਤੇ ਸਾਬਕਾ ਉਪ ਚੇਅਰਮੈਨ ਜਗਦੀਸ਼ ਧਾਰੀਵਾਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਹ ਜਿੱਤ 27 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਆਮ ਆਦਮੀ ਪਾਰਟੀ ਦੇ ਸੂਬੇ ਵਿਚ ਮੁੜ ਸੱਤਾ ਵਿਚ ਆਉਣ ਦਾ ਸੰਕੇਤ ਹੈ ਇਸ ਮੌਕੇ ਜਗਦੀਸ਼ ਧਾਰੀਵਾਲ ਨੇ ਕਿਹਾ ਕਿ ਲੁਧਿਆਣਾ ਪੱਛਮੀ ਹਲਕੇ ਦੇ ਲੋਕਾਂ ਨੇ ਇੱਕ ਇਮਾਨਦਾਰ ਤੇ ਨੇਕ ਇਨਸਾਨ ਨੂੰ ਚੁਣ ਕੇ ਸਹੀ ਫੈਸਲਾ ਲਿਆ ਜਿਸ ਨਾਲ ਆਉਣ ਵਾਲੇ ਸਮੇਂ ਅੰਦਰ ਇਹ ਹਲਕਾ ਵਿਕਾਸ ਪੱਖੋਂ ਹੋਰ ਤਰੱਕੀ ਕਰੇਗਾ ਕਿਉਂਕਿ ਸ੍ਰੀ ਸੰਜੀਵ ਅਰੋੜਾ ਆਪਣੇ ਲੋਕਾਂ ਤੇ ਹਲਕੇ ਦੇ ਲੋਕਾਂ ਲਈ ਬੇਹੱਦ ਲਗਾਵ ਰਖੱਦੇ ਨੇ ਇਸ ਮੌਕੇ ਜਗਦੀਸ਼ ਧਾਰੀਵਾਲ ਸਮੁੱਚੇ ਹਲਕੇ ਦੇ ਵੋਟਰਾਂ ਦਾ ਇਸ ਜਿੱਤ ਲਈ ਧੰਨਵਾਦ ਕੀਤਾ ਅਤੇ ਉਹਨਾਂ ਸਾਰੇ ਸੀਨੀਅਰ ਆਗੂ ਸਹਿਬਾਨ ਤੇ ਹੋਰਨਾਂ ਸਾਥੀਆ ਤੇ ਅਹੁਦੇਦਾਰ ਸਹਿਬਾਨ ਨੂੰ ਵੀ ਮੁਬਾਰਕਬਾਦ ਦਿੱਤੀ ਤੇ ਕਿਹਾ ਇਹ ਜਿੱਤ ਆਮ ਆਦਮੀ ਪਾਰਟੀ ਦੇ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਤੇ ਮਾਣਯੋਗ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਜੀ ਮਾਨ ਵੱਲੋਂ ਕੀਤੇ ਜਾ ਰਹੇ ਲੋਕ ਪੱਖੀ ਵਿਕਾਸ ਤੇ ਕੰਮਾ ਤੇ ਮੋਹਰ ਇਸ ਲਈ ਲੋਕਾਂ ਨੇ ਆਪਣੇ ਮਨ ਦੁਣ ਦੁਬਾਰਾ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਦੇ ਬਣਾ ਲਏ ਨੇ ਜਿਸ ਦੀ ਮਿਸਾਲ ਇਸ ਚੋਣ ਦੀ ਜਿੱਤ ਤੋਂ ਮਿਲਦੀ ਹੈ

## ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤਿਆ- ਹੁਣ ਫਾਈਨਲ ਦੀ ਤਿਆਰੀ: ਸ਼ੈਰੀ ਕਲਸੀ

### ਜ਼ਿਮਨੀ ਚੋਣ ਵਿੱਚ ਲੋਕਾਂ ਇੱਕ ਵਾਰ ਫਿਰ ਆਪ ਦੇ ਹੱਕ ਵਿੱਚ ਦਿੱਤਾ ਫਤਵਾ



ਬਟਾਲਾ, 23 ਜੂਨ (ਬਲਵਿੰਦਰ ਸਿੰਘ ਪੰਜਗਰਾਈਂ/ਪੰਨਪਾਲ ਕਲਸੀ) ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਵਿੱਚ ਵਿਰੋਧੀ ਪਾਰਟੀਆਂ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕੀਤੀ ਹੈ ਅਤੇ ਹੁਣ ਪਾਰਟੀ ਨੇ ਫਾਈਨਲ ਦੀ ਤਿਆਰੀ ਖਿੱਚ ਦਿੱਤੀ ਹੈ। ਇਹ ਪ੍ਰਗਟਾਵਾ ਆਪ ਪਾਰਟੀ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਲੁਧਿਆਣਾ ਜ਼ਿਮਨੀ ਚੋਣ ਵਿੱਚ ਆਪ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਦੀ ਹੋਈ ਜਿੱਤ ਉਪਰੰਤ ਗੱਲਬਾਤ ਕਰਦਿਆਂ ਕੀਤਾ।ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਨੀਤੀਆਂ ਉੱਤੇ ਲੁਧਿਆਣਾ ਵੈਸਟ ਦੇ ਵੋਟਰਾਂ ਨੇ ਮੋਹਰ ਲਗਾਈ ਹੈ ਅਤੇ ਨਤੀਜਾ ਸਪੱਸ਼ਟ ਹੈ ਕਿ ਮਾਨ ਸਰਕਾਰ ਹੀ ਲੋਕਾਂ ਦੀ ਹਮਦਰਦ ਸਰਕਾਰ ਹੈ ਅਤੇ 2027 ਵਿੱਚ ਦੁਬਾਰਾ ਆਪ ਪਾਰਟੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਸੇਵਾ ਕਰੇਗੀ।ਵਿਰੋਧੀ ਪਾਰਟੀਆਂ 'ਤੇ ਤਿੱਖਾ ਤੰਜ ਕੱਸਦਿਆਂ ਕਾਰਜਕਾਰੀ ਪ੍ਰਧਾਨ ਪੰਜਾਬ, ਸ਼ੈਰੀ ਕਲਸੀ ਨੇ ਕਿਹਾ ਕਿ ਲੋਕਾਂ ਨੇ ਮਾਨ ਸਰਕਾਰ ਦੇ ਹੱਕ ਵਿੱਚ ਫਤਵਾ ਦਿੱਤਾ ਹੈ ਅਤੇ ਵਿਰੋਧੀਆਂ ਨੂੰ ਸਿਰੇ ਤੋਂ ਨਕਾਰ ਦਿੱਤਾ ਹੈ।ਉਨ੍ਹਾਂ ਕਿਹਾ ਕਿ ਆਪ ਪਾਰਟੀ ਦੀਆਂ ਵਿਕਾਸ ਪੱਖੀ ਨੀਤੀਆਂ ਅੱਗੇ ਵਿਰੋਧੀ ਪਾਰਟੀਆਂ ਟਿਕ ਨਹੀਂ ਸਕੀਆਂ ਤੇ ਵਿਰੋਧੀ ਪਾਰਟੀਆਂ ਦੇ ਝੂਠੇ ਤੇ ਗੁੰਮਰਾਹ ਕੁੰਨ ਪਰਚਾਰ ਨੂੰ ਲੋਕਾਂ ਨੇ ਜਵਾਬ ਦੇ ਦਿੱਤਾ ਹੈ।ਵਿਧਾਇਕ ਸ਼ੈਰੀ ਕਲਸੀ, ਜਿਨ੍ਹਾਂ ਨੂੰ ਪਾਰਟੀ ਨੇ ਲੁਧਿਆਣਾ ਵੈਸਟ ਚੋਣ ਵਿੱਚ ਜਿੰਮੇਵਾਰ ਦਿੱਤੀ ਸੀ ਅਤੇ ਉਨ੍ਹਾਂ ਨੇ ਸੰਜੀਵ ਅਰੋੜਾ ਦੀ ਜਿੱਤ ਵਿੱਚ ਵੱਡੀ ਭੂਮਿਕਾ ਨਿਭਾਈ ਹੈ। ਉਨ੍ਹਾਂ ਵਲੋਂ ਰਵਾਇਤੀ ਪਾਰਟੀਆਂ ਦੇ ਆਗੂਆਂ ਤੇ ਵਰਕਰਾਂ ਨੂੰ ਆਪ ਪਾਰਟੀ ਨਾਲ ਜੋੜਨ ਵਿੱਚ ਅਹਿਮ ਰੋਲ ਨਿਭਾਇਆ ਗਿਆ, ਜੋ ਸੰਜੀਵ ਅਰੋੜਾ ਦੀ ਜਿੱਤ ਲਈ ਬਹੁਤ ਲਾਹੇਵੰਦ ਸਾਬਤ ਹੋਇਆ।ਉਨ੍ਹਾਂ ਅੱਗੇ ਦੱਸਿਆ ਕਿ ਅੱਜ ਗੁਜਰਾਤ ਦੀ ਵਿਸਾਵਦਰ ਵਿਧਾਨ ਸਭਾ ਦੀ ਜ਼ਿਮਨੀ ਚੋਣ ਦੇ ਆਏ ਨਤੀਜੇ ਵਿੱਚ ਵੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੋਪਾਲ ਅਟਾਲੀਆ ਜੀ ਨੇ ਵੱਡੀ ਜਿੱਤ ਪ੍ਰਾਪਤ ਕੀਤੀ ਹੈ। ਪੰਜਾਬ ਦੀ ਕਾਰਜਕਾਰੀ ਪ੍ਰਧਾਨ ਸ਼ਹਿਰੀ ਕਲਸੀ ਨੇ ਪਾਰਟੀ ਵਰਕਰਾਂ ਵੋਟਰਾਂ ਤੇ ਸਪੋਟਰਾਂ ਦਾ ਧੰਨਵਾਦ ਕਰਦੇ ਹਾਂ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਹਰ ਇੱਕ ਵਰਗ ਦੀ ਹਿੱਤ ਵਿੱਚ ਕੀਤੇ ਗਏ ਕੰਮਾਂ ਤੇ ਲੋਕਾਂ ਨੇ ਮੋਹਰ ਲਗਾਈ ਹੈ ਅਤੇ ਅਗਲੇ ਸਮੇਂ ਦੌਰਾਨ ਮਾਨ ਸਰਕਾਰ ਹੋਰ ਤੇਜ਼ੀ ਨਾਲ ਸੂਬੇ ਅੰਦਰ ਵਿਕਾਸ ਕਾਰਜ ਕਰੇਗੀ। ਦੱਸ ਦਈਏ ਕੀ ਆਪ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ 10637 ਵੋਟਾਂ ਦੀ ਲੀਡ ਨਾਲ ਜੇਤੂ ਰਹੇ ਹਨ ਕਾਂਗਰਸ ਪਾਰਟੀ ਦੂਜੇ ਨੰਬਰ ਭਾਜਪਾ ਤੀਜੇ ਸਥਾਨ ਸ੍ਰੋਮਣੀ ਅਕਾਲੀ ਦਲ ਪਾਰਟੀ ਚੌਥੇ ਸਥਾਨ ਤੇ ਰਹੀ ਹੈ।

## ਫਿਰ ਤੋਂ ਸੱਚਾਈ ਦੀ ਹੋਈ ਜਿੱਤ :ਚੇਅਰਮੈਨ ਰਜੀਵ ਸ਼ਰਮਾ



ਫਤਿਹਗੜ੍ਹ ਚੂੜੀਆਂ 23 ਜੂਨ (ਰਾਜਨ ਸ਼ਰਮਾ) :ਫਤਿਹਗੜ੍ਹ ਚੂੜੀਆਂ ਦੇ ਵਸਨੀਕ ਗੁਰਦਾਸਪੁਰ ਲੋਕ ਸਭਾ ਇੰਚਾਰਜ ਅਤੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਸ੍ਰੀ ਰਾਜੀਵ ਸ਼ਰਮਾ ਨੇ ਖੁਸ਼ੀ ਪ੍ਰਗਟਾਉਂਦਿਆਂ ਕਿਹਾ ਕਿ ਇੱਕ ਵਾਰ ਫਿਰ ਤੋਂ ਸੱਚਾਈ ਦੀ ਜਿੱਤ ਹੋਈ ਗੱਲਬਾਤ ਦੌਰਾਨ ਰਜੀਵ ਸ਼ਰਮਾ ਨੇ ਦੱਸਿਆ ਕਿ ਲੁਧਿਆਣਾ ਹੋਏ ਜਿਮਣੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਜਿਨਾਂ ਨੇ ਵਿਰੋਧੀ ਧਿਰ ਪਾਰਟੀਆਂ ਨੂੰ ਕਰਾਰੀ ਹਾਰ ਦੇ ਕਿ ਇੱਕ ਇਤਿਹਾਸਿਕ ਜਿੱਤ ਪ੍ਰਾਪਤ ਕੀਤੀ ਹੈ। ਅਤੇ ਲੁਧਿਆਣਾ ਸ਼ਹਿਰ ਵਾਸੀਆਂ ਨੇ ਇੱਕ ਸੱਚਾਈ ਉੱਤੇ ਮੋਹਰ ਲਗਾਈ ਹੈ । ਰਾਜੀਵ ਸ਼ਰਮਾ ਨੇ ਇਸ ਜਿੱਤ ਦੀ ਖੁਸ਼ੀ ਉੱਪਰ ਸ੍ਰੀ ਅਰਵਿੰਦ ਕੇਜਰੀਵਾਲ ਜੀ, ਪੰਜਾਬ ਦੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਜੀ ਮਾਨ, ਅਤੇ ਸ਼੍ਰੀ ਅਮਨ ਅਰੋੜਾ ਜੀ ਨੂੰ ਵਧਾਈ ਦਿੱਤੀ।ਆਖਿਰ ਵਿੱਚ ਚੇਅਰਮੈਨ ਰਜੀਵ ਸ਼ਰਮਾ ਨੇ ਸਾਰੇ ਹੀ ਵਲੰਟੀਅਰ ਸਾਹਿਬਾਨ ਅਤੇ ਆਮ ਆਦਮੀ ਪਾਰਟੀ ਦੇ ਵਰਕਰਾਂ ਦਾ ਇਸ ਜਿੱਤ ਦੀ ਖੁਸ਼ੀ ਉੱਪਰ ਵਧਾਈ ਦਿੱਤੀ ਅਤੇ ਕੀਤੀ ਗਈ ਇਲੈਕਸ਼ਨ ਦੌਰਾਨ ਮਿਹਨਤ ਉੱਪਰ ਧੰਨਵਾਦ ਕੀਤਾ।

## ਪਿੰਡ ਬਾਹੜੋਵਾਲ ਅਤੇ ਜਾਡਲਾ ਨਗਰ 'ਚ ਉਸਾਰੀਆਂ ਢਾਹੀਆਂ

### ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ : ਡੀ.ਟੀ.ਪੀ.



ਸ਼ਹੀਦ ਭਗਤ ਸਿੰਘ ਨਗਰ, 23 ਜੂਨ: ਸੁਖਦੇਵ ਸਿੰਘ ਉੜਾਪੜ)ਜ਼ਿਲ੍ਹਾ ਟਾਊਨ ਪਲਾਨਰ ਦਫ਼ਤਰ ਵੱਲੋਂ ਨਾਜਾਇਜ਼ ਕਾਲੋਨੀਆਂ ਖਿਲ‹ਾਫ ਕਾਰਵਾਈ ਕਰਦਿਆਂ ਗਲਾਡਾ ਦੇ ਅਧਿਕਾਰ ਖੇਤਰ ਅਧੀਨ ਪਿੰਡ ਬਾਹੜੋਵਾਲ ਅਤੇ ਜਾਡਲਾ ਵਿਖੇ ਦ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀ ਉਲੰਘਣਾ ਕਰਕੇ ਡਿਵੈਲਪ ਹੋਈਆਂ ਅਣ-ਅਧਿਕਾਰਤ ਕਲੋਨੀਆਂ ਨੂੰ ਢਾਹਿਆ ਗਿਆ।ਜਿਲਾ ਟਾਊਨ ਪਲਾਨਰ ਦਫ਼ਤਰ ਨੇ ਇਹ ਵੀ ਸਪੱਸ਼ਟ ਕੀਤਾ ਕਿ ਗਲਾਡਾ ਦੇ ਅਧਿਕਾਰ ਖੇਤਰ ਵਿੱਚ ਕਿਸੇ ਵੀ ਤਰ੍ਹਾਂ ਦੀ ਅਣ-ਅਧਿਕਾਰਤ ਕਲੋਨੀ ਦੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ । ਅਜਿਹੀਆਂ ਉਸਾਰੀਆਂ ਖ਼ ?ਲਾਫ਼ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਜੋ ਲੋਕਾਂ ਨੂੰ ਇਨ੍ਹਾਂ ਬਿਨਾਂ ਪ੍ਰਵਾਨਗੀ ਵਿਕਸਤ ਹੋਈਆਂ ਕਲੋਨੀਆਂ ਵਿੱਚ ਆਪਣੀ ਅਹਿਮ ਪੂੰਜੀ ਨੂੰ ਨਿਵੇਸ਼ ਕਰਨ ਤੋਂ ਬਚਾਇਆ ਜਾ ਸਕੇ।ਜ਼ਿਲਾ ਟਾਊਨ ਪਲੈਨਰ ਜਗਦੀਪ ਸਿੰਘ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਅਜਿਹੀ ਕਾਰਵਾਈ ਨਾਲ ਜਿਲ੍ਹੇ ਵਿੱਚ ਹੋ ਰਹੇ ਗੈਰ-ਯੋਜਨਾਬੱਧ ਵਿਕਾਸ ਨੂੰ ਰੋਕਿਆ ਜਾ ਜਾਵੇਗਾ।ਜ਼ਿਲਾ ਟਾਊਨ ਪਲੈਨਰ ਨੇ ਦੱਸਿਆ ਕਿ ਜਨਤਾ ਵੱਲੋਂ ਕਿਸੇ ਵੀ ਅਣ-ਅਧਿਕਾਰਤ ਕਲੋਨੀ ਵਿੱਚ ਬਿਲਡਿੰਗ/ਪਲਾਟ ਖਰੀਦ ਕੇ ਆਪਣੀ ਜਮਾਂ ਪੂੰਜੀ ਕਿਸੇ ਅਣ ਅਧਿਕਾਰਤ ਕਲੋਨੀ ਵਿੱਚ ਨਿਵੇਸ ਨਾ ਕੀਤੀ ਜਾਵੇ ਤਾਂ ਜੋ ਕਿਸੇ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਦੱਸਿਆ ਕਿ ਇਹ ਜਰੂਰੀ ਹੈ ਕਿ ਕੋਈ ਵੀ ਬਿਲਡਿੰਗ /ਪਲਾਟ ਖਰੀਦਣ ਜਾਂ ਲੀਜ 'ਤੇ ਲੈਣ ਤੋਂ ਪਹਿਲਾਂ ਉਸਦੀ ਪ੍ਰਵਾਨਗੀ ਸਬੰਧੀ ਜ਼ਿਲ੍ਹਾ ਟਾਊਨ ਪਲੈਨਰ ਦਫਤਰ ਪਾਸੋਂ ਜਾਣਕਾਰੀ ਪ੍ਰਾਪਤ ਕਰ ਲਈ ਜਾਵੇ। ਇਸ ਤੋਂ ਇਲਾਵਾ ਅਧਿਕਾਰੀਆਂ ਵੱਲੋਂ ਇਹ ਵੀ ਸੂਚਿਤ ਕੀਤਾ ਗਿਆਕਿ ਇਨ੍ਹਾਂ ਕਲੋਨੀਆਂ ਤੋਂ ਇਲਾਵਾ ਕੁੱਝ ਹੋਰ ਅਣ-ਅਧਿਕਾਰਤ ਕਲੋਨਾਈਜ਼ਰਾਂ ਨੂੰ ਵੀ ਨੋਟਿਸ ਜਾਰੀ ਕੀਤੇ ਗਏ ਹਨ ਅਤੇ ਜੇਕਰ ਇਸ ਸਬੰਧੀ ਕੋਈ ਪੁਖਤਾ ਜਵਾਬ ਜਾਂ ਦਸਤਾਵੇਜ ਦਿੱਤੇ ਸਮੇਂ ਦੌਰਾਨ ਪ੍ਰਾਪਤ ਨਹੀ ਹੁੰਦੇ ਹਨ ਤਾਂ ਉਨ੍ਹਾਂ ਵਿਰੁੱਧ ਵੀ ਇਸ ਤਰ੍ਹਾਂ ਦੀ ਕਾਰਵਾਈ ਕੀਤੀ ਜਾਵੇਗੀ । ਉਨ੍ਹਾਂ ਦੱਸਿਆ ਕਿ ਦ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ, 1995 ਦੀਆਂ ਧਾਰਾਵਾਂ ਤਹਿਤ ਐਫ.ਆਈ.ਆਰ. ਵੀ ਦਰਜ ਕਰਵਾਈ ਜਾਵੇਗੀ।ਇਸ ਮੌਕੇ ਏ.ਟੀ.ਪੀ. ਤਰਨਜੀਤ ਸਿੰਘ, ਜੇ.ਈ. ਵਿਨੇ ਕੁਮਾਰ ਪੁਲਿਸ ਅਧਿਕਾਰੀ, ਡਿਊਟੀ ਮੈਜਿਸਟ$ਰੇਟ ਨਾਇਬ ਤਹਿਸੀਲਦਾਰ ਬੰਗਾ ਅਤੇ ਨਵਾਂਸ਼ਹਿਰ ਵੀ ਮੌਜੂਦ ਸਨ।

## ਨਾਜਾਇਜ਼ ਸ਼ਰਾਬ ਸਮੇਤ ਇੱਕ ਦੋਸ਼ੀ ਗ੍ਰਿਫਤਾਰ



ਬਾਬਾ ਬਕਾਲਾ 23 ਜੂਨ,(ਬਲਰਾਜ ਸਿੰਘ ਰਾਜਾ) ਥਾਣਾ ਬਿਆਸ ਪੁਲਿਸ ਵੱਲੋਂ 5 1,000 ਐਮ ਐਲ ਨਜਾਇਜ਼ ਸ਼ਰਾਬ ਸਮੇਤ ਇੱਕ ਦੋਸ਼ੀ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਹੈ ਪ੍ਰਾਪਤ ਜਾਣਕਾਰੀ ਅਨੁਸਾਰ ਸ੍ਰੀ ਮਨਿੰਦਰ ਸਿੰਘ ਆਈਪੀਐਸ ਸੀਨੀਅਰ ਪੁਲਿਸ ਕਪਤਾਨ ਅੰਮ੍ਰਿਤਸਰ ਦਿਹਾਤੀ ਅਤੇ ਸ਼੍ਰੀ ਧਰਮਿੰਦਰ ਕਲਿਆਣ ਡੀਐਸਪੀ ਬਾਬਾ ਬਕਾਲਾ ਸਾਹਿਬ ਦੀ ਗਵਾਹੀ ਹੈਟ ਥਾਣਾ ਬਿਆਸ ਪੁਲਿਸ ਵੱਲੋਂ ਗੁਪਤ ਸੂਚਨਾ ਦੇ ਆਧਾਰ ਤੇ ਕਾਰਵਾਈ ਕਰਦਿਆਂ ਹੋਇਆਂ ਜੋਗਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਬਾਬਾ ਬਕਾਲਾ ਸਾਹਿਬ ਦੇ ਘਰ ਰੇਡ ਕਰਕੇ ਉਕਤ ਦੋਸ਼ੀ ਨੂੰ ਸ਼ਰਾਬ ਸਮੇਤ ਗ੍ਰਿਫਤਾਰ ਕਰ ਲਿਆ ਗਿਆ ਹੈ ਜਿਸ ਸਬੰਧੀ ਥਾਣਾ ਬਿਆਸ ਵਿਖੇ ਜੋਗਿੰਦਰ ਸਿੰਘ ਖਿਲਾਫ ਮੁਕਦਮਾ ਨੰਬਰ 127 ਮਿਤੀ 226ਪ14 ਐਕਸਾਈਜ ਐਕਟ ਤਹਿਤ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਅਤੇ ਉਕਤ ਦੋਸ਼ੀ ਕੋਲੋਂ ਪੁਛਕਿਸ਼ ਕੀਤੀ ਜਾ ਰਹੀ ਹੈ ਅਤੇ ਹੋਰ ਜਿਸ ਕਿਸੇ ਦੀ ਸ਼ਮੂਲੀਅਤ ਸਾਹਮਣੇ ਆਵੇਗੀ ਉਸ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ

## ਲੁਧਿਆਣਾ ਨਿਵਾਸੀਆਂ ਨੇ ਜਿਮਨੀ ਚੋਣ ਵਿੱਚ ਆਪ ਦੇ ਉਮੀਦਵਾਰ ਨੂੰ ਜਿਤਾ ਕੇ ਵੱਡਾ ਫਤਵਾ ਦਿੱਤਾ : ਅਜੇ ਲਿਬੜਾ



ਫਤਿਹਗੜ੍ਹ ਸਾਹਿਬ, 23 ਜੂਨ (ਹਰਪ੍ਰੀਤ ਕੌਰ ਟਿਵਾਣਾ)ਲੁਧਿਆਣਾ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਲੁਧਿਆਣਾ ਨਿਵਾਸੀਆਂ ਵੱਲੋਂ ਜਿਤਾ ਕੇ ਪਾਰਟੀ ਨੂੰ ਜਿਤਾ ਕੇ ਦਿੱਤੇ ਗਏ ਫਤਵੇ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਲੋਕ ਰਾਜ ਵਿੱਚ ਕੇਵਲ ਤੇ ਕੇਵਲ ਆਮ ਆਦਮੀ ਪਾਰਟੀ ਦੀ ਸਰਕਾਰ ਹੀ ਚਾਹੁੰਦੇ ਹਨ ਕਿਉਂਕਿ ਇਹ ਸਰਕਾਰ ਆਮ ਆਦਮੀ ਦੀ ਆਪਣੀ ਸਰਕਾਰ ਹੈ ਜਿਸ ਨੇ ਆਮ ਜਨਤਾ ਵਿੱਚ ਵਿਚਰ ਕੇ ਉਨਾਂ ਦੇ ਮਸਲਿਆਂ ਨੂੰ ਹੱਲ ਕੀਤਾ ਹੈ । ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਜਿਲਾ ਯੋਜਨਾ ਬੋਰਡ ਫਤਿਹਗੜ੍ਹ ਸਾਹਿਬ ਦੇ ਚੇਅਰਮੈਨ ਅਤੇ ਜ਼ਿਲ੍ਹਾ ਪ੍ਰਧਾਨ ਅਜੇ ਸਿੰਘ ਲਿਬੜਾ ਨੇ ਲੁਧਿਆਣਾ ਜ਼ਿਮਨੀ ਚੋਣ ਦੀ ਜਿੱਤ ਦੀ ਖੁਸ਼ੀ ਪਾਰਟੀ ਵਰਕਰਾਂ ਨਾਲ ਸਾਂਝੀ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ ।ਅਜੇ ਲਿਬੜਾ ਨੇ ਕਿਹਾ ਕਿ ਹੁਣ ਤੱਕ ਕੇਵਲ ਪੰਜਾਬ ਵਿੱਚ ਰਜਵਾੜਾਸ਼ਾਹੀ ਪਾਰਟੀਆਂ ਨੇ ਰਜਵਾੜਾ ਸ਼ਾਹੀ ਵਿਅਕਤੀਆਂ ਨੂੰ ਹੀ ਹਮੇਸ਼ਾ ਅੱਗੇ ਰੱਖ ਕੇ ਵਾਂਗਡੋਰ ਸੌਂਪੀ ਜਾਂਦੀ ਰਹੀ ਹੈ, ਪ੍ਰੰਤੂ ਇਹ ਆਮ ਆਦਮੀ ਪਾਰਟੀ ਹੀ ਇੱਕ ਅਜਿਹੀ ਪਾਰਟੀ ਸਾਬਤ ਹੋਈ ਹੈ, ਜਿਸ ਨੇ ਇੱਕ ਇੱਕ ਵਰਕਰ ਦੀ ਕਦਰ ਕਰਦਿਆਂ ਹੋਇਆਂ ਉਨਾਂ ਨੂੰ ਰਾਜਨੀਤਿਕ ਖੇਤਰ ਵਿੱਚ ਸੇਵਾਵਾਂ ਨਿਭਾਉਣ ਲਈ ਅੱਗੇ ਲਿਆਂਦਾ ਤੇ ਇਸੇ ਕਾਰਨ ਹੀ ਹਰੇਕ ਵਰਕਰ ਅੱਜ ਆਮ ਆਦਮੀ ਪਾਰਟੀ ਨਾਲ ਚਟਾਨ ਮਾਂ ਖੜਾ ਹੈ । ਉਹਨਾਂ ਕਿਹਾ ਕਿ ਇਸ ਸਰਕਾਰ ਵੱਲੋਂ ਜਨਤਾ ਨਾਲ ਕੀਤੇ ਗਏ ਵਾਅਦਿਆਂ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਜੋ ਕਾਰਜ ਇਸ ਸਰਕਾਰ ਵੱਲੋਂ ਜਨਤਾ ਦੀ ਭਲਾਈ ਲਈ ਚੁੱਕੇ ਗਏ ਹਨ ਉਹ ਬਾਕੀਆਂ ਪਾਰਟੀਆਂ ਦੀਆਂ ਸਰਕਾਰਾਂ ਨਾਲੋਂ ਮਿਸਾਲੀ ਸਾਬਤ ਹੋਏ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਜੀਤ ਸਿੰਘ ਤਿੰਬਰਪੁਰ, ਦੀਪਕ ਬਾਤਿਸ਼, ਜੋਗਿੰਦਰ ਸਿੰਘ, ਹਰਸ਼ਦੀਪ ਸ਼ਰਮਾ, ਰਾਜੇਸ਼ ਕੁਮਾਰ ਸਰਹਿੰਦ, ਨਰਿੰਦਰ ਸਿੰਘ, ਬਲਬੀਰ ਸਿੰਘ, ਪ੍ਰਿਤਪਾਲ ਸਿੰਘ ਸਰਹਿੰਦ ਅਤੇ ਹੋਰ ਆਗੂ ਵੀ ਹਾਜ਼ਰ ਸਨ।

## ਆਮ ਆਦਮੀ ਪਾਰਟੀ ਦੀ ਜਿਤ ਮਾਨ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ 'ਤੇ ਮੋਹਰ - ਰਮਨ ਬਹਿਲ



ਗੁਰਦਾਸਪੁਰ, 23 ਜੂਨ ( ਜਸਵਿੰਦਰ ਸਿੰਘ ) - ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਦੀ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਨੇ ਰਿਕਾਰਡ ਜਿੱਤ ਦਰਜ ਕਰਕੇ ਇੱਕ ਵਾਰ ਫਿਰ ਸੂਬੇ ਵਿੱਚ ਆਮ ਆਦਮੀ ਪਾਰਟੀ ਦਾ ਝੰਡਾ ਬੁਲੰਦ ਕੀਤਾ ਹੈ। ਆਮ ਆਦਮੀ ਪਾਰਟੀ ਦੀ ਇਹ ਜਿੱਤ ਮਾਨ ਸਰਕਾਰ ਦੀਆਂ ਲੋਕ ਪੱਖੀ ਤੇ ਵਿਕਾਸ ਪੱਖੀ ਨੀਤੀਆਂ ਉੱਪਰ ਮੋਹਰ ਦੇ ਨਾਲ ਆਮ ਆਦਮੀ ਦੀ ਜਿੱਤ ਹੈ।ਇਹ ਪ੍ਰਗਟਾਵਾ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਅੱਜ ਗੁਰਦਾਸਪੁਰ ਵਿਖੇ ਆਪਣੇ ਨਿਵਾਸ ਸਥਾਨ 'ਤੇ ਪਾਰਟੀ ਵਰਕਰਾਂ ਨਾਲ ਜਿੱਤ ਦੀਆਂ ਖ਼ੁਸ਼ੀਆਂ ਮਨਾਉਣ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਇਹ ਚੋਣ ਜਿੱਤਣ ਨਾਲ ਆਮ ਆਦਮੀ ਪਾਰਟੀ ਨੇ ਸੈਮੀਫਾਈਨਲ ਜਿੱਤ ਲਿਆ ਹੈ ਅਤੇ 2027 ਵਿੱਚ ਆਪ ਫਾਈਨਲ ਜਿੱਤ ਕੇ ਇੱਕ ਵਾਰ ਫਿਰ ਸੂਬੇ ਵਿੱਚ ਆਪਣੀ ਸਰਕਾਰ ਬਣਾਏਗੀ। ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨੂੰ ਵੱਡੀਆਂ ਸਹੂਲਤਾਂ ਦੇ ਕੇ ਉਨ੍ਹਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੇ ਭਰਪੂਰ ਯਤਨ ਕੀਤੇ ਹਨ। ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਣ ਤੋਂ ਇਲਾਵਾ ਜ਼ੀਰੋ ਬਿਜਲੀ ਬਿੱਲ ਦੀ ਸਹੂਲਤ, ਸਿਹਤ ਕ੍ਰਾਂਤੀ ਤਹਿਤ ਮਿਆਰੀ ਸਿਹਤ ਸੇਵਾਵਾਂ ਦੇਣਾ, ਆਮ ਆਦਮੀ ਕਲੀਨਿਕਾਂ ਦੀ ਸਥਾਪਤੀ, ਸਿੱਖਿਆ ਕ੍ਰਾਂਤੀ ਤਹਿਤ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣਾ, 50000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇਣੀਆਂ, ਕਿਸਾਨਾਂ, ਮਜ਼ਦੂਰਾਂ ਅਤੇ ਵਪਾਰੀਆਂ ਸਮੇਤ ਹਰ ਵਰਗ ਦੀ ਬਿਹਤਰੀ ਲਈ ਕੰਮ ਕਰਕਨ ਦੇ ਨਾਲ ਸੂਬੇ ਦੇ ਸਰਬਪੱਖੀ ਵਿਕਾਸ ਲਈ ਜੋ ਉਪਰਾਲੇ ਕੀਤੇ ਜਾ ਰਹੇ ਹਨ, ਉਸ ਤੋਂ ਅਵਾਮ ਪੂਰੀ ਤਰਾਂ ਖ਼ੁਸ਼ ਅਤੇ ਸੰਤੁਸ਼ਟ ਹੈ।ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀ ਦੀ ਇਹ ਜਿੱਤ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੋਕ ਸੇਵਾ ਕਰਨ ਲਈ ਹੋਰ ਬਲ ਤੇ ਹਿੰਮਤ ਦੇਵੇਗੀ।ਸ੍ਰੀ ਬਹਿਲ ਨੇ ਕਿਹਾ ਕਿ ਇਸਦੇ ਨਾਲ ਹੀ ਆਮ ਆਦਮੀ ਪਾਰਟੀ ਵੱਲੋਂ ਸੂਬਾ ਗੁਜਰਾਤ ਵਿੱਚ ਵੀ ਜ਼ਿਮਨੀ ਚੋਣ ਜਿੱਤ ਕੇ ਵੱਡਾ ਉੱਲਟਫੇਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਹੁਤ ਥੋੜ੍ਹੇ ਸਮੇਂ ਅੰਦਰ ਰਾਸ਼ਟਰੀ ਪਾਰਟੀ ਦਾ ਰੁਤਬਾ ਹਾਸਲ ਕਰਕੇ ਕਈ ਰਾਜਾਂ ਵਿੱਚ ਆਪਣਾ ਵੱਡਾ ਅਧਾਰ ਬਣਾਇਆ ਹੈ ਅਤੇ ਭਵਿੱਖ ਵਿੱਚ ਆਮ ਆਦਮੀ ਪਾਰਟੀ ਦੇਸ਼ ਦੀ ਰਾਜਨੀਤੀ ਨੂੰ ਬਦਲੇਗੀ।।ਸ੍ਰੀ ਬਹਿਲ ਨੇ ਕਿਹਾ ਕਿ ਇਸਦੇ ਨਾਲ ਹੀ ਆਮ ਆਦਮੀ ਪਾਰਟੀ ਵੱਲੋਂ ਸੂਬਾ ਗੁਜਰਾਤ ਵਿੱਚ ਵੀ ਜ਼ਿਮਨੀ ਚੋਣ ਜਿੱਤ ਕੇ ਵੱਡਾ ਉੱਲਟਫੇਰ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਬਹੁਤ ਥੋੜ੍ਹੇ ਸਮੇਂ ਅੰਦਰ ਰਾਸ਼ਟਰੀ ਪਾਰਟੀ ਦਾ ਰੁਤਬਾ ਹਾਸਲ ਕਰਕੇ ਕਈ ਰਾਜਾਂ ਵਿੱਚ ਆਪਣਾ ਵੱਡਾ ਅਧਾਰ ਬਣਾਇਆ ਹੈ ਅਤੇ ਭਵਿੱਖ ਵਿੱਚ ਆਮ ਆਦਮੀ ਪਾਰਟੀ ਦੇਸ਼ ਦੀ ਰਾਜਨੀਤੀ ਨੂੰ ਬਦਲੇਗੀ।ਚੇਅਰਮੈਨ ਸ੍ਰੀ ਰਮਨ ਬਹਿਲ ਨੇ ਲੁਧਿਆਣਾ ਪੱਛਮੀ ਅਤੇ ਗੁਜਰਾਤ ਵਿੱਚ ਹੋਈ ਆਮ ਆਦਮੀ ਪਾਰਟੀ ਦੀ ਜਿੱਤ ਲਈ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜ਼ਰੀਵਾਲ, ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ, ਪੰਜਾਬ ਦੇ ਪ੍ਰਭਾਰੀ ਸ੍ਰੀ ਮਨੀਸ਼ ਸਿਸ਼ੋਦੀਆ ਅਤੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਸਮੇਤ ਸਮੁੱਚੀ ਲੀਡਰਸ਼ਿਪ ਨੂੰ ਵਧਾਈ ਦਿੱਤੀ ਹੈ। ਇਸੇ ਦੌਰਾਨ ਗੁਰਦਾਸਪੁਰ ਵਿਖੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਵੱਲੋਂ ਢੋਲ ਦੀ ਥਾਪ 'ਤੇ ਭੰਗੜੇ ਪਾ ਕੇ ਅਤੇ ਲੱਡੂ ਵੰਡ ਕੇ ਜਿੱਤ ਦੇ ਜਸ਼ਨ ਮਨਾਏ ਗਏ। ਇਸ ਮੌਕੇ ਨਗਰ ਸੁਧਾਰ ਟਰੱਸਟ ਦੇ ਟਰੱਸਟੀ ਰਘੂਬੀਰ ਸਿੰਘ, ਟਰੱਸਟੀ ਹਿਤੇਸ਼ ਮਹਾਜਨ, ਬਲਾਕ ਪ੍ਰਧਾਨ ਗਗਨ ਮਹਾਜਨ, ਵਪਾਰ ਮੰਡਲ ਦੇ ਪ੍ਰਧਾਨ ਅਸ਼ੋਕ ਮਹਾਜਨ, ਬਲਵਿੰਦਰ ਸਿੰਘ ਐੱਮ.ਸੀ., ਯੋਗੇਸ਼ ਸ਼ਰਮਾ ਤੋਂ ਇਲਾਵਾ ਵੱਖ-ਵੱਖ ਪਿੰਡਾਂ ਦੇ ਪੰਚ-ਸਰਪੰਚ ਅਤੇ ਪਾਰਟੀ ਦੇ ਵਰਕਰ ਹਾਜ਼ਰ ਸਨ

## ਸਾਨੂੰ ਸ਼੍ਰੀ ਨਾਮਦੇਵ ਜੀ ਦੇ ਦਰਸਾਏ ਹੋਏ ਮਾਰਗ 'ਤੇ ਚੱਲਣਾ ਚਾਹੀਦਾ ਹੈ: ਜੱਜ ਅਮਨਇੰਦਰ ਸਿੰਘ



ਸ਼੍ਰੀ ਹਰਗੋਬਿੰਦਪੁਰ ਸਾਹਿਬ/ ਘੁਮਾਣ, 23 ਜੂਨ (ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ)-ਅੱਜ ਸਿਵਲ ਜੱਜ ਸੀਨੀਅਰ ਡਵੀਜਨ ਕੈਥਲ ਅਮਨਇੰਦਰ ਸਿੰਘ ਆਪਣੇ ਪਿਤਾ ਡਾ. ਪਰਮਜੀਤ ਸਿੰਘ ਸੰਧੂ ਅਤੇ ਆਪਣੀ ਧਰਮ ਪਤੀ ਜੱਜ ਸੋਨਾਲੀ ਸਿੰਘ ਸੀ.ਜੇ.ਐੱਮ ਬਰਨਾਲਾ ਤੇ ਪਰਿਵਾਰ ਸਮੇਤ ਇਤਿਹਾਸਕ ਅਤੇ ਧਾਰਮਿਕ ਕਸਬਾ ਘੁਮਾਣ ਵਿਖੇ ਸਥਿਤ ਸ਼$ਰੀ ਨਾਮਦੇਵ ਦਰਬਾਰ ਵਿਖੇ ਨਤਮਸਤਕ ਹੋਏ ਅਤੇ ਸ਼$ਰੀ ਨਾਮਦੇਵ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।ਇਸ ਮੌਕੇ ਸ਼$ਰੀ ਨਾਮਦੇਵ ਦਰਬਾਰ ਕਮੇਟੀ ਦੇ ਅਹੁਦੇਦਾਰਾਂ ਵਲੋਂ ਜੱਜ ਅਮਨਇੰਦਰ ਸਿੰਘ ਅਤੇ ਉਨਾਂ ਦੇ ਪਰਿਵਾਰ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਸ਼$ਰੀ ਨਾਮਦੇਵ ਦਰਬਾਰ ਕਮੇਟੀ ਦੇ ਅਹੁਦੇਦਾਰਾਂ ਵਲੋਂ ਜੱਜ ਅਮਨਇੰਦਰ ਸਿੰਘ ਨੂੰ ਸ਼$ਰੀ ਨਾਮਦੇਵ ਦਰਬਾਰ ਦੇ ਇਤਿਹਾਸ ਅਤੇ ਸ਼$ਰੀ ਨਾਮਦੇਵ ਜੀ ਦੀ ਜੀਵਨੀ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ। ਇਸ ਮੌਕੇ ਗੱਲਬਾਤ ਕਰਦਿਆਂ ਜੱਜ ਅਮਨਇੰਦਰ ਸਿੰਘ ਅਤੇ ਡਾ. ਪਰਮਜੀਤ ਸਿੰਘ ਸੰਧੂ ਨੇ ਸਾਂਝੇ ਤੌਰ 'ਤੇ ਕਿਹਾ ਕਿ ਇਸਤਿਹਾਸਕ ਕਸਬਾ ਘੁਮਾਣ ਵਿਖੇ ਸਥਿਤ ਸ਼$ਰੀ ਨਾਮਦੇਵ ਦਰਬਾਰ ਕਰੋੜਾਂ ਲੋਕਾਂ ਦੀ ਧਾਰਮਿਕ ਆਸਥਾ ਦਾ ਪ੍ਰਤੀਕ ਹੈ। ਉਨਾਂ ਕਿਹਾ ਕਿ ਅੱਜ ਉਨਾਂ ਨੇ ਆਪਣੇ ਪਰਿਵਾਰ ਸਮੇਤ ਸ਼$ਰੀ ਨਾਮਦੇਵ ਦਰਬਾਰ ਵਿਖੇ ਨਤਮਸਤਕ ਹੋ ਕੇ ਸ਼$ਰੀ ਨਾਮਦੇਵ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਹੈ ਅਤੇ ਦਰਬਾਰ ਵਿਖੇ ਨਤਮਸਤਕ ਹੋ ਕੇ ਉਨਾਂ ਦੇ ਮਨ ਨੂੰ ਅਥਾਹ ਸ਼ਾਂਤੀ ਅਤੇ ਸਕੂਨ ਮਿਲਿਆ ਹੈ। ਉਨਾਂ ਕਿਹਾ ਕਿ ਸ਼$ਰੀ ਨਾਮਦੇਵ ਜੀ ਦਾ ਜੀਵਨ ਪੂਰੀ ਮਾਨਵਤਾ ਲਈ ਪ੍ਰੇਰਨਾ ਸਰੋਤ ਹੈ ਅਤੇ ਉਨਾਂ ਦੀਆਂ ਸਿੱਖਿਆਵਾਂ ਰਹਿੰਦੀ ਦੁਨੀਆਂ ਤੱਕ ਲੋਕਾਂ ਦਾ ਮਾਰਗ ਦਰਸ਼ਨ ਕਰਦੀਆਂ ਰਹਿਣਗੀਆਂ। ਉਨਾਂ ਕਿਹਾ ਕਿ ਸਾਨੂੰ ਸ਼$ਰੀ ਨਾਮਦੇਵ ਜੀ ਦੇ ਦਰਸ਼ਾਏ ਹੋਏ ਮਾਰਗ 'ਤੇ ਚੱਲਦੇ ਹੋਏ ਆਪਣਾ ਜੀਵਨ ਸਫਲ ਬਣਾਉਣਾ ਚਾਹੀਦਾ ਹੈ ਅਤੇ ਆਪਣੀ ਨੌਜਵਾਨ ਪੀੜੀ ਨੂੰ ਵੀ ਆਪਣੇ ਧਾਰਮਿਕ ਗ੍ਰੰਥਾਂ ਅਤੇ ਗੁਰੂਆਂ ਪੀਰਾਂ ਦੇ ਇਤਿਹਾਸ ਤੋਂ ਜਾਣੂ ਕਰਵਾਉਣਾ ਚਾਹੀਦਾ ਹੈ ਤਾਂ ਜੋ ਸਾਡੀ ਨੌਜਵਾਨ ਪੀੜੀ ਵੀ ਆਪਣੇ ਸਭਿਆਚਾਰ ਨਾਲ ਜੁੜ ਸਕੇ। ਇਸ ਮੌਕੇ ਸ਼$ਰੀ ਨਾਮਦੇਵ ਦਰਬਾਰ ਕਮੇਟੀ ਦੇ ਅਹੁਦੇਦਾਰਾਂ ਵਲੋਂ ਜੱਜ ਅਮਨਇੰਦਰ ਸਿੰਘ, ਡਾ. ਪਰਮਜੀਤ ਸਿੰਘ ਸੰਧੂ, ਜੱਜ ਸੋਨਾਲੀ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਤਰਸੇਮ ਸਿੰਘ ਬਾਵਾ, ਜਨਰਲ ਸਕੱਤਰ ਸੁਖਜਿੰਦਰ ਸਿੰਘ ਬਾਵਾ, ਜੁਆਇੰਟ ਸਕੱਤਰ ਸਰਬਜੀਤ ਸਿੰਘ ਬਾਵਾ, ਚੀਫ ਐਡਵਾਈਜ਼ਰ ਗੁਰਮੁਖ ਸਿੰਘ ਬਾਵਾ, ਗ੍ਰੰਥੀ ਸਿੰਘ ਬਾਬਾ ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

## ਥਾਣਾ ਮਹਿਤਾ ਵੱਲੋ ਪਿਸਟਲ ਸਮੇਤ ਮੈਗਜੀਨ ਅਤੇ 4 ਜਿੰਦਾ ਰੌਂਦ ਸਮੇਤ ਦੋਸ਼ੀ ਗ੍ਰਿਫਤਾਰ



ਚੌਂਕ ਮਹਿਤਾ,23ਜੂਨ(ਬਲਜਿੰਦਰ ਸਿੰਘ ਰੰਧਾਵਾ)ਸ਼ਰੀ ਮਨਿੰਦਰ ਸਿੰਘ ਆਈ.ਪੀ.ਐਸ., ਸੀਨੀਅਰ ਕਪਤਾਨ ਪੁਲਿਸ ਜਿਲ੍ਹਾ ਅੰਮ੍ਰਿਤਸਰ ਦਿਹਾਤੀ ਅਤੇ ਸ਼ਰੀ ਰਵਿੰਦਰ ਸਿੰਘ ਡੀ.ਐਸ.ਪੀ ਜੰਡਿਆਲਾ ਮ ਦੀ ਰਹਿਨੁਮਾਈ ਹੇਠ ਹੇਠ ਥਾਣਾ ਮਹਿਤਾ ਦੇ ਐਸ ਐਚ ਓ ਹਰਪਾਲ ਸਿੰਘ ਸੋਹੀ ਦੀ ਅਗਵਾਈ ਵਿੱਚ ਬੁੱਟਰ ਚੌਕੀ ਦੇ ਇੰਚਾਰਜ ਜਤਿੰਦਰ ਸਿੰਘ ਤੇ ਸਮੇਂਤ ਪੁਲਿਸ ਪਾਰਟੀ ਵੱਲੋ ਸਫਲਤਾ ਹਾਸਿਲ ਕਰਦਿਆ ਇੱਕ ਜਿਗਾਨਾ ਪਿਸਟਲ ਸਮੇਤ ਮੈਗਜੀਨ, 04 ਜਿੰਦਾ ਰੌਂਦ ਅਤੇ ਇੱਕ ਸਪਲੈਂਡਰ ਮੋਟਰ ਸਾਈਕਲ ਸਮੇਤ ਇੱਕ ਦੋਸ਼ੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।

ਥਾਣਾ ਮਹਿਤਾ ਪੁਲਿਸ ਵੱਲੋ ਗੁਪਤ ਸੂਚਨਾ ਤੇ ਉਕਤ ਸਤਿੰਦਰਪਾਲ ਸਿੰਘ ਪੁੱਤਰ ਅਮਰਜੀਤ ਸਿੰਘ ਵਾਸੀ ਖੱਬਰਾਜਪੂਤਾ ਨੂੰ ਪੁਲ ਸੂਆ ਦਿਆਲਗੜ ਤੋਂ ਉਕਤ ਅਸਲੇ ਸਮੇਤ ਗ੍ਰਿਫਤਾਰ ਕੀਤਾ ਗਿਆ। ਜਿਸ ਸਬੰਧੀ ਉਕਤ ਦੋਸ਼ੀ ਖਿਲਾਫ ਥਾਣਾ ਮਹਿਤਾ ਵਿਖੇ ਮੁਕੱਦਮਾ ਨੰ. 67 ਜੁਰਮ 25-54-59 ਅਸਲਾ ਐਕਟ ਤਹਿਤ ਦਰਜ ਕਰਕੇ ਤਫਤੀਸ਼ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਕਤ ਦੋਸ਼ੀ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ ਤਾਂ ਜੋ ਦੋਸ਼ੀ ਦੇ ਫਾਰਵਰਡ ਅਤੇ ਬੈਕਵਰਡ ਲਿੰਕਾ ਨੂੰ ਖੰਘਾਲਿਆ ਜਾ ਸਕੇ। ਇਸ ਤੋਂ ਇਲਾਵਾ ਹੋਰ ਜਿਸ ਕਿਸੇ ਦੀ ਵੀ ਸ਼ਮੂਲੀਅਤ ਸਾਹਮਣੇ ਆਵੇਗੀ ਉਸ ਖਿਲਾਫ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਵੱਲੋਂ ਸੰਭਾਵੀ ਹੜ੍ਹਾਂ ਤੋਂ ਬਚਾਅ ਲਈ ਕੀਤੀਆਂ ਪ੍ਰਸ਼ਾਸਨਿਕ ਤਿਆਰੀਆਂ ਦਾ ਜਾਇਜ਼ਾ

### ਸਮੂਹ ਉਪ ਮੰਡਲ ਮੈਜਿਸਟਰੇਟ, ਈ.ਓਜ਼ ਤੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ



ਫ਼ਤਹਿਗੜ੍ਹ ਸਾਹਿਬ, 23 ਜੂਨ: (ਹਰਪ੍ਰੀਤ ਕੌਰ ਟਿਵਾਣਾ) :ਪਟਿਆਲਾ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਅੱਜ ਜਿ‹ਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਸਮੇਤ ਹੋਰਨਾਂ ਪ੍ਰਸ਼ਾਸਨਿਕ ਤੇ ਪੁਲਿਸ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕਰਦਿਆਂ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਕੀਤੀਆਂ ਤਿਆਰੀਆਂ ਬਾਰੇ ਜਾਇਜ਼ਾ ਲਿਆ।ਡਵੀਜ਼ਨਲ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਵਧੇਰੇ ਚੌਕਸੀ ਵਰਤਣ ਦੀ ਹਦਾਇਤ ਕੀਤੀ ਅਤੇ ਲੋਕਾਂ ਨਾਲ ਨਿਰੰਤਰ ਤਾਲਮੇਲ ਰੱਖਣ ਲਈ ਪ੍ਰੇਰਿਆ। ਸ਼੍ਰੀ ਬੁਬਲਾਨੀ ਨੇ ਕਿਹਾ ਕਿ ਜਿਹੜੇ ਇਲਾਕਿਆਂ ਵਿੱਚ ਪਿਛਲੇ ਵਰਿ$ਹਆਂ ਦੌਰਾਨ ਹੜ੍ਹਾਂ ਦਾ ਪਾਣੀ ਆਇਆ ਸੀ ਉਥੇ ਵਧੇਰੇ ਧਿਆਨ ਰੱਖਿਆ ਜਾਵੇ ਅਤੇ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਵਿਭਾਗੀ ਤਾਲਮੇਲ ਪੱਖੋਂ ਕਿਸੇ ਪੱਧਰ *ਤੇ ਕੋਈ ਕਮੀ ਨਾ ਛੱਡੀ ਜਾਵੇ।ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਉਹ ਪਟਿਆਲਾ ਡਵੀਜ਼ਨ ਅਧੀਨ ਆਉਂਦੇ ਜਿ‹ਲਿ$ਹਆਂ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈ ਰਹੇ ਹਨ ਅਤੇ ਇਸੇ ਉਦੇਸ਼ ਨਾਲ ਪ੍ਰਸ਼ਾਸਨ ਨਾਲ ਸਮੀਖਿਆ ਕੀਤੀ ਜਾ ਰਹੀ ਹੈ ਤਾਂ ਜੋ ਭਾਰੀ ਬਰਸਾਤ ਤੋਂ ਪਹਿਲਾਂ ਹੀ ਹਰ ਲੋੜੀਂਦੇ ਪ੍ਰਬੰਧ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਨੇ ਡਰੇਨੇਜ਼ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੀਆਂ ਡਰੇਨਾਂ, ਨਦੀ ਨਾਲਿਆਂ, ਸੂਇਆਂ ਦੀ ਸਾਫ ਸਫਾਈ ਵਿੱਚ ਬੇਲੋੜੀ ਦੇਰੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਨੇ ਸਮੂਹ ਐਸ.ਡੀ.ਐਮਜ਼ ਨੂੰ ਹਦਾਇਤ ਕੀਤੀ ਕਿ ਸਬ ਡਵੀਜ਼ਨਾਂ ਵਿੱਚ ਹੜ੍ਹ ਸੰਭਾਵਿਤ ਇਲਾਕਿਆਂ ਦਾ ਦੌਰਾ ਕੀਤਾ ਜਾਵੇ ਤੇ ਸਥਾਨਕ ਨਿਵਾਸੀਆਂ ਨਾਲ ਪਰਸਪਰ ਤਾਲਮੇਲ ਰੱਖਿਆ ਜਾਵੇ। ਉਨ੍ਹਾਂ ਨੇ ਸਮੂਹ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਦੇ ਕਾਰਜਸਾਧਕ ਅਫ਼ਸਰਾਂ ਨੂੰ ਸੀਵਰੇਜ ਤੇ ਨਿਕਾਸੀ ਨਾਲਿਆਂ ਦੀ ਨਿਯਮਤ ਸਫਾਈ ਕਰਦੇ ਰਹਿਣ ਦੇ ਆਦੇਸ਼ ਵੀ ਦਿੱਤੇ। ਡਵੀਜ਼ਨਲ ਕਮਿਸ਼ਨਰ ਨੇ ਹੜ੍ਹਾਂ ਤੋਂ ਬਚਾਅ ਲਈ ਵੱਖ—ਵੱਖ ਵਿਭਾਗਾਂ ਦੁਆਰਾ ਕੀਤੇ ਪ੍ਰਬੰਧਾਂ ਬਾਰੇ ਵੀ ਚਰਚਾ ਕੀਤੀ।ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਪ੍ਰਸ਼ਾਸਨਿਕ ਪੱਧਰ *ਤੇ ਸਾਰੇ ਪ੍ਰਬੰਧ ਮੁਕੰਮਲ ਕੀਤੇ ਜਾ ਚੁੱਕੇ ਹਨ ਅਤੇ ਜਿ‹ਲ੍ਹਾ ਪੱਧਰ *ਤੇ ਅਤੇ ਸਬ ਡਵੀਜ਼ਨ ਪੱਧਰ *ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਉਤੇ 24ਘ7 ਸਟਾਫ਼ ਦੀ ਤਾਇਨਾਤੀ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨਿਕ ਪੱਧਰ *ਤੇ ਵੱਖ ਵੱਖ ਵਿਭਾਗਾਂ ਨਾਲ ਨਿਰੰਤਰ ਮੀਟਿੰਗਾਂ ਕਰਕੇ ਦਿਸ਼ਾ ਨਿਰਦੇਸ਼ ਦਿੱਤੇ ਜਾ ਰਹੇ ਹਨ ਅਤੇ ਹਰ ਪੱਖੋਂ ਪੂਰੀ ਚੌਕਸੀ ਰੱਖੀ ਜਾ ਰਹੀ ਹੈ।ਮੀਟਿੰਗ ਤੋਂ ਪਹਿਲਾਂ ਡਵੀਜ਼ਨਲ ਕਮਿਸ਼ਨਰ ਵਿਨੈ ਬੁਬਲਾਨੀ ਨੂੰ ਜਿ‹ਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਹੁੰਚਣ *ਤੇ ਨਿੱਘਾ ਸਵਾਗਤ ਕਰਦਿਆਂ ਗਾਰਡ ਆਫ਼ ਆਨਰ ਵੀ ਦਿੱਤਾ ਗਿਆ।ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ ਸੁਰਿੰਦਰ ਸਿੰਘ ਧਾਲੀਵਾਲ, ਐਸ.ਪੀ ਹਰਵੰਤ ਕੌਰ, ਐਸ.ਡੀ.ਐਮ ਅਰਵਿੰਦ ਕੁਮਾਰ ਗੁਪਤਾ, ਐਸ.ਡੀ.ਐਮ ਬਸੀ ਪਠਾਣਾ ਹਰਵੀਰ ਕੌਰ, ਐਸ.ਡੀ.ਐਮ ਖਮਾਣੋਂ ਮਨਰੀਤ ਰਾਣਾ, ਜ਼ਿਲ੍ਹਾ ਮਾਲ ਅਫਸਰ ਕਰੁਣ ਗੁਪਤਾ ਸਮੇਤ ਵੱਖ—ਵੱਖ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

## ਆਮ ਆਦਮੀ ਪਾਰਟੀ ਆਗੂਆਂ ਨੇ ਲੱਡੂ ਵੰਡੇ



ਭੋਗਪੁਰ 23 ਜੂਨ ( ਅਮਰਜੀਤ ਸਿੰਘ ਸੈਣੀ ) ਲੁਧਿਆਣਾ ਜੀਵਨੀ ਚੋਣਾਂ ਆਮ ਆਦਮੀ ਪਾਰਟੀ ਦੇ ਸੰਜੀਵ ਅਰੋੜਾ ਦੀ ਭਾਰੀ ਬਹੁਮਤ ਨਾਲ ਜਿੱਤ ਹੋਣ ਤੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਪਰਮਜੀਤ ਸਿੰਘ ਰਾਜਵੰਸ ਚੇਅਰਮੈਨ ਦੀ ਅਗਵਾਈ ਹੇਠ ਲੱਡੂ ਵੰਡੇ ਗਏ ← ਪਰਮਜੀਤ ਸਿੰਘ ਰਾਜਵੰਸ ਨੇ ਕਿਹਾ ਕੇ ਲੁਧਿਆਣਾ ਚੋਣਾਂ ਸਬੰਧੀ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਦਿਨ ਰਾਤ ਇੱਕ ਕਰਕੇ ਮਿਹਨਤ ਕੀਤੀ ← ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਜੋ ਵਿਕਾਸ ਕੀਤੇ ਗਏ ਹਨ ਦਾ ਨਤੀਜਾ ਹੈ ਕਿ ਲੁਧਿਆਣਾ ਵਿੱਚ ਸੰਜੀਵ ਅਰੋੜਾ ਨੂੰ ਭਾਰੀ ਬਹੁਮਤ ਨਾਲ ਜਿੱਤ ਮਿਲੀ ਹੈ ← ਇਸ ਮੌਕੇ ਤੇ ਪਵਿੱਤਰ ਸਿੰਘ ਪ੍ਰਧਾਨ, ਸੁਖਵਿੰਦਰ ਸਿੰਘ ਬਲਾਕ ਪ੍ਰਧਾਨ, ਗੁਰਮੀਤ ਸਿੰਘ ਬੋਪਾਰਾਏ, ਬਿੱਟੂ ਸਰਪੰਚ,ਮਨਜੀਤ ਸਿੰਘ, ਹੈਪੀ ਅਗਰਵਾਲ, ਸੁਖਬੀਰ ਕੁਮਾਰ ਨੰਬਰਦਾਰ,ਕਮਲ ਪੰਚਾਇਤ ਮੈਂਬਰ, ਜਸਪ੍ਰੀਤ ਸਿੰਘ ਸਰਪੰਚ,ਹਰਪ੍ਰੀਤ ਸਿੰਘ,ਦਵਿੰਦਰ ਸੂਰੀ ਮੈਂਬਰ, ਪ੍ਰਦੀਪ ਕੁਮਾਰ ਮੈਂਬਰ ਆਦਿ ਹਾਜ਼ਰ ਸਨ

## ਪਲੇਵੇਅ ਅਤੇ ਪ੍ਰੀ ਨਰਸਰੀ ਸਕੂਲਾਂ ਦੀ ਰਜਿਸਟਰੇਸ਼ਨ ਲਾਜਮੀ



ਸ਼ਹੀਦ ਭਗਤ ਸਿੰਘ ਨਗਰ, 23 ਜੂਨ: ਸੁਖਦੇਵ ਸਿੰਘ ਉੜਾਪੜ)ਪੰਜਾਬ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਅਨੁਸਾਰ 3 ਤੋਂ 6 ਸਾਲ ਤੱਕ ਦੇ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਅਰਲੀ ਚਾਇਲਡ ਹੁਡ ਕੇਅਰ ਐਂਡ ਐਜੂਕੇਸ਼ਨ ਸਕੀਮ ਤਹਿਤ ਜ਼ਿਲੇ ਵਿੱਚ ਚੱਲ ਰਹੇ ਪ੍ਰਾਈਵੇਟ ਪਲੇ ਵੇਅ ਸਕੂਲਾਂ ਦੀ ਰਜਿਸਟਰੇਸ਼ਨ ਲਾਜ਼ਮੀ ਹੈ।ਜ਼ਿਲਾ ਪ੍ਰੋਗਰਾਨ ਅਧਿਕਾਰੀ ਜਗਰੂਪ ਸਿੰਘ ਨੇ ਦੱਸਿਆ ਕਿ ਡਾਇਰੈਕਟਰ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲੇ ਵਿੱਚ ਚੱਲ ਰਹੇ ਪ੍ਰਾਈਵੇਟ ਪਲੇਵੇ ਸਕੂਲਾਂ ਦੀ ਰਜਿਸਟਰੇਸ਼ਨ ਕੀਤੀ ਜਾਣੀ ਜਰੂਰੀ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਪ੍ਰਾਈਵੇਟ ਸੰਸਥਾਵਾਂ, ਜੋ ਕਿ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਲਈ ਅਰਲੀ ਚਾਇਲਡ ਕੇਅਰ ਅਤੇ ਐਜੂਕੇਸ਼ਨ/ ਪਲੇ ਵੇਅ ਸਕੂਲ ਦੇ ਖੇਤਰ ਵਿੱਚ ਕੰਮ ਕਰ ਰਹੀਆਂ ਹਨ ਜਾਂ ਕਰਨਾ ਚਾਹੁੰਦੀਆਂ ਹਨ, ਲਈ ਸਮਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਧੀਨ ਰਜਿਸਟਰੇਸ਼ਨ ਕਰਵਾਉਣਾ ਲਾਜ਼ਮੀ ਹੈ । ਉਨ੍ਹਾਂ ਦੱਸਿਆ ਕਿ ਜਿਲ੍ਹੇ ਅਧੀਨ ਆਉਂਦੇ ਸਮੂਹ ਪ੍ਰੀ-ਨਰਸਰੀ ਅਤੇ ਪਲੇ ਵੇਅ ਸਕੂਲਾਂ ਦੇ ਪ੍ਰਬੰਧਕ ਆਪਣੇ ਸਕੂਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਜਿਲਾ ਪ੍ਰੋਗਰਾਮ ਅਫਸਰ ਦੇ ਦਫਤਰ ਤੋਂ ਐਪਲੀਕੇਸ਼ਨ ਫਾਰਮ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਰਜਿਸਟਰੇਸ਼ਨ ਦੌਰਾਨ ਕਿਸੇ ਕਿਸਮ ਦੀ ਪਰੇਸ਼ਾਨੀ ਹੁੰਦੀ ਹੈ ਤਾਂ ਜਿਲਾ ਪ੍ਰੋਗਰਾਮ ਅਫਸਰ ਨਾਲ ਉਨ੍ਹਾਂ ਦੇ ਦਫ਼ਤਰ ਵਿੰਚ ਸੰਪਰਕ ਕੀਤਾ ਜਾ ਸਕਦਾ ਹੈ ।ਜ਼ਿਕਰਯੋਗ ਹੈ ਕਿ ਇਸ ਸੰਬੰਧ ਵਿਚ ਹੋਰ ਜਾਣਕਾਰੀ ਲਈ ਜਿਲ੍ਹਾ ਬਾਲ ਸੁਰੱਖਿਆ ਅਫਸਰ ਨਾਲ ਸੰਪਰਕ ਨੰਬਰ 01823-222322 ਅਤੇ 01823-281798 'ਤੇ ਵੀ ਤਾਲਮੇਲ ਕੀਤਾ ਜਾ ਸਕਦਾ ਹੈ। ਉਹਨਾਂ ਵੱਲੋਂ ਕਿਹਾ ਗਿਆ ਕਿ ਜਿਲੇ ਅਧੀਨ ਚੱਲ ਰਹੇ ਸਾਰੇ ਪ੍ਰਾਈਵੇਟ ਸਕੂਲਾਂ ਸੰਸਥਾਵਾਂ ਪਲੇਵੇ ਸਕੂਲ ਜੋ ਤਿੰਨ ਤੋਂ ਛੇ ਸਾਲ ਤੱਕ ਦੇ ਬੱਚਿਆਂ ਲਈ ਕੰਮ ਕਰਦਾ ਹੈ, ਲਈ ਸਰਕਾਰ ਵੱਲੋਂ ਦਿੱਤੇ ਮਾਪਦੰਡ ਨੂੰ ਪੂਰਾ ਕਰਨਾ ਲਾਜਮੀ ਹੈ। ਇਸਲਈ ਪਲੇਵੇ ਸਕੂਲਾਂ/ਪ੍ਰਾਈਵੇਟ ਸਕੂਲਾਂਦੇ ਪ੍ਰਬੰਧਕ ਆਪਣੇ ਸਕੂਲਾਂ ਦੀ ਰਜਿਸਟਰੇਸ਼ਨ ਕਰਵਾਉਣ ਲਈ ਜਲਦ ਤੋਂ ਜਲਦ ਜ਼ਿਲ੍ਹਾ ਪ੍ਰੋਗਰਾਮ ਦਫਤਰ ਵਿਖੇ ਤਾਲਮੇਲ ਕਰਨ।



# ਪਟਿਆਲਾ-ਆਸ/ਪਾਸ



## ਘਨੌਰ ਵਾਸੀਆਂ ਨੂੰ ਸਿਹਤਮੰਦ ਅਤੇ ਵਾਤਾਵਰਨ ਵਾਲੀ ਸ਼ਹਿਰੀ ਜ਼ਿੰਦਗੀ ਦੇਣਾ ਉਨ੍ਹਾਂ ਦੀ ਮੁੱਖ ਤਰਜ਼ੀਹ: ਗੁਰਲਾਲ ਘਨੌਰ

### ਵਿਧਾਇਕ ਨੇ ਨਿਕਾਸੀ ਪ੍ਰਣਾਲੀ ਦੇ ਕੰਮਾਂ ਨੂੰ ਸਮਾਂਬੱਧ ਨੇਪਰੇ ਚਾੜ੍ਹਨ ਦੇ ਦਿੱਤੇ ਨਿਰਦੇਸ਼

ਘਨੌਰ, 23 ਜੂਨ (ਮਦਨ ਲਾਲ): ਹਲਕਾ ਘਨੌਰ ਦੇ ਵਿਧਾਇਕ ਗੁਰਲਾਲ ਘਨੌਰ ਵੱਲੋਂ ਇਲਾਕੇ ਦੀ ਬੁਨਿਆਦੀ ਢਾਂਚਾਗਤ ਸੁਧਾਰਾਂ ਵੱਲ ਇੱਕ ਹੋਰ ਵੱਡਾ ਕਦਮ ਚੁੱਕਦੇ ਹੋਏ ਘਨੌਰ ਸ਼ਹਿਰ ਦੇ ਸਮੂਹ ਨਿਕਾਸੀ ਨਾਲਿਆਂ ਦੀ ਸਫਾਈ ਦੀ ਮੁਹਿੰਮ ਦੀ ਆਗਵਾਈ ਕੀਤੀ ਗਈ। ਮੌਸਮ ਦੀ ਬਦਲ ਰਹੀ ਤਸਵੀਰ ਅਤੇ ਬਰਸਾਤੀ ਦਿਨਾਂ ਦੇ ਚੈਤਾਵਨੀ ਭਰੇ ਅੰਦਾਜ਼ ਨੂੰ ਵੇਖਦਿਆਂ ਵਿਧਾਇਕ ਨੇ ਨਿਕਾਸੀ ਪ੍ਰਣਾਲੀ ਦੀ ਸੂਚੀਬੱਧ ਜਾਂਚ ਕਰਕੇ ਜੰਗੀ ਪੱਧਰ ਤੇ ਸਾਫ-ਸਫਾਈ ਦੇ ਕੰਮ ਨੂੰ ਸ਼ੁਰੂ ਕਰਵਾਇਆ।ਇਸ ਸਬੰਧੀ ਗੁਰਲਾਲ ਘਨੌਰ ਨੇ ਖ਼ਾਸ ਤੌਰ 'ਤੇ ਸ਼ਹਿਰੀ ਖੇਤਰਾਂ ਦੀਆਂ ਨਾਲੀਆਂ, ਡਰੇਨਾਂ ਅਤੇ ਪੁਲੀਆਂ ਦਾ ਮੁਆਇਨਾ ਕਰਕੇ ਸਟੇਟਸ ਜਾਣਿਆ ਅਤੇ ਜਿੱਥੇ ਕਮੀ ਰਹਿ ਗਈ, ਉਥੇ ਫੌਰੀ ਤੌਰ 'ਤੇ ਕਦਮ ਚੁੱਕਣ ਦੇ ਹੁਕਮ ਦਿੱਤੇ। ਉਨ੍ਹਾਂ ਕਿਹਾ ਕਿ ਬਰਸਾਤ ਦੌਰਾਨ ਪਾਣੀ ਦੇ ਜਮਾਵ ਅਤੇ ਗੰਦਗੀ ਕਾਰਨ ਲੋਕਾਂ ਨੂੰ ਪਰੇਸ਼ਾਨੀ ਨਾ ਆਵੇ, ਇਹ ਯਕੀਨੀ ਬਣਾਉਣਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ। ਗੱਲਬਾਤ ਦੌਰਾਨ ਵਿਧਾਇਕ ਗੁਰਲਾਲ ਘਨੌਰ ਨੇ ਦੱਸਿਆ ਕਿ ਪਿਛਲੇ ਕੁਝ ਦਿਨਾਂ ਤੋਂ ਘਨੌਰ ਸ਼ਹਿਰ ਵਿੱਚ ਗੰਦੇ ਪਾਣੀ ਦੀ ਨਿਕਾਸੀ ਸੰਬੰਧੀ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਸਰਕਾਰੀ ਵਿਭਾਗਾਂ ਦੀ ਸਹਿਯੋਗ ਨਾਲ ਸਾਫ-ਸਫਾਈ ਦੇ ਕੰਮ ਨੂੰ ਲਗਾਤਾਰ ਜਾਰੀ ਰੱਖਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਨਿਕਾਸੀ ਨਾਲਿਆਂ ਦੀ ਰੁਕਾਵਟ ਦੂਰ ਕਰਕੇ, ਪੁਲੀਆਂ ਦਾ ਨਵੀਨੀਕਰਨ ਕਰਕੇ ਅਤੇ ਨਵੇਂ ਸਿਸਟਮ ਦੀ ਯੋਜਨਾ ਤਹਿਤ ਨਕਸ਼ਾ ਤਿਆਰ ਕਰਕੇ ਸ਼ਹਿਰ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵਿਧਾਇਕ ਗੁਰਲਾਲ ਘਨੌਰ ਨੇ ਕਿਹਾ ਕਿ ਸਰਕਾਰੀ ਟੀਮਾਂ ਨਿਰਪੱਖਤਾ ਨਾਲ ਆਪਣੀ ਡਿਊਟੀ ਨਿਭਾਅ ਰਹੀਆਂ ਹਨ ਅਤੇ ਉਹ ਖੁਦ ਮੌਕੇ 'ਤੇ ਹਾਜ਼ਰ ਹੋ ਕੇ ਸਫਾਈ ਅਤੇ ਨਿਰਮਾਣ ਅਧੀਨ ਕੰਮ ਦੀ ਜਾਂਚ ਕਰਦੇ ਹਨ। ਉਨ੍ਹਾਂ ਕਿਹਾ ਕਿ ਨਿਕਾਸੀ ਨਾਲੀਆਂ ਦੀ ਲੰਬੀ ਸਮੇਂ ਤੋਂ ਲਟਕ ਰਹੀ ਸਫਾਈ ਮੁਹਿੰਮ ਹੁਣ ਆਪਣੇ ਅਖੀਰਲੇ ਪੜਾਅ ਵਿੱਚ ਹੈ, ਜਿਸ ਦੇ ਨਤੀਜੇ ਵਜੋਂ ਮੌਸਮ ਦੇ ਵਧਣ ਨਾਲ ਲੋਕਾਂ ਨੂੰ ਰਾਹਤ ਮਿਲੇਗੀ। ਇਸ ਦੌਰਾਨ ਵਿਧਾਇਕ ਨੇ ਘਨੌਰ ਵਾਸੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀਆਂ ਪ੍ਰੇਸ਼ਾਨੀਆ ਨੂੰ ਸੁਣਿਆ ਅਤੇ ਲੋਕਾਂ ਨੂੰ ਭਰੋਸਾ ਦਵਾਇਆ ਕਿ ਹਲਕੇ ਵਿੱਚ ਕਿਸੇ ਵੀ ਕਿਸਮ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸਾਫ-ਸੁਥਰੇ ਅਤੇ ਸਿਹਤਮੰਦ ਵਾਤਾਵਰਲ ਵਾਲੀ ਸ਼ਹਿਰੀ ਜ਼ਿੰਦਗੀ ਦੇਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਇਸ ਮੌਕੇ ਨਗਰ ਪੰਚਾਇਤ ਘਨੌਰ ਦੇ ਪ੍ਰਧਾਨ ਮਨਦੀਪ ਕੋਰ ਹੰਜਰਾ ਨੇ ਕਿਹਾ ਕਿ ਇਹ ਯਤਨ ਨਾ ਸਿਰਫ਼ ਇਕ ਚੰਗੇ ਪਰਸ਼ਾਸਨਕ ਮਾਡਲ ਦੀ ਨਿਸ਼ਾਨਦੇਹੀ ਕਰਦੇ ਹਨ, ਸਗੋਂ ਲੋਕਾਂ ਅਤੇ ਸਰਕਾਰ ਵਿਚਕਾਰ ਭਰੋਸੇ ਦੇ ਰਿਸ਼ਤੇ ਨੂੰ ਵੀ ਮਜ਼ਬੂਤ ਕਰਦੇ ਹਨ। ਇਸ ਮੌਕੇ ਬਲਾਕ ਪ੍ਰਧਾਨ ਪੰਮਾ ਘਨੌਰ, ਸੁਰਿੰਦਰ ਤੂਲੀ ਐਮਸੀ, ਮੁਖਤਿਆਰ ਸਿੰਘ ਗੁਰਾਇਆ, ਬਲਾਕ ਪ੍ਰਧਾਨ ਨਜ਼ੀਰ ਖਾਨ ਮੱਖਣ ਘਨੌਰ, ਗੁਰਨਾਮ ਸਿੰਘ ਚੰਬਲ,ਜੱਗੀ ਬੂਟਰ ਐਮਸੀ ਸਮੇਤ ਹੋਰ ਵੀ ਸ਼ਹਿਰ ਦੇ ਮੋਹਤਬਰ ਵਿਅਕਤੀ, ਸਬੰਧਤ ਅਧਿਕਾਰੀ ਅਤੇ ਸਥਾਨਕ ਲੋਕ ਮੌਜੂਦ ਸਨ।

## ਘੱਗਰ ਤੇ ਪੱਚੀ ਦਰੇ 'ਚ ਖੜ੍ਹਿਆ ਘਾਹ-ਫ਼ੂਸ ਘਨੌਰ ਹਲਕੇ 'ਚ ਹੜ੍ਹਾਂ ਨੂੰ ਦੇ ਰਿਹੈ ਸੱਦਾ, ਪ੍ਰਸ਼ਾਸਨ ਬੇਖ਼ਬਰ

### ਸਫਾਈ ਡਰੇਨਾਂ ਦੀ ਹੁੰਦੀ ਹੈ ਨਦੀਆਂ ਦੀ ਨਹੀਂ : ਐਸ.ਈ. ਘਈ





ਘਨੌਰ , 23 ਜੂਨ (ਮਦਨ ਲਾਲ) : ਹਰ ਸਾਲ ਵਾਂਗ, ਇਸ ਵਾਰ ਵੀ ਘਨੌਰ ਇਲਾਕੇ ਦੇ ਲੋਕਾਂ ਦੀਆਂ ਨਜ਼ਰਾਂ ਅਸਮਾਨ ਵੱਲ ਟਿਕੀਆਂ ਹੋਈਆਂ ਹਨ, ਪਰ ਇਸ ਵਾਰ ਕਾਰਨ ਮੀਂਹ ਨਹੀਂ, ਸਗੋਂ ਪ੍ਰਸ਼ਾਸਨ ਦੀ ਲਾਪਰਵਾਹੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲਣ ਵਾਲਾ ਘੱਗਰ ਦਰਿਆ, ਜੋ ਪਹਿਲਾਂ ਹੀ ਦਰਜ਼ਨਾਂ ਵਾਰ ਹੜ੍ਹ ਦਾ ਰੂਪ ਲੈ ਚੁੱਕਾ ਹੈ, ਇੱਕ ਵਾਰ ਫਿਰ ਤਬਾਹੀ ਦੇ ਕੰਢੇ 'ਤੇ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਹੁਣ ਤੱਕ ਕੋਈ ਠੋਸ ਹੜ੍ਹ ਪ੍ਰਬੰਧਨ ਯੋਜਨਾ ਨਹੀਂ ਅਪਣਾਈ ਹੈ। ਇਹ ਘੱਗਰ ਦਰਿਆ ਸੰਜਰਪੁਰ ,ਬੱਲੋਪੁਰ, ਨਰਾਇਣਗੜ੍ਹ ਝੁੰਗੀਆਂ, ਰਾਏਪੁਰ, ਰਾਜਗੜ੍ਹ, ਬਪਰੌਰ ਤੇਪਲਾ ਬਾਸਮਾ ਨਨਹੇੜੀ, ਚਮਾਰੂ, ਊਟਸਰ, ਲਾਛੜੂ ਕਲਾਂ, ਲਾਛੜੂ ਖੁਰਦ, ਸਰਾਲਾ ਕਲਾਂ ਅਤੇ ਸਰਾਲਾ ਖੁਰਦ,ਸੋਗਲਪੁਰ,ਮਾਜਰੀ ਫਕੀਰਾਂ ਸਮੇਤ ਹੋਰ ਵੀ ਇਲਾਕੇ ਦੇ ਪਿੰਡ ਹੜ੍ਹ ਪ੍ਰਭਾਵਿਤ ਹੋ ਸਕਦੇ ਹਨ। ਘੱਗਰ ਦਰਿਆ 'ਤੇ ਸਥਿਤੀ ਗੰਭੀਰ ਬਣੀ ਹੋਈ ਹੈ। ਇੱਥੇ ਨਰਵਾਣਾ ਬ੍ਰਾਂਚ ਨਹਿਰ ਦੇ ਪੁਰਾਣੇ ਪੁਲ ਦੇ ਆਸ ਪਾਸ ਘਾਹ ਫ਼ੂਸ ਸਰਕੰਡਾ ਖੜਿਆ ਹੈ, ਜੋ ਪਾਣੀ ਦੇ ਨਿਕਾਸ 'ਚ ਰੁਕਾਵਟ ਪਾਉਂਦਾ ਹੈ। ਜੇਕਰ ਭਾਰੀ ਮੀਂਹ ਪੈਂਦਾ ਹੈ, ਤਾਂ ਇੱਥੇ ਸਥਿਤੀ ਬਹੁਤ ਭਿਆਨਕ ਹੋ ਸਕਦੀ ਹੈ। ਘੱਗਰ ਦਰਿਆ ਦੇ ਕਿਨਾਰੇ ਕਮਜ਼ੋਰ ਹਨ ਤੇ ਜਿੱਥੇ ਵੀ ਪਿਛਲੇ ਸਾਲ ਦਰਿਆ ਨੇ ਤਬਾਹੀ ਮਚਾਈ ਸੀ, ਸਿਰਫ਼ ਕੁਝ ਸੀਮਤ ਮੁਰੰਮਤ ਕੀਤੀ ਗਈ ਹੈ, ਕੋਈ ਸਥਾਈ ਹੱਲ ਨਹੀਂ ਲੱਭਿਆ ਗਿਆ ਹੈ। ਘੱਗਰ ਪਹਿਲਾਂ ਹੀ ਛੇ ਵਾਰ ਲੈ ਚੁੱਕਿਆ ਹੈ ਹੜ੍ਹ ਦਾ ਰੂਪ ਜੇਕਰ ਅਸੀਂ ਪਿਛਲੇ ਸਾਲਾਂ ਦੀ ਗੱਲ ਕਰੀਏ ਤਾਂ ਘੱਗਰ 1983, 1993, 1995, 1998, 2010 ਤੇ 2023 'ਚ ਛੇ ਵਾਰ ਹੜ੍ਹ ਲਿਆ ਚੁੱਕਾ ਹੈ। ਹਰ ਵਾਰ ਕਿਹਾ ਜਾਂਦਾ ਸੀ ਕਿ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਜਾਵੇਗਾ, ਪਰ ਹਰ ਵਾਰ ਮੀਂਹ ਤੋਂ ਪਹਿਲਾਂ ਆਖਰੀ ਪਲਾਂ 'ਚ ਇਹ ਇੱਕ ਦਿਖਾਵਾ ਸੀ। ਇਸੇ ਲੜੀ 'ਚ, ਇਸ ਵਾਰ ਵੀ ਹੜ੍ਹ ਤੋਂ ਪਹਿਲਾਂ ਕੋਈ ਵਿਆਪਕ ਨਿਰੀਖਣ ਜਾਂ ਠੋਸ ਕਾਰਵਾਈ ਦਿਖਾਈ ਨਹੀਂ ਦੇ ਰਹੀ ਹੈ। ਇਸ ਸਬੰਧੀ ਡਰੇਨ ਵਿਭਾਗ ਦੇ ਐਸ.ਈ. ਰਾਜਿੰਦਰ ਸਿੰਘ ਘਈ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਡਰੇਨਜ ਵਿਭਾਗ ਨੂੰ ਪ੍ਰਪੋਜ਼ਲ ਭੇਜੀ ਹੋਈ ਹੈ ਪਰਪੋਜ਼ਲ ਸਬੰਧੀ ਜਵਾਬ ਆਉਣ 'ਤੇ ਕਾਰਵਾਈ ਕੀਤੀ ਜਾਵੇਗੀ ਪਰ ਉਹਨਾਂ ਕਿਹਾ ਕਿ ਡਰੇਨਾਂ ਦੀ ਸਫਾਈ ਹੁੰਦੀ ਹੈ ਨਦੀਆਂ ਦੀ ਸਫਾਈ ਨਹੀਂ ਹੁੰਦੀ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਪਲੇਸਮੈਂਟ ਕੈਂਪ ਅੱਜ

ਪਟਿਆਲਾ, 23 ਜੂਨ (ਚ.ਨ.ਸ.) : ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਮਿਤੀ 24 ਜੂਨ ਦਿਨ ਮੰਗਲਵਾਰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਸਕਿਉਰਿਟੀ ਗਾਰਡ, ਆਫ਼ਿਸ ਵਰਕ, ਹਾਊਸ ਕੀਪਿੰਗ ਦੀਆਂ ਅਸਾਮੀਆਂ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਬਿਊਰੋ ਦੇ ਡਿਪਟੀ ਡਾਇਰੈਕਟਰ ਮੇਜਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਬਰਾਈਟ ਲਾਈਨ ਸਕਿਉਰਿਟੀ ਸਰਵਿਸ ਵੱਲੋਂ ਸਕਿਉਰਿਟੀ ਗਾਰਡ, ਆਫ਼ਿਸ ਵਰਕ, ਹਾਊਸ ਕੀਪਿੰਗ ਦੀਆਂ ਅਸਾਮੀਆਂ ਲਈ ਉਮੀਦਵਾਰਾਂ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ ਉਮੀਦਵਾਰਾਂ ਕੋਲ ਦਸਵੀਂ ਅਤੇ ਬਾਰ੍ਹਵੀਂ ਦੀ ਯੋਗਤਾ ਹੋਵੇ ਉਹ ਇਨ੍ਹਾਂ ਅਸਾਮੀਆਂ ਲਈ ਇੰਟਰਵਿਊ ਦੇ ਸਕਦੇ ਹਨ। ਉਨ੍ਹਾਂ ਦੱਸਿਆ ਕਿ ਉਮੀਦਵਾਰ ਦੀ ਉਮਰ 21 ਤੋਂ 48 ਸਾਲ ਵਿਚਾਰ ਹੋਵੇ ਤੇ ਮਹਿਲਾ ਤੇ ਪੁਰਸ਼ ਦੋਵੇਂ ਇਨ੍ਹਾਂ ਅਸਾਮੀਆਂ ਲਈ ਯੋਗ ਹਨ। ਉਨ੍ਹਾਂ ਕਿਹਾ ਕਿ ਨੌਕਰੀ ਦੇ ਚਾਹਵਾਨ ਉਮੀਦਵਾਰ ਪਲੇਸਮੈਂਟ ਕੈਂਪ ਵਿੱਚ ਭਾਗ ਲੈਣ ਲਈ ਆਪਣੀ ਯੋਗਤਾ ਸਾਰੇ ਸਰਟੀਫਿਕੇਟ, ਉਨ੍ਹਾਂ ਦੀਆਂ ਫੋਟੋ ਕਾਪੀਆਂ ਅਤੇ ਰਜਿਊਮ ਨਾਲ ਲੈਕੇ 24 ਜੂਨ ਨੂੰ ਸਵੇਰੇ 10 ਵਜੇ ਇਸ ਕੈਂਪ ਵਿੱਚ ਹਿੱਸਾ ਲੈ ਸਕਦੇ ਹਨ।

## ਤ੍ਰਿਵੇਣੀ ਸਾਹਿਤ ਪ੍ਰੀਸ਼ਦ ਵੱਲੋਂ ਮਾਸਿਕ ਸਾਹਿਤਕ ਸਮਾਗਮ



ਪਟਿਆਲਾ, 23 ਜੂਨ (ਚ.ਨ.ਸ.) : ਤ੍ਰਿਵੇਣੀ ਸਾਹਿਤ ਪਰਿਸ਼ਦ (ਰਜਿ:) ਪਟਿਆਲਾ ਵੱਲੋਂ ਭਾਸ਼ਾ ਵਿਭਾਗ ਦੇ ਸੈਮੀਨਾਰ ਹਾਲ ਵਿੱਚ ਇੱਕ ਸਾਹਿਤਕ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਲਗਭਗ 35 ਸ਼ਾਇਰਾਂ ਨੇ ਹਿੱਸਾ ਲਿਆ। ਪ੍ਰਧਾਨਗੀ ਮੰਡਲ ਵਿੱਚ ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ, ਲੋਕ ਸਾਹਿਤ ਸੰਗਮ ਰਾਜਪੁਰਾ ਦੇ ਪ੍ਰਧਾਨ ਡਾ. ਗੁਰਵਿੰਦਰ ਅਮਨ, ਸੁਰਿੰਦਰ ਕੌਰ ਬਾੜਾ, ਅਵਤਾਰ ਜੀਤ ਅਟਵਾਲ ਅਤੇ ਰਘਬੀਰ ਮਹਿਮੀ ਸੁਸ਼ੋਭਿਤ ਹੋਏ। ਸਮਾਗਮ ਦਾ ਆਰੰਭ ਮੰਗਤ ਖ਼ਾਨ ਵੱਲੋਂ 'ਅਸੀਂ ਨਾਨਕ ਦੇ ਕੀ ਲੱਗਦੇ ਹਾਂ' ਧਾਰਮਿਕ ਗੀਤ ਗਾ ਕੇ ਕੀਤਾ ਗਿਆ। ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਦਾ ਸਵਾਗਤ ਕੀਤਾ ਅਤੇ ਸਮਾਗਮ ਬਾਰੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਕਵੀ ਦਰਬਾਰ ਸੈਸ਼ਨ ਦੌਰਾਨ ਜਸਵਿੰਦਰ ਸਿੰਘ ਖਾਰਾ, ਅਵਤਾਰ ਜੀਤ ਅਟਵਾਲ, ਡਾ. ਗੁਰਵਿੰਦਰ ਅਮਨ, ਇੰਜ. ਪਰਮਿੰਦਰ ਸ਼ੇਖ, ਰਘਵੀਰ ਸਿੰਘ ਮਹਿਮੀ, ਸੁਰਿੰਦਰ ਕੌਰ ਬਾੜਾ ਗੁਰਚਰਨ ਸਿੰਘ ਪੱਬਾਰਾਲੀ, ਕਿਰਪਾਲ ਸਿੰਘ ਮੂਨਕ, ਗੁਰਪ੍ਰੀਤ ਢਿੱਲੋਂ, ਕ੍ਰਿਸ਼ਨ ਲਾਲ ਧੀਮਾਨ, ਕਾਜਲ ਗੋਇਲ , ਰਾਮ ਸਿੰਘ ਬੰਗ, ਵਿਜੈ ਕੁਮਾਰ, ਬਲਵਿੰਦਰ ਭੱਟੀ, ਮੰਗਤ ਖ਼ਾਨ, ਬਚਨ ਸਿੰਘ ਗੁਰਮ, ਸੁਭਾਸ਼ ਮਲਿਕ, ਅੰਗਰੇਜ਼ ਸਿੰਘ ਵਿਰਕ, ਦਰਸ਼ਨ ਸਿੰਘ ਦਰਸ਼ ਪਸਿਆਣਾ, ਜੋਗਾ ਸਿੰਘ ਧਨੌਲਾ, ਜੱਗਾ ਰੰਗੂਵਾਲ, ਸ਼ਰਵਣ ਕੁਮਾਰ ਵਰਮਾ, ਰਾਜ ਸਿੰਘ ਬਧੌਛੀ, ਧੰਨਾ ਸਿੰਘ ਖਰੌੜ, ਕਿਰਨ ਸਿੰਗਲਾ, ਚਰਨ ਸਿੰਘ ਬੰਬੀਹਾ, ਜਸਵੰਤ ਸਿੰਘ, ਸਨੇਹਦੀਪ ਕੌਰ, ਗਗਨਦੀਪ ਕੌਰ, ਸ਼ਾਮ ਸਿੰਘ ਪ੍ਰੇਮ, ਬਲਵਿੰਦਰ ਕੌਰ ਥਿੰਦ, ਦਵਿੰਦਰ ਪਟਿਆਲਾਵੀ, ਗੋਪਾਲ ਸ਼ਰਮਾ ਅਤੇ ਭਗਵੰਤ ਕੌਰ ਨੇ ਆਪਣੀਆਂ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ। ਅੰਤ ਵਿੱਚ ਸਭਾ ਦੇ ਪ੍ਰਧਾਨ ਐਡਵੋਕੇਟ ਗੁਰਦਰਸ਼ਨ ਸਿੰਘ ਗੁਸੀਲ ਨੇ ਆਏ ਹੋਏ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਮੰਗਤ ਖ਼ਾਨ ਵੱਲੋਂ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਾਖ਼ੂਬੀ ਨਿਭਾਈ ਗਈ।

## ਪੰਜਾਬ ਐਂਡ ਸਿੰਧ ਬੈਂਕ ਨੇ 118ਵੇਂ ਫਾਊਂਡੇਸ਼ਨ ਦਿਵਸ ਮੌਕੇ ਮਾਤਾ ਗੁਜਰੀ ਸਹਾਰਾ ਟਰੱਸਟ ਕਲੱਰਭੈਣੀ ਵਿਖੇ ਵਾਟਰ ਕੂਲਰ ਦਿੱਤਾ



ਦੇਵੀਗੜ੍ਹ, 23 ਜੂਨ (ਗੁਰਜੀਤ ਢੋਟ) : ਪੰਜਾਬ ਐਂਡ ਸਿੰਧ ਬੈਂਕ ਵੱਲੋਂ ਆਪਣੇ 118ਵੇਂ ਫਾਊਂਡੇਸ਼ਨ ਦਿਵਸ ਮੌਕੇ ਪੰਜਾਬ ਐਂਡ ਸਿੰਧ ਬੈਂਕ ਡਕਾਲਾ ਬ੍ਰਾਂਚ ਵੱਲੋਂ ਜ਼ੋਨਲ ਮੈਨੇਜਰ ਉਪਾਸਨਾ ਧਰ ਅਤੇ ਚੀਫ਼ ਮੈਨੇਜਰ ਸੁਖਵਿੰਦਰਜੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਤਾ ਗੁਜਰੀ ਸਹਾਰਾ ਟਰੱਸਟ ਕਲੱਰਭੈਣੀ ਵਿਖੇ ਲੋੜਵੰਦ ਬੱਚਿਆਂ ਲਈ ਵਾਟਰ ਕੂਲਰ, ਇੱਕ ਵੀਲਚੇਅਰ ਅਤੇ ਦੋ ਪੱਖੇ ਦਿੱਤੇ ਗਏ, ਜਿਸ ਵਿਚ ਮੁੱਖ ਮਹਿਮਾਨ ਚੀਫ ਮੈਨੇਜਰ ਪਟਿਆਲਾ ਅਵਧੇਸ਼ ਕੁਮਾਰ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਾਕਸ਼ੀ ਵਰਮਾ ਮੈਨੇਜਰ ਪੰਜਾਬ ਐਂਡ ਸਿੰਧ ਬੈਂਕ ਡਕਾਲਾ ਬ੍ਰਾਂਚ ਨੇ ਕੀਤੀ। ਇਸ ਮੌਕੇ ਮਾਤਾ ਗੁਜਰੀ ਸਹਾਰਾ ਟਰੱਸਟ ਕਲੱਰਭੈਣੀ ਦੇ ਮੁੱਖੀ ਬੀਬੀ ਸੋਹਣਜੀਤ ਕੌਰ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ, ਵਿਸ਼ੇਸ਼ ਤੌਰ 'ਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡਿਆ ਅਤੇ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ ਨੇ ਸ਼ਿਰਕਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਚੀਫ ਮੈਨੇਜਰ ਅਵਧੇਸ਼ ਕੁਮਾਰ ਨੇ ਕਿਹਾ ਕਿ ਅੱਜ ਪੰਜਾਬ ਐਂਡ ਸਿੰਧ ਬੈਂਕ ਵੱਲੋਂ ਜ਼ੋਨਲ ਮੈਨੇਜਰ ਉਪਾਸਨਾ ਧਰ ਦੀ ਅਗਵਾਈ ਹੇਠ ਵੱਖ ਵੱਖ ਬ੍ਰਾਂਚਾਂ ਵੱਲੋਂ ਪਬਲਿਕ ਭਲਾਈ ਲਈ ਕੰਮ ਕੀਤੇ ਜਾ ਰਹੇ ਹਨ, ਜਿਸ ਤਹਿਤ ਡਕਾਲਾ ਬ੍ਰਾਂਚ ਵੱਲੋਂ ਮਾਤਾ ਗੁਜਰੀ ਸਹਾਰਾ ਟਰੱਸਟ ਕਲੱਰਭੈਣੀ ਵਿਖੇ ਲੋੜਵੰਦ ਬੱਚਿਆਂ ਲਈ ਵਾਟਰ ਕੂਲਰ ਅਤੇ ਦੋ ਪੱਖੇ ਦਿੱਤੇ ਗਏ, ਉਹਨਾਂ ਕਿਹਾ ਕਿ ਅੱਗੇ ਤੋਂ ਵੀ ਇਸ ਤਰ੍ਹਾਂ ਦੇ ਸਮਾਜ ਸੇਵੀ ਕਾਰਜਾਂ ਨੂੰ ਪੰਜਾਬ ਐਂਡ ਸਿੰਧ ਬੈਂਕ ਕਰਦੀ ਰਹੇਗੀ।

## ਨਾਭਾ ਵਪਾਰ ਮੰਡਲ ਵੱਲੋਂ ਨਵ-ਨਿਯੁਕਤ ਕੋਤਵਾਲੀ ਇੰਚਾਰਜ ਸਰਬਜੀਤ ਸਿੰਘ ਚੀਮਾ ਦਾ ਸਨਮਾਨ



ਨਾਭਾ, 23 ਜੂਨ (ਬਲਜਿੰਦਰ ਮਾਨ) : ਨਾਭਾ ਵਪਾਰ ਮੰਡਲ ਨਾਭਾ ਰਜਿਸਟਰਡ ਦੇ ਪ੍ਰਧਾਨ ਸੋਮਨਾਥ ਢੱਲ, ਜਨਰਲ ਸਕੱਤਰ ਸੁਭਾਸ਼ ਸਹਿਗਲ, ਹਰੀ ਕ੍ਰਿਸ਼ਨ ਸੇਠ ਅਤੇ ਹੋਰ ਮੈਂਬਰਾਂ ਵੱਲੋਂ ਨਵ-ਨਿਯੁਕਤ ਕੋਤਵਾਲੀ ਇੰਚਾਰਜ ਸਰਬਜੀਤ ਚੀਮਾ ਨੂੰ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਸੋਮਨਾਥ ਢੱਲ ਨੇ ਕਿਹਾ ਕਿ ਸਰਬਜੀਤ ਸਿੰਘ ਚੀਮਾ ਇੱਕ ਇਮਾਨਦਾਰ ਅਧਿਕਾਰੀ ਹਨ। ਇਸ ਮੌਕੇ ਕੋਤਵਾਲੀ ਇੰਚਾਰਜ ਸਰਬਜੀਤ ਸਿੰਘ ਚੀਮਾ ਨੇ ਸਾਰੇ ਕਾਰੋਬਾਰੀ ਭਰਾਵਾਂ ਅਤੇ ਵਪਾਰ ਮੰਡਲ ਨੂੰ ਭਰੋਸਾ ਦਿੱਤਾ ਕਿ ਉਹ ਵੀ ਸਾਰੇ ਕਾਰੋਬਾਰੀ ਭਰਾਵਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ, ਕਿਸੇ ਵੀ ਕਾਰੋਬਾਰੀ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਫੋਨ 24 ਘੰਟੇ ਖੁੱਲ੍ਹਾ ਹੈ, ਤਾਂ ਤੁਸੀਂ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦੇ ਹੋ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਮੀਤ ਸਿੰਘ, ਅਸ਼ੋਕ ਅਰੋੜਾ, ਪ੍ਰਕਾਸ਼ ਗੋਇਲ, ਅਸ਼ੋਕ ਗੋਇਲ, ਆਦਿ ਹਾਜ਼ਰ ਸਨ।

## ਗ਼ੈਰ-ਕਾਨੂੰਨੀ ਸ਼ਰਾਬ ਸਮੇਤ ਕਾਬੂ, ਜੇਲ੍ਹ ਭੇਜਿਆ

ਸਮਾਣਾ, 23 ਜੂਨ (ਵਿਜੇ ਕੁਮਾਰ) : ਘੱਗਾ ਪੁਲਿਸ ਨੇ ਇੱਕ ਵਿਅਕਤੀ ਨੂੰ ਨਾਜਾਇਜ਼ ਸ਼ਰਾਬ ਦੀਆਂ 21 ਬੋਤਲਾਂ ਸਮੇਤ ਕਾਬੂ ਕਰਕੇ ਉਸ ਖਿਲਾਫ ਐਕਸਾਈਜ਼ ਐਕਟ ਦੀਆਂ ਧਾਰਾਵਾਂ ਤਹਿਤ ਥਾਣਾ ਘੱਗਾ ਵਿਖੇ ਮਾਮਲਾ ਦਰਜ ਕਰ ਲਿਆ ਹੈ। ਮੁਲਜ਼ਮ ਦੀ ਪਛਾਣ ਚਮਕੌਰ ਸਿੰਘ ਵਾਸੀ ਪਿੰਡ ਦੇਧਨਾ ਵਜੋਂ ਹੋਈ ਹੈ। ਜਾਣਕਾਰੀ ਦਿੰਦਿਆਂ ਘੱਗਾ ਥਾਣਾ ਮੁਖੀ ਯਸ਼ਪਾਲ ਸ਼ਰਮਾ ਨੇ ਦੱਸਿਆ ਕਿ ਏ.ਐਸ.ਆਈ. ਬਲਵਿੰਦਰ ਕੁਮਾਰ ਨੇ ਪੁਲਿਸ ਪਾਰਟੀ ਸਮੇਤ ਪਿੰਡ ਚੁੱਪਕੀ ਨੇੜੇ ਗਸ਼ਤ ਦੌਰਾਨ ਇੱਕ ਵਿਅਕਤੀ ਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ ਉਸ ਕੋਲੋਂ ਨਾਜਾਇਜ਼ ਸ਼ਰਾਬ ਦੀਆਂ 21 ਬੋਤਲਾਂ ਬਰਾਮਦ ਹੋਣ 'ਤੇ ਉਸ ਨੂੰ ਗਿਰਫਤਾਰ ਕਰ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਮਿਲੇ ਹੁਕਮਾਂ ਅਨੁਸਾਰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਗਿਆ ਹੈ।

## 460 ਗ੍ਰਾਮ ਸੁਲਫੇ ਦੀਆਂ ਬੱਤੀਆਂ ਬ੍ਰਾਮਦ

ਪਟਿਆਲਾ, 23 ਜੂਨ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਨੇ ਕਥਿਤ ਦੋਸ਼ੀ ਸੁਪ੍ਰੀਤ ਸਿੰਘ ਪੁੱਤਰ ਬਿਕਰਮਜੀਤ ਸਿੰਘ ਵਾਸੀ ਦਿਲਾਵਰਪੁਰ ਵਿਰੁੱਧ ਧਾਰਾ 20, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ ਆਈ ਹਰਜਸਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪਿੰਡ ਸਵਾਜਪੁਰ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਸੁਲਫਾ ਵੇਚਣ ਲਈ ਬੱਸ ਅੱਡੇ ਪਿੰਡ ਸਵਾਜਪੁਰ ਖੜ੍ਹਾ ਹੈ, ਜੋ ਰੇਡ ਕਰਨ ਪਰ 460 ਗ੍ਰਾਮ ਸੁਲਫੇ ਦੀਆ ਬੱਤੀਆਂ ਬ੍ਰਾਮਦ ਹੋਈਆਂ।

## ਅਦਾਲਤ ਨੇ ਪੀ.ਯੂ. ਵਿਖੇ ਧਰਨਾ ਨਾ ਲਾਉਣ ਸਬੰਧੀ ਹੁਕਮ ਜਾਰੀ ਕੀਤੇ

ਪਟਿਆਲਾ, 23 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਪਿਛਲੇ ਕੁੱਝ ਦਿਨਾਂ ਤੋਂ ਧਰਨੇ ਉੱਤੇ ਬੈਠੇ ਕੰਟਰੈਕਟ ਅਧਿਆਪਕਾਂ ਸਬੰਧੀ ਯੂਨੀਵਰਸਿਟੀ ਅਥਾਰਟੀਜ਼ ਨੇ ਦੱਸਿਆ ਕਿ ਮਾਣਯੋਗ ਅਦਾਲਤ ਵੱਲੋਂ 21 ਜੂਨ 2025 ਨੂੰ ਜਾਰੀ ਹੋਏ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਯੂਨੀਵਰਸਿਟੀ ਦੀ ਚਾਰਦੀਵਾਰੀ ਤੋਂ 300 ਮੀਟਰ ਬਾਹਰ ਤੱਕ ਕਿਸੇ ਵੀ ਧਰਨੇ, ਇਕੱਠ, ਮੀਟਿੰਗ, ਇਕੱਤਰਤਾ, ਪ੍ਰਦਰਸ਼ਨ ਘਿਰਾਓ ਆਦਿ ਗਤੀਵਿਧੀ ਦੀ ਮਨਾਹੀ ਹੈ।ਜੇ ਅਦਾਲਤੀ ਹੁਕਮਾਂ ਅਨੁਸਾਰ ਸਪੱਸ਼ਟ ਹੈ ਕਿ ਯੂਨੀਵਰਸਿਟੀ ਕੈਂਪਸ ਦੇ ਅੰਦਰ ਧਰਨਾ ਨਹੀਂ ਲਗਾਇਆ ਜਾ ਸਕਦਾ। ਕਰਮਚਾਰੀ ਕਿਸੇ ਵੀ ਰੂਪ ਵਿੱਚ ਯੂਨੀਵਰਸਿਟੀ ਦੇ ਕੰਮ ਕਾਜ ਨੂੰ ਪ੍ਰਭਾਵਿਤ ਨਹੀਂ ਕਰ ਸਕਦੇ। ਅਥਾਰਟੀਜ਼ ਨੇ ਦੱਸਿਆ ਕਿ ਅਦਾਲਤ ਦੇ ਇਨ੍ਹਾਂ ਹੁਕਮਾਂ ਅਨੁਸਾਰ ਇਨ੍ਹਾਂ ਅਧਿਆਪਕਾਂ ਨੂੰ ਆਪਣਾ ਇਹ ਧਰਨਾ ਤੁਰੰਤ ਖ਼ਤਮ ਕਰ ਦੇਣਾ ਚਾਹੀਦਾ ਹੈ। ਅਜਿਹਾ ਨਾ ਕਰਨਾ ਅਦਾਲਤੀ ਹੁਕਮਾਂ ਦੀ ਉਲੰਘਣਾ/ ਤੌਹੀਨ ਮੰਨਿਆ ਜਾਵੇਗਾ।

## ਸ਼ਹੀਦ ਬਾਬਾ ਦੀਪ ਸਿੰਘ ਦਲ ਨੇ ਗਤਕਾ ਦਿਵਸ ਮਨਾਇਆ



ਸਮਾਣਾ, 23 ਜੂਨ (ਅਮਿਤ ਸ਼ਰਮਾ) : ਸ਼ਹੀਦ ਬਾਬਾ ਦੀਪ ਸਿੰਘ ਦਲ ਵੱਲੋਂ ਗਤਕਾ ਦਿਵਸ ਬੜੀ ਸ਼ਰਧਾ ਅਤੇ ਜੋਸ਼ ਨਾਲ ਮਨਾਇਆ ਗਿਆ। ਇਹ ਸਮਾਰੋਹ ਦਲ ਦੇ ਮੁੱਖ ਸੇਵਾਦਾਰ ਜਥੇਦਾਰ ਦਲਜੀਤ ਸਿੰਘ ਪੰਜਰਥ ਯੂ ਐਸ ਏ ਦੀ ਅਗਵਾਈ ਅਤੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਆਯੋਜਿਤ ਕੀਤਾ ਗਿਆ। ਸਮਾਰੋਹ ਦੌਰਾਨ ਗਤਕਾ ਟੀਮ ਬਾਬਾ ਤਾਰਾ ਸਿੰਘ ਵੱਲੋਂ ਰਵਾਇਤੀ ਸਿਖ ਸ਼ਸਤਰੀ ਕਲਾ ਦੇ ਜੋਹਰ ਦਿਖਾਏ ਗਏ। ਟੀਮ ਦੇ ਸਿਪਾਹੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਦਰਸ਼ਕਾਂ ਨੂੰ ਮੋਹ ਲਿਆ। ਇਸ ਮੌਕੇ ਬੇਅੰਤ ਸਿੰਘ ਚੀਮਾ, ਰਜਿੰਦਰ ਸਿੰਘ ਜੈਲਦਾਰ, ਗੁਰਦਰਸ਼ਨ ਸਿੰਘ ਨੰਨਣਸੂ, ਲਖਵੀਰ ਸਿੰਘ ਸਰਪੰਚ, ਰਣਜੀਤ ਸਿੰਘ ਖੇੜਕੀ, ਹਰਵਿੰਦਰ ਸਿੰਘ ਲਾਡੀ, ਡਾ. ਕਸ਼ਮੀਰ ਸਿੰਘ, ਪੁਸ਼ਪਿੰਦਰ ਸਿੰਘ , ਜਗਪਾਲ ਸਿੰਘ (ਰਾਜਪੂਰਾ), ਹਰਵਿੰਦਰ ਸਿੰਘ ਪਾਲੀ, ਸਾਹਿਬ ਸਿੰਘ (ਨਨਹੇੜਾ), ਸੁਖਵਿੰਦਰ ਸਿੰਘ ਠੇਕੇਦਾਰ, ਗੁਰਮੀਤ ਸਿੰਘ ਬੰਗਾ, ਯੁਗਰਾਜ ਸਿੰਘ, ਰਾਜਦੀਪ ਸਿੰਘ ਚੀਮਾ ਅਤੇ ਬਾਬਾ ਬਨਦੀਪ ਸਿੰਘ ਬਰੈਟੀ ਵੜੈਚ ਮੌਜੂਦ ਸਨ।

## ਗਤਕਾ ਦਿਵਸ ਮੌਕੇ ਉਨ੍ਹਾਂ ਯੋਧਿਆਂ ਦਾ ਇਤਿਹਾਸ ਪੜ੍ਹਨਾ ਤੇ ਅਮਲ ਕਰਨਾ ਚਾਹੀਦੈ: ਜਥੇਦਾਰ ਭੁੱਲਰ



ਦੇਵੀਗੜ੍ਹ, 23 ਜੂਨ (ਗੁਰਜੀਤ ਸਿੰਘ ਢੋਟ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸਾਹਿਬਵਾੜਾ ਵਿਖੇ ਕੌਮਾਂਤਰੀ ਗਤਕਾ ਦਿਵਸ ਬੜੀ ਸ਼ਰਧਾ ਅਤੇ ਧੂਮ-ਧਾਮ ਨਾਲ ਮਨਾਇਆ ਗਿਆ। ਇਹ ਪ੍ਰੋਗਰਾਮ ਪਾਰਟੀ ਦੇ ਕੌਮੀ ਪ੍ਰਧਾਨ ਸ: ਸਿਮਰਨਜੀਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਹਰ ਸਾਲ 21 ਜੂਨ ਨੂੰ ਕੌਮੀ ਪੱਧਰ 'ਤੇ ਮਨਾਇਆ ਜਾਂਦਾ ਹੈ। ਨੌਜਵਾਨ ਸਿੰਘਾਂ ਵੱਲੋਂ ਬੜੇ ਜੋਸ਼ ਨਾਲ ਗਤਕੇ ਦੇ ਜੌਹਰ ਦਿਖਾਏ ਅਤੇ ਇਸ ਮੌਕੇ ਗਤਕਾ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਪਾਰਟੀ ਦੇ ਪੀ.ਏ.ਸੀ. ਮੈਂਬਰ ਜਥੇਦਾਰ ਬਲਕਾਰ ਸਿੰਘ ਭੁੱਲਰ ਨੇ ਗਤਕਾ ਖਿਡਾਰੀਆਂ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਇਸ ਮੌਕੇ ਆਈ ਹੋਈ ਸੰਗਤ ਨੂੰ ਸਿੱਖ ਕੌਮ ਦੇ ਕੀਮਤੀ ਇਤਿਹਾਸ ਬਾਰੇ ਵੀ ਜਾਣੂੰ ਕਰਵਾਇਆ ਅਤੇ ਉਨ੍ਹਾਂ ਅਗਲੀ ਪੀੜੀ ਨੂੰ ਬਾਬਾ ਬੰਦਾ ਸਿੰਘ ਬਹਾਦੁਰ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਬਾਰੇ ਵੀ ਦੱਸਿਆ ਅਤੇ ਉਨ੍ਹਾਂ ਸੂਰਬੀਰ ਯੋਧਿਆਂ ਦਾ ਇਤਿਹਾਸ ਪੜਨਾ ਅਤੇ ਅਮਲ ਕਰਨ, ਜਿਨ੍ਹਾਂ ਨੇ ਇਹਨਾਂ ਸ਼ਸ਼ਤਰਾਂ ਨਾਲ ਦੁਨੀਆਂ ਭਰ ਵਿੱਚ ਖਾਲਸਾ ਰਾਜ ਦਾ ਲੋਹਾ ਮਨਵਾਇਆ ਹੈ। ਅੰਤ ਵਿਚ ਸ: ਲਖਵੀਰ ਸਿੰਘ ਕੋਟਲਾ, ਹਲਕਾ ਇੰਚਾਰਜ ਖਰੜ ਨੇ ਆਈਆਂ, ਸੰਗਤਾਂ ਅਤੇ ਗੁਰਦੁਆਰਾ ਸਾਹਿਬਵਾੜਾ ਫੇਜ਼ 5 ਦੀ ਸਮੂਹ ਪ੍ਰਬੰਧ ਕਮੇਟੀ ਦਾ ਵੀ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਇਸ ਮੌਕੇ ਗੋਪਾਲ ਸਿੰਘ ਝਾੜੋਂ ਚੰਡੀਗੜ੍ਹ, ਚਰਨਜੀਤ ਸਿੰਘ ਪੜਿਆਲ, ਬਲਵੀਰ ਸਿੰਘ ਸੋਹਾਣਾ, ਤਲਵਿੰਦਰ ਸਿੰਘ ਭੁੱਲਰ, ਮਲਕੀਤ ਸਿੰਘ ਆਦਿ ਆਗੂ ਵੀ ਸ਼ਾਮਿਲ ਸਨ।

## ਤੇਜ਼ ਰਫ਼ਤਾਰ ਕਾਰ ਦੀ ਟੱਕਰ ਨਾਲ ਜ਼ਖਮੀ

ਪਟਿਆਲਾ, 23 ਜੂਨ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਕੋਲ ਜਗਦੀਸ਼ ਕੁਮਾਰ ਪੁੱਤਰ ਰਾਮਪਥ ਵਾਸੀ ਗਲੀ ਨੰ. 4/4 ਬਾਬੂ ਸਿੰਘ ਕਲੋਨੀ ਅਬਲੋਵਾਲ ਪਟਿਆਲਾ ਨੇ ਕਾਰ ਦੇ ਅਣਪਛਾਤੇ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦਾ ਲੜਕਾ ਸੁਮਿਤ ਕੁਮਾਰ ਆਪਣੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਸਰਹੰਦੀ ਗੇਟ ਪਟਿਆਲਾ ਕੋਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਈਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਲੜਕੇ ਵਿੱਚ ਮਾਰੀ, ਜਿਸ ਕਾਰਨ ਉਸਦੇ ਕਾਫੀ ਸੱਟਾਂ ਲੱਗੀਆਂ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸੜਕ 'ਤੇ ਥਾਂ-ਥਾਂ ਪਏ ਡੂੰਘੇ ਟੋਏ ਦੇ ਰਹੇ ਨੇ ਹਾਦਸਿਆਂ ਨੂੰ ਸੱਦਾ, ਰਾਹਗੀਰ ਪ੍ਰੇਸ਼ਾਨ

### ☛ਪ੍ਰਸ਼ਾਸਨ ਨੂੰ ਇਸ ਵੱਲ ਧਿਆਨ ਦੇਣ ਦੀ ਲੋੜ



ਪਟਿਆਲਾ, 23 ਜੂਨ (ਰੁਪਾਣਾ) : ਸਰਹਿੰਦ ਰੋਡ ਤੋਂ ਜਿਹੜਾ ਰਸਤਾ ਗੌਰਮਿੰਟ ਪ੍ਰੈਸ ਦੇ ਨਾਲ ਉਪਕਾਰ ਨਗਰ, ਫੈਕਟਰੀ ਏਰੀਆ ਨੂੰ ਆਉਂਦਾ ਹੈ ਤੇ ਨਾਲ ਹੀ ਆਮ ਆਦਮੀ ਕਲੀਨਿਕ ਬਣਿਆ ਹੈ। ਉਸ ਸੜਕ ਦੀ ਹਾਲਤ ਬਹੁਤ ਤਰਸਯੋਗ ਬਣੀ ਹੋਈ ਹੈ। ਸੜਕ ਥਾਂ-ਥਾਂ ਤੋਂ ਟੁੱਟੀ ਹੋਣ ਕਾਰਨ ਉਥੋਂ ਰਾਹਗੀਰਾਂ ਨੂੰ ਲੰਘਣਾ ਮੁਸ਼ਕਲ ਹੋ ਜਾਂਦਾ ਹੈ। ਉਸ ਸੜਕ 'ਤੇ ਡੂੰਘੇ ਟੋਏ ਪਏ ਹੋਏ ਹਨ, ਜੋ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਸੜਕ ਦੀ ਇਸ ਤਰ੍ਹਾਂ ਦੀ ਹਾਲਤ ਕਾਰਨ ਲੋਕ ਰੋਜ਼ਾਨਾ ਹੀ ਦੁਰਘਟਨਾਵਾਂ ਦਾ ਸ਼ਿਕਾਰ ਹੋ ਰਹੇ ਹਨ। ਇਸ ਦੇ ਨਾਲ ਗੌਰਮਿਟ ਪ੍ਰੈਸ ਹੈ ਤੇ ਨਾਲ ਪੁਰਾਣਾ ਡਾਕਖਾਨਾ ਹੁੰਦਾ ਸੀ। ਉਸ ਦੀ ਕੰਧ ਦੇ ਨਾਲ ਗੰਦਾ ਪਾਣੀ ਖੜ੍ਹਾ ਹੈ ਜਿਸ ਦੀ ਪਿਛਲੇ ਲੰਬੇ ਸਮੇਂ ਤੋਂ ਨਿਕਾਸੀ ਨਹੀਂ ਹੋ ਰਹੀ। ਉਸ ਪਾਣੀ ਤੋਂ ਮੱਛਰ ਪੈਂਦਾ ਹੋ ਰਹੇ ਹਨ ਅਤੇ ਬਿਮਾਰੀ ਨੂੰ ਬੁਲਾਵਾ ਦੇ ਰਹੇ ਹਨ। ਇਥੋਂ ਦੇ ਕਲੋਨੀ ਵਾਸੀਆਂ ਤੇ ਰਾਹਗੀਰਾਂ ਨੇ ਪ੍ਰਸ਼ਾਸ਼ਨ ਨੂੰ ਅਪੀਲ ਕੀਤੀ ਕਿ ਇਸ ਸੜਕ ਵੱਲ ਧਿਆਨ ਦਿੱਤਾ ਜਾਵੇ ਅਤੇ ਜਲਦੀ-ਜਲਦੀ ਸੜਕ ਦਾ ਨਿਰਮਾਣ ਕਰਵਾਇਆ ਜਾਵੇ ਅਤੇ ਪਾਣੀ ਦੀ ਨਿਕਾਸੀ ਕਰਵਾਈ ਜਾਵੇ ਤਾਂ ਜੋ ਲੰਘਣ ਵਿਚ ਰਾਹਗੀਰਾਂ ਨੂੰ ਕੋਈ ਦਿਕਤ ਨਾ ਆਵੇ।

## ਯੋਗ ਆਪਣੇ ਮੂਲ ਨਾਲੋਂ ਟੁੱਟੇ ਮਨੁੱਖ ਨੂੰ ਜੋੜਨ 'ਚ ਸਹਾਈ ਹੋ ਸਕਦੈ: ਡਾ. ਸਵਰਾਜ ਸਿੰਘ

### ਕੈਪਟਨ ਹਰਕੇਸ਼ ਸਿੰਘ ਨੇ ਯੋਗਾ ਦੇ ਆਸਣਾਂ ਦਾ ਡੈਮੋ ਦਿੱਤਾ



ਪਟਿਆਲਾ, 23 ਜੂਨ (ਚ.ਨ.ਸ.) : ਕੌਮਾਂਤਰੀ ਯੋਗ ਦਿਵਸ 'ਦੇ ਅਵਸਰ 'ਤੇ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਨਿਵੇਕਲੀਆਂ ਪੈੜਾਂ ਪਾਉਂਦੇ ਹੋਏ ਯੋਗ ਅਤੇ ਮਾਨਸਿਕ ਸਿਹਤ ਵਿਸ਼ੇ 'ਤੇ ਇੱਕ ਵਿਸ਼ਾਲ ਸੈਮੀਨਾਰ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਦੀ ਪ੍ਰਧਾਨਗੀ ਹੇਠ ਸੈਨਿਕ ਭਵਨ ਸੰਗਰੂਰ ਵਿਖੇ ਕਰਵਾਇਆ ਗਿਆ। ਮੁੱਖ ਵਕਤਾ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ, ਉਦਘਾਟਨ ਪਵਨ ਹਰਚੰਦਪੁਰੀ ਪ੍ਰ.ਕੇਂ.ਪੰ.ਲੇ.ਸਭਾ (ਸੇਖੋਂ), ਮੁੱਖ ਮਹਿਮਾਨ ਮੇਘ ਰਾਜ ਸ਼ਰਮਾ ਬਠਿੰਡਾ, ਡਾ. ਭਗਵੰਤ ਸਿੰਘ ਪ੍ਰਧਾਨਗੀ ਮੰਡਲ ਵਿੱਚ ਸ਼ਾਮਿਲ ਹੋਏ। ਭਾਸ਼ਾ ਵਿਭਾਗ ਦੇ ਸਾਬਕਾ ਡਾਇਰੈਕਟਰ ਰਛਪਾਲ ਸਿੰਘ ਗਿੱਲ ਨੂੰ ਸ਼ਰਧਾਂਜਲੀ ਉਪਰੰਤ ਆਰੰਭ ਹੋਏ ਸੈਮੀਨਾਰ ਦੇ ਪ੍ਰਯੋਜਨ ਬਾਰੇ ਗੱਲ ਕਰਦੇ ਹੋਏ ਸਭਾ ਦੇ ਪ੍ਰਧਾਨ ਡਾ. ਭਗਵੰਤ ਸਿੰਘ ਨੇ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਦੁਨੀਆਂ ਆਪਣੀ ਜੀਵਨ ਸ਼ੈਲੀ ਦੇ ਕਾਰਨ ਤਨਾਅ ਵਿੱਚ ਹੈ। ਇਸ ਤੋਂ ਬਚਣ ਲਈ ਭਾਰਤੀ ਦਰਸ਼ਨ ਦਾ ਮੁੱਖ ਸ਼ਾਸਤਰ ਯੋਗ ਬਹੁਤ ਉਪਯੋਗੀ ਹੈ, ਕਿਉਂਕਿ ਇਸਦਾ ਵਿਸ਼ੇਸ਼ ਸ਼ਾਸਤਰਾਂ ਵਿੱਚ ਵਿਸ਼ੇਸ਼ ਸਥਾਨ ਹੈ। ਸੈਮੀਨਾਰ ਵਿੱਚ ਦੋ ਪੇਪਰ ਪੜ੍ਹੇ ਗਏ। ਡਾ. ਜਗਦੀਪ ਕੌਰ ਆਹੂਜਾ ਨੇ ਯੋਗ ਅਤੇ ਗੁਰਮਿਤ ਵਿਚਾਰਧਾਰਾ ਦੇ ਪ੍ਰਸੰਗ ਵਿੱਚ ਗੰਭੀਰ ਚਰਚਾ ਕੀਤੀ। ਅਮਰ ਗਰਗ ਕਲਮਦਾਨ ਨੇ ਕਿਹਾ ਕਿ ਯੋਗਸ਼ਾਸਤਰ ਦਾ ਮੁੱਖ ਘਾੜਾ ਸੰਖਿਆ ਦਰਸ਼ਨ ਹੈ। ਉਹਨੇ ਕਪਿਲ ਮੁਨੀ ਦੇ ਪ੍ਰਸੰਗ ਵਿੱਚ ਯੋਗ ਸ਼ਾਸਤਰ ਦੀ ਗੱਲ ਕੀਤੀ। ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਨੇ ਕਿਹਾ ਕਿ ਅੱਜ ਪੱਛਮੀ ਸਰਮਾਏਦਾਰੀ ਦੇ ਖਪਤਕਾਰੀ ਸੱਭਿਆਚਾਰ ਦੀ ਚੂਹਾ ਦੌੜ ਵਿੱਚ ਫਸੇ ਮਨੁੱਖ ਲਈ ਆਪਣੇ ਮੂਲ ਤੋਂ ਟੁੱਟਣਾ ਮੁੱਖ ਚੁਣੌਤੀ ਤੇ ਸਮੱਸਿਆ ਬਣ ਗਿਆ ਹੈ। ਇਸ ਦੇ ਸਿੱਟੇ ਵਜੋਂ ਮਨੁੱਖ ਭੈਅ, ਚਿੰਤਾ ਅਤੇ ਅਸੁਰੱਖਿਆ ਦੀਆਂ ਭਾਵਨਾਵਾਂ ਦਾ ਸ਼ਿਕਾਰ ਹੋ ਗਿਆ ਹੈ। ਇਨ੍ਹਾਂ ਨਾਲ ਮਨੁੱਖ ਦਾ ਮਾਨਸਿਕ ਤਨਾਅ ਵਧ ਰਿਹਾ ਹੈ ਅਤੇ ਉਹ ਮਾਨਸਿਕ ਬਿਮਾਰੀਆਂ ਤੋਂ ਪੀੜਤ ਹੋ ਰਿਹਾ ਹੈ। ਇਨ੍ਹਾਂ ਮੁਲਾਮਤਾਂ ਦਾ ਹੱਲ ਆਪਣੇ ਮੂਲ ਨਾਲ ਜੁੜਨ ਵਿੱਚ ਹੈ। ਯੋਗਾ, ਜਿਸਦਾ ਅਰਥ ਹੀ ਆਤਮਾ ਅਰਥਾਤ ਨਿੱਜੀ ਚੇਤਨਾ ਦਾ ਪ੍ਰਮਾਤਮਾ ਅਰਥਾਤ ਬ੍ਰਹਿਮੰਡੀ ਚੇਤਨਾ ਦਾ ਜੁੜਨਾ ਹੈ। ਇਸ ਜੋੜਨ ਦੀ ਪ੍ਰਕਿਰਿਆ ਵਿੱਚ ਯੋਗਾ ਸਹਾਈ ਹੋ ਸਕਦਾ ਹੈ। ਸਰਮਾਏਦਾਰੀ ਸਮਾਜ ਨੂੰ ਅਨੁਸ਼ਾਸਨਹੀਨਤਾ ਅਤੇ ਅਰਾਜਕਤਾ ਵੱਲ ਧੱਕਦੀ ਹੈ। ।ਗੁਰਬਾਣੀ ਵਿੱਚ ਯੋਗਾ ਤੇ ਚੇਤਨਾ ਬਾਰੇ ਪੱਖ 'ਤੇ ਜ਼ੋਰ ਦਿੱਤਾ ਗਿਆ ਹੈ। ਪ੍ਰੰਤੂ ਕੁੱਝ ਤਾਕਤਾਂ ਜੋ ਯੋਗਾ ਦਾ ਵਪਾਰੀਕਰਨ ਅਤੇ ਮੰਡੀਕਰਨ ਕਰਨਾ ਚਾਹੁੰਦੀਆਂ ਹਨ, ਸਿਰਫ ਯੋਗ ਦੇ ਸਰੀਰਕ ਪੱਖ ਜਿਵੇਂ ਆਸਣ ਅਤੇ ਪ੍ਰਾਣਾਯਾਮ ਆਦਿ ਤੇ ਹੀ ਜੋਰ ਦੇ ਰਹੀਆਂ ਹਨ। ਪ੍ਰੰਤੂ ਸਾਨੂੰ ਯੋਗਾ ਦੇ ਸਮੁੱਚੇ ਅਨੁਸ਼ਾਸਨ ਨੂੰ ਪ੍ਰੋਤਸਾਹਿਤ ਕਰਨਾ ਚਾਹੀਦਾ ਹੈ ਤਾਂ ਜੋ ਯੋਗਾ ਮਾਨਸਿਕ ਸਿਹਤ ਨੂੰ ਸੰਭਾਲਣ ਅਤੇ ਮਾਨਸਿਕ ਬਿਮਾਰੀਆਂ ਤੋਂ ਬਚਾਉਣ ਵਿੱਚ ਸਹਾਈ ਹੋ ਸਕੇ। ਪਵਨ ਹਰਚੰਦਪੁਰੀ ਨੇ ਯੋਗਾ ਦੇ ਸਿਧਾਂਤਕ ਪੱਖਾਂ ਬਾਰੇ ਗੱਲ ਕੀਤੀ। ਜਗਦੀਪ ਸਿੰਘ ਗੰਧਾਰਾ ਨੇ ਯੋਗਾ ਦੇ ਅੰਤਰਰਾਸ਼ਟਰੀ ਮਹੱਤਵ ਬਾਰੇ ਅੰਕੜੇ ਪੇਸ਼ ਕੀਤੇ। ਅਨੋਖ ਸਿੰਘ ਵਿਰਕ, ਡਾ. ਇਕਬਾਲ ਸਿੰਘ, ਕੁਲਵੰਤ ਕਸਕ ਨੇ ਯੋਗ ਦੇ ਵਿਭਿੰਨ ਪਹਿਲੂਆਂ ਬਾਰੇ ਵਿਚਾਰ ਪ੍ਰਸਤੁਤ ਕੀਤੇ। ਵਿਚਾਰ ਚਰਚਾ ਵਿੱਚ ਬਸ਼ੇਸ਼ਰ ਰਾਮ, ਦਲਬਾਰ ਸਿੰਘ ਚੱਠਾ, ਡਾ. ਰਾਜੀਵ ਪੁਰੀ, ਸੁਰਿੰਦਰਪਾਲ ਸਿੰਘ ਸਿਦਕੀ, ਮੀਤ ਸਕਰੌਦੀ, ਪਵਨ ਕੁਮਾਰ ਹੋਸ਼ੀ, ਮੇਘ ਰਾਜ ਸ਼ਰਮਾ ਬਠਿੰਡਾ ਨੇ ਭਾਗ ਲੈ ਕੇ ਇਸਦੀ ਉਪਯੋਗਤਾ ਨੂੰ ਸਿਖਰ ਤੇ ਪਹੁੰਚਾ ਦਿੱਤਾ। ਕੈਪਟਨ ਹਰਕੇਸ਼ ਸਿੰਘ ਨੇ ਯੋਗ ਦੇ ਵੱਖੋ ਵੱਖਰੇ ਆਸਣਾਂ ਦਾ ਪ੍ਰਦਰਸ਼ਨ ਕਰਕੇ ਤੰਦਰੁਸਤੀ ਲਈ ਸਰੋਤਿਆਂ ਤੇ ਦਰਸ਼ਕਾਂ ਨੂੰ ਜੀਵਨ ਸ਼ੈਲੀ ਦਾ ਅੰਗ ਬਣਾਉਣ ਲਈ ਪ੍ਰੇਰਿਆ। ਅਮਰਜੀਤ ਅਮਨ, ਹਰਵਿੰਦਰ, ਅਮਨਦੀਪ ਕੌਰ, ਸੁਰਿੰਦਰਪਾਲ ਸਿੰਘ ਸਿਦਕੀ, ਬਲਜਿੰਦਰ ਸਿੰਘ ਈਲਵਾਲ, ਗੁਲਜ਼ਾਰ ਸ਼ੌਂਕੀ, ਸਰਬਜੀਤ ਸੰਗਰੂਰ ਵੀ, ਜਸਵੰਤ ਸਿੰਘ ਅਸਮਾਨੀ, ਪਵਨ ਕੁਮਾਰ ਹੋਸ਼ੀ, ਮੀਤ ਸਕਰੌਦੀ, ਤੇਜ਼ ਪ੍ਰਤਾਪ ਸਿੰਘ, ਗੁਰਨਾਮ ਸਿੰਘ, ਤਾਰਾ ਸਿੰਘ, ਜਸਮੇਲ ਸਿੰਘ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਅਨੋਖ ਸਿੰਘ ਵਿਰਕ ਨੇ ਸਭ ਦਾ ਧੰਨਵਾਦ ਕੀਤਾ ਅਤੇ ਗੁਰਨਾਮ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਮੰਚ ਸੰਚਾਲਣਾ ਕੀਤੀ।

## ਪਟਿਆਲਾ ਆਰਟ ਥੀਏਟਰ ਵੱਲੋਂ 'ਗੁੱਡੀ' ਨਾਟਕ ਦਾ ਸਫ਼ਲ ਮੰਚਨ



ਪਟਿਆਲਾ, 23 ਜੂਨ (ਚ.ਨ.ਸ.) : ਰੰਗਮੰਚੀ ਸੰਸਥਾ ਪਟਿਆਲਾ ਆਰਟ ਥੀਏਟਰ ਵੱਲੋਂ ਰੇਲਵੇ ਦੇ ਪੀ.ਐਲ.ਡਬਲਿਊ ਸਟਾਫ ਕਲੱਬ ਦੇ ਸਹਿਯੋਗ ਨਾਲ ਕਲੱਬ ਵਿਚਲੇ ਖੁੱਲ੍ਹੇ ਰੰਗ ਮੰਚ ਵਿਖੇ ਗੁਲਜਾਰ ਪਵਾਰ ਦੇ ਨਿਰਦੇਸ਼ਨ ਹੇਠ ਪੰਜਾਬੀ ਨਾਟਕ 'ਗੁੱਡੀ' ਦਾ ਸਫ਼ਲ ਮੰਚਨ ਕੀਤਾ ਗਿਆ। ਮੂਲ ਰੂਪ ਵਿੱਚ ਲਿਖੇ ਇਸ ਮਰਾਠੀ ਨਾਟਕ ਦਾ ਪੰਜਾਬੀ ਵਿੱਚ ਰੂਪਾਂਤਰ ਵੀ ਗੁਲਜਾਰ ਪਵਾਰ ਨੇ ਹੀ ਕੀਤਾ ਸੀ। ਇਕ ਘੰਟੇ ਦੇ ਸਮੇਂ ਵਾਲੇ ਇਸ ਨਾਟਕ ਦੀ ਕਹਾਣੀ ਇੱਕ ਅਜਿਹੀ ਮਾਸੂਮ ਲੜਕੀ ਦੀ ਕਹਾਣੀ ਹੈ, ਜੋ ਕਿ ਬਚਪਨ ਵਿੱਚ ਹੀ ਆਪਣੇ ਨ੍ਰਿਤ ਦੇ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦੀ ਹੈ ਅਤੇ ਇਸ ਦੌਰਾਨ ਉਸਦੇ ਮਾਂ ਬਾਪ ਦਾ ਸਾਇਆ ਵੀ ਉਸਦੇ ਉਪਰੋਂ ਉੱਠ ਜਾਂਦਾ ਹੈ ਅਤੇ ਉਸਦਾ ਇੱਕ ਭਰਾ ਅਣਖ ਦੀ ਖਾਤਰ ਜੇਲ ਚਲਾ ਜਾਂਦਾ ਹੈ, ਜਿੱਥੇ ਜਾ ਕੇ ਉਹ ਨਸ਼ੇ ਦਾ ਆਦੀ ਹੋ ਜਾਂਦਾ ਹੈ। ਇਹ ਨਾਟਕ ਜਿੱਥੇ ਇੱਕ ਲੜਕੀ ਦੇ ਬਚਪਨ ਤੋਂ ਲੈ ਕੇ ਉਸ ਦੇ ਜੀਵਨ ਵਿੱਚ ਹੋਣ ਵਾਲੇ ਸੰਘਰਸ਼ ਦੀ ਕਹਾਣੀ ਬਿਆਨ ਕਰਦਾ ਹੈ, ਉਥੇ ਨਾਟਕ ਵਿੱਚ ਭੈਣ ਭਰਾ ਦਾ ਆਪਸੀ ਪਿਆਰ ਅਤੇ ਕੁਰਬਾਨੀ ਦੀ ਮਿਸਾਲ ਦਾ ਸੰਦੇਸ਼ ਵੀ ਦਰਸ਼ਕਾਂ ਸਾਹਮਣੇ ਰੱਖਦਾ ਹੈ। ਇਸ ਨਾਟਕ ਵਿੱਚ ਮੁੱਖ ਰੂਪ ਨਾਲ ਆਪਣੇ ਆਪਣੇ ਕਿਰਦਾਰਾਂ ਨੂੰ ਬਾਖੂਬੀ ਨਾਲ ਕੁਮਾਰੀ ਸੁਨੇਹਾ, ਸਨੀ ਸਿੱਧੂ,ਕੈਲਾਸ਼ ਪਰਭਾਸ ਪੰਡਿਤ ਆਦਿ ਨੇ ਨਿਭਾਇਆ। ਨਾਟਕ ਦੇ ਸੰਗੀਤ ਲਈ ਟਿੰਮੀ ਗਿੱਲ, ਰੂਪ ਸੱਜਾ ਲਈ ਅੰਜੂ ਸੈਣੀ ਅਤੇ ਮੰਜ ਸੱਜਾ ਲਈ ਸੁਭਾਸ਼ ਭਗਤ ਨੇ ਵੀ ਆਪਣਾ ਵਡਮੁੱਲਾ ਯੋਗਦਾਨ ਦਿੱਤਾ। ਇਸ ਮੌਕੇ ਮੁੱਖ ਮਹਿਮਾਨ ਪਦਮ ਸ਼੍ਰੀ ਪ੍ਰਾਣ ਸੱਭਰਵਾਲ ਅਤੇ ਪਟਿਆਲਾ ਥੀਏਟਰ ਫੋਰਮ ਦੇ ਪ੍ਰਧਾਨ ਵਿਨੋਦ ਕੌਸ਼ਲ ਨੇ ਗੁਲਜਾਰ ਪਵਾਰ ਅਤੇ ਕਲਾਕਾਰਾਂ ਨੂੰ ਵਧਾਈ ਦਿੱਤੀ। ਮੰਚ ਦਾ ਸੰਚਾਲਨ ਰੰਗਕਰਮੀ ਗਰੀਸ ਚੰਦਰ ਨੇ ਬਾਖੂਬੀ ਨਾਲ ਕੀਤਾ।



# ਪਟਿਆਲਾ-ਆਸ/ਪਾਸ



## ਪੰਜਾਬ ਦੇ ਲੋਕਾਂ ਨੇ ਮੁੜ ਨਕਾਰਿਆ ਸੁਖਬੀਰ ਸਿੰਘ ਬਾਦਲ : ਸੁਰਜੀਤ ਸਿੰਘ ਰੱਖੜਾ

### ਸ੍ਰੀ ਅਕਾਲ ਤਖ਼ਤ ਸਾਹਿਬ ਵੱਲ ਪਿੱਠ ਕਰਨ ਵਾਲਿਆਂ ਨੂੰ ਪੰਜਾਬ ਦੀ ਜਨਤਾ ਨਹੀਂ ਕਰੇਗੀ ਪ੍ਰਵਾਨ

ਪਟਿਆਲਾ, 23 ਜੂਨ (ਰੁਪਾਣਾ/ਅਮਰਜੀਤ) : ਲੁਧਿਆਣਾ ਪੱਛਮੀ ਦੇ ਜਿਮਨੀ ਚੋਣ ਨਤੀਜਿਆ ਉੱਤੇ ਪੰਜਾਬ ਦੇ ਵੱਖ-ਵੱਖ ਆਗੂਆਂ ਨੇ ਆਪਣੀਆਂ ਟਿੱਪਣੀਆਂ ਦਿੱਤੀਆਂ ਹਨ । ਉੱਥੇ ਹੀ ਅਕਾਲੀ ਦਲ ਦੇ ਆਗੂ ਸ. ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਲੁਧਿਆਣਾ ਪੱਛਮੀ ਦੇ ਜਿਮਨੀ ਚੋਣ ਨਤੀਜੇ ਵਿੱਚ ਸੁਖਬੀਰ ਸਿੰਘ ਬਾਦਲ ਦੇ ਧੜ੍ਹੇ ਨੇ ਆਪਣੀ ਜ਼ਮਾਨਤ ਜਬਤ ਕਰਾ ਲਈ ਹੈ । ਇਹ ਪਹਿਲੀ ਵਾਰ ਨਹੀਂ ਹੋਇਆ , ਸੰਗਰੂਰ ਜਿਮਨੀ ਚੋਣ ਵਿੱਚ ਵੀ ਸੁਖਬੀਰ ਬਾਦਲ ਦੀ ਆਪ ਹੁਦਰੀ ਤਾਨਾਸ਼ਾਹੀ ਵਾਲੇ ਫੈਸਲਿਆਂ ਨੇ ਪੰਜਾਬ ਤੇ ਪੰਥ ਨੂੰ ਧੱਕਾ ਲਾਇਆ ਹੈ ।ਆਪਣੇ ਤਾਨਾਸ਼ਾਹੀ ਰਵੱਈਏ ਕਾਰਨ ਸੁਖਬੀਰ ਬਾਦਲ ਨੇ ਬੰਦੀ ਸਿੰਘਾਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀ ਨੀਵਾਂ ਕੀਤਾ ਹੈ । ਪੰਜਾਬ ਦੇ ਲੋਕ ਫਰੀਦਕੋਟ ਵਿੱਚ ਸਰਬਜੀਤ ਸਿੰਘ ਨੂੰ ਤਾਂ ਜਿਤਾਉਂਦੇ ਹਨ ਪਰ ਸੰਗਰੂਰ ਵਿੱਚ ਭਾਈ ਰਾਜੋਆਣਾ



ਦੀ ਭੈਣ ਨੂੰ ਨਹੀਂ ਜਿਤਾਉਂਦੇ, ਕਿਉਂਕਿ ਉਹ ਸੁਖਬੀਰ ਬਾਦਲ ਦੀ ਅਗਵਾਈ ਵਿੱਚ ਚੋਣ ਲੜ ਰਹੇ ਸਨ ।ਸ. ਸੁਰਜੀਤ ਸਿੰਘ ਰੱਖੜਾ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਿਛਲੇ 8 ਸਾਲਾਂ ਵਿੱਚ 2017 , 2019 , 2022 , 2024 ਵਿੱਚ ਸਪੱਸ਼ਟ ਸੁਨੇਹਾ ਦਿੱਤਾ ਹੈ ਕਿ ਸੁਖਬੀਰ ਬਾਦਲ ਸਾਨੂੰ ਮਨਜ਼ੂਰ ਨਹੀਂ, ਪੰਜਾਬ ਦੀਆਂ ਕੰਧਾਂ 'ਤੇ ਸਾਫ਼ ਲਿਖਿਆ ਪੂਰੀ ਦੁਨੀਆਂ ਪੜ੍ਹ ਰਹੀ ਹੈ ਕਿ ਸੁਖਬੀਰ ਨਕਾਰਿਆ ਜਾ ਚੁੱਕਾ ਹੈ ਪਰ ਸੁਖਬੀਰ ਬਾਦਲ ਆਪਣੀ ਹਉਮੈ ਅਤੇ ਪੰਜਾਬ ਤੇ ਪੰਥ ਨੂੰ ਲੁੱਟਣ ਦੀ ਬਿਰਤੀ ਕਰਕੇ ਨਹੀਂ ਪੜ੍ਹਨਾ ਚਾਹ ਰਿਹਾ । ਲੁਧਿਆਣਾ ਤੋਂ ਚੋਣ ਲੜ ਰਹੇ ਪਰਉਪਕਾਰ ਸਿੰਘ ਘੁੰਮਣ ਚੰਗੇ ਇਨਸਾਨ ਅਤੇ ਸਮਾਜ ਸੇਵੀ ਹੋਣ ਕਾਰਨ ਵੀ ਚੋਣ ਵਿੱਚ ਆਪਣੀ ਜ਼ਮਾਨਤ ਜ਼ਬਤ ਕਰਾ ਗਏ ਹਨ। ਇਸ ਵਿੱਚ ਦੋਸ਼ ਪਰਉਪਕਾਰ ਸਿੰਘ ਦਾ ਨਹੀਂ ਸਗੋਂ ਲੋਕ ਬਾਦਲ ਧੜੇ ਨੂੰ ਵੋਟਾਂ ਨਹੀਂ ਪਾਉਣਾ ਚਾਹੁੰਦੇ । ਪੰਜਾਬ ਦੇ ਲੋਕਾਂ ਦਾ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਮੋਹ ਭੰਗ ਹੋ ਚੁੱਕਿਆ ਹੈ । ਸ. ਸੁਰਜੀਤ ਸਿੰਘ ਰੱਖੜਾ ਨੇ ਪੰਜ ਮੈਂਬਰੀ ਕਮੇਟੀ ਨੂੰ ਬੇਨਤੀ ਕੀਤੀ ਕਿ ਉਹ ਜਲਦ ਤੋਂ ਜਲਦ ਪੰਜਾਬ ਤੇ ਪੰਥ ਪ੍ਰਵਾਨਿਤ ਲੀਡਰਸ਼ਿਪ ਪੰਜਾਬ ਦੇ ਲੋਕਾਂ ਨੂੰ ਦੇਣ ਤਾਂ ਜੋ ਪੰਜਾਬ ਦੇ ਲੋਕਾਂ ਦਾ ਇਨ੍ਹਾਂ ਲਹੂ ਪੀਣੀਆਂ ਜੋਕਾਂ ਤੋਂ ਖਹਿੜਾ ਛੁੱਟ ਸਕੇ ।

## 'ਆਪ' ਦੀ ਜਿੱਤ 'ਤੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ 'ਚ ਮਨਾਈ ਖ਼ੁਸ਼ੀ

> ➢ਅਨਾਰਦਾਨਾ ਚੌਕ 'ਚ ਵੰਡੀ ਮਠਿਆਈ



ਪਟਿਆਲਾ, 23 ਜੂਨ (ਗੁਰਮੁੱਖ ਰੁਪਾਣਾ) : ਗੁਜਰਾਤ ਅਤੇ ਲੁਧਿਆਣਾ ਵਿਚ ਜੀਮਨੀ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੀ ਜਿੱਤ ਦੀ ਖ਼ੁਸ਼ੀ ਵਿਚ ਪਟਿਆਲਾ ਸ਼ਹਿਰੀ ਹਲਕਾ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਦੀ ਅਗਵਾਈ ਵਿਚ ਜਸ਼ਨ ਮਨਾਇਆ ਗਿਆ। ਸਥਾਨਕ ਅਨਾਰਦਾਨਾ ਵਿਚ ਚੌਂਕ ਵਿਚ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਆਗੂਆਂ ਤੇ ਵਰਕਰਾਂ ਨੇ ਮਠਿਆਈ ਵੰਡੀ ਅਤੇ ਭੰਗੜੇ ਪਾਏ। ਵਿਧਾਇਕ ਕੋਹਲੀ ਨੇ ਕਿਹਾ ਕਿ ਲੁਧਿਆਣਾ ਜਿਮਨੀ ਚੋਣ ਵਿਚ 'ਆਪ' ਉਮੀਦਵਾਰ ਦੀ ਵੱਡੀ ਜਿੱਤ ਨੇ ਜਿੱਥੇ ਵਿਰੋਧੀਆਂ ਨੂੰ ਚੁੱਪ ਕਰਵਾ ਦਿੱਤਾ ਹੈ, ਉਥੇ ਹੀ 2027 ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਮੁੜ ਜਿੱਤ 'ਤੇ ਵੀ ਮੋਹਰ ਲਗਾ ਦਿੱਤੀ ਹੈ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇਹ ਪਾਰਟੀ ਉਮੀਦਵਾਰ ਦੀ ਨਹੀਂ ਸਗੋਂ ਲੋਕਾਂ ਦੀ ਆਪਣੀ ਜਿੱਤ ਹੈ। ਉਨ੍ਹਾਂ ਨੇ ਕਿਹਾ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਪੰਜਾਬ ਦੇ ਵਿਚ ਆਈ ਹੈ, ਉਦੋਂ ਤੋਂ ਜਿੱਥੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨਸ਼ਾ ਤਸਕਰਾਂ ਖਿਲਾਫ਼ ਵੀ ਵੱਡੇ ਪੱਧਰ 'ਤੇ ਮੁਹਿੰਮ ਚਲਾ ਕੇ ਨਸ਼ੇ ਦਾ ਜੜ੍ਹੋਂ ਖਾਤਮਾ ਕਰ ਰਹੀ ਹੈ। ਨਸ਼ੇ ਦੀ ਕਾਲੀ ਕਮਾਈ ਨਾਲ ਬਣਾਏ ਤਸਕਰਾਂ ਦੇ ਘਰਾਂ ਨੂੰ ਢਹਿ ਢੇਰੀ ਕਰਕੇ ਤਸਕਰਾਂ ਨੂੰ ਸਲਾਖਾਂ ਵਿਚ ਭੇਜਿਆ ਜਾ ਰਿਹਾ ਹੈ। ਵਿਧਾਇਕ ਕੋਹਲੀ ਨੇ ਕਿਹਾ ਕਿ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਂਜਰੀਵਾਲ ਦੀਆਂ ਨੀਤੀਆਂ ਤੋਂ ਲੋਕ ਸੰਤੁਸ਼ਟ ਹਨ, ਜਿਮਨੀ ਚੋਣਾਂ ਵਿਚ 'ਆਪ' ਦੀ ਜਿੱਤ ਇਸ ਗੱਲ ਦਾ ਸਭ ਤੋਂ ਵੱਡਾ ਸਬੂਤ ਹੈ। ਪੰਜਾਬ ਵਿਚ ਆਮ ਆਦਮੀ ਪਾਰਟੀ ਨੇ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਮਿਆਰ ਉੱਚਾ ਚੁੱਕ ਕੇ ਪੂਰੇ ਦੇਸ਼ ਵਿਚ ਮਿਸਾਲ ਕਾਇਮ ਕੀਤੀ। ਇਸਦੇ ਨਾਲ ਹੀ ਸਿਹਤ ਤੇ ਰੁਜ਼ਗਾਰ ਦੇ ਖੇਤਰ ਵਿਚ ਵੀ ਕ੍ਰਾਂਤੀ ਲਿਆਂਦੀ ਗਈ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 54 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਪ੍ਰਦਾਨ ਕਰਕੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਇਨ੍ਹਾਂ ਸਭ ਲੋਕ ਭਲਾਈ ਸਕੀਮਾਂ ਤੋਂ ਖੁਸ਼ ਹੋ ਕੇ ਜਨਤਾ ਨੇ ਆਮ ਆਦਮੀ ਪਾਰਟੀ ਦੀ ਝੋਲੀ ਵਿਚ ਵੱਡੀ ਜਿੱਤ ਪਾਈ ਹੈ।

## ਲੁਧਿਆਣਾ ਤੇ ਗੁਜਰਾਤ 'ਚ ਹੋਈ 'ਆਪ' ਉਮੀਦਵਾਰਾਂ ਦੀ ਜਿੱਤ ਦੀ ਖ਼ੁਸ਼ੀ 'ਚ ਲੱਡੂ ਵੰਡੇ



ਪਟਿਆਲਾ, 23 ਜੂਨ (ਚ.ਨ.ਸ.) : ਵਿਧਾਨ ਸਭਾ ਜਿਮਨੀ ਚੋਣਾਂ ਵਿੱਚ ਲੁਧਿਆਣਾ ਵੈਸਟ ਤੋਂ ਸੰਜੀਵ ਅਰੋੜਾ ਅਤੇ ਗੁਜਰਾਤ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੇ ਆਪਣੇ ਵਿਰੋਧੀਆਂ ਨੂੰ ਹਰਾ ਕੇ ਵੱਡੀ ਜਿੱਤ ਹਾਸਲ ਕਰਨ ਦੀ ਖ਼ੁਸ਼ੀ ਵਿੱਚ ਡਾ. ਬਲਬੀਰ ਸਿੰਘ ਸਿਹਤ ਮੰਤਰੀ ਪੰਜਾਬ ਦੇ ਸਥਾਨਕ ਦਫਤਰ ਪੰਚਾਇਤ ਭਵਨ ਵਿਖੇ ਲੱਡੂ ਵੰਡੇ ਅਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਾਇਆ। ਇਸ ਮੌਕੇ ਦਫਤਰ ਦੇ ਇੰਚਾਰਜ ਜਸਬੀਰ ਸਿੰਘ ਗਾਂਧੀ ਨੇ ਕਿਹਾ ਕਿ ਇਹ ਜਿੱਤ ਆਮ ਆਦਮੀ ਪਾਰਟੀ ਵੱਲੋਂ ਕੀਤੇ ਕੰਮਾਂ ਦੇ ਨਤੀਜੇ ਵਜੋਂ ਪ੍ਰਾਪਤ ਹੋਈ ਹੈ ਜਿਵੇਂ ਕਿ ਲੋਕਾਂ ਨੂੰ ਮੁਫਤ ਬਿਜਲੀ, ਚੰਗੀ ਸਿੱਖਿਆ ਅਤੇ ਕਿਸਾਨਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਇਆ ਗਿਆ ਹੈ, ਜਿਸ ਤੋਂ ਲੋਕ ਖੁਸ਼ ਹਨ। ਇਸ ਮੌਕੇ ਦਿਹਾਤੀ ਕੌਂਸਲਰ ਤੋਂ ਇਲਾਵਾ ਕਰਨਲ ਜੇਵੀ ਸਿੰਘ ,ਜੈ ਸ਼ੰਕਰ ਸ਼ਰਮਾ , ਗੱਜਣ ਸਿੰਘ ਮੀਡੀਆ ਸਲਾਹਕਾਰ ,ਗੁਰਚਰਨ ਸਿੰਘ ਰੁਪਾਣਾ ਜਨਜਤੀ ਸੂਬਾ ਮੀਤ ਪ੍ਰਧਾਨ ,ਲਾਲ ਸਿੰਘ ਬਲਾਕ ਪ੍ਰਧਾਨ ,ਕੌਂਸਲਰ ਵਾਸਦੇਵ ਅਤੇ ਸਰਪੰਚ ਹਰਪਾਲ ਸਿੰਘ ਆਦਿ ਹਾਜ਼ਰ ਸਨ।

## ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਪੰਜਾਬੀ ਯੂਨੀਵਰਸਿਟੀ ਵਿਖੇ ਵੱਖ-ਵੱਖ ਥਾਵਾਂ ਦਾ ਦੌਰਾ

ਪਟਿਆਲਾ, 23 ਜੂਨ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਅੱਜ ਯੂਨੀਵਰਸਿਟੀ ਦੀਆਂ ਵੱਖ-ਵੱਖ ਥਾਵਾਂ ਦਾ ਦੌਰਾ ਕਰਦਿਆਂ ਸਬੰਧਤ ਥਾਵਾਂ ਦਾ ਜਾਇਜ਼ਾ ਲਿਆ। ਉਹ ਯੂਨੀਵਰਸਿਟੀ ਦੇ ਸੂਖਮ ਯੰਤਰ ਕੇਂਦਰ, ਭਾਈ ਘਨੱਈਆ ਸਿਹਤ ਕੇਂਦਰ ਅਤੇ ਜੀਵ ਵਿਗਿਆਨ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਵਿਸ਼ੇਸ਼ ਖੋਜ ਕੇਂਦਰ 'ਐਨੀਮਲ ਹਾਊਸ' ਵਿਖੇ ਗਏ ਅਤੇ ਇਨ੍ਹਾਂ ਥਾਵਾਂ ਦੀਆਂ ਸਹੂਲਤਾਂ, ਸਮਰੱਥਾਵਾਂ, ਪ੍ਰਾਪਤੀਆਂ ਅਤੇ ਸਮੱਸਿਆਵਾਂ ਬਾਰੇ ਜਾਣਿਆ। ਉਨ੍ਹਾਂ ਸਭ ਕੇਂਦਰਾਂ ਦੇ ਪ੍ਰਤੀਨਿਧੀਆਂ ਤੋਂ ਇਲਾਵਾ ਵਿਦਿਆਰਥੀਆਂ ਅਤੇ



ਖੋਜਾਰਥੀਆਂ ਨਾਲ਼ ਰਚਾਇਆ। ਉਨ੍ਹਾਂ ਇਸ ਗੱਲ ਉੱਤੇ ਤਸੱਲੀ ਪ੍ਰਗਟਾਈ ਕਿ ਪੰਜਾਬੀ ਯੂਨੀਵਰਸਿਟੀ ਦੇ ਸਭ ਵਿਭਾਗ ਆਪੋ ਆਪਣੇ ਖੇਤਰਾਂ ਵਿੱਚ ਪਾਇਦਾਰ ਕਾਰਜ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਯੂਨੀਵਰਸਿਟੀ ਵਿੱਚ ਸਥਿਤ ਸੂਖਮ ਯੰਤਰ ਕੇਂਦਰ ਜੀਵਨ ਵਿਗਿਆਨ, ਮੈਡੀਕਲ ਵਿਗਿਆਨ ਅਤੇ ਭੌਤਿਕ ਵਿਗਿਆਨ ਦੇ ਖੇਤਰ ਵਿੱਚ ਅਗਲੇਰੇ ਪੱਧਰ ਦੇ ਖੋਜ ਕਾਰਜ ਕਰਨ ਲਈ ਇੱਕ ਕੇਂਦਰੀਕ੍ਰਿਤ ਸਹੂਲਤ ਹੈ। ਇਸੇ ਤਰ੍ਹਾਂ 4900 ਵਰਗ ਫੁੱਟ ਦਾ 'ਐਨੀਮਲ ਹਾਊਸ' ਜੀਵ ਅਤੇ ਵਾਤਾਵਰਣ ਵਿਗਿਆਨ ਵਿਭਾਗ ਦੇ ਅਧੀਨ ਇੱਕ ਵਿਸ਼ੇਸ਼ ਖੋਜ ਸਹੂਲਤ ਹੈ ਜਿੱਥੇ ਵਿੱਚ ਕੀਟ-ਪਾਲਣ ਕਮਰੇ ਦੀ ਸੁਵਿਧਾ ਵੀ ਉਪਲਬਧ ਹੈ।

## 'ਆਪ' ਦੀ ਜਿੱਤ ਦੀ ਖੁਸ਼ੀ 'ਚ ਮਨਾਇਆ ਜਸ਼ਨ

ਪਟਿਆਲਾ, 23 ਜੂਨ (ਰੁਪਾਣਾ) :ਆਮ ਆਦਮੀ ਪਾਰਟੀ ਦੀ ਲੁਧਿਆਣਾ ਤੇ ਗੁਜਰਾਤ ਵਿਚ ਹੋਈ ਵੱਡੀ ਜਿੱਤ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਹ ਪਾਰਟੀ ਹੁਣ ਲੋਕਾਂ ਦੀ ਪਹਿਲੀ ਪਸੰਦ ਬਣ ਗਈ ਹੈ। ਇਹ ਪਾਰਟੀ ਲੋਕਾਂ ਦੇ ਦਿਲਾਂ ਵਿਚ ਪੂਰਾ ਰਾਜ ਕਰਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਪਟਿਆਲਾ ਦੇ ਜ਼ਿਲ੍ਹਾ ਪ੍ਰਧਾਨ ਨੇ ਵਰਕਰਾਂ ਨਾਲ ਮੀਟਿੰਗ ਦੌਰਾਨ ਖੁਸ਼ੀ ਜਾਹਿਰ ਕਰਦਿਆਂ ਤੇਜਿੰਦਰ ਮਹਿਤਾ ਵੱਲੋਂ ਕੀਤਾ ਗਿਆ। ਪ੍ਰਧਾਨ ਮਹਿਤਾ ਨੇ ਕਿਹਾ ਕਿ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਵੱਡੀ ਜਿੱਤ ਦਿਵਾ ਕੇ ਦਰਸਾਇਆ ਹੈ ਕਿ ਉਹ ਆਪ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ,

### 'ਆਪ' ਬਣੀ ਲੋਕਾਂ ਦੀ ਪਹਿਲੀ ਪਸੰਦ : ਤੇਜਿੰਦਰ ਮਹਿਤਾ



ਭਗਵੰਤ ਮਾਨ ਦੀਆਂ ਲੋਕ ਹਿਤੈਸ਼ੀ ਨੀਤੀਆਂ ਤੋਂ ਬਹੁਤ ਖੁਸ਼ ਹਨ। ਇਹ 2027 ਦੀਆਂ ਚੋਣਾਂ ਤੋਂ ਪਹਿਲਾਂ ਸੈਮੀਫਾਇਨਲ ਸੀ ਜਿੱਥੇ ਲੋਕਾਂ ਨੇ ਬਹੁਮਤ ਨਾਲ ਆਮ ਆਦਮੀ ਪਾਰਟੀ ਦੀ ਜਿੱਤ ਨਿਸ਼ਚਿਤ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਕਾਰਵਾਈ ਤੋਂ ਲੋਕ ਅੱਜ ਖੁਸ਼ ਹਨ। ਇਸ ਮੌਕੇ ਸ਼ੁਤਰਾਣਾ ਤੇ ਸਮਾਣਾ ਦੇ ਬਲਾਕ ਪ੍ਰਧਾਨਾਂ ਨੇ ਵੀ ਆਪਣੀ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਜ਼ਿਲ੍ਹਾ ਪਟਿਆਲਾ ਦੇ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ, ਜ਼ਿਲ੍ਹਾ ਪਟਿਆਲਾ ਦੇ ਜਨਰਲ ਸਕੱਤਰ ਅਮਿਤ ਡਾਬੀ ਤੇ ਹੋਰ ਮੌਜੂਦ ਸਨ।

## ਮਲਟੀਪਰਪਜ਼ ਸਕੂਲ 'ਚ ਯੋਗ ਦਿਵਸ ਮਨਾਇਆ

ਪਟਿਆਲਾ, 23 ਜੂਨ (ਚ.ਨ.ਸ.) : ਪੀਐਮ ਸ਼੍ਰੀ ਸਰਕਾਰੀ ਕੋ-ਐਡ



ਮਲਟੀਪਰਪਜ਼ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪਾਸੀ ਰੋਡ ਪਟਿਆਲਾ ਵਿਖੇ ਪ੍ਰਿੰਸੀਪਲ ਵਿਜੇ ਕਪੂਰ ਦੀ ਅਗਵਾਈ ਹੇਠ ਅੰਤਰਰਾਸ਼ਟਰੀ ਯੋਗ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦੌਰਾਨ ਸਕੂਲ ਦੇ ਸਮੂਹ ਸਟਾਫ ਮੈਂਬਰਾਂ ਸਮੇਤ ਵੱਡੀ ਗਿਣਤੀ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਸੰਬੋਧਨ ਕਰਦਿਆਂ ਸਕੂਲ ਪ੍ਰਿੰਸੀਪਲ ਵਿਜੇ ਕਪੂਰ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਯੋਗ ਬਹੁਤ ਹੀ ਕਾਰਗਰ ਸਿੱਧ ਹੋ ਰਿਹਾ ਹੈ। ਇਸ ਲਈ ਸਾਨੂੰ ਯੋਗ ਕਰਕੇ ਆਪਣੇ ਸਰੀਰ ਨੂੰ ਤੰਦਰੁਸਤ ਰੱਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਯੋਗ ਨਾਲ ਜਿੱਥੇ ਸਰੀਰ ਰਿਸ਼ਟ ਪੁਸ਼ਟ ਰਹਿੰਦਾ ਹੈ ਉੱਥੇ ਹੀ ਬਿਮਾਰੀਆਂ ਤੋਂ ਵੀ ਮੁਕਤ ਰਹਿੰਦਾ ਹੈ। ਇਸ ਮੌਕੇ ਸਮੂਹ ਸਟਾਫ ਮੈਂਬਰਜ਼ ਸਮੇਤ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।

## 36 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 23 ਜੂਨ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਨੀਲ ਕੁਮਾਰ ਵਾਸੀ ਵਿਰਕ ਕਲੋਨੀ ਵਿਰੁੱਧ ਮਾਮਲਾ ਦਰਜ ਕੀਤਾ ਹੈ। ਹੌਲਦਾਰ ਮੋਹਨ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁੱਲ ਹੇਠਾਂ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 12 ਬੋਤਲਾਂ ਸ਼ਰਾਬ ਠੇਕਾ ਦੇਸੀ ਸੋਫੀ ਚੰਡੀਗੜ੍ਹ ਬ੍ਰਾਮਦ ਹੋਈਆ। ਇਸੇ ਤਰ੍ਹਾਂ ਥਾਣਾ ਸਦਰ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀ ਸੁਖਦੇਵ ਸਿੰਘ ਵਾਸੀ ਜੰਨਸੂਆ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਹਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਬੱਸ ਅੱਡਾ ਜੰਨਸੂਆ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 24 ਬੋਤਲਾਂ ਸ਼ਰਾਬ ਠੇਕਾ ਦੇਸੀ ਮੋਟਾ ਸੰਤਰਾ ਚੰਡੀਗੜ੍ਹ ਦੀਆਂ ਬ੍ਰਾਮਦ ਹੋਈਆਂ।

## ਮੰਗਾਂ ਸਬੰਧੀ ਨਿਗਮ ਮੁਲਾਜ਼ਮਾਂ ਦੀ ਕਲਮ ਛੋੜ ਹੜਤਾਲ ਜਾਰੀ

ਪਟਿਆਲਾ, 23 ਜੂਨ (ਰੁਪਾਣਾ) : ਸਾਂਝੀ ਸੰਘਰਸ਼ ਕਮੇਟੀ ਨਗਰ ਨਿਗਮ ਪਟਿਆਲਾ ਦੀਆਂ ਯੂਨੀਅਨ ਸਫਾਈ ਸੇਵਕ ਯੂਨੀਅਨ ਨਗਰ ਨਿਗਮ ਪਟਿਆਲਾ, ਟੈਕਨੀਕਲ ਇੰਪਲਾਈਜ਼ ਯੂਨੀਅਨ ਏ-ਟੈਂਕ ਨਗਰ ਨਿਗਮ ਪਟਿਆਲਾ, ਟੈਕਨੀਕਲ ਕੰਟੈਰਕਟ ਸੀਵਰ ਮੈਨ ਯੂਨੀਅਨ ਨਗਰ ਨਿਗਮ ਪਟਿਆਲਾ, ਰੋਡ ਗੈਂਗ ਸ਼ਾਖਾ ਯੂਨੀਅਨ ਨਗਰ ਨਿਗਮ ਪਟਿਆਲਾ, ਯੂਨੀਅਨ ਨਿਗਮ ਪਟਿਆਲਾ, ਸਾਂਝੀ ਸੰਘਰਸ਼ ਕਮੇਟੀ ਦੇ ਪ੍ਰਧਾਨ ਸੁਨੀਲ ਕੁਮਾਰ ਬਿਡਲਾਨ , ਕ੍ਰਿਸ਼ਨ ਗਿੱਲ ਉਪ ਪ੍ਰਧਾਨ, ਚੇਅਰਮੈਨ ਪ੍ਰੇਮ ਲਤਾ ਵਿਜੇ ਕਲਿਆਨ, ਜਰਨਲ ਸਕੱਤਰ ਪਰਵਿੰਦਰ ਗੋਲਡੀ, ਪ੍ਰਿੰਸ ਪ੍ਰਧਾਨ ਸਟੇਜ ਸਕੱਤਰ ਸੰਮੀ ਸੋਦੇ, , ਬਾਬੂ ਲਾਲ ਟੀਮ,ਪ੍ਰਚਾਰ ਸਕੱਤਰ ਜਸਪ੍ਰੀਤ ਜੱਸੀ, ਪ੍ਰੈੱਸ ਸਕੱਤਰ ਮਨੋਜ ਕੁਮਾਰ, ਕਾਰਜਕਾਰੀ ਮੈਂਬਰ , ਰਾਧਾ ਰਾਣੀ ਵਿਜੈ ਕੁਮਾਰ ਸੰਗਰ, ਰਿੰਕੂ ਵੈਦ, ਅਮਨਦੀਪ ਸ਼ਰਮਾ ਵਿੱਕੀ ਗਿੱਲ ਅਤੇ

> ➢ਪ੍ਰਸ਼ਾਸਨ ਤੇ ਸਰਕਾਰ ਦਾ ਪੁਤਲਾ ਫੂਕਿਆ



ਸਮੁੱਚੀ ਟੀਮ ਦੀ ਰਹਿਨੁਮਾਈ ਹੇਠ ਸਮੂਹ ਮੁਲਾਜ਼ਮਾਂ ਦੀ ਮੰਗਾ ਕਾਫੀ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਲੋਕਲ ਪ੍ਰਸ਼ਾਸਨ ਵੱਲੋਂ ਨਹੀਂ ਮੰਨਿਆ ਗਿਆ ਜਿਸ ਕਰਕੇ ਮੁਲਾਜ਼ਮਾਂ ਵਿਚ ਭਾਰੀ ਰੋਸ ਹੋਣ ਕਾਰਨ ਅਣਮਿੱਥੇ ਸਮੇਂ ਲਈ 20-5-2025 ਤੋ ਕੰਮ ਛੋੜ ਹੜਤਾਲ ਕੀਤੀ ਗਈ ਸੀ। ਮੰਗਾਂ ਇਸ ਪ੍ਰਕਾਰ ਹਨ ਅਸਪੈਕਟ ਕੰਪਨੀ ਸੀਮਾ ਸ਼ਰਮਾ ਵੱਲੋਂ 10 ਸਾਲ ਤੋਂ ਆਊਟ ਸੋਰਸ ਮੁਲਾਜ਼ਮਾਂ ਦਾ 52 ਲੱਖ ਈ.ਪੀ.ਐੱਫ ਕੱਲ ਮੇਅਰ ਦੀ ਰਹਿਨੁਮਾਈ ਵਿਚ ਜਮ੍ਹਾਂ ਕਰਵਾਇਆ ਜਾਵੇਗਾ ਪਰ ਅੱਜ ਤੱਕ ਅਸਪੈਕਟ ਕੰਪਨੀ ਵੱਲੋਂ ਈ.ਪੀ.ਐੱਫ ਜਮ੍ਹਾਂ ਨਹੀਂ ਕਰਵਾਇਆ ਗਿਆ , ਅਤੇ 14 ਮੁਲਾਜ਼ਮਾਂ ਦੇ ਖਿਲਾਫ ਹਾਈ ਕੋਰਟ ਵਿੱਚ ਰਿੱਟ ਪਾਈ ਗਈ, ਜਿਸ ਕਾਰਨ ਸਮੂੰਹ ਮੁਲਾਜ਼ਮਾਂ ਵਿਚ ਭਾਰੀ ਰੋਸ ਹੈ ਦੀਆਂ ਤਨਖਾਹਾਂ ਸਮੇਂ ਸਿਰ ਨਹੀਂ ਦੇਣਾ, ਮੁਲਾਜ਼ਮਾਂ ਦੀ ਪ੍ਰਮੋਸ਼ਨ ਨਹੀਂ ਕਰਨਾ, ਓਵਰੇਜ ਅਤੇ ਵੈਟਿੰਗ ਅਤੇ ਸਮੂੰਹ ਆਊਟ ਸੋਰਸ, ਕੰਟਰੈਕਟ ਨੂੰ ਪੱਕੇ ਨਹੀਂ ਕਰਨਾ, , ਆਊਟ ਸੋਰਸ ,ਮੁਲਾਜ਼ਮਾਂ ਨੂੰ ਕੰਟੈਰਕਟ ਕਰਨਾ ਮੁਲਾਜ਼ਮਾਂ ਦੀ ਘਾਟ ਨੂੰ ਦੇਖਦੇ ਹੋਏ ਨਵੀਂ ਭਰਤੀ ਕਰਨਾ , ਇਨ੍ਹਾਂ ਮੰਗਾਂ ਉਤੇ ਪ੍ਰਸ਼ਾਸਨ ਨਾਲ ਕਈ ਵਾਰ ਮੀਟਿੰਗ ਹੋ ਚੁੱਕੀ ਹਨ ਅਤੇ ਸੀਮਾ ਸ਼ਰਮਾ ਵੱਲੋ ਕੀਤੇ ਵਾਧੇ ਅਨੁਸਾਰ ਆਊਟ ਸੋਰਸ ਮੁਲਾਜ਼ਮਾਂ ਦਾ ਈ.ਪੀ.ਐੱਫ. ਜਮ੍ਹਾਂ ਨਹੀਂ ਕਰਾਉਣਾ ਅਤੇ ਸੀਮਾ ਸ਼ਰਮਾ ਵੱਲੋਂ ਯੂਨੀਅਨ ਦੇ ਅਹੁਦੇਦਾਰਾਂ ਉਤੇ ਕੋਰਟ ਕੇਸ ਕਰਨਾ ਅਤੇ ਐੱਫ ਆਈ ਆਰ ਦਰਜ ਕਰਾਉਣਾ ਆਦਿ ਮੰਗਾਂ ਨੂੰ ਲੈਕੇ ਅੱਜ ਸਮੂੰਹ ਮੁਲਜ਼ਮਾਂ ਵੱਲੋ ਛੇਵੀਂ ਦਿਨ ਕੰਮ ਛੋੜ ਹੜਤਾਲ ਅਣਮਿਥੇ ਸਮੇਂ ਲਈ ਨਗਰ ਨਿਗਮ ਪਟਿਆਲਾ ਵਿਚ ਕੀਤੀ ਗਈ। ਇਸ ਮੌਕੇ ਮੁਲਾਜ਼ਮਾਂ ਦੇ ਦੁੱਖ ਨੂੰ ਦੇਖਦੇ ਹੋਏ ਰਮਿੰਦਰ ਸਿੰਘ ਸੰਯੁਕਤ ਕਿਸਾਨ ਮੋਰਚਾ ਸੂਬਾ ਆਗੂ, ਦਰਸ਼ਨ ਸਿੰਘ ਬੇਲੂ ਮਾਜਰਾ ਉਪ ਪ੍ਰਧਾਨ ਸੁਬਾਰਡੀਨੈਂਟ ਸਰਵਿਸ ਫੈਡਰੇਸ਼ਨ ਪੰਜਾਬ,ਗੁਰਜੀਤ ਸਿੰਘ ਘੱਗਾ ਜ਼ਿਲ੍ਹਾ ਪ੍ਰਧਾਨ ਡੈਮੋਕਰੇਟੀਕ ਮੁਲਾਜ਼ਮ ਫੈਡਰੇਸ਼ਨ, ਸੁਰਜੀਤ ਸਿੰਘ ਜ਼ਿਲ੍ਹਾ ਸੱਕਤਰ ਗੈਸ ਵਰਕਰ ਯੂਨੀਅਨ ਪਟਿਆਲਾ ਸਮਰਥਨ ਦੇਣ ਹੜਤਾਲ ਵਿਚ ਪਹੁੰਚੇ। ਡਾਇਰੈਕਟਰ ਸੀਮਾ ਸ਼ਰਮਾ ਅਤੇ ਕਮਿਸ਼ਨਰ ਨਗਰ ਨਿਗਮ ਪਟਿਆਲਾ ਦਾ ਪੁੱਤਲਾ ਫ਼ੂਕਿਆ, ਮੁਰਦਾਬਾਦ ਦੇ ਨਾਰੇ ਲਗਾਏ ਗਏ। ਇਸ ਮੌਕੇ ਸੁਨੀਲ ਕੁਮਾਰ ਬਿਡਲਾਨ ਕੁਮਾਰ, ਸੁਨੀਤਾ ਰਾਣੀ ਦਰੋਗਾ,ਰਾਜ ਕੁਮਾਰ ਦਰੋਗਾ, ਬਲਜਿੰਦਰ ਦਰੋਗਾ, ਪਰਦੀਪ ਕੁਮਾਰ, ਕੁਲਦੀਪ ਕੁਮਾਰ, ਬੋਬੀ ਗਾਗਟ, ਬਿੰਨੀ ਕੰਡੇਰ, ਮਹੇਸ਼ ਕੁਮਾਰ ਦਰੋਗਾ, ਗਗਨ ਕੁਮਾਰ,ਮਹੇਸ਼ ਕੁਮਾਰ, ਰਾਜਿੰਦਰ ਲਾਡੀ ਦਰੋਗਾ , ਮੁਲਾਜ਼ਮ ਸ਼ਾਮਿਲ ਹੋਏ ।

## ਰਿਆਸਤੀ ਸ਼ਹਿਰ ਨਾਭਾ 'ਚ ਪਹੁ ਫੁੱਟਦੇ ਹੀ ਖੁੱਲ੍ਹ ਜਾਂਦੇ ਨੇ ਸ਼ਰਾਬ ਦੇ ਠੇਕੇ

ਨਾਭਾ, 23 ਜੂਨ (ਬਲਜਿੰਦਰ ਮਾਨ) : ਜਿੱਥੇ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਚਲਾਈ ਗਈ ਮੁਹਿੰਮ ਨੂੰ ਰਫਤਾਰ ਦਿੱਤੀ




ਜਾ ਰਹੀ। ਉੱਥੇ ਹੀ ਪੰਜਾਬ ਸਰਕਾਰ ਵੱਲੋਂ ਸ਼ਰਾਬ ਦੇ ਠੇਕੇ ਖੋਲ੍ਹਣ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ, ਜੋ ਕਿ ਸਵੇਰੇ 9 ਵਜੇ ਤੋਂ ਰਾਤ 11 ਵਜੇ ਤੱਕ ਦਾ ਹੈ। ਪਰ ਇਸ ਦੇ ਉਲਟ ਰਿਆਸਤੀ ਸ਼ਹਿਰ ਨਾਭਾ ਵਿੱਚ ਸਵਖਤੇ ਹੀ ਸ਼ਰਾਬ ਦੇ ਠੇਕੇ ਤੁਹਾਨੂੰ ਖੋਲ੍ਹੇ ਆਮ ਦਿਖਾਈ ਦੇਦੇ ਹਨ, ਜੋ ਕਿ ਸਰਕਾਰ ਦੇ ਹੁਕਮਾਂ ਨੂੰ ਟਿੱਚ ਜਾਣਦੇ ਠੇਕੇਦਾਰਾਂ ਵੱਲੋਂ ਸ਼ਰੇਆਮ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ।

**ਕੀ ਕਹਿੰਦੇ ਹਨ ਐਕਸਾਈਜ਼ ਇੰਸਪੈਕਟਰ :** ਜਦੋਂ ਇਸ ਸਬੰਧੀ ਐਕਸਾਈਜ਼ ਇੰਸਪੈਕਟਰ ਹਰਜਿੰਦਰ ਸਿੰਘ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਅਸੀਂ ਚੈੱਕ ਕਰਵਾ ਲੈਂਦੇ ਹਾਂ ਅਤੇ ਜੇਕਰ ਅਜਿਹਾ ਹੈ, ਤਾਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ, ਪ੍ਰੰਤੂ ਉਨ੍ਹਾਂ ਦੀਆਂ ਗੱਲਾਂ ਤੋਂ ਇੰਜ ਲੱਗਿਆ ਜਿਵੇਂ ਉਹ ਸਭ ਕੁਝ ਜਾਣਦੇ ਹੋਏ ਵੀ ਅਣਜਾਣ ਬਣ ਰਹੇ ਸਨ। ਦੇਖਣਾ ਹੋਵੇਗਾ ਕਿ ਪ੍ਰਸ਼ਾਸਨ ਇਸ ਨੂੰ ਕਿੰਨੀ ਕੁ ਗੰਭੀਰਤਾ ਨਾਲ ਲੈਂਦਾ ਹੈ ਅਤੇ ਕਦੋਂ ਤੱਕ ਸਰਕਾਰੀ ਹੁਕਮਾਂ ਦੀ ਪਾਲਣਾ ਇਨ ਵਿਨ ਕਰਵਾਈ ਜਾਵੇਗੀ ।

## ਜੇਲ੍ਹ 'ਚ ਕੈਦੀਆਂ ਲਈ ਲਗਾਇਆ ਐਚ.ਆਈ.ਵੀ., ਸਿਫਲਿਸ਼, ਟੀ.ਬੀ. ਤੇ ਏਡਜ਼ ਸਬੰਧੀ ਸਕਰੀਨਿੰਗ ਕੈਂਪ

ਪਟਿਆਲਾ, 23 ਜੂਨ (ਵਿਨੋਦ ਸ਼ਰਮਾ) : ਸਿਵਲ ਸਰਜਨ ਪਟਿਆਲਾ ਡਾ. ਜਗਪਾਲਿੰਦਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਹਤ ਵਿਭਾਗ ਪਟਿਆਲਾ ਵੱਲੋਂ ਕੇਂਦਰੀ ਜੇਲ੍ਹ ਪਟਿਆਲਾ ਵਿਖੇ ਐਚਆਈਵੀ, ਸਿਫਲਿਸ, ਟੀਬੀ ਤੇ ਏਡਜ਼ ਦੇ ਨਾਲ ਨਾਲ ਕਾਲੇ ਪੀਲੀਏ ਦੀ ਸਕਰੀਨਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦੇ ਸਬੰਧ ਵਿੱਚ ਜ਼ਿਲ੍ਹਾ ਏਡਜ਼ ਤੇ ਟੀਬੀ ਅਫਸਰ ਡਾ. ਗੁਰਪ੍ਰੀਤ ਸਿੰਘ ਨਾਗਰਾ ਨੇ ਦੱਸਿਆ ਕਿ ਇਹ ਮੁਹਿੰਮ ਹਰ ਸਾਲ ਜੇਲ੍ਹ ਪ੍ਰਸ਼ਾਸਨ ਦੇ ਸਹਿਯੋਗ ਨਾਲ ਚਲਾਈ ਜਾਂਦੀ ਹੈ, ਜਿਸ ਤਹਿਤ ਸਮੁੱਚੀ ਜੇਲ੍ਹ ਦੇ ਕੈਦੀਆਂ ਦੀ ਐਚਆਈਵੀ, ਸਿਫਲਿਸ਼, ਟੀਬੀ, ਏਡਜ਼ ਅਤੇ ਕਾਲੇ ਪੀਲੀਏ ਦੀ ਸਕਰੀਨਿੰਗ ਤੋਂ ਇਲਾਵਾ ਉਨ੍ਹਾਂ ਨੂੰ ਉਕਤ ਬਿਮਾਰੀਆਂ ਦੇ ਬਚਾਅ ਤੇ ਇਲਾਜ ਸਬੰਧੀ ਜਾਗਰੂਕ ਵੀ ਕੀਤਾ ਜਾਂਦਾ ਹੈ। ਕੇਂਦਰੀ ਜੇਲ੍ਹ ਪਟਿਆਲਾ ਦੇ ਮੈਡੀਕਲ ਅਫਸਰ ਡਾ.ਜਸਪ੍ਰੀਤ ਸਿੰਘ ਭੱਟੀ ਨੇ ਦੱਸਿਆ ਕਿ ਜੋ ਵੀ ਕੈਦੀ ਇਨ੍ਹਾਂ ਬਿਮਾਰੀਆਂ ਵਿੱਚੋਂ ਕਿਸੇ ਇੱਕ ਨਾਲ ਵੀ ਪੀੜਤ



ਪਾਇਆ ਜਾਂਦਾ ਹੈ, ਉਸ ਦਾ ਇਲਾਜ ਜੇਲ੍ਹ ਵਿੱਚ ਹੀ ਪਹਿਲ ਦੇ ਅਧਾਰ ਉੱਤੇ ਸ਼ੁਰੂ ਕਰ ਦਿੱਤਾ ਜਾਵੇਗਾ। ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜੇਲ੍ਹ ਵਿੱਚ ਕੈਦੀਆਂ ਨੂੰ ਹਰ ਤਰ੍ਹਾਂ ਦੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਇਸ ਮੌਕੇ ਕੇਂਦਰੀ ਜੇਲ੍ਹ ਸੁਪਰਡੰਟ ਵਰੁਣ ਸ਼ਰਮਾ ਨੇ ਦੱਸਿਆ ਕਿ ਸਿਹਤ ਵਿਭਾਗ ਦੇ ਯਤਨਾਂ ਸਦਕਾ ਉਕਤ ਮੁਹਿੰਮ ਤਹਿਤ ਜੇਲ੍ਹ ਦੇ ਲੱਗਭਗ 2300 ਕੈਦੀਆਂ ਦੀ ਸਕਰੀਨਿੰਗ ਕੀਤੀ ਜਾਵੇਗੀ। ਉਨ੍ਹਾਂ ਆਖਿਆ ਕਿ ਜੇਲ੍ਹ ਪ੍ਰਸ਼ਾਸਨ ਅਜਿਹੇ ਉਦਮਾਂ ਲਈ ਹਮੇਸ਼ਾਂ ਤਿਆਰ ਰਹਿੰਦਾ ਹੈ। ਇਸ ਮੌਕੇ ਉੱਤੇ ਜ਼ਿਲ੍ਹਾ ਐਚਆਈਵੀ ਏਕੀਕ੍ਰਿਤ ਪ੍ਰੋਗਰਾਮ ਦੇ ਕਲੱਸਟਰ ਪ੍ਰੋਗਰਾਮ ਮੈਨੇਜਰ ਯਾਦਵਿੰਦਰ ਸਿੰਘ ਵਿਰਕ ਵੱਲੋਂ ਸਰਕਾਰ ਦੁਆਰਾ ਚਲਾਏ ਜਾ ਰਹੇ ਏਡਜ਼ ਕੰਟਰੋਲ ਪ੍ਰੋਗਰਾਮ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਪ੍ਰੋਗਰਾਮ ਬਾਰੇ ਉਨ੍ਹਾਂ ਕੈਦੀਆਂ ਨਾਲ ਵੀ ਤਫਸੀਲ ਵਿੱਚ ਗੱਲਬਾਤ ਕੀਤੀ। ਇਸ ਦੇ ਨਾਲ ਹੀ ਕੈਦੀਆਂ ਨੂੰ ਉਕਤ ਟੈਸਟਿੰਗ ਮੁਹਿੰਮ ਵਿੱਚ ਹਿੱਸਾ ਲੈਣ ਲਈ ਵੀ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਿਪਟੀ ਸੁਪਰਡੈਂਟ ਅਰਪਣਜੋਤ ਸਿੰਘ, ਪ੍ਰੋਜੈਕਟ ਕੋਆਰਡੀਨੇਟਰ ਜੇਲ੍ਹ ਐਨਸੀਪੀਆਈ ਲਖਵੀਰ ਸਿੰਘ, ਐਮਐਲਟੀ ਲਖਵਿੰਦਰ ਸਿੰਘ ਵੀ ਹਾਜ਼ਰ ਸਨ।

## ਪਬਲਿਕ ਕਾਲਜ 'ਚ ਵਿਸ਼ਵ ਸੰਗੀਤ ਦਿਵਸ ਮਨਾਇਆ

ਸਮਾਣਾ, 23 ਜੂਨ (ਵਿਜੇ ਕੁਮਾਰ) : ਵਿਸ਼ਵ ਸੰਗੀਤ ਦਿਵਸ ਮੌਕੇ ਪਬਲਿਕ



ਕਾਲਜ ਸਮਾਣਾ ਦੇ ਸੰਗੀਤ ਵਿਭਾਗ ਵੱਲੋ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਸੰਗੀਤ ਵਿਭਾਗ ਵਿਖੇ ਰੰਗਾ-ਰੰਗ ਪ੍ਰੋਗਰਾਮ ਦਾ ਆਯੋਜਨ ਕਰਵਾਇਆ ਗਿਆ, ਜਿਸ ਵਿਚ ਕਾਲਜ ਅਤੇ ਸਮਾਣੇ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ,ਅਤੇ ਆਪਣੀਆਂ ਮਨਮੋਹਕ ਧੁਨਾਂ ਅਤੇ ਸੁਰੀਲੀਆਂ ਅਵਾਜ਼ਾਂ ਨਾਲ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ। ਇਸ ਮੌਕੇ ਵਿਦਿਆਰਥੀਆਂ ਵੱਲੋਂ ਸੰਗੀਤ ਵਿਸ਼ੇ ਨਾਲ ਸਬੰਧਤ ਭਾਸ਼ਣ ਵੀ ਪੇਸ਼ ਕੀਤੇ ਗਏ। ਕਾਲਜ ਵਿਚ ਚੱਲ ਰਹੇ ਸੰਗੀਤ ਵਿਸ਼ੇ ਦੇ ਸਮਰ ਕੈਂਪ ਦੇ ਆਖਰੀ ਦਿਨ ਕਾਲਜ ਪ੍ਰਿੰਸੀਪਲ ਡਾ. ਹਰਕੀਰਤ ਸਿੰਘ ਵਲੋ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਕਾਲਜ ਪ੍ਰਿੰਸੀਪਲ ਵਲੋ ਵਿਦਿਆਰਥੀਆਂ ਦੇ ਹੁਨਰ ਦੀ ਪ੍ਰਸ਼ੰਸਾ ਕੀਤੀ ਗਈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਗੀਤ ਵਿਸ਼ੇ ਵਿਚ ਉੱਚੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਸਮੁੱਚੇ ਪ੍ਰੋਗਰਾਮ ਦੇ ਮੰਚ ਸੰਚਾਲਨ ਦੀ ਭੂਮਿਕਾ ਪ੍ਰੋ. ਮਨੀਸ਼ਾ, ਸੰਗੀਤ ਵਿਭਾਗ ਨੇ ਬਾਖੂਬੀ ਨਿਭਾਈ।

## ਰੱਖਿਆ ਐਕਟ 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਨੂੰ ਈ-ਕੇ.ਵਾਈ.ਸੀ. ਕਰਵਾਉਣ ਦੀ ਅਪੀਲ

### 30 ਤੱਕ ਈ-ਕੇ.ਵਾਈ.ਸੀ ਨਾ ਕਰਵਾਉਣ ਵਾਲੇ ਖਪਤਕਾਰ ਰਾਸ਼ਨ ਲੈਣ ਤੋਂ ਹੋ ਸਕਦੇ ਨੇ ਵਾਂਝੇ

ਪਟਿਆਲਾ, 23 ਜੂਨ (ਚ.ਨ.ਸ.) : ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪਟਿਆਲਾ ਨੇ ਸਮੂਹ ਲਾਭਪਾਤਰੀ ਖਪਤਕਾਰਾਂ ਨੂੰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013 ਤਹਿਤ ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਦਰਜ ਮੈਂਬਰਾਂ ਦੀ ਈ-ਕੇ.ਵਾਈ.ਸੀ ਕਰਵਾਉਣ ਦੀ ਅਪੀਲ ਕੀਤੀ ਹੈ। ਖੁਰਾਕ ਤੇ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਦੇ ਪਟਿਆਲਾ ਜ਼ਿਲ੍ਹਾ ਕੰਟਰੋਲਰ ਰੂਪਪ੍ਰੀਤ ਕੌਰ ਨੇ ਦੱਸਿਆ ਹੈ ਕਿ ਜ਼ਿਲ੍ਹੇ ਸਮੂਹ ਖਪਤਕਾਰਾਂ ਨੂੰ ਕਿਹਾ ਹੈ ਕਿ ਉਹ 30 ਜੂਨ ਤਕ ਆਪਣੀ ਈ-ਕੇ.ਵਾਈ.ਸੀ ਲਾਜ਼ਮੀ ਕਰਵਾ ਲੈਣ ਕਿਉਂਕਿ ਅਜਿਹਾ ਨਾ ਕਰਨ 'ਤੇ ਉਨ੍ਹਾਂ ਨੂੰ ਰਾਸ਼ਨ ਲੈਣ ਵਿੱਚ ਦਿੱਕਤਾਂ ਆ ਸਕਦੀਆਂ ਹਨ। ਡੀ.ਐਫ.ਐਸ.ਸੀ. ਨੇ ਦੱਸਿਆ ਕਿ ਉਨ੍ਹਾਂ ਵੱਲੋਂ ਰਾਜ ਦੇ ਖੁਰਾਕ ਤੇ ਸਪਲਾਈਜ਼ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਅਤੇ ਪ੍ਰਮੁੱਖ ਸਕੱਤਰ ਕਮ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਤੇ ਖਪਤਕਾਰ ਮਾਮਲੇ ਦੇ ਹੁਕਮਾਂ ਮੁਤਾਬਕ ਸਮੇਂ-ਸਮੇਂ 'ਤੇ ਸਮੂਹ ਸਹਾਇਕ ਖੁਰਾਕ ਤੇ ਸਪਲਾਈਜ਼ ਅਫ਼ਸਰਾਂ, ਨਿਰੀਖਕ ਇੰਚਾਰਜ (ਵੰਡ) ਅਤੇ ਡਿਪੂ ਹੋਲਡਰਾਂ ਨਾਲ ਮੀਟਿੰਗਾਂ ਕਰਕੇ ਈ-ਕੇ.ਵਾਈ.ਸੀ. ਦਾ ਕੰਮ ਮਿਤੀ 30-06-2025 ਤੱਕ ਮੁਕੰਮਲ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਇਸ ਪ੍ਰੀਕਿਰਿਆ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜਨ ਲਈ ਖੁਰਾਕ ਤੇ ਸਪਲਾਈਜ਼ ਵਿਭਾਗ ਦੇ ਫੀਲਡ ਅਫ਼ਸਰਾਂ ਨੂੰ ਆਪਣੇ-ਆਪਣੇ ਕਾਰਜ ਖੇਤਰ ਵਿੱਚ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ, 2013/ਸਮਾਰਟ ਰਾਸ਼ਨ ਕਾਰਡ ਸਕੀਮ ਅਧੀਨ ਜਾਰੀ ਰਾਸ਼ਨ ਕਾਰਡਾਂ ਵਿੱਚ ਦਰਜ ਸਮੂਹ ਮੈਂਬਰਾਂ ਦੀ ਈ-ਕੇ.ਵਾਈ.ਸੀ. ਦਾ ਕੰਮ ਸਮੇਂ-ਸਿਰ ਮੁਕੰਮਲ ਕਰਨ ਲਈ ਕਿਹਾ ਗਿਆ ਹੈ। ਰੂਪਪ੍ਰੀਤ ਕੌਰ ਨੇ ਡਿਪੂ ਹੋਲਡਰਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਆਪਣੇ-ਆਪਣੇ ਇਲਾਕੇ ਵਿੱਚ ਪੈਂਦੇ ਖਪਤਕਾਰਾਂ ਨੂੰ ਈ-ਕੇ.ਵਾਈ.ਸੀ ਕਰਵਾਉਣ ਲਈ ਪ੍ਰੇਰਿਤ ਕਰਨ, ਤਾਂ ਜੋ ਕੋਈ ਖਪਤਕਾਰ ਮਿਤੀ 30-06-2025 ਤੋਂ ਬਾਅਦ ਰਾਸ਼ਨ ਲੈਣ ਤੋਂ ਵਾਂਝਾ ਨਾ ਰਹਿ ਜਾਵੇ।

## ਘਲੌੜੀ ਗੇਟ ਸ਼ਮਸ਼ਾਨਘਾਟ ਨਜ਼ਦੀਕ ਲੱਗੇ ਕੂੜੇ ਦੇ ਢੇਰਾਂ ਤੋਂ ਆਉਣ-ਜਾਣ ਅਤੇ ਮੜੀਆਂ ਦੀ ਸੰਸਥਾ ਡਾਢੀ ਪ੍ਰੇਸ਼ਾਨ

> ☛ਜਨਤਾ ਅਤੇ ਸੰਸਥਾ ਦੇ ਕਾਰਕੁੰਨਾਂ ਵੱਲੋਂ ਧਰਨੇ ਦਾ ਐਲਾਨ

ਪਟਿਆਲਾ, 23 ਜੂਨ (ਰੁਪਾਣਾ) : ਸ੍ਰੀ ਸਨਾਤਨ ਧਰਮ ਕੁਮਾਰ ਸਭਾ (ਰਜਿਸਟਰਡ) ਪਟਿਆਲਾ 113 ਸਾਲਾਂ ਤੋਂ (1912 ਤੋਂ) ਇੱਕ ਐਨਜੀਓ ਹੈ, ਜੋ ਕਿ ਇਸ ਦੀ ਅਗਵਾਈ ਹੇਠ ਸਭ ਤੋਂ ਪੁਰਾਣੀ ਸੇਵਾ ਕਰ ਰਹੀ ਹੈ ਅਤੇ ਇਸ ਵੇਲੇ 16 ਸੰਸਥਾਵਾਂ ਜਿਵੇਂ ਕਿ ਐਸਡੀਕੇਐਸ ਭਵਨ, ਕਮਿਊਨਿਟੀ ਸੈਂਟਰ, ਅਗਰਸੈਨ ਹਸਪਤਾਲ, ਅਪਾਹਜ ਆਸ਼ਰਮ, ਸਿਲਾਈ ਅਤੇ ਬਿਊਟੀ ਪਾਰਲਰ ਸੈਂਟਰ, ਏਆਰਕੇਐਸ ਸਕੂਲ, ਸ਼ਮਸ਼ਾਨਘਾਟ ਸਮਾਜ ਦੀ ਸੰਤੁਸ਼ਟੀ ਲਈ ਜਿੰਨਾ ਸੰਭਵ ਹੋ ਸਕੇ ਕੰਮ ਕਰ ਰਹੀਆਂ ਹਨ। ਅਸੀਂ ਇਹ ਵੀ ਦੱਸ ਸਕਦੇ ਹਾਂ ਕਿ ਸਭ ਤੋਂ ਪੁਰਾਣੇ ਸ਼ਮਸ਼ਾਨਘਾਟਾਂ ਵਿੱਚੋਂ ਇੱਕ ਘਲੋੜੀ ਗੇਟ 'ਤੇ ਹੈ, ਜਿਸਦੀ ਦੇਖਭਾਲ ਸਭਾ 1912 ਤੋਂ ਕਰ ਰਹੀ ਹੈ। ਪਰ ਇਸ ਦੇ ਨਾਲ ਹੀ ਇਹ ਬਹੁਤ ਚਿੰਤਾ ਦਾ ਵਿਸ਼ਾ ਹੈ ਕਿ ਸਾਨੂੰ ਇਹ ਦੱਸਦੇ ਹੋਏ ਬਹੁਤ ਦੁੱਖ ਹੋ ਰਿਹਾ ਹੈ ਕਿ ਹੁਣ ਇਹ ਇਲਾਕਾ ਲੰਬੇ ਸਮੇਂ ਤੋਂ ਪੂਰੇ ਸ਼ਹਿਰ ਦੇ ਕੂੜੇ ਦੇ ਢੇਰ ਨਾਲ ਇੰਨਾ ਮਾੜਾ ਹੋ



ਗਿਆ ਹੈ ਕਿ ਇਸ ਸ਼ਮਸ਼ਾਨਘਾਟ ਦੇ ਬਹੁਤ ਨੇੜੇ ਅਤੇ ਨਾਲ ਲੱਗਦੇ ਇਲਾਕੇ ਵਿੱਚ ਕੂੜੇ ਦੇ ਢੇਰ ਲੱਗੇ ਹੋਏ ਹਨ, ਜੋ ਕਿ ਇੱਕ ਵੱਡੀ ਪ੍ਰੇਸ਼ਾਨੀ ਦਾ ਕਾਰਨ ਬਣ ਗਿਆ ਹੈ ਅਤੇ ਇਸ ਬਦਬੂ ਨਾਲ ਅੰਤਿਮ ਸਸਕਾਰ ਲਈ ਆਉਣ ਵਾਲੇ ਲੋਕਾਂ ਲਈ ਉੱਥੇ ਖੜ੍ਹੇ ਹੋਣਾ ਬਹੁਤ ਮੁਸ਼ਕਲ ਹੋ ਗਿਆ ਹੈ ਅਤੇ ਸ਼ਿਕਾਇਤ ਕਰ ਰਹੇ ਹਨ। ਹੋਰ ਤਾਂ ਹੋਰ ਸਾਡੇ ਸੇਵਾਦਾਰ ਜੋ ਉੱਥੇ ਸਸਕਾਰ ਲਈ ਕੰਮ ਕਰ ਰਹੇ ਹਨ, ਉੱਥੇ ਕੰਮ ਕਰਨ ਤੋਂ ਇਨਕਾਰ ਕਰ ਰਹੇ ਹਨ, ਕਿਉਂਕਿ ਉਹ ਇਸ ਬਦਬੂ ਕਾਰਨ ਅਤੇ ਖਾਸ ਕਰਕੇ ਰਾਤ ਨੂੰ ਜ਼ਮੀਨ ਤੇ ਆਪਣੇ ਠਹਿਰਨ ਦੌਰਾਨ ਸਾਰਾ ਸਮਾਂ ਉੱਥੇ ਹੀ ਰਹਿੰਦੇ ਹਨ। ਜੇਕਰ ਇਹ ਸਥਿਤੀ ਜਾਰੀ ਰਹੀ ਅਤੇ ਬਹੁਤ ਜਲਦੀ ਹੀ ਉਹ ਦਿਨ ਆਵੇਗਾ ਕਿ ਲੋਕ ਸਸਕਾਰ ਲਈ ਇਸ ਪਾਸੇ ਨਹੀਂ ਆਉਣਗੇ ਜੋ ਇਤਿਹਾਸ ਦਾ ਇੱਕ ਕਾਲਾ ਦਿਨ ਹੋਵੇਗਾ ਅਤੇ ਕਿਸੇ ਹੋਰ ਸ਼ਮਸ਼ਾਨਘਾਟ ਵੱਲ ਮੁੜ ਜਾਣਗੇ ਜੋ ਉੱਥੇ ਕੰਮ ਦਾ ਬੋਝ ਵਧਾਏਗਾ/ਵਾਧਾ ਕਰੇਗਾ ਜੋ ਵਰਤਮਾਨ ਵਿੱਚ ਇੱਥੇ ਵੀ ਸਾਂਝਾ ਕੀਤਾ ਜਾ ਰਿਹਾ ਹੈ। ਸਰਕਾਰ ਐਸਡੀਕੇਐਸ ਸਭਾ ਵੱਲੋਂ ਇਸ ਸ਼ਮਸ਼ਾਨਘਾਟ ਦੀ ਦੇਖਭਾਲ ਦੇ ਉਪਰਾਲੇ ਦੀ ਸ਼ਲਾਘਾ ਕਰਨੀ ਚਾਹੀਦੀ ਹੈ, ਜਦੋਂ ਕਿ ਪ੍ਰਸ਼ੰਸਾ ਦੀ ਗੱਲ ਤਾਂ ਕੀ ਕਰੀਏ ਪਰ ਇਸ ਕੂੜੇ ਕਾਰਨ ਹੁਣ ਸਾਨੂੰ ਇਸਨੂੰ ਚਲਾਉਣ ਵਿੱਚ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸਦੀ ਜ਼ਿੰਮੇਵਾਰੀ ਸਥਾਨਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ, ਜਿਸ ਜ਼ਮੀਨ ਤੇ ਇਹ ਕੂੜਾ ਸੁੱਟਿਆ ਜਾ ਰਿਹਾ ਹੈ ਉਹ ਸਾਡੀ ਸਭਾ ਦੀ ਹੈ ਅਤੇ ਨਗਰ ਨਿਗਮ ਪਟਿਆਲਾ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਕਈ ਵਾਰ ਇਸ ਅਣਚਾਹੇ ਕੂੜੇ ਨੂੰ ਹਟਾਉਣ ਦਾ ਪ੍ਰਬੰਧ ਕਰਨ ਲਈ ਬੇਨਤੀ ਕੀਤੀ ਗਈ ਹੈ ਪਰ ਕੋਈ ਵਰਤੋਂ ਨਹੀਂ ਹੋਈ। ਜਿਵੇਂ ਕਿ ਅਸੀਂ ਜਾਣਦੇ ਹਾਂ ਅਤੇ ਸਹਿਮਤ ਹਾਂ ਕਿ ਇਸ ਤਰ੍ਹਾਂ ਦੇ ਕਾਰਨ ਭਾਈਚਾਰੇ ਨੂੰ ਰਾਹਤ ਪ੍ਰਦਾਨ ਕਰਨਾ ਸਾਡਾ ਸਭ ਤੋਂ ਵੱਡਾ ਅਤੇ ਮੁੱਖ ਫਰਜ਼ ਬਣਦਾ ਹੈ ਪਰ ਅਧਿਕਾਰੀ ਆਪਣੇ ਜ਼ਿੱਦੀ ਰਵੱਈਏ ਕਾਰਨ ਇਸਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ ਹਨ, ਜੋ ਕਿ ਹਰ ਸਮੇਂ ਇੱਕ ਵੱਡੀ ਪਰੇਸ਼ਾਨੀ ਰਿਹਾ ਹੈ। ਅਸੀਂ ਪਹਿਲਾਂ ਵੀ ਇਹ ਮਾਮਲਾ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਅਤੇ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਕੋਲ ਉਠਾਇਆ ਹੈ ਪਰ ਉਨ੍ਹਾਂ ਵੱਲੋਂ ਹੁਣ ਤੱਕ ਕੁਝ ਨਹੀਂ ਸੁਣਿਆ ਗਿਆ ਅਤੇ ਨਾ ਹੀ ਕੁਝ ਕੀਤਾ ਗਿਆ ਹੈ। ਇਸ ਤੋਂ ਇਲਾਵਾ ਜੇਕਰ ਇਹ ਸਮਾਂਬੱਧ ਸਮੇਂ ਵਿੱਚ ਹੱਲ ਨਹੀਂ ਹੁੰਦਾ ਹੈ ਤਾਂ ਸਾਡੀ ਸਭਾ ਨਗਰ ਨਿਗਮ ਅਤੇ ਹੋਰ ਸਾਰੇ ਸਬੰਧਤਾਂ ਦੇ ਕਹਿਣ, ਕੀਮਤ ਅਤੇ ਜ਼ਿੰਮੇਵਾਰੀ ਤੇ ਕਾਨੂੰਨੀ ਸਹਾਰਾ ਲੈਣ ਲਈ ਵੀ ਮਜਬੂਰ ਹੋਵੇਗੀ।